ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 12 | Issue 43 | 2 November to 8 November 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com



## ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

ਵੱਲੋਂ ਸੰਸਾਰ ਭਰ ਵਿੱਚ ਬੈਠੇ ਨਾਨਕ ਨਾਮਲੇਵਾ ਸੰਗਤਾਂ ਨੂੰ ਅਕਾਲ ਜੋਤ, ਬ੍ਰਹਿਮੰਡੀ ਧੁਨ ਦੇ ਮਾਲਕ ਸ਼੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ ਹੋਣ ਜੀ ।



# ਇਨਸਾਫ਼ ਦੀ ਉਡੀਕ ’ਚ 38 ਸਾਲ,

## 1984 ਦੇ ਕਤਲੇਆਮ ਦੀ ਸਰਕਾਰੀ ਕਹਾਣੀ ਝੂਠੀ

- ਸਰਕਾਰੀ ਅੰਕੜੇ ਝੂਠੇ ਕਿ 2,733 ਸਿੱਖ ਮਾਰੇ ਗਏ ਤੇ ਸਿੱਖ ਵਿਰੋਧੀ ਭੀੜ ਹਿੰਸਾ ਆਪ ਮੁਹਾਰੇ ਹੋਈ
- ਦਿੱਲੀ ਹਿੰਸਾ ਦੇ ਵਿਸ਼ਾਲ ਪ੍ਰਸੰਗ ਵਿੱਚ ਦਰਜਨ ਭਰ ਕਮੇਟੀਆਂ ਅਤੇ ਕਮਿਸ਼ਨਾਂ ਦੀਆਂ ਪੜਤਾਲਾਂ ਦੇ ਬਾਵਜੂਦ ਪੁਸ਼ਤਪਨਾਹੀ ਬੇਰੋਕ ਜਾਰੀ ਰਹੀ

**ਵਿਸ਼ੇਸ਼ ਰਿਪੋਰਟ**

31 ਅਕਤੂਬਰ ਇੰਦਰਾ ਗਾਂਧੀ ਦੇ ਕਤਲ ਮਗਰੋਂ ਹੋਣ ਵਾਲੇ ਸਿੱਖ ਕਤਲੇਆਮ ਦੀ ਬਰਸੀ ਸੀ। 31 ਅਕਤੂਬਰ ਨੂੰ ਵੀ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਬਹੁਤ ਵੱਡਾ ਕਤਲੇਆਮ ਕੀਤਾ ਗਿਆ। ਸਰਕਾਰੀ ਅੰਕੜਿਆਂ ਮੁਤਾਬਕ 2,733 ਸਿੱਖ ਮਾਰੇ ਗਏ। ਸਰਕਾਰੀ ਝੂਠੀ ਕਹਾਣੀ ਇਹ ਵੀ ਘੜੀ ਗਈ ਕਿ ਜਵਾਬੀ ਹਿੰਸਾ ਸੁਭਾਵਕ ਹੀ ਆਪ ਮੁਹਾਰੇ ਹੋਈ ਸੀ।

ਇਹੀ ਪੈਟਰਨ ਗੁਜਰਾਤ ਵਿੱਚ 2002 ਵਿੱਚ ਵੀ ਦੁਹਰਾਇਆ ਗਿਆ। ਗੋਧਰਾ ਤੋਂ ਬਾਅਦ ਹੋਣ ਵਾਲੀ ਹਿੰਸਾ ਵਿੱਚ ਪਹਿਲਾ ਕਤਲੇਆਮ ਗੁਲਬਰਗ ਸੋਸਾਇਟੀ ਵਿਚ ਹੋਇਆ। ਨਾ ਸਿਰਫ਼ 1984 ਦੀ ਦਿੱਲੀ ਦੀ ਹਿੰਸਾ ਦਾ ਪੈਮਾਨਾ ਗੁਜਰਾਤ ਦੀ ਹਿੰਸਾ ਨਾਲੋਂ ਕਿਤੇ ਵੱਡਾ ਸੀ ਬਲਕਿ ਲੰਘੇ 33 ਸਾਲਾਂ ਦੌਰਾਨ ਇਨਸਾਫ਼ ਪ੍ਰਣਾਲੀ ਦੀ ਨਾਕਾਮਯਾਬੀ ਦਾ ਪੈਮਾਨਾ ਵੀ ਕਾਫ਼ੀ ਵੱਡਾ ਸੀ। ਗਵਾਹ ਚੁਪ ਕਰਵਾਏ ਗਏ, ਪੀੜਤ ਡਰਾਏ ਗਏ।ਕਾਤਲ ਖੁੱਲ੍ਹੇ ਛੱਡੇ ਗਏ ਤਾਂ ਜੋ ਪੀੜਤਾਂ ਉਪਰ ਦਹਿਸ਼ਤ ਜਾਰੀ ਰੱਖੀ ਜਾ ਸਕੇ।




ਦਿੱਲੀ ਹਿੰਸਾ ਦੇ ਵਿਸ਼ਾਲ ਪ੍ਰਸੰਗ ਵਿੱਚ ਦਰਜਨ ਭਰ ਕਮੇਟੀਆਂ ਅਤੇ ਕਮਿਸ਼ਨਾਂ ਦੀਆਂ ਪੜਤਾਲਾਂ ਦੇ ਬਾਵਜੂਦ ਪੁਸ਼ਤਪਨਾਹੀ ਬੇਰੋਕ ਜਾਰੀ ਰਹੀ। ਹਿੰਸਾ ਵਿੱਚੋਂ ਬਚੇ ਹੋਏ ਸਿੱਖਾਂ ਨੇ ਤਸਦੀਕ ਕੀਤੀ ਹੈ ਕਿ ਸੱਜਣ ਕੁਮਾਰ ਨੇ ਭੀੜ ਦੀ ਅਗਵਾਈ ਕੀਤੀ ਸੀ। ਇਸਦੇ ਉਲਟ ਸੱਜਣ ਕੁਮਾਰ, ਜਗਦੀਸ਼ ਟਾਈਟਲਰ, ਕਮਲ ਨਾਥ ਅਤੇ ਮਰਹੂਮ ਐੱਚ ਕੇ ਐੱਲ ਭਗਤ ਤੇ ਸਿੱਖਾਂ ਖਿਲਾਫ਼ ਹਿੰਸਕ ਭੀੜਾਂ ਭੜਕਾਉਣ ਦੇ ਲੱਗੇ ਇਲਜ਼ਾਮਾਂ ਨੂੰ ਬੇਬੁਨਿਆਦ ਸਾਬਤ ਕਰਨ ਦੀ ਕੋਸ਼ਿਸ਼ ਲਗਾਤਾਰ ਹੋਈ। ਮਰਹੂਮ ਐੱਚ ਕੇ ਐੱਲ ਭਗਤ ਵੀ ਸਾਲ 2000 ਵਿੱਚ ਬਰੀ ਹੋ ਗਿਆ ਸੀ ਅਤੇ ਅਜਿਹੇ .

(ਬਾਕੀ ਸਫ਼ਾ 35 ’ਤੇ)

## ਕਤਲੇਆਮ ਪੀੜਤ ਸਿੱਖਾਂ ਨੂੰ ਧੁੰਦਲੇ ਭਵਿੱਖ ਦੀ ਵੀ ਚਿੰਤਾ

### ਅਲਾਟ ਹੋਏ ਮਕਾਨਾਂ ਦਾ ਅਜੇ ਵੀ ਨਹੀਂ ਮਿਲਿਆ ਮਾਲਕਾਨਾ ਹੱਕ

ਨਵੀਂ ਦਿੱਲੀ : ਤਿਲਕ ਵਿਹਾਰ ਦੇ ਸੀ ਬਲਾਕ ਦੀ ਵਿਡੋ ਕਾਲੋਨੀ ਭਾਵ ਵਿਧਵਾਵਾਂ ਦੀ ਕਾਲੋਨੀ ਵਿਚ ਕੁਲਦੀਪ ਕੌਰ, ਅੱਤਰ ਕੌਰ, ਚਰਨਜੀਤ ਕੌਰ, ਨਰਿੰਦਰ ਕੌਰ, ਸੁਰਿੰਦਰ ਕੌਰ, ਲੱਛਮੀ ਕੌਰ, ਜਸਬੀਰ ਕੌਰ, ਪੱਪੀ ਕੌਰ ਸਿੱਖ ਕਤਲੇਆਮ ਪੀੜਤ ਬੀਬੀਆਂ ਨੂੰ ਨੌਕਰੀਆਂ ਮਿਲੀਆਂ ਸਨ, ਜ਼ਿਆਦਾ ਉਨ੍ਹਾਂ ਨੌਕਰੀਆਂ ਤੋਂ ਰਿਟਾਇਰ ਹੋ ਚੁੱਕੀਆਂ ਸਨ। ਪਰ ਇਹ ਅਜੇ ਵੀ ਪੇਸ਼ੀ ਦੀਆਂ ਤਾਰੀਖਾਂ ਭੁਗਤ ਰਹੀਆਂ ਹਨ ਤਾਂ ਜੋ ਉਨ੍ਹਾਂ ਨੂੰ ਇਨਸਾਫ਼ ਮਿਲ ਸਕੇ। 1985-86 ਵਿਚ ਅਲਾਟ ਹੋਏ ਮਕਾਨ ਅਜੇ ਵੀ ਵਿਧਵਾਵਾਂ ਦੇ ਨਾਂ ਮਾਲਕਾਨਾ ਹੱਕ ਹੋਣ ਦੀ ਉਡੀਕ ਵਿਚ ਹਨ। ਇਨਸਾਫ਼ ਦੇ ਇੰਤਜ਼ਾਰ ‘ਵਿਚ ਇਨ੍ਹਾਂ ਬੀਬੀਆਂ ਨੂੰ ਅਗਲੀ ਪੀੜ੍ਹੀ ਦੇ ਧੁੰਦਲੇ ਭਵਿੱਖ ਦੀ ਚਿੰਤਾ ਵੀ ਅੰਦਰੋ-ਅੰਦਰੀ ਖਾਈ ਜਾਂਦੀ ਹੈ। ਤਿੰਨ ਬੱਚਿਆਂ ਦੀ ਮਾਂ ਸੁਰਿੰਦਰ ਕੌਰ ਨੇ ਦੱਸਿਆ ਕਿ ਉਸ ਦੇ ਤਿੰਨੇ ਹੀ ਬੱਚੇ ਜਿਨ੍ਹਾਂ ਨੇ ਆਪਣੇ ਬਾਪ ਦਾ ਕਤਲ ਹੁੰਦਿਆਂ ਆਪਣੀ ਅੱਖੀਂ ਵੇਖਿਆ ਸੀ, ਪੜ੍ਹ ਨਹੀਂ ਸਕੇ। ਧੀ ਕਿਸੇ ਤਰ੍ਹਾਂ ਅੱਠਵੀਂ ਜਮਾਤ ਤੱਕ ਅਤੇ ਦੋਵੇਂ ਪੁੱਤ ਚੌਥੀ ਪੰਜਵੀਂ ਤੋਂ ਅੱਗੇ ਨਹੀਂ ਪੜ੍ਹ ਸਕੇ। ਹੁਣ ਦੋਵੇਂ ਪੁੱਤ ਆਟੋ ਚਲਾਉਂਦੇ ਹਨ ਅਤੇ ਉਹ ਅਜੇ ਵੀ ਕੇਸ ਲੜ ਰਹੀ ਹੈ। ਜਦੋਂ ਉਸ ਕੋਲੋਂ ਪੁੱਛਿਆ ਗਿਆ ਕਿ ਛੋਟੇ ਬੱਚਿਆਂ ਦੇ ਨਾਲ ਕਚਹਿਰੀਆਂ ਦੇ ਚੱਕਰ ਨਾਲ ਕਿਵੇਂ ਨਜਿੱਠਿਆ ਤਾਂ ਬੜੇ ਹੀ ਸਪਾਟ ਜਿਹੇ ਚਿਹਰੇ ਨਾਲ ਉਸ ਦਾ ਜਵਾਬ ਸੀ ਕਿ ਦੁੱਖ ਇਨਸਾਨ ਨੂੰ ਪੱਕਿਆਂ ਕਰ ਦਿੰਦਾ ਹੈ। ਉਹ ਬੱਚੇ ਵੀ ਸਮਝ ਗਏ ਸੀ ਕਿ ਹੁਣ ਅਸੀਂ ਇੰਝ ਹੀ ਅਤੇ ਅਜਿਹੀਆਂ ਹੋਰ ਚੁਣੌਤੀਆਂ ਦੇ ਨਾਲ ਵੱਡੇ ਹੋਣਾ ਹੈ।

(ਬਾਕੀ ਸਫ਼ਾ 35 ’ਤੇ)

# ਬ੍ਰਿਟੇਨ ਨੇ ਪਹਿਲੀ ਵਿਸ਼ਵ ਜੰਗ ’ਚ ਹਿੱਸਾ ਲੈਣ ਵਾਲੇ ਸਿੱਖ ਫੌਜੀ ਦਾ ਬੁੱਤ ਲੈਸਟਰ ’ਚ ਲਗਾਇਆ

- ਬੁੱਤ-ਤਰਾਸ਼ ਤਰਨਜੀਤ ਸਿੰਘ ਵਲੋਂ ਇਹ ਬੁੱਤ ਬਣਾਇਆ ਗਿਆ
- ਬੁੱਤ ਲਈ ਪੈਸੇ ਕਾਉਂਸਲ ਤੇ ਸਿੱਖ ਸੰਗਤਾਂ ਵਲੋਂ ਜੁਟਾਏ

ਲੈਸਟਰ/ਏ.ਟੀ.ਨਿਊਜ਼ :- ਦੁਨੀਆ ਭਰ ਦੇ ਸੰਘਰਸ਼ਾਂ ਵਿੱਚ ਯੂ.ਕੇ. ਲਈ ਜੰਗਾਂ ਲੜਨ ਵਾਲੇ ਸਿੱਖਾਂ ਦੇ ਸਨਮਾਨ ਲਈ ਬ੍ਰਿਟੇਨ ਦੇ ਲੈਸਟਰ ਵਿੱਚ ਇੱਕ ਸਿੱਖ ਫੌਜੀ ਦਾ ਬੁੱਤ ਲਗਾਇਆ ਗਿਆ ਹੈ। ਵਿਕਟੋਰੀਆ ਪਾਰਕ ਵਿਚ ਬੀਤੇ ਐਤਵਾਰ ਨੂੰ ਸੰਗਮਰਮਰ ਦੇ ਪੱਥਰ ’ਤੇ ਲਗਾਏ ਗਏ ਕਾਂਸੀ ਦੇ ਬੁੱਤ ਦਾ ਉਦਘਾਟਨ ਕੀਤਾ ਗਿਆ। ਸਿੱਖ ਟਰੂਪਸ ਵਾਰ ਮੈਮੋਰੀਅਲ ਕਮੇਟੀ ਨੇ ਕਿਹਾ ਕਿ ਇਹ ਬੁੱਤ ਪਹਿਲਾਂ ਤੋਂ ਮੌਜੂਦ ਜੰਗੀ ਯਾਦਗਾਰਾਂ ਨੂੰ ਮੁਕੰਮਲ ਕਰੇਗਾ।ਪਹਿਲੀ ਵਿਸ਼ਵ ਜੰਗ ਦੇ ਸ਼ੁਰੂ ਹੋਣ ਸਮੇਂ 20 ਫ਼ੀਸਦ ਤੋਂ ਵੱਧ ਸਿੱਖ ਬ੍ਰਿਟਿਸ਼ ਭਾਰਤੀ ਫੌਜ ਦਾ ਹਿੱਸਾ ਸਨ। ਦੁਨੀਆ ਭਰ ਦੇ ਸੰਘਰਸ਼ਾਂ ਵਿੱਚ ਯੂ.ਕੇ. ਲਈ ਜੰਗਾਂ ਲੜਨ ਵਾਲੇ ਸਿੱਖਾਂ ਦੇ ਸਨਮਾਨ ਲਈ ਲੈਸਟਰ ਵਿੱਚ ਇੱਕ ਸਿੱਖ ਫੌਜੀ ਦਾ ਬੁੱਤ ਦਾ ਲਗਾਇਆ ਗਿਆ ਹੈ। ਬੁੱਤ-ਤਰਾਸ਼ ਤਰਨਜੀਤ ਸਿੰਘ ਵਲੋਂ ਇਹ ਬੁੱਤ ਬਣਾਇਆ ਗਿਆ ਹੈ। ਇਸ ਬੁੱਤ ਲਈ ਪੈਸੇ ਕਾਉਂਸਲ ਤੇ ਸਿੱਖ ਸੰਗਤਾਂ ਵਲੋਂ ਜੁਟਾਏ ਗਏ।

**ਸਿੱਖ ਭਾਈਚਾਰੇ ਬੁੱਤ ਲਗਾਉਣ ਦਾ ਸੁਆਗਤ**

ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਬਸਰਾ ਨੇ ਕਿਹਾ, ‘ਅਸੀਂ ਇਸ ਯਾਦਗਰ ਦਾ ਉਦਘਾਟਨ ਕਰਕੇ ਬਹੁਤ ਮਾਣ ਮਹਿਸੂਸ ਕਰ ਰਹੇ ਹਾਂ। ਇਹ ਉਨ੍ਹਾਂ ਬਹਾਦਰ ਲੋਕਾਂ ਦੀ ਕੁਰਬਾਨੀ ਦਾ ਸਨਮਾਨ ਹੈ ਜਿਨ੍ਹਾਂ ਹਜ਼ਾਰਾਂ ਮੀਲਾਂ ਦਾ ਸਫ਼ਰ ਤੈਅ ਕੀਤਾ, ਉਸ ਮੁਲਕ ਲਈ ਜੰਗ ਖ਼ਾਤਰ ਜੋ ਉਨ੍ਹਾਂ ਦਾ ਆਪਣਾ ਨਹੀਂ ਸੀ। ‘ਉਨ੍ਹਾਂ ਕਿਹਾ ਕਿ ਬੁੱਤ ਉਨ੍ਹਾਂ ਸਿੱਖਾਂ ਦੀ ਯਾਦ ਦਵਾਉਂਦਾ ਰਹੇਗਾ ਜਿਨ੍ਹਾਂ ਲੈਸਟਰ ਨੂੰ ਆਪਣਾ ਘਰ ਬਣਾ ਲਿਆ।’



ਲੈਸਟਰ ਸਿਟੀ ਕਾਉਂਸਲ ਦੇ ਪਿਆਰਾ ਸਿੰਘ ਕਲੇਰ ਨੇ ਕਿਹਾ, ‘ਸਾਡੇ ਸ਼ਹਿਰ ਦੀ ਤਰੱਕੀ ਲਈ ਸਿੱਖ ਭਾਈਚਾਰੇ ਨੇ ਪਿਛਲੇ ਕਈ ਦਹਾਕਿਆਂ ਤੋਂ ਅਹਿਮ ਹਿੱਸਾ ਪਾਇਆ ਹੈ। ਮੈਨੂੰ ਬਹੁਤ ਖ਼ੁਸ਼ੀ ਹੈ ਕਿ ਵਿਕਟੋਰੀਆ ਪਾਰਕ ਵਿੱਚ ਇੱਕ ਸਿੱਖ ਯਾਦਗਾਰੀ ਬੁੱਤ ਦੀ ਕਲਪਨਾ ਮਰਹੂਮ ਕੌਂਸਲਰ ਕੁਲਦੀਪ ਸਿੰਘ ਭੱਟੀ ਐਮ.ਬੀ.ਈ. ਦੁਆਰਾ ਕੀਤੀ ਗਈ ਸੀ ਜਿਸ ਦਾ ਹੁਣ ਉਦਘਾਟਨ ਕੀਤਾ ਜਾ ਰਿਹਾ ਹੈ। ਇਸ ਪਾਰਕ ਵਿੱਚ ਹੋਰ ਯਾਦਗਾਰਾਂ ਵਾਂਗ ਇੱਕ ਢੁਕਵੀਂ ਸ਼ਰਧਾਂਜ਼ਲੀ ਪ੍ਰਗਟ ਕਰਦਾ ਹੈ।’




ਇਸ ਬੁੱਤ ਦਾ ਉਦਘਾਟਨ ਡੇ ਮੋਂਟਫੋਪਟ ਹਾਲ ਵਿੱਚ ਐਤਵਾਰ ਨੂੰ ਯੂ.ਕੇ. ਸਮੇਂ ਮੁਤਾਬਕ ਦੁਪਹਿਰ ਇੱਕ ਵਜੇ ਕੀਤਾ ਗਿਆ। ਉਦਘਾਟਨੀ ਸਮਾਰੋਹ ਵਿੱਚ ਸੈਂਕੜੇ ਲੋਕਾਂ ਦੇ ਨਾਲ-ਨਾਲ ਫ਼ੌਜ ਦੇ ਨੁਮਾਇੰਦਿਆਂ ਨੇ ਵੀ ਸ਼ਿਰਕਤ ਕੀਤੀ।

**ਸਮੈਥਕ ਸ਼ਹਿਰ ਵਿੱਚ ਵੀ ਲਗਾਇਆ ਗਿਆ ਸੀ ਇੱਕ ਸਿੱਖ ਫ਼ੌਜੀ ਦਾ ਬੁੱਤ**

ਯੂ.ਕੇ. ਵਲੋਂ ਪਹਿਲੀ ਵਿਸ਼ਵ ਜੰਗ ਦੇ 100 ਸਾਲ ਪੂਰੇ ਹੋਣ ਮੌਕੇ ਸਮੈਥਕ ਸ਼ਹਿਰ ’ਚ ਵੀ ਇੱਕ ਸਿੱਖ ਫੌਜੀ ਦਾ 10 ਫੁੱਟ ਉੱਚਾ ਬੁੱਤ ਲਗਾਇਆ ਗਿਆ ਸੀ। ਤਾਂਬੇ ਨਾਲ ਬਣਿਆ ਇਹ ਬੁੱਤ ਪਹਿਲੇ ਵਿਸ਼ਵ ਯੁੱਧ ਵਿੱਚ ਅਤੇ

(ਬਾਕੀ ਸਫ਼ਾ 35 ’ਤੇ)

# ਐਸਜੀਪੀਸੀ ਅਤੇ ਸਿੱਖਿਆ ਸੰਸਥਾਵਾਂ ਨੂੰ ਸਾਜਿਸ਼ਾਂ ਅਧੀਨ ਨਿਘਾਰ ਵੱਲ ਤੋਰਿਆ : ਮਾਸਟਰ ਮਿੱਠੂ ਸਿੰਘ ਕਾਹਨੇਕੇ

## ਕਮੇਟੀ ਮੈਂਬਰ ਨਿੱਜਵਾਦ ਤੇ ਸਿਆਸਤ ਛੱਡ ਕੇ ਅੱਗੇ ਆਉਣ



ਚੰਡੀਗੜ੍ਹ/ਏ.ਟੀ.ਨਿਊਜ਼ :- ਮਾਸਟਰ ਮਿੱਠੂ ਸਿੰਘ ਕਾਹਨੇਕੇ ਨੇ ਐਸਜੀਪੀਸੀ ਦੇ ਅੰਦਰੂਨੀ ਲੜਖਾਏ ਪ੍ਰਬੰਧਕੀ ਢਾਂਚੇ ਸੰਬੰਧੀ ਇੱਕ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਐਸਜੀਪੀਸੀ ਅਤੇ ਇਸ ਦੀਆਂ ਸਿਖਿਆ ਸੰਸਥਾਵਾਂ ਨੂੰ ਸਾਜਿਸ਼ਾਂ ਅਧੀਨ ਨਿਘਾਰ ਵੱਲ ਤੋਰਿਆ ਗਿਆ ਹੈ। ਜਿਨ੍ਹਾਂ ਨੂੰ ਬਚਾਉਣ ਲਈ ਹਰ ਕਮੇਟੀ ਮੈਂਬਰ ਅਤੇ ਸੁਹਿਰਦ ਪੰਥਕ ਸ਼ਖਸੀਅਤਾਂ ਨੂੰ ਅੱਗੇ ਆਉਣਾ ਪਵੇਗਾ। ਉਨ੍ਹਾਂ ਨੇ ਅੱਗੇ ਕਿਹਾ ਕਿ ਇੱਕ ਤਰਫ ਕਮੇਟੀ ਦੇ ਅਦਾਰਿਆਂ ਦੇ ਮੁਲਾਜ਼ਮਾਂ ਨੂੰ 6-6 ਮਹੀਨਿਆਂ ਤੋਂ ਤਨਖਾਹਾਂ ਨਹੀਂ ਮਿਲ ਰਹੀਆਂ, 2022-23 ਦੇ ਬਜਟ 'ਚ ਰੱਖੀ ਰਕਮ ਨੂੰ ਅਗਾਊਂ ਹੀ ਤਨਖਾਹਾਂ ਤੇ ਹੋਰ ਖਰਚਿਆਂ ਲਈ ਲਈ ਵਰਤ ਲਿਆ ਗਿਆ ਹੈ। ਉੱਥੇ ਦੂਸਰੀ ਤਰਫ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ 500 ਨਵੇਂ ਮੁਲਾਜ਼ਮ ਭਰਤੀ ਕਰਕੇ ਕਮੇਟੀ ਉੱਤੇ ਹੋਰ ਆਰਥਿਕ ਬੋਝ ਪਾ ਦਿੱਤਾ ਹੈ। ਉਨ੍ਹਾਂ ਕਿਹਾ ਹਰਜਿੰਦਰ ਸਿੰਘ ਧਾਮੀ ਦੇ ਕਾਰਜਕਾਲ ਅੰਦਰ ਭ੍ਰਿਸ਼ਟਾਚਾਰ ਦੋਸ਼ਾਂ ਅਧੀਨ ਸਸਪੈਂਡ ਕੀਤੇ ਅਡੀਸ਼ਨਲ ਸਕੱਤਰਾਂ, ਮੈਨੇਜਰਾਂ, ਕਲਰਕਾਂ ਨੂੰ ਜਿੱਥੇ ਮੁੜ ਬਹਾਲ ਕਰਕੇ ਤਰੱਕੀਆਂ ਦਿੱਤੀਆਂ ਗਈਆਂ ਉੱਥੇ ਹੀ ਉਨ੍ਹਾਂ ਨੂੰ ਮਨਚਾਹੀਆਂ ਪੋਸਟਾਂ ਉੱਤੇ ਨਿਯੁਕਤ ਕਰ ਦਿੱਤਾ ਗਿਆ। ਸਿੰਘ ਸਾਹਿਬ ਜਥੇਦਾਰ ਅਕਾਲ ਤਖਤ ਦੇ ਹੁਕਮਾਂ ਦੀ ਅਣਦੇਖੀ ਕਰਦਿਆਂ ਕਮੇਟੀ ਦਾ ਟੀ ਵੀ ਚੈਨਲ ਅਜੇ ਤੱਕ ਆਰੰਭ ਨਹੀਂ ਕੀਤਾ ਗਿਆ, ਕਮੇਟੀ ਦਾ ਆਡਿਟ ਕਰਨ ਵਾਲੀ ਕੋਹਲੀ ਐਂਡ ਕੰਪਨੀ ਤੋਂ ਜੋ ਰਕਮ ਦੀ ਰਿਕਵਰੀ ਕਰਨੀ ਸੀ ਉਹ ਨਹੀਂ ਕੀਤੀ ਗਈ, ਗੁੰਮ ਸਰੂਪਾਂ ਲਈ ਦੋਸ਼ੀ ਮੁਲਾਜ਼ਮਾਂ ਨੂੰ ਮੁੜ ਨੌਕਰੀਆਂ ਉੱਤੇ ਬਹਾਲ ਕਰਕੇ ਬਕਾਇਆ ਰਕਮਾਂ ਦਿੱਤੀਆਂ ਗਈਆਂ। ਮਾਸਟਰ ਮਿੱਠੂ ਸਿੰਘ ਨੇ ਕਮੇਟੀ ਦੇ ਕਾਲਜਾਂ ਤੇ ਸਕੂਲਾਂ ਦੇ ਪ੍ਰਬੰਧਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਐਸਜੀਪੀਸੀ ਦੇ ਪ੍ਰਬੰਧ ਹੇਠਲੇ 33 ਕਾਲਜਾਂ 'ਚੋਂ 29 ਕਾਲਜਾਂ ਅਤੇ 52 ਸਕੂਲਾਂ 'ਚੋਂ 40 ਸਕੂਲਾਂ ਦੇ ਕ੍ਰਮਵਾਰ ਪ੍ਰਿੰਸੀਪਲਾਂ, ਪ੍ਰੋਫੈਸਰਾਂ, ਅਧਿਆਪਕਾਂ, ਕਲਰਕਾਂ, ਦਰਜਾ ਚਾਰ ਕਰਮਚਾਰੀਆਂ ਜਿਨ੍ਹਾਂ ਵਿਜ ਸੇਵਾਦਾਰ, ਡਰਾਈਵਰ, ਮਾਲੀ ਆਦਿ ਸ਼ਾਮਿਲ ਹਨ ਨੂੰ 7-7 ਮਹੀਨਿਆਂ ਤੋਂ ਤਨਖਾਹ ਨਹੀਂ ਮਿਲੀ।

ਸਰਬੱਤ ਦਾ ਭਲਾ
SCOPE
Sikh Community Organized for Political Engagement
ELECTION 2022

SCOPE Endorses the Following Candidates for 2022 Elections

| | |
|---|---|
| Governor | Gavin Newsom |
| Lt Governor | Eleni Newsom |
| Secretary of State | Shirley Weber |
| Controller | Malia Cohen |
| Treasurer | Fiona Ma |
| Rob Bonta | Attorney General |
| Ricardo Lara | Insurance Commissioner |
| State Board of Equalization | Alex Padilla |
| 14th Congressional District | Eric Swalwell |
| 10th State Senate District | Lily Mei |
| BART Director District 6 | Lance Nishihira |
| State Superintendent of Public Instruction | Tony Thurmond |
| District Attorney | Terry Wiley |
| Chief Justice | Patricia Guerero |
| Associate Justice | Goodwin Liu |
| Associate Justice | Joshua Groban |
| Court of Appeal | Therese Stewart |
| Appeal - First District | Alison Tucher |
| Appeal - First District | Victor Rodriguez |
| Appeal - First Distric | Ioana Petrou |
| Appeal - First District | Carin Fujusaki |
| Appeal - First District | Tracie Brown |
| Appeal - First District | Jeremy Goldman |
| Appeal - First District | Teri Jackdon |
| Appeal - First District | Gordan Burns |

| | |
|---|---|
| Union City Council District 4 | Vipan Bajwa |
| Union City Council District 3 | Lee Guio |
| Newark City Council | Taranjit "Singh" Gujral |
| Tracy School Distt | Navi Kahlon |
| Hayward City Mayor | Mark Salinas - |
| Hayward City Council | Julie Rich |
| Hayward City Council | Dan Goldstein |
| Hayward City school Distt | Tom Wong |
| Hayward City school Distt | Joe Ramos |

Propositions:

| | |
|---|---|
| Measure Z Union City | YES |
| Proposition 26 | NO |
| Proposition 27 | NO |
| Proposition 28 | NO |
| Proposition 29 | YES |
| Proposition 30 | NO |
| Proposition 31 | YES |
| Measure D Alameda County | YES |

bayareascope@gmail.com

Certificate Course in
DATA ANALYTICS

- Eligibility : B.Tech, M.Tech, BCA, MCA, BSc, MSc, MBA
- Mentors are industry expert from USA and India
- 100% Placement assistance for high growth tech jobs
- 100% fee waiver / scholarship from Sikh Education Council and Startup Farms IT Limited.
- Support and mentorship for projects and case siudy solutions
- Training experience certificate by Startup Farms It Ltd
- Total Seats : 50
- Course Duration : 6 Months
- Selection criteria : Interview

EXPERTS FROM USA & INDIA



SRI GURU GRANTH SAHIB WORLD UNIVERSITY
FATEHGARH SAHIB, PUNJAB

Admission Helpline
70096-48231, 62805-38113

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਲੋਂ ਸਜਾਏ ਨਗਰ ਕੀਰਤਨ ਦੌਰਾਨ ਚਮਕਿਆ ਖ਼ਾਲਸਈ ਰੰਗ

## ਨਗਰ ਕੀਰਤਨ 'ਚ ਸਿੱਖ ਭਾਈਚਾਰੇ ਤੋਂ ਇਲਾਵਾ ਅਮੈਰੀਕਨ ਵੀ ਹੋਏ ਸ਼ਾਮਲ

ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):- ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਤ ਸਾਲਾਨਾ ਨਗਰ ਕੀਰਤਨ ਕਰਵਾਇਆ ਗਿਆ। ਜਿਸ ਦੀ ਸ਼ੁਰੂਆਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਮਤਿ ਦੀਵਾਨ ਦੀ ਸਮਾਪਤੀ ਬਾਅਦ ਹੋਈ। ਗੁਰੂਘਰ ਵਿਖੇ ਹਾਜ਼ਰ ਬਹੁਤ ਸਾਰੇ ਕੀਰਤਨੀ ਜੱਥਿਆਂ ਅਤੇ ਕਥਾਕਾਰਾਂ ਨੇ ਸੰਗਤਾਂ ਨੂੰ ਨਿਰੋਲ ਗੁਰਬਾਣੀ ਨਾਲ ਨਿਹਾਲ ਕੀਤਾ। ਗੁਰੂਘਰ ਦੇ ਬਾਹਰ ਨਗਰ ਕੀਰਤਨ ਵਿੱਚ ਸ਼ਾਮਲ ਸੰਗਤਾਂ ਦੇ ਕੇਸਰੀ, ਨੀਲੀਆਂ, ਹਰੀਆਂ, ਪੀਲੀਆਂ ਅਤੇ ਹੋਰ ਬਹੁਤ ਰੰਗਾਂ ਦੇ ਨਜ਼ਾਰੇ ਪੇਸ਼ ਕਰਦੀਆਂ ਦਸਤਾਰਾਂ ਅਤੇ ਦੁਪੱਟਿਆਂ ਨੇ ਜਿਵੇਂ ਸਾਰੇ ਫਰਿਜ਼ਨੋ ਸ਼ਹਿਰ ਨੂੰ ਹੀ ਖਾਲਸਈ ਰੰਗ ਵਿੱਚ ਰੰਗ ਦਿੱਤਾ ਹੋਵੇ। ਟਰੱਕਾਂ ਤੇ ਸਜੇ ਹੋਏ ਵੱਖੋ-ਵੱਖ ਤਰ੍ਹਾਂ ਦੇ ਸੁਨੇਹੇ ਪੇਸ਼ ਕਰਦੇ ਫਲੋਟਾਂ ਨੇ ਵਿਲੱਖਣ ਨਜ਼ਾਰਾ ਪੇਸ਼ ਕੀਤਾ। ਬੱਚਿਆਂ ਦੇ ਗੱਤਕਾ ਗਰੁੱਪਾਂ ਦੁਆਰਾ ਆਪਣੀ ਇਸ ਕਲਾ ਦਾ ਖੁਲ ਕੇ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ। ਦੁਕਾਨਦਾਰਾਂ ਵੱਲੋਂ ਅਨੇਕਾਂ ਦੁਕਾਨਾਂ ਅਤੇ ਵੱਖ-ਵੱਖ ਬੂਥ ਵੀ ਸੰਗਤਾਂ ਲਈ ਖਿੱਚ ਦਾ ਕੇਂਦਰ ਬਣੇ ਨਜ਼ਰ ਆ ਰਹੇ ਸਨ। ਲਾਊਡ ਸਪੀਕਰਾਂ ਵਿੱਚ ਗੂੰਜਦੇ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਜਿਵੇਂ ਅਸਮਾਨ ਗੂੰਜ ਰਿਹਾ ਸੀ।ਨਗਰ ਕੀਰਤਨ ਦੀ ਸ਼ੁਰੂਆਤ ਆਪਸੀ ਭਾਈਚਾਰਕ ਸਾਂਝ ਦਾ ਸਬੂਤ ਦਿੰਦੇ ਹੋਏ ਸਭ ਤੋਂ ਮੂਹਰੇ ਨਗਾਰਾ, ਫਿਰ ਅਮੈਰੀਕਨ ਝੰਡਾ, ਕੈਲੀਫੋਰਨੀਆ ਦਾ ਝੰਡਾ ਅਤੇ ਖਾਲਸੇ ਦਾ ਕੇਸ਼ਰੀ ਨਿਸ਼ਾਨ ਸਾਹਿਬ ਦੁਆਰਾ ਅਗਵਾਈ ਕਰਦੇ ਹੋਏ ਪੰਜ ਪਿਆਰੇ ਕਰ ਰਹੇ ਸਨ। ਖ਼ੂਬਸੂਰਤ ਤਰੀਕੇ ਨਾਲ ਸਜੇ ਫਲੋਟ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਲਕੀ ਵਿੱਚ ਸ਼ੁਸੋਭਿਤ ਸੀ। ਪੰਜ ਪਿਆਰੇ ਅਤੇ ਨਿਸ਼ਾਨਚੀ ਸਿੰਘ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਸਨ।


ਨਗਰ ਕੀਰਤਨ ਦੀ ਅਲੌਕਿਕ ਦ੍ਰਿਸ਼।

ਸੰਗਤਾਂ ਭਾਰੀ ਉਤਸ਼ਾਹ ਅਤੇ ਸ਼ਰਧਾ ਨਾਲ ਪਾਲਕੀ ਸਾਹਿਬ ਦੇ ਪਿਛੇ ਪੈਦਲ ਸ਼ਬਦ ਗਾਇਨ ਕਰਦੀਆਂ ਜਾ ਰਹੀਆਂ ਸਨ। ਕੈਲੀਫੋਰਨੀਆ ਗਤਕਾ ਦਲ ਦੇ ਸਿੰਘਾਂ ਦੇ ਜਬਰਦਸਤ ਗਤਕੇ ਦੇ ਜੌਹਰ ਵੀ ਵੇਖਣਯੋਗ ਸਨ। ਇਸ ਸਮੇਂ ਪੰਜਾਬ ਤੋਂ ਮੰਗਵਾਏ ਟਰੈਕਟਰ ਅਤੇ ਟ੍ਰਾਲੀਆਂ ਤੋਂ ਇਲਾਵਾ ਸਿੱਖ ਮੋਟਰਸਾਈਕਲ ਰਾਈਡਰ ਵੀ ਨਗਰ ਕੀਰਤਨ ਦਾ ਸ਼ਿੰਗਾਰ ਬਣ ਰਹੇ ਸਨ। ਇਸ ਸਮੇਂ ਗੁਰੂਘਰ ਅਤੇ ਹੋਰ ਵੱਖ-ਵੱਖ ਸੰਸਥਾਵਾ ਵੱਲੋਂ ਗੁਰੂ ਦੇ ਲੰਗਰ ਅਤੁੱਟ ਵਰਤੇ। ਇਹ ਨਗਰ ਕੀਰਤਨ ਫਾਊਲਰ ਸ਼ਹਿਰ ਦੇ ਮਿੱਥੇ ਰੂਟ ਨੂੰ ਤਹਿ ਕਰਦਾ ਹੋਇਆ ਵਾਪਸ ਗੁਰੂਘਰ ਪਹੁੰਚ ਸਮਾਪਤ ਹੋਇਆ। ਅੰਤ ਵਿਚ ਨਗਰ ਕੀਰਤਨ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਯਾਦਗਾਰੀ ਹੋ ਨਿਬੜਿਆ।

# ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

ਸਿਨਸਿਨਾਟੀ, ਓਹਾਇਓ/ਏ.ਟੀ.ਨਿਊਜ਼ :- ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨਾਟੀ ਦੇ ਗੁਰਦੁਆਰਾ ਸਾਹਿਬ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਵਿਖੇ ਸਿੱਖ ਇਤਿਹਾਸ ਦੀ ਮਹਾਨ ਸ਼ਖਸੀਅਤ ਬ੍ਰਹਮ ਗਿਆਨੀ ਧੰਨ ਧੰਨ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਬਾਬਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਅਖੰਡ ਪਾਠ ਤੋਂ ਇਲਾਵਾ ਚਾਰ ਦਿਨ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਏ ਗਏ।

ਇਸ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸਿੱਖ ਪੰਥ ਦੇ ਮਹਾਨ ਕੀਰਤਨੀਏ ਭਾਈ ਹਰਚਰਨ ਸਿੰਘ ਜੀ ਖਾਲਸਾ, ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਭਾਈ ਬੂਟਾ ਸਿੰਘ ਅਤੇ ਭਾਈ ਮਨਜੀਤ ਸਿੰਘ ਜੀ ਦੇ ਜੱਥੇ ਨੇ ਰਸਭਿੰਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਦੁਆਰਾ ਸਾਹਿਬ ਦੇ ਕੀਰਤਨੀ ਜੱਥੇ ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ, ਭਾਈ ਜੀਤ ਸਿੰਘ ਅਤੇ ਭਾਈ ਨਿਰਮਲ ਸਿੰਘ ਜੀ ਦੇ ਰਾਗੀ ਜੱਥੇ ਨੇ ਵੀ ਸ਼ਬਦ ਕੀਰਤਨ ਗਾਇਨ ਕੀਤਾ। ਭਾਈ ਅਮਰੀਕ ਸਿੰਘ ਜੀ ਨੇ ਬਾਬਾ ਜੀ ਦੇ ਜੀਵਨ ਤੇ ਇਤਿਹਾਸ ਬਾਰੇ ਆਈ ਸੰਗਤ ਨੂੰ ਜਾਣਕਾਰੀ ਦਿੱਤੀ।

ਬਾਬਾ ਬੁੱਢਾ ਜੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਪਹਿਲੇ ਹੈੱਡ ਗ੍ਰੰਥੀ ਸਨ। ਬਾਬਾ ਜੀ ਨੂੰ 5 ਗੁਰੂਆਂ ਨੂੰ ਗੁਰਿਆਈ ਤਿਲਕ ਲਗਾਉਣ ਅਤੇ ਛੇ ਗੁਰੂ ਸਾਹਿਬਾਨ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੈ। ਭਾਈ ਹਰਚਰਨ ਸਿੰਘ ਜੀ ਦੇ ਜੱਥੇ ਨੂੰ ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ ਨੇ ਸਿਰੋਪਾਓ ਨਾਲ ਸਨਮਾਨਿਤ ਕੀਤਾ।

ਇਨ੍ਹਾਂ ਵਿਸ਼ੇਸ਼ ਸਮਾਗਮਾਂ ਵਿੱਚ ਸਿਨਸਿਨਾਟੀ ਦੇ ਲਾਗਲੇ ਸ਼ਹਿਰਾਂ ਡੈਟਨ, ਕੋਲੰਬਸ ਤੋਂ ਇਲਾਵਾ ਨਾਲ ਲੱਗਦੇ ਸੂਬੇ ਕੈਨਟੱਕੀ, ਇੰਡੀਆਨਾ ਤੋਂ ਵੀ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੋਈਆਂ। ਗੁਰਦੁਆਰਾ ਸਾਹਿਬ ਵਿਖੇ ਫੁੱਲਾਂ ਦੀ ਸਜਾਵਟ ਵੀ ਕੀਤੀ ਗਈ। ਇਸ ਦੌਰਾਨ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਪ੍ਰਬੰਧਕ ਕਮੇਟੀ ਵੱਲੋਂ ਇਨ੍ਹਾਂ ਵਿਸ਼ੇਸ਼ ਸਮਾਗਮਾਂ ਲਈ ਸੇਵਾਦਾਰਾਂ ਅਤੇ ਸੰਗਤ ਦਾ ਧੰਨਵਾਦ ਕੀਤਾ ਗਿਆ।



# ਅਮਰੀਕਾ ਦੇ ਫਲੋਰਿਡਾ ਰਾਜ ਵਿਚ ਹੋਈ ਗੋਲੀਬਾਰੀ 'ਚ 1 ਮੌਤ, 8 ਜ਼ਖਮੀ



ਟਾਲਾਹਾਸੀ ਵਿਖੇ ਹੋਈ ਗੋਲੀਬਾਰੀ ਉਪਰੰਤ ਘਟਨਾ ਸਥਾਨ 'ਤੇ ਪੁੱਜੀ ਪੁਲਿਸ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਟਾਲਾਹਾਸੀ (ਫਲੋਰਿਡਾ) ਵਿਚ ਹੋਈ ਗੋਲੀਬਾਰੀ ਦੌਰਾਨ ਇਕ ਵਿਅਕਤੀ ਦੀ ਮੌਤ ਹੋ ਗਈ ਜਦ ਕਿ 8 ਹੋਰ ਜ਼ਖਮੀ ਹੋ ਗਏ। ਟਾਲਾਹਾਸੀ ਪੁਲਿਸ ਵਿਭਾਗ ਵੱਲੋਂ ਜਾਰੀ ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਪੱਛਮੀ ਪੈਨਸਾਕੋਲਾ ਸਟਰੀਟ ਉਪਰ ਹਾਫ ਟਾਈਮ ਲਿਕੁਰਜ ਸਟੋਰ ਤੇ ਲਾਸ ਕੰਪਾਡਰੈਸ ਵਿਖੇ ਅੱਧੀ ਰਾਤ ਤੋਂ ਪਹਿਲਾਂ ਇਕ ਵਿਅਕਤੀ ਵਲੋਂ ਗੋਲੀਆਂ ਚਲਾਈਆਂ।

ਟਾਲਾਹਾਸੀ ਪੁਲਿਸ ਮੁਖੀ ਲਾਰੈਂਸ ਰੇਵੈਲ ਨੇ ਜਾਰੀ ਬਿਆਨ ਵਿਚ ਕਿਹਾ ਹੈ ਕਿ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਤਾਂ ਲੀਕਰ ਸਟੋਰ ਦੇ ਬਾਹਰ ਇਕ ਵਿਅਕਤੀ ਗੋਲੀਆਂ ਵੱਜਣ ਕਾਰਨ ਡਿੱਗਾ ਪਿਆ ਸੀ। ਉਸ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਇਕ ਹਮਲਾਵਰ ਦਾ ਪਿੱਛਾ ਕੀਤਾ ਤੇ ਉਸ ਨੂੰ ਰੁਕ ਜਾਣ ਲਈ ਕਿਹਾ ਪ੍ਰੰਤੂ ਉਸ ਨੇ ਰੁਕਣ ਤੇ ਹਥਿਆਰ ਸੁੱਟਣ ਤੋਂ ਨਾਂਹ ਕਰ ਦਿੱਤੀ ਜਿਸ ਉਪਰੰਤ ਪੁਲਿਸ ਅਫਸਰਾਂ ਵੱਲੋਂ ਚਲਾਈ ਗੋਲੀ ਨਾਲ ਉਹ ਜ਼ਖਮੀ ਹੋ ਗਿਆ। ਉਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਉਹ ਖਤਰੇ ਤੋਂ ਬਾਹਰ ਹੈ ਤੇ ਪੁਲਿਸ ਵੱਲੋਂ ਉਸ ਕੋਲੋਂ ਘਟਨਾ ਸਬੰਧੀ ਪੁੱਛਗਿੱਛ ਕੀਤੀ ਜਾਵੇਗੀ। ਪੁਲਿਸ ਅਨੁਸਾਰ 8 ਜ਼ਖਮੀਆਂ ਵਿਚੋਂ ਕੁਝ ਗੰਭੀਰ ਹਨ। ਪੁਲਿਸ ਨੇ ਜ਼ਖਮੀਆਂ ਦੇ ਨਾਵਾਂ ਦਾ ਖੁਲਾਸਾ ਨਹੀਂ ਕੀਤਾ ਹੈ।

# ਟਰੇਸੀ ਸ਼ਹਿਰ 'ਚ ਇਕ ਸੜਕ ਦਾ ਨਾਮ SINGH Lane ਰੱਖਿਆ ਗਿਆ, ਸਿੱਖ ਕੌਮ 'ਚ ਖ਼ੁਸ਼ੀ ਦਾ ਮਹੌਲ

ਟਰੇਸੀ, ਯੂਐਸਏ/ਏ.ਟੀ.ਨਿਊਜ਼ : ਲੰਘੀ 30 ਅਕਤੂਬਰ ਦਿਨ ਐਤਵਾਰ ਨੂੰ ਟਰੇਸੀ ਸ਼ਹਿਰ ਵਿੱਚ ਜੋ ਨਵੇਂ ਘਰ ਬਣ ਰਹੇ ਹਨ, ਉਨ੍ਹਾਂ ਘਰਾਂ ਵਿੱਚ ਇਕ ਸਟ੍ਰੀਟ ਭਾਵ ਸੜਕ ਦਾ ਨਾਮ SINGH Lane ਰੱਖਿਆ ਗਿਆ ਹੈ। ਇਸ ਸੜਕ ਦੇ ਉਦਘਾਟਨੀ ਮੌਕੇ ਕਾਂਗਰਸਮੈਨ, ਅਸੈਂਬਲੀਮੈਨ ਅਤੇ ਲਾਗਲੇ ਸ਼ਹਿਰਾਂ ਦੇ ਮੇਅਰ ਵੀ ਪਹੁੰਚੇ ਹੋਏ ਸਨ। ਅਮਰੀਕਾ ਵਿੱਚ ਸਿੱਖਾਂ ਨੇ ਜੋ ਯੋਗਦਾਨ ਪਾਇਆ ਅਤੇ ਪਾ ਰਹੇ ਹਨ, ਉਨ੍ਹਾਂ ਦੇ ਕੰਮਾਂ ਦੀ ਪ੍ਰਸ਼ੰਸਾ ਕਾਂਗਰਸਮੈਨ ਵਲੋਂ ਕੀਤੀ ਗਈ। ਅਮਰੀਕਾ ਵਰਗੇ ਦੇਸ਼ ਵਿਚ ਪੰਜਾਬੀਆਂ ਨੂੰ ਸਲਾਹੁਣਯੋਗ ਸ਼ਬਦ ਨਾਲ ਨਾਵਜਣਾ, ਸਿੱਖ ਕੌਮ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ।



# ਅਮਰੀਕਾ 'ਚ ਕਾਂਗਰਸ ਸਮਰਥਕਾਂ ਨੇ 'ਭਾਰਤ ਜੋੜੋ ਯਾਤਰਾ' ਕੱਢਕੇ ਇਕਜੁੱਟਤਾ ਦਾ ਦਿੱਤਾ ਸੁਨੇਹਾ




ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਕਾਂਗਰਸ ਪਾਰਟੀ ਦੇ ਸਮਰਥਕਾਂ ਨੇ ਪਾਰਟੀ ਆਗੂ ਰਾਹੁਲ ਗਾਂਧੀ ਦੀ ਅਗਵਾਈ ਵਿਚ ਭਾਰਤ ਵਿਚ ਕੱਢੀ ਜਾ ਰਹੀ 'ਭਾਰਤ ਜੋੜੋ ਯਾਤਰਾ' ਨਾਲ ਇਕਜੁੱਟਤਾ ਪ੍ਰਗਟ ਕਰਨ ਲਈ ਨਿਊਯਾਰਕ ਵਿਚ 'ਭਾਰਤ ਜੋੜੋ ਯਾਤਰਾ' ਕੱਢੀ।

ਇੰਡੀਅਨ ਓਵਰਸੀਜ ਕਾਂਗਰਸ ਅਮਰੀਕਾ ਵੱਲੋਂ 'ਯੂਨਾਈਟਿਡ ਵਾਕ ਇਨ ਨਿਊਯਾਰਕ' ਦੇ ਨਾਂ ਹੇਠ ਅਯੋਜਿਤ ਇਸ ਭਾਰਤ ਜੋੜੋ ਯਾਤਰਾ ਵਿਚ ਸਥਾਨਕ ਕਾਂਗਰਸ ਆਗੂਆਂ ਤੇ ਹੋਰ ਪਾਰਟੀ ਸਮਰਥਕਾਂ ਨੇ ਹਿੱਸਾ ਲਿਆ। ਇੰਡੀਅਨ ਓਵਰਸੀਜ਼ ਕਾਂਗਰਸ ਵੱਲੋਂ ਜਾਰੀ ਪ੍ਰੈਸ ਰਲੀਜ਼ ਅਨੁਸਾਰ ਭਾਰਤ ਜੋੜੋ ਯਾਤਰਾ ਟਾਈਮਜ਼ ਸਕੁਏਅਰ ਤੋਂ ਸ਼ੁਰੂ ਹੋ ਕੇ ਯੂਨੀਅਨ ਸਕੁਏਅਰ ਵਿਚ ਸਥਾਪਿਤ ਮਹਾਤਮਾ ਗਾਂਧੀ ਦੇ ਬੁੱਤ ਤੱਕ ਗਈ। ਆਈ ਓ ਸੀ ਚੇਅਰਮੈਨ ਸੈਮ ਪਿਟਰੋਡਾ ਨੇ ਯਾਤਰਾ ਦੀ ਸ਼ੁਰੂਆਤ ਕੀਤੀ ਜਿਸ ਦਾ ਮਕਸਦ ਭਾਰਤ ਵਿਚ ਅਮਨ ਤੇ ਏਕਤਾ ਨੂੰ ਬੜ੍ਹਾਵਾ ਦੇਣਾ ਹੈ। ਯਾਤਰਾ ਵਿਚ ਸ਼ਾਮਿਲ ਪਾਰਟੀ ਆਗੂਆਂ ਨੇ ਕਿਹਾ ਕਿ ਕਾਂਗਰਸ ਭਾਰਤ ਦੀ ਉਹ ਪਾਰਟੀ ਹੈ ਜਿਸ ਨੇ ਅਜ਼ਾਦੀ ਦੀ ਲੜਾਈ ਲੜੀ। ਹਜ਼ਾਰਾਂ ਭਾਰਤੀਆਂ ਨੇ ਕੁਰਬਾਨੀਆਂ ਦੇ ਕੇ ਅਜ਼ਾਦੀ ਲਈ, ਪਰ ਹੁਣ ਕੁਝ ਸਵਾਰਥੀ ਤਾਕਤਾਂ ਅਜ਼ਾਦੀ ਦਾ ਸਿਹਰਾ ਆਪਣੇ ਸਿਰ ਬੰਨ੍ਹ ਰਹੀਆਂ ਹਨ। ਇਹ ਤਾਕਤਾਂ ਭਾਰਤ ਦੀ ਇਕਜੁੱਟਤਾ ਲਈ ਖਤਰਾ ਹਨ। ਇਨ੍ਹਾਂ ਤਾਕਤਾਂ ਤੋਂ ਸੁਚੇਤ ਰਹਿਣ ਦਾ ਸੁਨੇਹਾ ਇਸ ਭਾਰਤ ਜੋੜੋ ਯਾਤਰਾ ਰਾਹੀਂ ਦਿੱਤਾ ਜਾ ਰਿਹਾ ਹੈ।

# ਗੁਰਦੁਆਰਾ ਫਰੀਮਾਂਟ (ਕੈਲੀਫੋਰਨੀਆ) ਵਿਖੇ ਸਜਿਆ ਧਾਰਮਿਕ ਕਵੀ ਦਰਬਾਰ

ਫਰੀਮਾਂਟ/ਕੈਲੀਫੋਰਨੀਆ (ਯੂ.ਐਸ.ਏ.) : ਪ੍ਰਮਿੰਦਰ ਸਿੰਘ ਪ੍ਰਵਾਨਾ : ਅਮਰੀਕੀ ਪੰਜਾਬੀ ਕਵੀਆਂ ਵਲੋਂ 300-Gurdwara Road Fremont CA-94536 ਵਿਖੇ ਸਜੇ ਦੀਵਾਨਾਂ ਵਿਚ ਅਮਰੀਕੀ ਪੰਜਾਬੀ ਕਵੀਆਂ ਵਲੋਂ ਗੁਰੂ ਰਾਮਦਾਸ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਵਲੋਂ ਮੰਚ ਸੰਭਾਲਦਿਆਂ ਗੁਰੂ ਇਤਿਹਾਸ ਤੇ ਰੋਸ਼ਨੀ ਪਾਈ ਗਈ ਕਿ : ਭਾਈ ਜੇਠਾ ਜੀ ਦੀ ਗੁਰੂਘਰ ਵਾਸਤੇ ਸੇਵਾ ਅਤੇ ਕੁਰਬਾਨੀ ਦੇ ਜਜਬੇ ਨੂੰ ਸਾਲਾਂ ਦੌਰਾਨ ਕਈ ਅਜਮਾਇਸ਼ਾਂ ਵਿਚੋਂ ਗੁਜ਼ਰਨਾ ਪਿਆ।

ਅਖੀਰ ਗੁਰੂ ਅਮਰਦਾਸ ਸਾਹਿਬ ਜੀ ਉਨ੍ਹਾਂ ਦੀ ਨਿਸ਼ਕਾਮ ਅਣਥੱਕ ਸੇਵਾ ਭਾਵਨਾ ਵੇਖ ਕੇ ਪ੍ਰਸੰਨ ਹੋਏ। ਗੁਰੂ ਸਾਹਿਬ ਜੀ ਨੇ ਭਾਈ ਜੇਠਾ ਜੀ ਦਾ ਨਾਮ ਬਦਲ ਕੇ ਰਾਮਦਾਸ (ਰੱਬ ਦਾ ਸੇਵਕ) ਰੱਖ ਦਿੱਤਾ। ਫਿਰ 1 ਸਤੰਬਰ, 1574 ਨੂੰ ਸਿੱਖ ਧਰਮ ਦੇ ਚੌਥੇ ਗੁਰੂ ਨਿਯੁਕਤ ਕੀਤਾ। ਗੁਰੂ ਰਾਮਦਾਸ ਸਾਹਿਬ ਜੀ ਦੀ ਬਾਣੀ 638 ਪਦੇ, 30 ਸੰਗੀਤਕ ਰਾਗਨੀਆਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਦਰਜ ਹਨ। ਆਪ ਸ਼ਾਂਤੀ ਅਤੇ ਪ੍ਰੇਮ ਦੇ ਕਵੀ ਸਨ। ਆਪਜੀ ਦੇ ਉਪਦੇਸ਼ ਵਿਚ ਗੁਰਮਿਤ ਦੀ ਸੌਝੀ ਨਾਲ ਮਨ ਦੀ ਮੈਲ ਦੂਰੀ ਹੁੰਦੀ ਹੈ। ਨਾਮਦਾਨ, ਇਸ਼ਨਾਨ ਅਤੇ ਸੱਚੀ ਕ੍ਰਿਤ, ਵੰਡ ਕੇ ਛਕਣਾ, ਸਿੱਖੀ ਦੇ ਮੀਰੀ ਗੁਣ



ਹਨ। ਇਸ ਤੋਂ ਇਲਾਵਾ ਬਾਣੀ ਰਾਜਨੀਤਕ ਕੁਰੀਤੀਆਂ ਦਾ ਸੰਕੇਤ ਦਿੰਦੀ ਹੈ।

ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਕਵੀ ਸ਼ਾਮਲ ਸਨ: ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮਾਂਟ, ਮਹਿੰਦਰ ਸਿੰਘ ਰਾਜਪੂਤ, ਠਾਕੁਰ ਸਿੰਘ ਫਰੀਮਾਂਟ, ਤਰਸੇਮ ਸਿੰਘ ਸੁੰਮਨ ਅਤੇ ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਨੇ ਗੁਰਮਤਿ ਆਸ਼ੇ ਅਨੁਸਾਰ ਕਵਿਤਾਵਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕਾਂ ਵਲੋਂ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਅਜਿਹੇ ਪ੍ਰੋਗਰਾਮ ਕਰਵਾਉਣ ਦੀ ਹਾਮੀ ਭਰੀ। ਇਸ ਧਾਰਮਿਕ ਕਵੀ ਦਰਬਾਰ ਦੀ ਸਫ਼ਲਤਾ ਵਿਚ ਜਸਦੇਵ ਸਿੰਘ, ਕਸ਼ਮੀਰ ਸਿੰਘ, ਦਵਿੰਦਰ ਸਿੰਘ ਅਤੇ ਕਮਲ ਸਿੰਘ ਅਟਵਾਲ ਦਾ ਭਰਪੂਰ ਸਹਿਯੋਗ ਰਿਹਾ। ਪ੍ਰਵਾਨਾ ਵਲੋਂ ਧੰਨਵਾਦੀ ਸ਼ਬਦ ਵਿਚ ਕਿਹਾ ਗਿਆ ਕਿ ਅਜਿਹੇ ਪ੍ਰੋਗਰਾਮ ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਹੀ ਸਫ਼ਲ ਹੁੰਦੇ ਹਨ। ਇਕ ਯਾਦਗਾਰੀ ਤਸਵੀਰ ਨਾਲ ਧਾਰਮਿਕ ਕਵੀ ਦਰਬਾਰ ਸੰਪੰਨ ਹੋਇਆ।

# ਇੰਡੀਆਨਾ 'ਚ ਸਾਢੇ 5 ਸਾਲ ਦੀ ਭਾਲ ਤੋਂ ਬਾਅਦ ਦੋ ਨਾਬਾਲਗ ਲੜਕੀਆਂ ਦਾ ਸ਼ੱਕੀ ਕਾਤਲ ਗ੍ਰਿਫਤਾਰ



ਨਬਾਲਗ ਲੜਕੀਆਂ ਜਿਨ੍ਹਾਂ ਦਾ ਕਤਲ ਕਰ ਦਿੱਤਾ ਗਿਆ ਸੀ, ਦੇ ਵਿਚਕਾਰ ਸ਼ੱਕੀ ਕਾਤਲ ਦੀ ਤਸਵੀਰ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਅਮਰੀਕਾ ਦੇ ਇੰਡੀਆਨਾ ਰਾਜ ਦੇ ਡੈਲਫੀ ਸ਼ਹਿਰ ਵਿਚ ਫਰਵਰੀ 2017 ਵਿਚ ਦੋ ਨਾਬਾਲਗ ਲੜਕੀਆਂ ਦੇ ਸ਼ੱਕੀ ਕਾਤਲ ਨੂੰ ਆਖਰਕਾਰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ।

ਜਾਂਚਕਾਰ ਨੇ ਡੈਲਫੀ ਵਾਸੀ 50 ਸਾਲਾ ਰਿਚਰਡ ਐਮ ਐਲਨ ਵਿਰੁੱਧ ਐਬੀਗੇਲ ਵਿਲੀਅਮਜ (13) ਤੇ ਲਿਬਰਟੀ ਜਰਮਨ (14) ਨਬਾਲਗ ਲੜਕੀਆਂ ਦੀਆਂ ਹੱਤਿਆਵਾਂ ਕਰਨ ਦੇ ਦੋਸ਼ ਆਇਦ ਕੀਤੇ ਹਨ, ਹਾਲਾਂਕਿ ਅਦਾਲਤ ਨੇ ਅਜੇ ਮਾਮਲੇ ਦੀ ਜਾਂਚ ਬੰਦ ਨਹੀਂ ਕੀਤੀ ਹੈ। ਪ੍ਰੈਸ ਰਲੀਜ਼ ਅਨੁਸਾਰ ਐਲਨ ਨੂੰ ਪਿਛਲੇ ਬੁੱਧਵਾਰ ਗ੍ਰਿਫਤਾਰ ਕੀਤਾ ਗਿਆ ਤੇ ਉਸ ਵਿਰੁੱਧ ਦੋਸ਼ ਸ਼ੁੱਕਰਵਾਰ ਆਇਦ ਕੀਤੇ ਗਏ। ਉਸ ਨੂੰ ਵਾਈਟ ਕਾਊਂਟੀ ਜੇਲ੍ਹ ਵਿਚ ਰੱਖਿਆ ਗਿਆ ਹੈ। ਇੰਡਿਆਨਾ ਸਟੇਟ ਪੁਲਿਸ ਸੁਪਰਡੈਂਟ ਡੌਗ ਕਾਰਟਰ ਨੇ ਕਿਹਾ ਹੈ ਕਿ ਇਹ ਦਿਨ ਜਸ਼ਨ ਮਨਾਉਣ ਦਾ ਨਹੀਂ ਹੈ ਪਰ ਯਕੀਨਨ ਪੁਲਿਸ ਦੀ ਇਹ ਵੱਡੀ ਪ੍ਰਾਪਤੀ ਹੈ।

# ਨਿਊਜਰਸੀ ਵਿਚ ਦੋ ਪੁਲਿਸ ਅਫਸਰਾਂ ਨੂੰ ਮਾਰੀ ਗੋਲੀ, ਹਾਲਤ ਸਥਿਰ



ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਨੇਵਾਰਕ (ਨਿਊਜਰਸੀ) ਵਿਚ ਇਕ ਵਿਅਕਤੀ ਨੇ ਅਚਨਚੇਤ ਗੋਲੀਆਂ ਚਲਾ ਕੇ ਦੋ ਪੁਲਿਸ ਅਫਸਰਾਂ ਨੂੰ ਜ਼ਖਮੀ ਕਰ ਦਿੱਤਾ। ਇਕ ਪੁਲਿਸ ਅਫਸਰ ਦੀ ਲੱਤ ਵਿਚ ਗੋਲੀ ਵੱਜੀ ਹੈ ਜਦ ਕਿ ਦੂਸਰੇ ਪੁਲਿਸ ਅਫਸਰ ਦੇ ਗਰਦਨ ਨੇੜੇ ਮੋਢੇ ਵਿਚ ਗੋਲੀ ਵੱਜੀ ਹੈ। ਦੋਨਾਂ ਪੁਲਿਸ ਅਫਸਰਾਂ ਦੀ ਹਾਲਤ ਸਥਿੱਰ ਹੈ। ਇਹ ਜਾਣਕਾਰੀ ਨੇਵਾਰਕ ਦੇ ਮੇਅਰ ਰਸ ਬਰਾਕਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ ਹੈ। ਉਨ੍ਹਾਂ ਕਿਹਾ ਹੈ ਕਿ ਜਿਸ ਇਮਾਰਤ ਵਿਚੋਂ ਗੋਲੀ ਚੱਲੀ ਹੈ ਉਹ ਖਾਲੀ ਕਰਵਾ ਲਈ ਗਈ ਹੈ ਪਰੰਤੂ ਅਜੇ ਤੱਕ ਸ਼ੱਕੀ ਨੂੰ ਕਾਬੂ ਨਹੀਂ ਕੀਤਾ ਜਾ ਸਕਿਆ। ਉਨ੍ਹਾਂ ਕਿਹਾ ਕਿ ਪੁਲਿਸ ਅਫਸਰਾਂ ਤੇ ਹਮਲਾਵਰ ਵਿਚਾਲੇ ਮਾਮੂਲੀ ਤਕਰਾਰ ਹੋਈ ਜਿਸ ਉਪਰੰਤ ਹਮਲਾਵਰ ਨੇ ਆਪਣੀ ਗੰਨ ਕੱਢ ਲਈ ਤੇ ਗੋਲੀ ਚਲਾ ਦਿੱਤੀ। ਪੁਲਿਸ ਅਫਸਰਾਂ ਨੇ ਵੀ ਮੋੜਵਾਂ ਜਵਾਬ ਦਿੱਤਾ ਪ੍ਰੰਤੂ ਸ਼ੱਕੀ ਫਰਾਰ ਹੋਣ ਵਿਚ ਸਫਲ ਹੋ ਗਿਆ। ਉਨ੍ਹਾਂ ਕਿਹਾ ਕਿ ਸ਼ੱਕੀ ਨੂੰ ਛੇਤੀ ਫੜ ਲਿਆ ਜਾਵੇਗਾ। ਇਸ ਮਾਮਲੇ ਦੀ ਜਾਂਚ ਵਿਚ ਐਫ ਬੀ ਆਈ ਵੀ ਸਹਾਇਤਾ ਕਰ ਰਹੀ ਹੈ।

# ਘਰ ਨੂੰ ਲੱਗੀ ਅੱਗ ਨਾਲ 10 ਮਹੀਨਿਆਂ ਦੀ ਲੜਕੀ ਸਮੇਤ 4 ਮੌਤਾਂ



ਬਰੋਨਕਸੀ ਦੇ ਇਕ ਘਰ ਨੂੰ ਲੱਗੀ ਅੱਗ ਉਪਰੰਤ ਮੌਕੇ ਉਪਰ ਪੁੱਜੇ ਅੱਗ ਬੁਝਾਊ ਮੁਲਾਜ਼ਮ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਬਰੋਨਕਸੀ (ਨਿਊਯਾਰਕ) ਵਿਚ ਇਕ ਘਰ ਨੂੰ ਲੱਗੀ ਅੱਗ ਕਾਰਨ ਇਕ 10 ਮਹੀਨਿਆਂ ਦੀ ਲੜਕੀ ਸਮੇਤ 4 ਜਣਿਆਂ ਦੀ ਮੌਤ ਹੋ ਗਈ। ਇਹ ਪ੍ਰਗਟਾਵਾ ਨਿਊਯਾਰਕ ਪੁਲਿਸ ਵਿਭਾਗ ਨੇ ਕੀਤਾ ਹੈ। ਨਿਊਯਾਰਕ ਫਾਇਰ ਵਿਭਾਗ ਦੇ ਸਹਾਇਕ ਮੁੱਖੀ ਕੈਵਿਨ ਬਰੇਨਨ ਨੇ ਕਿਹਾ ਹੈ ਕਿ ਅੱਗ ਲੱਗਣ ਦੀ ਘਟਨਾ ਦੀ ਜਾਣਕਾਰੀ ਸਥਾਨਕ ਸਮੇਂ ਅਨੁਸਾਰ ਸਵੇਰੇ 6 ਵਜੇ ਮਿਲੀ ਜਿਸ ਉਪਰੰਤ ਤੁਰੰਤ ਅੱਗ ਬੁਝਾਊ ਅਮਲਾ ਮੌਕੇ ਉਪਰ ਪੁੱਜਾ। 10 ਤੇ 12 ਸਾਲ ਦੇ ਦੋ ਲੜਕਿਆਂ ਦੀ ਅੱਗ ਵਿਚ ਝੁਲਸਣ ਕਾਰਨ ਮੌਕੇ ਉਪਰ ਹੀ ਮੌਤ ਹੋ ਚੱਕੀ ਸੀ ਜਦ ਕਿ ਇਕ ਲੜਕੀ ਤੇ ਇਕ 22 ਸਾਲਾ ਵਿਅਕਤੀ ਨੂੰ ਹਸਪਤਾਲ ਲਿਜਾਇਆ ਜਿਥੇ ਉਹ ਦਮ ਤੋੜ ਗਏ। ਇਕ 21 ਸਾਲਾ ਔਰਤ ਤੇ 41 ਸਾਲਾ ਵਿਅਕਤੀ ਹਸਪਤਾਲ ਵਿਚ ਇਲਾਜ ਅਧੀਨ ਹਨ ਜਿਨ੍ਹਾਂ ਦੀ ਹਾਲਤ ਗੰਭੀਰ ਹੈ। ਅੱਗ ਬੁਝਾਊ ਅਮਲੇ ਦੇ ਕੁਝ ਮੈਂਬਰ ਵੀ ਮਾਮੂਲੀ ਜ਼ਖਮੀ ਹੋਏ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Asst. Editor: Balwinderpal Singh, Sarbjeet Kaur Sarb Online Interview Host: Balraj Pannu

Proof Editor: Prabhjot KaurDesigner: Anil Kumar Content Composer: Amritpal Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

## ਨੌਜਵਾਨ ਸਾਜਨਦੀਪ ਸਿੰਘ ਨੇ ਹਾਂਗਕਾਂਗ ਹਾਈਕੋਰਟ 'ਚ ਬਤੌਰ ਸਾਲਿਸਟਰ ਸਹੁੰ ਚੁੱਕੀ



ਹਾਂਗਕਾਂਗ/ਏ.ਟੀ.ਨਿਊਜ਼ :- ਹਾਂਗਕਾਂਗ ਵਸਦੇ ਸਿੱਖ ਭਾਈਚਾਰੇ ਦੇ ਲਈ ਉਹ ਪਲ ਮਾਣ ਅਤੇ ਖ਼ੁਸ਼ੀ ਭਰਪੂਰ ਬਣ ਗਏ ਜਦੋਂ 25 ਸਾਲਾ ਪੰਜਾਬੀ ਨੌਜਵਾਨ ਸਾਜਨਦੀਪ ਸਿੰਘ ਵਲੋਂ ਬਤੌਰ ਸਾਲਿਸਟਰ ਹਾਂਗਕਾਂਗ ਦੀ ਹਾਈਕੋਰਟ 'ਚ ਸਹੁੰ ਚੁੱਕੀ ਗਈ। ਸਾਜਨਦੀਪ ਸਿੰਘ ਵਲੋਂ ਆਪਣੇ ਵੱਡੇ ਭਰਾ ਡਾ. ਸੁਖਜੀਤ ਸਿੰਘ (ਜੋ ਕਿ ਹਾਂਗਕਾਂਗ ਦੇ ਪਹਿਲੇ ਅੰਮ੍ਰਿਤਧਾਰੀ ਡਾਕਟਰ ਹਨ) ਤੋਂ ਪ੍ਰੇਰਿਤ ਹੋ ਕੇ ਸਿੱਖੀ ਸਰੂਪ ਧਾਰਨ ਕੀਤਾ ਗਿਆ ਹੈ। ਸਾਜਨਦੀਪ ਸਿੰਘ ਦੇ ਪਿਤਾ ਹਰਜਿੰਦਰ ਸਿੰਘ ਪੱਟੀ ਹਾਂਗਕਾਂਗ ਜੇਲ੍ਹ ਵਿਭਾਗ ਵਿਚ ਬਤੌਰ ਨਰਸਿੰਗ ਇੰਸਪੈਕਟਰ ਸੇਵਾਵਾਂ ਨਿਭਾਅ ਰਹੇ ਹਨ ਅਤੇ ਮਾਤਾ ਹਰਪ੍ਰੀਤ ਕੌਰ ਭਾਰਤੀ ਬੈਂਕ ਦੇ ਕਰਮਚਾਰੀ ਹਨ। ਸਾਜਨਦੀਪ ਸਿੰਘ ਪੰਜਾਬ ਤੋਂ ਤਰਨ ਤਾਰਨ ਦੇ ਪੱਟੀ ਇਲਾਕੇ ਨਾਲ ਸੰਬੰਧਿਤ ਹਨ ਅਤੇ ਉਨ੍ਹਾਂ ਦੇ ਦਾਦਾ ਸਵ. ਪ੍ਰੀਤਮ ਸਿੰਘ ਪੱਟੀ ਅਤੇ ਦਾਦੀ ਮਹਿੰਦਰ ਕੌਰ 1960 ਤੋਂ ਪੰਜਾਬ ਤੋਂ ਆ ਕੇ ਹਾਂਗਕਾਂਗ ਵਸ ਗਏ ਸਨ। ਹਾਂਗਕਾਂਗ ਵਸਦੇ ਭਾਈਚਾਰੇ ਵਲੋਂ ਸਾਜਨਦੀਪ ਸਿੰਘ ਦੀ ਪ੍ਰਾਪਤੀ 'ਤੇ ਪਰਿਵਾਰ ਨੂੰ ਵਧਾਈਆਂ ਭੇਜ ਕੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਜਾ ਰਿਹਾ ਹੈ।

## ਅਕਾਲੀ ਦਲ ਨੇ ਬੀਬੀ ਜਗੀਰ ਕੌਰ ਨੂੰ ਪਾਰਟੀ 'ਚੋਂ ਕੀਤਾ ਮੁਅੱਤਲ



ਚੰਡੀਗੜ੍ਹ/ ਏ.ਟੀ.ਨਿਊਜ਼ : ਅਕਾਲੀ ਦਲ ਅਨੁਸ਼ਾਸਨਿਕ ਕਮੇਟੀ ਨੇ ਵੱਡਾ ਫ਼ੈਸਲਾ ਲਿਆ ਹੈ। ਪਾਰਟੀ ਵਿਰੋਧੀ ਗਤੀਵਿਧੀਆਂ ਲਈ ਬੀਬੀ ਜਗੀਰ ਕੌਰ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਬੀਬੀ ਜਗੀਰ ਕੌਰ ਨੂੰ ਨੋਟਿਸ ਜਾਰੀ ਕਰ ਕੇ 48 ਘੰਟਿਆਂ ਦੇ ਅੰਦਰ ਜਵਾਬ ਦੇਣ ਨੂੰ ਕਿਹਾ ਹੈ। ਚੰਡੀਗੜ੍ਹ 'ਚ ਬੁੱਧਵਾਰ ਨੂੰ ਪਹਿਲਾਂ ਸੁਖਬੀਰ ਬਾਦਲ ਦੀ ਪ੍ਰਧਾਨਗੀ ਹੇਠ ਸੀਨੀਅਰ ਲੀਡਰਸ਼ਿਪ ਦੀ ਬੈਠਕ ਹੋਈ ਜਿਸ ਵਿਚ ਐਸ.ਜੀ.ਪੀ.ਸੀ. ਪ੍ਰਧਾਨ ਦੇ ਮੁੱਦੇ 'ਤੇ ਚਰਚਾ ਹੋਈ। ਇਸ ਮੀਟਿੰਗ 'ਚ ਸੁਰਜੀਤ ਸਿੰਘ ਰੱਖੜਾ ਤੇ ਡਾ. ਦਲਜੀਤ ਸਿੰਘ ਚੀਮਾ ਨੇ ਪਾਰਟੀ ਪ੍ਰਧਾਨ ਨੂੰ ਬੀਬੀ ਜਗੀਰ ਕੌਰ ਨਾਲ ਬੀਤੇ ਦਿਨ ਹੋਈ ਮੀਟਿੰਗ ਦੀ ਰਿਪੋਰਟ ਸੌਂਪ ਦਿੱਤੀ। ਇਸ ਤੋਂ ਬਾਅਦ ਅਨੁਸ਼ਾਸਨੀ ਕਮੇਟੀ ਦੀ ਬੈਠਕ ਹੋਈ ਜਿਸ ਵਿਚ ਇਹ ਸਖ਼ਤ ਫ਼ੈਸਲਾ ਲਿਆ ਹੈ।

ਦੱਸ ਦੇਈਏ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ. ) ਦੇ ਪ੍ਰਧਾਨ ਤੇ ਕਾਰਜਕਾਰਨੀ ਮੈਂਬਰਾਂ ਦੀ ਚੋਣ 9 ਨਵੰਬਰ ਨੂੰ ਹੋਣ ਜਾ ਰਹੀ ਹੈ। ਤਿੰਨ ਵਾਰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਰਹਿ ਚੁੱਕੀ ਬੀਬੀ ਜਗੀਰ ਕੌਰ ਇਸ ਵਾਰ ਪਾਰਟੀ ਖ਼ਿਲਾਫ਼ ਚੋਣ ਲੜਨ ਦੀ ਤਿਆਰੀ ਕਰ ਰਹੇ ਹਨ। ਪਾਰਟੀ ਆਗੂ ਲਗਾਤਾਰ ਜਗੀਰ ਕੌਰ 'ਤੇ ਚੋਣ ਨਾ ਲੜਨ ਲਈ ਦਬਾਅ ਬਣਾ ਰਹੇ ਸਨ ਪਰ ਦੱਸਿਆ ਜਾ ਰਿਹਾ ਹੈ ਕਿ ਬੀਬੀ ਜਗੀਰ ਕੌਰ ਇਸ ਲਈ ਰਾਜ਼ੀ ਨਹੀਂ ਸੀ।

ਦੂਜੇ ਪਾਸੇ ਪ੍ਰਧਾਨ ਦੇ ਅਹੁਦੇ ਲਈ ਆਜ਼ਾਦ ਚੋਣ ਲੜਨ ਲਈ ਬੀਬੀ ਜਗੀਰ ਕੌਰ ਦ੍ਰਿੜ ਹਨ। ਉਨ੍ਹਾਂ ਪਾਰਟੀ ਲਈ ਕਸੂਤੀ ਸਥਿਤੀ ਪੈਦਾ ਕਰ ਦਿੱਤੀ ਹੈ। ਅਕਾਲੀ ਦਲ ਉਨ੍ਹਾਂ ਨੂੰ ਮਨਾਉਣ 'ਚ ਅਸਫਲ ਰਿਹਾ ਸੀ।

ਜਾਣਕਾਰੀ ਅਨੁਸਾਰ ਬੀਬੀ ਜੀ ਨੂੰ ਮਨਾਉਣ ਲਈ ਪਾਰਟੀ ਦੇ ਸੀਨੀਅਰ ਆਗੂ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਤੇ ਸੁਰਜੀਤ ਸਿੰਘ ਰੱਖੜਾ ਦੀ ਘੰਟਿਆਂ ਬੱਧੀ ਬੈਠਕ ਵੀ ਬੇਨਤੀਜਾ ਰਹੀ ਸੀ। ਹੁਣ ਸਥਿਤੀ ਇਹ ਹੈ ਕਿ ਨਾ ਤਾਂ ਅਕਾਲੀ ਦਲ ਬੀਬੀ ਨੂੰ ਪ੍ਰਧਾਨ ਬਣਾਉਣ ਲਈ ਤਿਆਰ ਹੈ ਤੇ ਨਾ ਹੀ ਬੀਬੀ ਜਗੀਰ ਕੌਰ ਪਿੱਛੇ ਹਟਣ ਲਈ।

## ਯੂਬਾ ਸਿਟੀ, ਕੈਲੀਫੋਰਨੀਆ 'ਚ ਗੁਰਤਾਗੱਦੀ ਨੂੰ ਸਮਰਪਤ ਵਿਸ਼ਾਲ ਨਗਰ ਕੀਰਤਨ 6 ਨਵੰਬਰ ਨੂੰ



ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ :- ਹਰ ਵਰ੍ਹੇ ਗੁਰਤਾਗੱਦੀ ਨੂੰ ਸਮਰਪਤ ਯੂਬਾ ਸਿਟੀ ਵਿੱਚ ਹੋਣ ਵਾਲੇ ਨਗਰ ਕੀਰਤਨ ਦੇ ਸਬੰਧ ਵਿਚ ਧਾਰਮਿਕ ਕਾਰਜ ਸ਼ੁਰੂ ਹੋ ਚੁੱਕੇ ਹਨ ਤੇ ਹਰ ਰੋਜ ਕੀਰਤਨ ਦਰਬਾਰ ਹੁੰਦਾ ਹੈ ਤੇ ਇਨ੍ਹਾਂ ਧਾਰਮਿਕ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਸੰਗਤ ਭਾਰੀ ਉਤਸ਼ਾਹ ਨਾਲ ਵੱਖ-ਵੱਖ ਤਰਾਂ ਦੀ ਸੇਵਾ ਕਰ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 6 ਨਵੰਬਰ ਐਤਵਾਰ ਨੂੰ ਨਿਕਲ ਰਹੇ ਨਗਰ ਕੀਰਤਨ ਵਿਚ ਅਮਰੀਕਾ ਦੀ ਸੰਗਤ ਤੋਂ ਇਲਾਵਾ ਵਿਸ਼ਵ ਭਰ ਤੋਂ ਸੰਗਤ ਇਨ੍ਹਾਂ ਧਾਰਮਿਕ ਦੀਵਾਨਾਂ ਤੇ ਨਗਰ ਕੀਰਤਨ ਵਿੱਚ ਸੰਗਤ ਹਾਜ਼ਰੀ ਭਰਦੀ ਹੈ। ਇਸ ਨਗਰ ਕੀਰਤਨ ਵਿੱਚ ਵੱਖ-ਵੱਖ ਤਰਾਂ ਦੇ ਫਲੋਟ ਸਜਾਏ ਜਾਂਦੇ ਹਨ। ਇਸ ਵਾਰ ਵੀ ਇਸ ਨਗਰ ਕੀਰਤਨ ਵਿਚ ਅਮਰੀਕਾ ਦੀਆਂ ਵੱਖ-ਵੱਖ ਸਟੇਟਾਂ ਤੋਂ ਸੀਨੀਅਰ ਸਿੱਖ ਲੀਡਰਸ਼ਿਪ ਅਤੇ ਵੱਖ-ਵੱਖ ਗੁਰੂਘਰਾਂ ਦੇ ਪ੍ਰਬੰਧਕ ਇਸ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ 6 ਨਵੰਬਰ ਨੂੰ ਪਹੁੰਚ ਰਹੇ ਹਨ। ਇਸ ਸ਼ੁਕਰਵਾਰ ਨੂੰ ਪਟਾਕੇ ਚਲਾਏ ਜਾਣਗੇ, ਸ੍ਰੀ ਨਿਸ਼ਾਨ ਸਾਹਿਬ ਦਾ ਚੋਲਾ ਬਦਲਿਆ ਜਾਵੇਗਾ, ਢਾਡੀ ਦਰਬਾਰ ਹੋਵੇਗਾ, ਰੈਣ ਸੁਬਾਈ ਕਰੀਤਨ ਸ਼ਨੀਵਾਰ ਨੂੰ ਹੋਵੇਗਾ। ਇਸ ਵਾਰ ਬੱਚਿਆਂ ਦਾ ਕੀਰਤਨ ਦਰਬਾਰ ਵੱਖਰਾ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਅਮ੍ਰਿਤ ਸੰਚਾਰ ਵੀ ਹੋਵੇਗਾ।

## ਅਮਰੀਕਾ ਦੇ ਕੈਨਸਸ ਸ਼ਹਿਰ 'ਚ ਹੈਲੋਵੀਨ ਪਾਰਟੀ ਦੌਰਾਨ ਗੋਲੀਬਾਰੀ, ਇਕ ਮੌਤ 6 ਹੋਰ ਜ਼ਖਮੀ



ਸੈਕਰਾਮੈਂਟੋ/ਹੁਸਨ ਲੜੋਆ ਬੰਗਾ : - ਅਮਰੀਕਾ ਦੇ ਕੈਨਸਸ ਰਾਜ ਦੇ ਵੱਡੇ ਸ਼ਹਿਰ ਕੈਨਸਸ ਵਿਚ ਇਕ ਹੈਲੋਵੀਨ ਹਾਊਸ ਪਾਰਟੀ ਵਿਚ ਆਏ ਬਿਨਾਂ ਬੁਲਾਏ ਕੁਝ ਲੋਕਾਂ ਦੇ ਸਮੂਹ ਨੇ ਗੋਲੀਆਂ ਚਲਾ ਕੇ ਇਕ 17 ਸਾਲਾ ਨਾਬਾਲਗ ਦੀ ਹੱਤਿਆ ਕਰ ਦਿੱਤੀ ਤੇ 6 ਹੋਰਨਾਂ ਨੂੰ ਜ਼ਖਮੀ ਕਰ ਦਿੱਤਾ। ਪੁਲਿਸ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਬਿਨਾਂ ਬੁਲਾਏ ਬਾਹਰੋਂ ਆਏ ਲੋਕਾਂ ਨੂੰ ਪਾਰਟੀ ਵਿਚੋਂ ਚਲੇ ਜਾਣ ਲਈ ਕਿਹਾ ਗਿਆ ਪ੍ਰੰਤੂ ਉਨ੍ਹਾਂ ਨੇ ਇਸ ਦਾ ਜਵਾਬ ਗੋਲੀਆਂ ਚਲਾ ਕੇ ਦਿੱਤਾ। ਹਾਲਾਂਕਿ ਪੁਲਿਸ ਨੇ ਇਕ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਹੈ ਪ੍ਰੰਤੂ ਪੁਲਿਸ ਇਸ ਨੂੰ ਸ਼ੱਕੀ ਹਮਲਾਵਰ ਵਜੋਂ ਨਹੀਂ ਵੇਖ ਰਹੀ। ਪੁਲਿਸ ਨੇ ਮੌਕੇ ਤੋਂ ਇਕ ਵਾਹਨ ਵੀ ਕਬਜੇ ਵਿਚ ਲਿਆ ਹੈ। ਪੁਲਿਸ ਨੂੰ ਸ਼ੱਕ ਹੈ ਕਿ ਗੋਲੀ ਚਲਾਉਣ ਵਾਲੇ ਵਿਅਕਤੀ ਇਸ ਵਾਹਨ ਵਿਚ ਆਏ ਸਨ। ਕੈਨਸਸ ਸ਼ਹਿਰ ਦੇ ਪੁਲਿਸ ਮੁਖੀ ਕਾਰਲ ਓਕਮੈਨ ਨੇ ਕਿਹਾ ਹੈ ਕਿ ਪਾਰਟੀ ਵਿਚ 70 ਤੋਂ 100 ਤੱਕ ਨਬਾਲਗ ਸ਼ਾਮਿਲ ਸਨ ਜਦੋਂ ਕੁਝ ਲੋਕ ਜਬਰਦਸਤੀ ਪਾਰਟੀ ਵਿਚ ਸ਼ਾਮਿਲ ਹੋ ਗਏ ਜਿਨ੍ਹਾਂ ਨੇ ਮਖੌਟੇ ਪਾਏ ਹੋਏ ਸਨ। ਜਾਣ ਲੱਗਿਆਂ ਉਨ੍ਹਾਂ ਵਿਚੋਂ 4 ਤੋਂ 6 ਜਣਿਆਂ ਨੇ ਗੋਲੀਆਂ ਚਲਾਈਆਂ। ਪੁਲਿਸ ਦੋਸ਼ੀਆਂ ਦੀ ਭਾਲ ਵਿਚ ਜੁੱਟ ਗਈ ਹੈ ਜਿਨ੍ਹਾਂ ਨੂੰ ਛੇਤੀ ਕਾਬੂ ਕਰ ਲਿਆ ਜਾਵੇਗਾ।



# ਮਾਮਲਾ ਯੂ.ਪੀ. 'ਚ ਨਵੰਬਰ ਚੌਰਾਸੀ ਦੌਰਾਨ 127 ਸਿੱਖਾਂ ਦੇ ਕਤਲੇਆਮ ਦਾ

**➢ ਯੋਗੀ ਸਰਕਾਰ ਦੀ ਐੱਸਆਈਟੀ ਨੇ 40 ਮਾਮਲਿਆਂ ਵਿਚੋਂ 11 'ਚ ਚਾਰਜਸ਼ੀਟ ਲਗਾਈ ➢ ਜਾਂਚ ਟੀਮ ਨੇ ਹੁਣ ਤੱਕ 40 ਗੁੰਡਿਆਂ ਨੂੰ ਗ੍ਰਿਫ਼ਤਾਰ ਕੀਤਾ ➢ ਕਈ ਮਾਰੇ ਗਏ ਸਿੱਖਾਂ ਦੀਆਂ ਲਾਸ਼ਾਂ ਵੀ ਨਹੀਂ ਮਿਲੀਆਂ : ਪੀੜਤ ਪਰਿਵਾਰਾਂ ਦੀ ਦੁਖਾਂਤਕ ਕਥਾ**

**ਕਵਰ ਸਟੋਰੀ**

ਲਖਨਊ-ਯੂ.ਪੀ. ਵਿਚ ਹੋਏ ਨਵੰਬਰ ਚੌਰਾਸੀ ਦੇ ਸਿੱਖ ਕਤਲੇਆਮ ਬਾਰੇ ਫ਼ਰਵਰੀ 2019 ਵਿੱਚ ਉੱਤਰ ਪ੍ਰਦੇਸ਼ ਦੀ ਯੋਗੀ ਅਦਿਤਿਯਾਨਾਥ ਸਰਕਾਰ ਨੇ ਹਿੰਸਕ ਘਟਨਾਵਾਂ ਦੀ ਜਾਂਚ ਲਈ ਇੱਕ ਐੱਸਆਈਟੀ ਬਣਾਈ ਸੀ। ਐੱਸਆਈਟੀ ਦੀ ਪ੍ਰਧਾਨਗੀ ਪੁਲਿਸ ਦੇ ਇੱਕ ਡੀਜੀ ਪੱਧਰ ਦੇ ਅਧਿਕਾਰੀ ਨੂੰ ਦਿੱਤੀ ਸੀ ਅਤੇ ਇੱਕ ਰਿਟਾਇਰਡ ਜੱਜ, ਇੱਕ ਰਿਟਾਇਰਡ ਵਧੀਕ ਜ਼ਿਲ੍ਹਾ ਪ੍ਰੋਸਿਕਿਊਸ਼ਨ ਅਧਿਕਾਰੀ ਅਤੇ ਇੱਕ ਐੱਸਐੱਸਪੀ ਪੱਧਰ ਦੇ ਪੁਲਿਸ ਅਧਿਕਾਰੀ ਨੂੰ ਇਸ ਵਿਸ਼ੇਸ਼ ਜਾਂਚ ਟੀਮ ਦਾ ਮੈਂਬਰ ਬਣਾਇਆ ਗਿਆ ਸੀ। ਐੱਸਆਈਟੀ ਨੇ 40 ਘਿਨਾਉਣੇ ਮਾਮਲਿਆਂ ਦੀ ਜਾਂਚ ਸ਼ੁਰੂ ਕੀਤੀ ਜਿਨ੍ਹਾਂ ਵਿੱਚ 127 ਸਿੱਖ ਮਾਰੇ ਗਏ ਸਨ। ਇਨ੍ਹਾਂ 40 ਮਾਮਲਿਆਂ ਵਿਚੋਂ ਜਿਨ੍ਹਾਂ 11 ਵਿੱਚ ਚਾਰਜਸ਼ੀਟ ਲਗਾਈ ਗਈ ਸੀ ਉਨ੍ਹਾਂ ਵਿੱਚੋਂ ਚਾਰ ਮਾਮਲਿਆਂ ਬਾਰੇ ਐੱਸਆਈਟੀ ਨੇ ਸਰਕਾਰ ਨੂੰ ਹਾਈ ਕੋਰਟ ਵਿੱਚ ਅਪੀਲ ਦਾਖ਼ਲ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਬਚੇ 29 ਮਾਮਲਿਆਂ ਵਿੱਚ ਕਲੋਜ਼ਰ ਰਿਪੋਰਟ ਲਗਾ ਦਿੱਤੀ ਗਈ ਸੀ। 29 ਵਿੱਚੋਂ 20 ਮਾਮਲਿਆਂ ਵਿੱਚ ਐਸਆਈਟੀ ਨੇ 96 ਮੁਲਜ਼ਮਾਂ ਦੀ ਨਿਸ਼ਾਨਦੇਹੀ ਕੀਤੀ ਹੈ। ਜਾਂਚ ਟੀਮ ਨੇ ਹੁਣ ਤੱਕ 40 ਗੁੰਡਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਨ੍ਹਾਂ ਵਿੱਚੋਂ ਤਿੰਨ ਗ੍ਰਿਫ਼ਤਾਰੀਆਂ ਇਸੇ ਸਾਲ 12 ਅਕਤੂਬਰ ਨੂੰ ਹੋਈਆਂ ਹਨ। ਗ੍ਰਿਫ਼ਤਾਰ ਮੁਲਜ਼ਮਾਂ ਵਿੱਚੋਂ ਇੱਕ 70 ਸਾਲਾ ਧੀਰੇਂਦਰ ਤਿਵਾਰੀ ਦੀ ਸਿਹਤ ਖ਼ਰਾਬ ਹੋਣ ਕਰਕੇ ਮੌਤ ਹੋ ਗਈ। ਕਾਨਪੁਰ ਕੋਤਾਵਲੀ ਸਥਿਤ ਐੱਸਆਈਟੀ ਦਫ਼ਤਰ ਵਿੱਚ ਡੀਆਈਜੀ ਬਾਲੇਂਦੂ ਭੂਸ਼ਣ ਕਹਿੰਦੇ ਹਨ, 'ਇਨ੍ਹਾਂ 40 ਮਾਮਲਿਆਂ ਵਿੱਚ ਕੁੱਲ ਮਿਲਾ ਕੇ 127 ਸਿੱਖਾਂ ਦਾ ਕਤਲ ਕੀਤਾ ਗਿਆ ਸੀ, ਉਨ੍ਹਾਂ ਦੀ ਜਾਇਦਾਦ ਲੁੱਟੀ ਗਈ ਸੀ ਅਤੇ ਘਰ ਸਾੜੇ ਗਏ ਸੀ। ਇਨ੍ਹਾਂ ਵਿੱਚ ਜਿਹੜੇ ਚਾਰ ਮੁਕੱਦਮੇ ਅਪੀਲ ਯੋਗ ਪਾਏ ਹਨ, ਉਨ੍ਹਾਂ ਵਿੱਚ ਇੱਕ ਹੀ ਪਰਿਵਾਰ ਦੇ 13 ਸਿੱਖਾਂ ਦੇ ਕਤਲ ਦਾ ਕੇਸ ਵੀ ਸ਼ਾਮਲ ਹੈ।'

ਡੀਆਈਜੀ ਬਾਲੇਂਦੂ ਭੂਸ਼ਣ ਆਖਦੇ ਹਨ ਕਿ ਇਨ੍ਹਾਂ ਘਿਨੌਣੇ ਕਤਲ ਮਾਮਲਿਆਂ ਵਿੱਚ ਐੱਸਆਈਟੀ ਨੂੰ ਸਬੂਤ ਅਤੇ ਦਸਤਾਵੇਜ਼ ਹਾਸਿਲ ਕਰਨ ਲਈ ਪੀੜਤਾਂ ਨਾਲ ਸੰਪਰਕ ਕਰਨਾ ਪਿਆ ਕਿਉਂਕਿ ਕਾਨਪੁਰ ਪੁਲਿਸ ਕੋਲ




ਸਬੂਤ ਮੌਜੂਦ ਨਹੀਂ ਸਨ। ਬਾਲੇਂਦੂ ਭੂਸ਼ਣ ਕਹਿੰਦੇ ਹਨ, '29 ਫ਼ਾਈਨਲ ਰਿਪੋਰਟਾਂ ਵਾਲੇ ਮਾਮਲੇ ਵਿੱਚ ਜਦੋਂ ਐੱਸਆਈਟੀ ਨੇ ਜਾਂਚ ਸ਼ੁਰੂ ਕੀਤੀ ਤਾਂ ਕਾਨਪੁਰ ਪੁਲਿਸ ਦਫ਼ਤਰ ਤੋਂ ਸਾਨੂੰ ਕੋਈ ਰਿਕਾਰਡ ਨਹੀਂ ਮਿਲ ਸਕਿਆ। ਸਾਡੇ ਕੋਲ ਸਬੰਧਤ ਪੱਖਾਂ ਨੂੰ ਸੰਪਰਕ ਕਰਨ ਤੋਂ ਬਿਨ੍ਹਾਂ ਕੋਈ ਹੱਲ ਨਹੀਂ ਸੀ।' ਬਾਲੇਂਦੂ ਭੂਸ਼ਣ ਕਹਿੰਦੇ ਹਨ, 'ਪੋਸਟਮਾਰਟਮ ਰਿਪੋਰਟ ਤਾਂ ਨਹੀਂ ਮਿਲੀ, ਪਰ ਐੱਫ਼ਆਈਆਰ ਤਕਰੀਬਨ ਸਾਰੀਆਂ ਮਿਲ ਗਈਆਂ ਹਨ। ਐੱਸਆਈਟੀ ਨੂੰ ਕਾਨਪੁਰ ਦੇ ਸਰਕਾਰੀ ਹਸਪਤਾਲ ਦੇ ਰਿਕਾਰਡ ਤੋਂ ਵੀ ਮਦਦ ਮਿਲੀ। ਬਾਲੇਂਦੂ ਭੂਸ਼ਣ ਕਹਿੰਦੇ ਹਨ, 'ਅਸੀਂ ਹੈਲਟ ਅਤੇ ਉਰਸਲਾ (ਹਸਪਤਾਲ) ਤੋਂ 31 ਅਕਤੂਬਰ 1984 ਤੋਂ ਲੈ ਕੇ 15 ਨਵੰਬਰ 1984 ਦੇ ਕਤਲੇਆਮ ਨਾਲ ਸਬੰਧਤ ਡਾਕਟਰੀ ਰਿਕਾਰਡ ਲਏ।'

ਡੀਆਈਜੀ ਬਾਲੇਂਦੂ ਭੂਸ਼ਣ ਕਹਿੰਦੇ ਹਨ, 'ਕਤਲ ਸਾਬਤ ਕਰਨ ਲਈ ਡਾਇਰੈਕਟ ਐਵੀਡੈਂਸ ਹੈ। ਇਸ ਦੇ ਨਾਲ ਹੀ ਉਹ ਮੌਖਿਕ ਸਬੂਤ ਵੀ ਜੋ ਪੁਲਿਸ 161 (ਪੁਲਿਸ ਦੇ ਸਾਹਮਣੇ ਗਵਾਹਾਂ ਦੇ ਬਿਆਨ) ਵਿੱਚ ਲਿਖਦੀ ਹੈ ਅਤੇ ਪੀੜ੍ਹਤ ਸਿੱਖਾਂ ਨੇ 164 ਦੇ ਬਿਆਨਾਂ ਵਿੱਚ ਵੀ ਕਿਹਾ ਸੀ।ਬਾਲੇਂਦੂ ਭੂਸ਼ਣ ਦੱਸਦੇ ਹਨ ਕਿ ਫ਼ਿਲਹਾਲ 11 ਮੁਕੱਦਮੇ ਹਨ ਜਿਨ੍ਹਾਂ ਵਿੱਚ ਚਾਰਜਸ਼ੀਟ ਹੋਣ ਜਾ ਰਹੀ ਹੈ ਜਿਨ੍ਹਾਂ ਵਿੱਚ 23 ਲੋਕਾਂ ਦੇ 164 ਸੀਆਰਪੀਸੀ ਵਿੱਚ ਕਲਮ ਬੰਦ ਬਿਆਨ ਅਦਾਲਤ ਵਿੱਚ ਕਰਵਾਏ ਗਏ ਹਨ। 11 ਮੁਕੱਦਮਿਆਂ ਦੀ ਜਾਂਚ ਵਿੱਚ 96 ਮੁਲਜ਼ਮ ਸਾਹਮਣੇ ਆਏ ਹਨ। ਇਨ੍ਹਾਂ ਵਿੱਚ 23 ਸਿੱਖ ਮ੍ਰਿਤ ਪਾਏ ਗਏ ਅਤੇ ਬਚੇ 73 ਮੁਲਜ਼ਮ ਵਿੱਚੋਂ ਕੁਝ ਗੰਭੀਰ ਬਿਮਾਰੀਆਂ ਨਾਲ ਪੀੜਤ ਵੀ ਹਨ। ਪਰ ਬਾਲੇਂਦੂ ਭੂਸ਼ਣ ਕਹਿੰਦੇ ਹਨ ਕਿ ਐੱਸਆਈਟੀ ਦੀ ਕੋਸ਼ਿਸ਼ ਹੈ ਕਿ ਜੋ ਥੋੜ੍ਹੇ ਬਹੁਤ ਵੀ ਠੀਕ-ਠਾਕ ਹਨ, ਤੁਰਨ-ਫਿਰਨ ਜੋਗੇ ਹਨ, ਭਾਵੇਂ ਕਿਸੇ ਗੰਭੀਰ ਬਿਮਾਰੀ ਨਾਲ ਪੀੜਤ ਹੋਣ, ਸਭ ਨੂੰ ਗ੍ਰਿਫ਼ਤਾਰ ਜ਼ਰੂਰ ਕਰਨਾ ਹੈ। ਸਾਡੇ ਕੋਲ ਕਾਫ਼ੀ ਸਬੂਤ ਹਨ। ਸਾਡੇ ਕੋਲ ਇੰਨ੍ਹੇ ਸਬੂਤ ਹਨ ਕਿ ਕੋਈ ਵੀ ਸਾਡੀ ਜਾਂਚ ਨੂੰ ਡੀਫੇਮ ਨਹੀਂ ਕਰ ਸਕਦਾ। ਅਗਲੇ ਡੇਢ ਮਹੀਨੇ ਅੰਦਰ ਸਭ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ, ਹਾਲਾਂਕਿ 12 ਅਕਤੂਬਰ ਤੱਕ ਐੱਸਆਈਟੀ ਨੇ 40 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

### ਕੀ ਕਹਿੰਦੇ ਹਨ ਪੀੜਤ ਸਿੱਖ ਪਰਿਵਾਰ

ਐੱਸਆਈਟੀ ਨੇ ਅਵਤਾਰ ਸਿੰਘ ਦੇ ਪਰਿਵਾਰਕ ਮੈਂਬਰਾਂ ਦੇ ਕਤਲ ਮਾਮਲੇ ਵਿੱਚ 70 ਸਾਲਾ ਕੈਲਾਸ਼ ਪਾਲ ਨੂੰ ਗ੍ਰਿਫ਼ਤਾਰ ਕੀਤਾ ਹੈ। 65 ਸਾਲ ਦੇ ਅਵਤਾਰ ਸਿੰਘ 1984 ਵਿੱਚ 27 ਸਾਲ ਦੇ ਸੀ ਜਦੋਂ ਇੱਕ ਨਵੰਬਰ ਨੂੰ ਸਵੇਰੇ ਅੱਠ ਵਜੇ ਫਿਰਕੂ ਗੁੰਡਿਆਂ ਨੇ ਉਨ੍ਹਾਂ ਦਾ ਘਰ ਘੇਰ ਲਿਆ ਸੀ। ਅਵਤਾਰ ਸਿੰਘ ਦੱਸਦੇ ਹਨ, 'ਅਸੀਂ ਸਾਰੇ ਦਰਵਾਜ਼ੇ ਅਤੇ ਖਿੜਕੀਆਂ ਬੰਦ ਕਰ ਲਈਆਂ। ਪਰ ਜਦੋਂ ਕਮਰੇ ਵਿੱਚ ਅੱਗ ਲੱਗ ਗਈ ਤਾਂ ਇੱਕ-ਇੱਕ ਕਰਕੇ ਸਾਰੇ ਖਿੜਕੀ ਤੋੜ ਕੇ ਉਥੋਂ ਨਿਕਲਣ ਲੱਗੇ ਅਤੇ ਜਿਵੇਂ ਹੀ ਕੋਈ ਬਾਹਰ ਨਿਕਲਦਾ ਸੀ, ਮਾਰ ਦਿੱਤਾ ਜਾਂਦਾ ਸੀ।'

ਅਵਤਾਰ ਸਿੰਘ ਦੇ ਚਾਰ ਭਰਾਵਾਂ ਨੂੰ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਮਾਰ ਦਿੱਤਾ ਗਿਆ ਅਤੇ ਉਨ੍ਹਾਂ ਦੀ ਮਾਂ, ਪਿਤਾ ਅਤੇ ਭੈਣ ਨੂੰ ਘਰ ਦੇ ਸਾਹਮਣੇ ਵਾਲੇ ਮਕਾਨ ਵਿੱਚ ਸਾੜ ਦਿੱਤਾ ਗਿਆ ਸੀ। ਉਨ੍ਹਾਂ ਦੀ ਭੈਣ ਦਾ 28 ਨਵੰਬਰ ਨੂੰ ਵਿਆਹ ਹੋਣਾ ਸੀ ਪਰ ਇੱਕ ਨਵੰਬਰ ਨੂੰ ਇਹ ਭਾਣਾ ਵਾਪਰ ਗਿਆ। ਅਵਤਾਰ ਸਿੰਘ ਇੱਕ ਖੰਡਰਨੁਮਾਂ ਮਕਾਨ ਵਿੱਚ ਚਾਰ-ਪੰਜ ਘੰਟੇ ਤੱਕ ਲੁਕੇ ਰਹੇ ਅਤੇ ਸ਼ਾਮ ਨੂੰ ਫ਼ੌਜ ਦੇ ਜਵਾਨ ਉਸ ਨੂੰ ਬਚਾ ਕੇ ਛਾਉਣੀ ਲਿਆਏ।

ਪਰਿਵਾਰਕ ਮੈਂਬਰਾਂ ਦੇ ਕਤਲ ਮਾਮਲੇ ਵਿੱਚ ਮੁਲਜ਼ਮ ਕੈਲਾਸ਼ ਪਾਲ ਦੀ ਗ੍ਰਿਫ਼ਤਾਰੀ ਬਾਰੇ ਅਵਤਾਰ ਸਿੰਘ ਦਾ ਕਹਿਣਾ ਹੈ ਕਿ 'ਸਾਡੇ ਮੁਕੱਦਮੇ ਵਿੱਚ ਸਭ ਤੋਂ ਵੱਧ ਗ੍ਰਿਫ਼ਤਾਰੀਆਂ ਹੋਈਆਂ ਹਨ ਅਤੇ ਜੋ ਖ਼ਾਸ-ਖ਼ਾਸ ਹਨ ਸਾਰੇ ਫੜੇ ਜਾ ਰਹੇ ਹਨ।' ਅਵਤਾਰ ਸਿੰਘ ਅਨੁਸਾਰ ਫ਼ਿਲਹਾਲ ਉਸ ਨੇ ਆਪਣੀ ਗਵਾਹੀ ਨਹੀਂ ਦਿੱਤੀ , ਪਰ ਜਦੋਂ ਉਨ੍ਹਾਂ ਦਾ ਕੇਸ ਖੁੱਲ੍ਹੇਗਾ ਤਾਂ ਉਹ ਗਵਾਹੀ ਦੇਵੇਗਾ। ਹੁਣ ਉਹ ਇੱਕ ਛੋਟੀ ਜਿਹੀ ਪਰਚੂਨ ਦੀ ਦੁਕਾਨ ਚਲਾਉਂਦੇ ਹਨ।

ਅਵਤਾਰ ਸਿੰਘ ਕਹਿੰਦਾ ਹੈ, 'ਉਸ ਨੂੰ ਕਲੇਮ ਵੀ ਭਾਜਪਾ ਸਰਕਾਰ ਵਿੱਚ ਮਿਲਿਆ। ਉਸ ਵੇਲੇ ਤਾਂ ਕਾਂਗਰਸ ਦੀ ਹੀ ਸਰਕਾਰ ਸੀ। ਐਨਡੀ ਤਿਵਾਰੀ ਉਸ ਸਮੇਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਸੀ।ਪਰ ਉਨ੍ਹਾਂ ਨੇ ਕਾਤਲਾਂ ਨੂੰ ਖੁੱਲ੍ਹੀ ਛੁੱਟੀ ਦਿੱਤੀ। ਉਹ ਸਾਨੂੰ ਇਨਸਾਫ ਕਿਉਂ ਦਿੰਦੇ ? ਮੁੱਖ ਮੰਤਰੀ ਅਦਿਤਿਯਾਨਾਥ ਨੇ ਸਾਨੂੰ ਬੁਲਾਕੇ ਪੂਰਾ ਭਰੋਸਾ ਦੁਆਇਆ ਹੈ ਕਿ ਇਨਸਾਫ ਮਿਲੇਗਾ। ਪੂਰੀ ਕਾਰਵਾਈ ਹੋਏਗੀ।'

ਸਿੱਖ ਕਤਲੇਆਮ ਵਿੱਚ ਕਾਨਪੁਰ ਦੇ ਰਾਮਬਾਗ਼ ਇਲਾਕੇ ਵਿੱਚ ਰਹਿਣ ਵਾਲੀ ਸੁਰਿੰਦਰ ਕੌਰ ਦੇ ਪਰਿਵਾਰ 'ਤੇ ਵੀ ਫਿਰਕੂ ਭੀੜ ਨੇ ਹਮਲਾ ਕੀਤਾ ਸੀ। 68 ਸਾਲਾ ਸੁਰਿੰਦਰ ਕੌਰ ਉਹ ਵੇਲਾ ਯਾਦ ਕਰਦਿਆਂ ਕਹਿੰਦੇ ਹਨ, 'ਮੇਰੇ ਪਤੀ ਦੀ ਪੁੜਪੁੜੀ ਵਿੱਚ ਗੋਲੀ ਲੱਗੀ ਸੀ ਅਤੇ ਸਿਰ 'ਤੇ ਡੰਡੇ ਮਾਰੇ ਗਏ ਸੀ। ਮੇਰੇ ਜੇਠ ਦੀ ਪਿੱਠ ਅਤੇ ਢਿੱਡ ਵਿੱਚ ਚਾਕੂ ਮਾਰਿਆ ਸੀ। ਉਨ੍ਹਾਂ ਦੀਆਂ ਅੰਤੜੀਆਂ ਬਾਹਰ ਆ ਗਈਆਂ ਸੀ। ਗੁੰਡੇ ਸਾਡੇ ਘਰ 'ਤੇ ਹਮਲਾ ਕਰ ਰਹੇ ਸੀ। ਕੋਲ ਪੁਲਿਸ ਖੜ੍ਹੀ ਤਮਾਸ਼ਾ ਦੇਖ ਰਹੀ ਸੀ, ਪਰ ਕੋਈ ਮਦਦ ਨਹੀਂ ਸੀ ਕਰ ਰਿਹਾ। ਫਿਰ ਸਾਡੀ ਜਾਣ-ਪਛਾਣ ਦਾ ਨੇੜੇ ਰਹਿੰਦਾ ਇੱਕ ਮੁੰਡਾ ਜੀਪ ਲੈ ਕੇ ਆਇਆ ਅਤੇ ਉਸ ਨੇ ਸਾਨੂੰ ਉੱਥੋਂ ਕੱਢਿਆ।' ਇਸ ਫਿਰਕੂ ਹਿੰਸਾ ਵਿੱਚ ਸੁਰਿੰਦਰ ਕੌਰ ਦੇ ਪਤੀ ਅਤੇ ਜੇਠ ਦੀ

(ਬਾਕੀ ਸਫ਼ਾ 34 'ਤੇ)

## ਕੌਣ ਹਨ ਐੱਸਆਈਟੀ ਵਾਲੇ 'ਸਰਦਾਰ ਜੀ' ਸੁਰਜੀਤ ਉਬਰਾਏ ?

ਇਨ੍ਹਾਂ ਮਾਮਲਿਆਂ ਨੂੰ ਜਾਂਚ ਤੱਕ ਪਹੁੰਚਾਉਣ ਵਿੱਚ ਕਾਨਪੁਰ ਦੇ ਸੁਰਜੀਤ ਓਬਰਾਏ ਦੀ ਅਹਿਮ ਭੂਮਿਕਾ ਹੈ। ਉਨ੍ਹਾਂ ਦੀ ਪਛਾਣ ਐੱਸਆਈਟੀ ਵਾਲੇ ਸਰਦਾਰ ਜੀ ਵਜੋਂ ਬਣ ਚੁੱਕੀ ਹੈ। ਉਨ੍ਹਾਂ ਦੇ ਘਰ ਬਾਹਰ ਨਾਮ ਦੀ ਤਖ਼ਤੀ ਤੋਂ ਇਲਾਵਾ, 'ਵਿਭਾਗ ਮੁਖੀ, ਵਿਸ਼ਵ ਹਿੰਦੂ ਪ੍ਰੀਸ਼ਦ, ਕਾਨਪੁਰ ਮਹਾਂਨਗਰ' ਦਾ ਬੋਰਡ ਵੀ ਲੱਗਿਆ ਸੀ। ਸੁਰਜੀਤ ਓਬਰਾਏ ਕਹਿੰਦੇ ਹਨ ਕਿ ਉਨ੍ਹਾਂ ਨੇ ਕੇਸਾਂ ਵਿੱਚ ਗਵਾਹਾਂ ਨੂੰ ਤਿਆਰ ਕਰਨ ਵਿੱਚ ਮਦਦ ਕੀਤੀ ਹੈ।

12 ਸਾਲ ਦੀ ਉਮਰ ਵਿੱਚ ਸੁਰਜੀਤ ਓਬਰਾਏ ਨੇ ਖ਼ੁਦ ਕਤਲੇਆਮ ਦੇਖਿਆ ਸੀ। ਉਹ ਕਹਿੰਦੇ ਹਨ, 'ਦੰਗਾਕਾਰੀ ਮੇਰੇ ਘਰ ਵਿੱਚ ਵੀ ਆ ਗਏ ਸੀ ਅਤੇ ਮੈਨੂੰ ਸਾੜਨਾ ਚਾਹੁੰਦੇ ਸੀ। ਉਨ੍ਹਾਂ ਨੇ ਘਰ ਦਾ ਦਰਵਾਜ਼ਾ ਵੀ ਤੋੜ ਦਿੱਤਾ ਸੀ, ਮੇਰੇ ਭਰਾ ਨੇ ਮੈਨੂੰ ਬਚਾਇਆ।' ਸੁਰਜੀਤ ਕਹਿੰਦੇ ਹਨ, 'ਪੁਲਿਸ ਨੂੰ ਸਿੱਧੇ ਦੇਖ ਕੇ ਉਹ ਘਬਰਾ ਜਾਂਦੇ ਸੀ। ਫਿਰ ਅਸੀਂ ਸਿੱਖ ਕਮੇਟੀ ਦੇ ਮੈਂਬਰਾਂ ਨੂੰ ਨਾਲ ਲੈ ਕੇ ਉਨ੍ਹਾਂ ਤੱਕ ਪਹੁੰਚ ਕਰਦੇ ਹਾਂ। ਉਨ੍ਹਾਂ ਨੂੰ ਜਦੋਂ ਭਰੋਸਾ ਹੋ ਜਾਂਦਾ ਫਿਰ ਆਪਣੇ ਦਿਲ ਦੀ ਗੱਲ ਦੱਸਦੇ ਸੀ। ਇਸ ਤਰ੍ਹਾਂ ਅਸੀਂ ਹੌਲੀ-ਹੌਲੀ ਅੱਗੇ ਵਧਦੇ ਗਏ।' ਉਹ ਦੱਸਦੇ ਹਨ, 'ਵੀਐੱਚਪੀ ਦੀ ਜ਼ਿੰਮੇਵਾਰੀ ਮੈਨੂੰ ਜੁਲਾਈ ਮਹੀਨੇ ਵਿੱਚ ਹੀ ਮਿਲੀ ਹੈ। ਪਰ ਇਸ ਤੋਂ ਪਹਿਲਾਂ ਤੋਂ ਹੀ ਮੈਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧਕ ਸੀ, ਜਦੋਂ ਸਿਰਸਾ ਸਾਹਿਬ ਸੀ। ਉਨ੍ਹਾਂ ਨੇ ਹੀ ਮੈਨੂੰ ਇਸ ਕੰਮ ਲਈ ਚੁਣਿਆ ਸੀ। ਇਸ ਵਿੱਚ ਪੂਰੀ ਤਰ੍ਹਾਂ ਦਿੱਲੀ ਦੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਡੀ ਮਦਦ ਕਰਦੀ ਹੈ।'

ਸੁਰਜੀਤ ਓਬਰਾਏ ਦੱਸਦੇ ਹਨ, 'ਜਦੋਂ ਮੁਆਵਜ਼ੇ ਦਾ ਚੈੱਕ ਦੇਣ ਜਾਂਦੇ ਸੀ ਤਾਂ ਮਾਂਵਾਂ ਕਹਿੰਦੀਆਂ ਸੀ, 'ਮੇਰੇ ਬੇਟੇ ਨੂੰ ਜਿਉਂਦਿਆਂ ਸਾੜ ਦਿੱਤਾ। ਮੇਰੇ ਪਤੀ ਨੂੰ ਮੇਰੀਆਂ ਅੱਖਾਂ ਸਾਹਮਣੇ ਸਾੜ ਦਿੱਤਾ। ਮੇਰੀ ਬੇਟੀ ਖਿੱਚ ਕੇ ਲੈ ਗਏ', ਤਾਂ ਹੰਝੂ ਆ ਜਾਂਦੇ ਸੀ। ਮੈਂ ਕਿਹਾ ਕਿ ਮੈਂ ਕੌਮ ਦਾ ਕਰਜ਼ ਚੁਕਾਵਾਂਗਾ ਅਤੇ ਅੱਜ ਅਸੀਂ ਇੱਥੋਂ ਤੱਕ ਪਹੁੰਚ ਗਏ ਹਾਂ। ਮੈਨੂੰ ਸੰਤੁਸ਼ਟੀ ਹੈ ਕਿ ਮੁਲਜ਼ਮ ਜੇਲ੍ਹ ਜਾ ਰਹੇ ਹਨ।'

# 84 ਕਤਲੇਆਮ ਦੀ ਰਾਖ਼ 'ਚੋਂ ਨਿਕਲ ਕੇ ਕਿਵੇਂ 'ਰਾਜਾ' ਬਣਿਆ ਪਾਲੀ

**ਫਿਰਕੂ ਭੀੜ ਨੇ ਫੈਕਟਰੀ ਫੂਕ ਸੀ ਦਿੱਤੀ**

**ਸਰਕਾਰ ਨੇ ਡੇਢ ਕਰੋੜ ਦੇ ਨੁਕਸਾਨ ਦੇ ਬਦਲੇ 50 ਹਜ਼ਾਰ ਰੁਪਏ ਸਹਾਇਤਾ ਰਾਸ਼ੀ ਮਨਜ਼ੂਰ ਕੀਤੀ ਹੁਣ 100 ਕਰੋੜ ਤੋਂ ਜ਼ਿਆਦਾ ਰੁਪਏ ਦਾ ਸਾਲਾਨਾ ਕਾਰੋਬਾਰ ਕਰਦਾ ਏ ਪਾਲੀ**

ਨਵੀਂ ਦਿੱਲੀ/ਏ.ਟੀ.ਨਿਊਜ਼ :- 1984 ਵਿੱਚ ਜਦੋਂ ਸਿੱਖ ਕਤਲੇਆਮ ਹੋਇਆ ਤਾਂ ਨਰਿੰਦਰਪਾਲ ਸਿੰਘ ਪਾਲੀ ਆਪਣੇ ਕਾਰੋਬਾਰ ਦੇ ਮਾਮਲੇ ਵਿੱਚ ਅਮਰੀਕਾ ਦੇ ਦੌਰੇ 'ਤੇ ਸੀ। 31 ਅਕਤੂਬਰ ਨੂੰ ਉਹ ਹੋਟਲ ਦੇ ਕਮਰੇ ਵਿਚ ਸੀ। ਅਚਾਨਕ ਉਸ ਨੂੰ ਖ਼ਬਰ ਮਿਲੀ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਉਨ੍ਹਾਂ ਦੇ ਸਿੱਖ ਅੰਗ ਰੱਖਿਅਕਾਂ ਵੱਲੋਂ ਕਤਲ ਕਰ ਦਿੱਤਾ ਗਿਆ ਹੈ।

ਉਸੇ ਵੇਲੇ ਉਸ ਨੇ ਆਪਣੇ ਪਿਤਾ ਜੀ ਨੂੰ ਫੋਨ ਕਰ ਕੇ ਸਾਵਧਾਨ ਰਹਿਣ ਲਈ ਆਖਿਆ ਕਿਉਂਕਿ ਉਹ ਆਉਣ ਵਾਲੇ ਖ਼ਤਰੇ ਨੂੰ ਭਾਂਪ ਗਿਆ ਸੀ। ਪਰ ਉਸਦੇ ਪਿਤਾ ਨੇ ਇਸ ਨੂੰ ਇੱਕ ਆਮ ਘਟਨਾ ਹੀ ਸਮਝਿਆ। 1 ਨਵੰਬਰ 1984 ਨੂੰ 400 ਬੰਦਿਆਂ ਦੀ ਭੀੜ ਨੇ ਉਸਦੇ ਉੱਤਮ ਨਗਰ ਸਥਿਤ ਘਰ ਅਤੇ ਫ਼ੈਕਟਰੀ ਉੱਤੇ ਧਾਵਾ ਬੋਲ ਦਿੱਤਾ ਅਤੇ ਉਸਨੂੰ ਅੱਗ ਦੇ ਹਵਾਲੇ ਕਰ ਦਿੱਤਾ। ਸਭ ਕੁੱਝ ਸੜ ਕੇ ਸੁਆਹ ਹੋ ਗਿਆ



ਅਤੇ ਉਸਦਾ ਪਰਿਵਾਰ ਅਰਸ਼ ਤੋਂ ਫ਼ਰਸ਼ 'ਤੇ ਪਹੁੰਚ ਗਿਆ। ਪਰਿਵਾਰ ਨੇ ਉਸਨੂੰ ਵਾਪਸ ਨਾ ਪਰਤਣ ਲਈ ਕਿਹਾ।

ਆਖ਼ਰਕਾਰ ਨਵੰਬਰ 1984 ਵਿਚ ਜਦੋਂ ਉਹ ਅਮਰੀਕਾ ਤੋਂ ਦੇਸ਼ ਪਰਤਿਆ ਤਾਂ ਸਿੱਧਾ ਫ਼ੈਕਟਰੀ ਪਹੁੰਚਿਆ। ਤਬਾਹੀ ਤੋਂ ਇਲਾਵਾ ਉੱਥੇ ਕੁੱਝ ਵੀ ਨਹੀਂ ਸੀ। ਜਿੱਥੇ ਕਰੀਬ 600 ਕਾਰੀਗਰ ਦਿਨ ਰਾਤ ਕੰਮ ਕਰਦੇ ਸਨ, ਚਹਿਲ ਪਹਿਲ ਰਹਿੰਦੀ ਸੀ ਉੱਥੇ ਹੁਣ ਸੰਨਾਟਾ ਪਸਰਿਆ ਹੋਇਆ ਸੀ। ਫ਼ੈਕਟਰੀ ਦੀ ਛੱਤ ਡਿੱਗ ਚੁੱਕੀ ਸੀ।ਉਸਦੇ ਪਿਤਾ ਨੇ ਉਸ ਨੂੰ ਹਾਂਪੱਖੀ ਊਰਜਾ ਵਿੱਚ ਬਦਲਿਆ ਅਤੇ ਫਿਰ ਤੋਂ ਜ਼ਿੰਦਗੀ ਸ਼ੁਰੂ ਕੀਤੀ। ਅਸਮਾਨ ਥੱਲ੍ਹੇ ਸੜਕ ਵਿਚ ਇੱਕ ਕੁਰਸੀ ਅਤੇ ਮੇਜ਼ ਉੱਤੇ ਮੁੜ ਤੋਂ ਕੰਮ ਸ਼ੁਰੂ ਕੀਤਾ।

ਚਾਰ ਸਾਲ ਦੀ ਦਿਨ ਰਾਤ ਮਿਹਨਤ ਤੋਂ ਬਾਅਦ ਪਰਿਵਾਰ ਦੀ ਮਦਦ ਨਾਲ ਉਸਨੇ ਦੋਬਾਰਾ ਆਪਣੀ ਫ਼ੈਕਟਰੀ ਨੂੰ ਖੜ੍ਹਾ ਕਰ ਦਿੱਤਾ। 1984 ਵਿਚ ਪਾਲੀ ਦੀ ਉਮਰ ਕਰੀਬ 33 ਸਾਲ ਸੀ।

1984 ਦੀ ਤਬਾਹੀ ਨੂੰ ਪਾਲੀ ਜਦੋਂ ਵੀ ਯਾਦ ਕਰਦਾ ਹੈ ਤਾਂ ਉਸ ਦੇ ਪੁਰਾਣੇ ਜ਼ਖਮ ਹਰੇ ਹੋ ਜਾਂਦੇ ਹਨ। ਪਾਲੀ ਮੁਤਾਬਕ ਉਸ ਨੇ ਪੂਰੀ ਫ਼ੈਕਟਰੀ ਦਾ ਬੀਮਾ ਕਰਵਾਇਆ ਸੀ ਪਰ ਕਤਲੇਆਮ ਦੌਰਾਨ ਹੋਏ ਨੁਕਸਾਨ ਦਾ ਵੇਰਵਾ ਦਰਜ ਨਹੀਂ ਸੀ ਇਸ ਕਰਕੇ ਉਸਨੂੰ ਕੰਪਨੀ ਨੇ ਕੋਈ ਮੁਆਵਜ਼ਾ ਨਹੀਂ ਦਿੱਤਾ।

ਪਾਲੀ ਮੁਤਾਬਕ ਸਰਕਾਰ ਨੇ ਡੇਢ ਕਰੋੜ ਦੇ ਨੁਕਸਾਨ ਦੇ ਬਦਲੇ 50 ਹਜ਼ਾਰ ਰੁਪਏ ਸਹਾਇਤਾ ਰਾਸ਼ੀ ਮਨਜ਼ੂਰ ਕੀਤੀ। ਜਿਸ ਦੇ ਖ਼ਿਲਾਫ਼ ਪਾਲੀ ਹੁਣ ਤੱਕ ਲੜਾਈ ਲੜ ਰਿਹਾ ਹੈ।ਪਾਲੀ ਦਾ ਕੱਪੜਿਆਂ ਦਾ ਕਾਰੋਬਾਰ ਹੈ। ਉੱਤਮ ਨਗਰ ਨੂੰ ਪਾਲੀ ਦੇ ਨਾਮ ਨਾਲ ਹੀ ਜਾਣਿਆ ਜਾਂਦਾ ਹੈ। ਨਰਿੰਦਰਪਾਲ ਸਿੰਘ ਪਾਲੀ ਦੱਸਦਾ ਕਿ ਉਸ ਦਾ ਕਾਰੋਬਾਰ 40 ਦੇਸ਼ਾਂ ਤੱਕ ਫੈਲਿਆ ਹੋਇਆ ਅਤੇ ਜੇਕਰ ਛੋਟੇ ਛੋਟੇ ਆਈਲੈਂਡ ਨੂੰ ਜੋੜ ਲਿਆ ਜਾਵੇ ਤਾਂ ਇਹ ਗਿਣਤੀ ਜ਼ਿਆਦਾ ਹੈ। ਪਾਲੀ ਦੱਸਦਾ ਹੈ ਕਿ 100 ਕਰੋੜ ਤੋਂ ਜ਼ਿਆਦਾ ਰੁਪਏ ਦਾ ਉਹ ਸਾਲਾਨਾ ਕਾਰੋਬਾਰ ਕਰਦਾ ਹੈ। ਪਾਲੀ ਦੀ ਫ਼ੈਕਟਰੀ ਵਿਚ ਹਰ ਧਰਮ ਦੇ ਲੋਕ ਕੰਮ ਕਰਦੇ ਹਨ।

ਕਵਰ ਸਟੋਰੀ

# ਸ਼੍ਰੋਮਣੀ ਕਮੇਟੀ ਦੀ ਚੋਣ ਲੜਨ ਕਾਰਨ ਬਾਦਲ ਦਲ ਬੀਬੀ ਜਗੀਰ ਕੌਰ ਖਿਲਾਫ ਕਰ ਸਕਦਾ ਏ ਕਾਰਵਾਈ

**☛ ਬੀਬੀ ਨੂੰ ਮਨਾਉਣ ਵਿਚ ਰਿਹਾ ਅਸਫਲ ਬਾਦਲ ਦਲ ☛ ਬੀਬੀ ਦਾ ਫੈਸਲਾ ਆਖਰੀ ਦਮ ਤੱਕ ਲੜਾਂਗੀ ☛ ਮਜੀਠੀਆ ਨੇ ਬੀਬੀ ਜਗੀਰ ਕੌਰ ਖਿਲਾਫ ਸ਼ਬਦੀ ਹਵਾਈ ਫਾਇਰ ਖੋਲ੍ਹੇ ਕਿ ਬੀਬੀ ਵੀ ਲਿਫਾਫਾ ਕਲਚਰ ਰਾਹੀਂ ਪ੍ਰਧਾਨ ਬਣਦੀ ਰਹੀ ਹੈ, ਹੁਣ ਉਸਨੂੰ ਕੀ ਦਿਕਤ ਏ ? ☛ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਤੋਂ ਬਾਦਲਾਂ ਦਾ ਗ਼ਲਬਾ ਖ਼ਤਮ ਕਰਨਾ ਜ਼ਰੂਰੀ : ਢੀਂਡਸਾ ☛ ਧਾਮੀ ਹੋ ਸਕਦੇ ਨੇ ਅਕਾਲੀ ਦਲ ਦੇ ਉਮੀਦਵਵਾਰ**

ਵਿਧਾਨ ਸਭਾ ਚੋਣਾਂ ਦੌਰਾਨ ਕਰਾਰੀ ਹਾਰ ਦਾ ਸਾਹਮਣਾ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਲਈ ਸ਼੍ਰੋਮਣੀ ਕਮੇਟੀ ਚੋਣਾਂ ਵੱਕਾਰ ਦਾ ਸਵਾਲ ਬਣ ਗਈਆਂ ਹਨ। ਵਿਧਾਨ ਸਭਾ ਚੋਣਾਂ ਦੌਰਾਨ ਹਾਸ਼ੀਏ 'ਤੇ ਆਏ ਅਕਾਲੀ ਦਲ ਲਈ ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਰਸਤੇ ਹੋਰ ਮੁਸ਼ਕਿਲਾਂ ਭਰੇ ਨਜ਼ਰ ਆਉਣ ਲੱਗੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਖਾਸਮ ਖਾਸ ਇਸਤਰੀ ਅਕਾਲੀ ਨੇਤਾ ਬੀਬੀ ਜਗੀਰ ਕੌਰ, ਜੋ ਖੁਦ ਲਿਫ਼ਾਫ਼ਾ ਸੱਭਿਆਚਾਰ ਨਾਲ ਹੀ ਕਈ ਵਾਰ ਪ੍ਰਧਾਨ ਬਣ ਚੁੱਕੀ ਹੈ, ਦਾ ਇਸ ਵਾਰ ਪਲਟੀ ਮਾਰ ਕੇ ਬਾਗੀ ਹੋ ਜਾਣਾ ਅਕਾਲੀ ਦਲ ਨੂੰ ਰਾਸ ਨਹੀਂ ਆ ਰਿਹਾ। ਸੂਤਰਾਂ ਅਨੁਸਾਰ ਬੀਬੀ ਜਗੀਰ ਕੌਰ ਦੀ ਬਗਾਵਤ ਤੋਂ ਡਰਦਿਆਂ ਸ਼੍ਰੋਮਣੀ ਅਕਾਲੀ ਦਲ ਉਨ੍ਹਾਂ ਪੁਰਾਣੇ ਟਕਸਾਲੀ ਅਕਾਲੀ ਆਗੂਆਂ ਨਾਲ ਵੀ ਸੰਪਰਕ ਕਰਨ ਵਿਚ ਲੱਗ ਗਿਆ ਹੈ, ਜੋ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਛੱਡ ਗਏ ਸਨ। ਸਿਆਸੀ ਹਲਕਿਆਂ ਵਿਚ ਇਸ ਗੱਲ ਤੇ ਹੈਰਾਨੀ ਪ੍ਰਗਟਾਈ ਜਾ ਰਹੀ ਹੈ ਹੈ ਕਿ ਬੀਬੀ ਜਗੀਰ ਕੌਰ ਨੇ ਮੌਕੇ 'ਤੇ ਬਾਗੀ ਸੁਰਾਂ ਅਲਾਪਣੀਆਂ ਕਿਉਂ ਸ਼ੁਰੂ ਕਰ ਦਿੱਤੀਆਂ। ਡੂੰਘੇ ਸੰਕਟ ਦੀ ਘੜੀ ਵਿਚੋਂ ਗੁਜ਼ਰ ਰਹੇ ਅਕਾਲੀ ਦਲ ਨੂੰ ਇਸ ਸਥਿਤੀ ਵਿਚੋਂ ਉਭਾਰਨ ਲਈ ਸ. ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਬੀਬੀ ਹਰਸਿਮਰਤ ਕੌਰ ਬਾਦਲ, ਬਿਕਰਮ ਸਿੰਘ ਮਜੀਠੀਆ ਸਮੇਤ ਕਈ ਪੁਰਾਣੇ ਟਕਸਾਲੀ ਆਗੂ, ਜਿਨ੍ਹਾਂ ਵਿਚ ਬਲਵਿੰਦਰ ਸਿੰਘ ਭੂੰਦੜ, ਦਲਜੀਤ ਸਿੰਘ ਚੀਮਾ, ਪ੍ਰੇਮ ਸਿੰਘ ਚੰਦੂਮਾਜਰਾ ਮੈਦਾਨ 'ਚ ਉਤਰ ਚੁੱਕੇ ਹਨ। ਬਿਕਰਮਜੀਤ ਸਿੰਘ ਮਜੀਠੀਆ ਨੇ ਬੀਬੀ ਜਗੀਰ ਕੌਰ ਖਿਲਾਫ ਸ਼ਬਦੀ ਹਵਾਈ ਫਾਇਰ ਖੋਲ੍ਹ ਦਿੱਤੇ ਹਨ ਕਿ ਬੀਬੀ ਜਗੀਰ ਕੌਰ ਵੀ ਲਿਫਾਫਾ ਕਲਚਰ ਰਾਹੀਂ ਪ੍ਰਧਾਨ ਬਣਦੀ ਰਹੀ ਹੈ। ਹੁਣ ਉਸਨੂੰ ਕੀ ਦਿਕਤ ਹੈ ? ਉਹ ਅਕਾਲੀ ਦਲ ਨੂੰ ਖਤਮ ਕਰਨ ਉਪਰ ਕਿਉਂ ਤੁਲੀ ਹੈ ?





ਸੂਤਰਾਂ ਤੋਂ ਪਤਾ ਲੱਗਾ ਹੈ ਕਿ ਬੀਬੀ ਜਗੀਰ ਕੌਰ ਜੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਲੜਦੇ ਹਨ ਤਾਂ ਉਨ੍ਹਾਂ ਵਿਰੁੱਧ ਅਕਾਲੀ ਦਲ ਅਨੁਸ਼ਾਸਨੀ ਕਾਰਵਾਈ ਕਰ ਸਕਦਾ ਹੈ। ਪਾਰਟੀ ਦੀ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਪਾਰਟੀ ਅਨੁਸ਼ਾਸਨ ਭੰਗ ਕਰਨ ਵਾਲੇ ਕਿਸੇ ਵੀ ਆਗੂ ਵਿਰੁੱਧ ਕਾਰਵਾਈ ਕਰੇਗੀ। ਦੂਜੇ ਪਾਸੇ ਪ੍ਰਧਾਨ ਦੇ ਅਹੁਦੇ ਲਈ ਆਜ਼ਾਦ ਚੋਣ ਲੜਨ ਲਈ ਬੀਬੀ ਜਗੀਰ ਕੌਰ ਦ੍ਰਿੜ ਹਨ। ਅਕਾਲੀ ਦਲ ਉਨ੍ਹਾਂ ਨੂੰ ਮਨਾਉਣ 'ਚ ਅਸਫਲ ਰਿਹਾ ਹੈ। ਉਨ੍ਹਾਂ ਨੇ ਪਾਰਟੀ ਲਈ ਕਸੂਤੀ ਸਥਿਤੀ ਪੈਦਾ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਬੀਤੇ ਦਿਨੀਂ ਬੀਬੀ ਜੀ ਨੂੰ ਮਨਾਉਣ ਲਈ ਪਾਰਟੀ ਦੇ ਸੀਨੀਅਰ ਆਗੂ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਤੇ ਸੁਰਜੀਤ ਸਿੰਘ ਰੱਖੜਾ ਦੀ ਘੰਟਿਆਂਬੱਧੀ ਬੈਠਕ ਵੀ ਬੇਨਤੀਜਾ ਰਹੀ। ਹੁਣ ਸਥਿਤੀ ਇਹ ਹੈ ਕਿ ਨਾ ਤਾਂ ਬਾਦਲ ਦਲ ਬੀਬੀ ਨੂੰ ਪ੍ਰਧਾਨ ਬਣਾਉਣ ਲਈ ਤਿਆਰ ਹੈ ਅਤੇ ਨਾ ਹੀ ਬੀਬੀ ਜਗੀਰ ਕੌਰ ਪਿੱਛੇ ਹਟਣ ਲਈ ਤਿਆਰ ਹਨ।

ਸ਼੍ਰੋਮਣੀ ਕਮੇਟੀ ਦੀ 9 ਨਵੰਬਰ ਨੂੰ ਹੋਣ ਵਾਲੀ ਪ੍ਰਧਾਨਗੀ ਦੀ ਚੋਣ ਬਾਰੇ ਬੀਬੀ ਜਗੀਰ ਕੌਰ ਨੇ ਆਪਣੇ ਸਮਰਥਕਾਂ ਨੂੰ ਸਪੱਸ਼ਟ ਰੂਪ ਵਿਚ ਦਸ ਦਿੱਤਾ ਹੈ ਕਿ ਮੈਂ ਇਸ ਵਾਰ ਪ੍ਰਧਾਨਗੀ ਚੋਣ ਸਮੇਂ 'ਪਰਚੀ' ਸਿਸਟਮ ਨੂੰ ਨਹੀਂ ਚੱਲਣ ਦੇਵਾਂਗੀ। ਮਿੰਨੀ ਸਿੱਖ ਪਾਰਲੀਮੈਂਟ ਕਹਿਲਾਉਣ ਵਾਲੀ ਇਹ ਸਿੱਖ ਜਥੇਬੰਦੀ ਦੀ ਚੋਣ ਲੋਕ ਰਾਜੀ ਤਰੀਕਿਆਂ ਨਾਲ ਹੀ ਹੋਵੇਗੀ। ਬੀਬੀ ਜਗੀਰ ਕੌਰ ਨੇ ਪੰਜਾਬ ਤੇ ਹਰਿਆਣਾ ਸਰਕਾਰ ਨੂੰ ਸੁਚੇਤ ਕਰਦਿਆਂ ਕਿਹਾ ਕਿ ਉਹ ਸ਼੍ਰੋਮਣੀ ਕਮੇਟੀ ਦੇ ਕੰਮਾਂ ਵਿਚ ਦਖਲਅੰਦਾਜ਼ੀ ਤੋਂ ਗੁਰੇਜ਼ ਕਰਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਅਧੀਨ ਪੰਜਾਬ, ਹਿਮਾਚਲ, ਹਰਿਆਣਾ ਤੇ ਚੰਡੀਗੜ੍ਹ ਦੇ ਕਈ ਇਤਿਹਾਸਕ ਗੁਰਦੁਆਰੇ ਆਉਂਦੇ ਹਨ ਪ੍ਰੰਤੂ ਸਿੱਖ ਵਿਰੋਧੀ ਸਰਕਾਰਾਂ ਨੇ ਸੁਪਰੀਮ ਕੋਰਟ ਤੋਂ ਐਕਟ ਪਾਸ ਕਰਵਾਇਆ ਹੈ ਜਿਸ ਸਬੰਧੀ ਸ਼੍ਰੋਮਣੀ ਕਮੇਟੀ ਨੇ ਵੀ ਸੁਪਰੀਮ ਕੋਰਟ ਵਿਚ ਰੀਵਿਊ ਪਟੀਸ਼ਨ ਦਾਇਰ ਕੀਤੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਖ਼ਦਸ਼ਾ ਹੈ ਕਿ ਹਰਿਆਣਾ ਸਰਕਾਰ ਸਿੱਖਾਂ ਦੇ ਧਾਰਮਿਕ ਕੰਮਾਂ ਵਿਚ ਸਿੱਧੀ ਦਖ਼ਲ-ਅੰਦਾਜ਼ੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਭਾਵੇਂ ਬੀਜੇਪੀ ਦੀ ਹੋਵੇ ਭਾਵੇਂ ਆਪ ਦੀ, ਉਨ੍ਹਾਂ ਨੂੰ ਸਿੱਖ ਸੰਸਥਾਵਾਂ ਵਿਚ ਦਖਲ-ਅੰਦਾਜ਼ੀ ਨਹੀਂ ਕਰਨੀ ਚਾਹੀਦੀ।

ਪੰਜਾਬ ਦੇ ਸਾਬਕਾ ਵਿੱਤ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਮੁੱਖ ਬੁਲਾਰੇ ਪਰਮਿੰਦਰ ਸਿੰਘ ਢੀਂਡਸਾ ਨੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਜਥੇਦਾਰ ਜਸਵੰਤ ਸਿੰਘ ਪੁੜੈਣ ਤੇ ਹਰਪ੍ਰੀਤ ਸਿੰਘ ਗਰਚਾ ਨਾਲ ਵਿਚਾਰ ਚਰਚਾ ਕਰਨ ਮਗਰੋਂ ਉਨ੍ਹਾਂ ਦਾਅਵਾ ਕੀਤਾ ਕਿ ਲੁਧਿਆਣਾ ਜ਼ਿਲ੍ਹੇ ਦੇ ਦੋ-ਚਾਰ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਛੱਡ ਕੇ ਬਾਕੀ ਸਭ ਬਾਦਲਾਂ ਦੇ ਖ਼ਿਲਾਫ਼ ਹੀ ਭੁਗਤਣਗੇ। ਪਰਮਿੰਦਰ ਸਿੰਘ ਢੀਂਡਸਾ ਨੇ ਦਾਅਵਾ ਕੀਤਾ ਕਿ ਹਰਿਆਣਾ ਦੇ ਬਹੁਤ ਸਾਰੇ ਸਿੱਖ ਆਗੂਆਂ ਸਣੇ ਮਾਨਸਾ, ਬਰਨਾਲਾ, ਸੰਗਰੂਰ ਤੇ ਹੋਰਨਾਂ ਜ਼ਿਲ੍ਹਿਆਂ ਵਿੱਚ ਉਨ੍ਹਾਂ ਨੂੰ ਬਾਦਲਾਂ ਖ਼ਿਲਾਫ਼ ਭਰਵਾਂ ਹੁੰਗਾਰਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਬੀਬੀ ਜਗੀਰ ਕੌਰ ਬਗਾਵਤ ਕਰ ਕੇ ਚੋਣ ਮੈਦਾਨ ਵਿੱਚ ਉਤਰਨਗੇ ਤਾਂ ਉਨ੍ਹਾਂ ਦੀ ਹਮਾਇਤ ਕੀਤੀ ਜਾਵੇਗੀ, ਪਰ ਜੇਕਰ ਉਹ ਬਾਦਲਾਂ ਵੱਲੋਂ ਉਮੀਦਵਾਰ ਹੋਣਗੇ ਤਾਂ ਕਿਸੇ ਹੋਰ ਮਜ਼ਬੂਤ ਉਮੀਦਵਾਰ ਨੂੰ ਮੈਦਾਨ ਵਿੱਚ ਉਤਾਰਿਆ ਜਾਵੇਗ। ਅਕਾਲੀ ਦਲ ਦੇ ਸੂਤਰਾਂ ਮੁਤਾਬਿਕ ਪਾਰਟੀ ਐੱਸਜੀਪੀਸੀ ਦੇ ਮੌਜੂਦਾ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਪ੍ਰਧਾਨ ਦੇ ਉਮੀਦਵਾਰ ਵਜੋਂ ਉਤਰਨ ਜਾ ਰਹੀ ਹੈ। ਬੀਬੀ ਜਗੀਰ ਕੌਰ ਨੂੰ ਪਾਰਟੀ ਨੇ ਅਗਲੇ ਸਾਲ ਪ੍ਰਧਾਨ ਬਣਾਉਣ ਦੀ ਪੇਸ਼ਕਸ਼ ਕੀਤੀ ਸੀ, ਜਿਸ ਨੂੰ ਬੀਬੀ ਨੇ ਠੁਕਰਾ ਕੇ ਇਸ ਵਾਰ ਹੀ ਪ੍ਰਧਾਨ ਬਣਨ ਦੀ ਇੱਛਾ ਪ੍ਰਗਟਾਈ ਹੈ।

## ਮਾਮਲਾ ਅਕਾਲੀ ਦਲ 'ਤੇ ਦੋ ਸੰਵਿਧਾਨ ਰੱਖਣ ਦੇ ਦੋਸ਼ਾਂ ਦਾ

# ਬਾਦਲ, ਸੁਖਬੀਰ ਤੇ ਚੀਮਾ ਖ਼ਿਲਾਫ਼ ਚੱਲ ਰਹੇ ਕੇਸ 'ਤੇ ਸੁਪਰੀਮ ਕੋਰਟ ਵਲੋਂ ਰੋਕ

## ਅਕਾਲੀ ਦਲ ਦੇ ਆਗੂਆਂ ਦੀ ਜਾਅਲਸਾਜ਼ੀ ਖ਼ਿਲਾਫ਼ ਲੜਾਈ ਜਾਰੀ ਰਹੇਗੀ : ਖੇੜਾ

ਨਵੀਂ ਦਿੱਲੀ/ਏ.ਟੀ.ਨਿਊਜ਼ :- ਸੁਪਰੀਮ ਕੋਰਟ ਨੇ ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ, ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਹੋਰਾਂ ਖਿਲਾਫ਼ ਉਨ੍ਹਾਂ ਦੀ ਪਾਰਟੀ ਵਲੋਂ ਚੋਣ ਕਮਿਸ਼ਨ ਤੋਂ ਮਾਨਤਾ ਲੈਣ ਲਈ ਝੂਠਾ ਹਲਫ਼ਨਾਮਾ ਪੇਸ਼ ਕਰਨ ਦੇ ਦੋਸ਼ਾਂ ਨਾਲ ਸੰਬੰਧਿਤ ਕੇਸ ਵਿਚ ਹੇਠਲੀ ਅਦਾਲਤ ਦੀ ਕਾਰਵਾਈ 'ਤੇ ਰੋਕ ਲਾ ਦਿੱਤੀ। ਜਸਟਿਸ ਐਸ. ਏ. ਨਜ਼ੀਰ ਅਤੇ ਵੀ. ਰਾਮਾਸੁਬਰਾਮਨੀਅਨ ਦੇ ਬੈਂਚ ਨੇ ਅਪਰਾਧਿਕ ਕੇਸ ਵਿਰੁੱਧ ਪਟੀਸ਼ਨਾਂ ਨੂੰ ਖ਼ਾਰਜ ਕਰਨ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਸ਼ਿਕਾਇਤਕਰਤਾ ਨੂੰ ਨੋਟਿਸ ਜਾਰੀ ਕੀਤਾ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 27 ਅਗਸਤ 2021 ਨੂੰ ਬਾਦਲ ਤੇ ਹੋਰਾਂ ਵਲੋਂ ਵਧੀਕ ਮੁੱਖ ਨਿਆਂਇਕ ਮੈਜਿਸਟ੍ਰੇਟ ਹੁਸ਼ਿਆਰਪੁਰ ਦੇ ਇਕ ਆਦੇਸ਼ ਖਿਲਾਫ਼ ਦਾਇਰ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ, ਜਿਨ੍ਹਾਂ ਨੇ ਉਨ੍ਹਾਂ ਨੂੰ ਇਸ ਮਾਮਲੇ ਵਿਚ ਤਲਬ ਕੀਤਾ ਸੀ। ਸੁਪਰੀਮ ਕੋਰਟ ਨੇ ਸ਼੍ਰੋਮਣੀ ਅਕਾਲੀ ਦਲ ਦੇ ਦੋਹਰੇ ਸੰਵਿਧਾਨ ਦੇ ਵਿਵਾਦ ਦੇ ਸੰਬੰਧ ਵਿਚ ਸੁਖਬੀਰ ਸਿੰਘ ਬਾਦਲ, ਸ. ਪ੍ਰਕਾਸ਼ ਸਿੰਘ ਬਾਦਲ ਤੇ ਡਾ. ਦਲਜੀਤ ਸਿੰਘ ਚੀਮਾ ਖ਼ਿਲਾਫ਼ ਹੁਸ਼ਿਆਰਪੁਰ ਦੀ ਅਦਾਲਤ 'ਚ ਦਾਇਰ ਕੀਤੇ ਜਾਅਲਸਾਜ਼ੀ ਤੇ ਧੋਖਾਧੜੀ ਦੇ ਕੇਸ ਦੀ ਸੁਣਵਾਈ 'ਤੇ ਰੋਕ ਲਗਾ ਦਿੱਤੀ। ਹੁਸ਼ਿਆਰਪੁਰ ਵਾਸੀ ਬਲਵੰਤ ਸਿੰਘ ਖੇੜਾ ਨੇ ਵਧੀਕ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ 'ਚ 2008 ਵਿਚ ਫ਼ੌਜਦਾਰੀ ਕੇਸ ਦਾਇਰ ਕਰ ਕੇ ਅਕਾਲੀ ਦਲ 'ਤੇ ਦੋ ਸੰਵਿਧਾਨ ਰੱਖਣ ਦੇ ਦੋਸ਼ ਲਗਾਏ ਸਨ ਤੇ ਕਿਹਾ ਸੀ ਕਿ ਗੁਰਦੁਆਰਾ ਚੋਣ ਕਮਿਸ਼ਨ ਕੋਲ ਵੱਖਰਾ ਸੰਵਿਧਾਨ ਹੈ ਤੇ ਭਾਰਤੀ ਚੋਣ ਕਮਿਸ਼ਨ ਕੋਲੋਂ ਮਾਨਤਾ ਲੈਣ ਲਈ ਵੱਖਰਾ ਸੰਵਿਧਾਨ ਪੇਸ਼ ਕੀਤਾ ਗਿਆ ਤੇ ਹਲਫ਼ੀਆ ਬਿਆਨ ਦਿੱਤਾ ਗਿਆ ਕਿ ਪਾਰਟੀ ਸੰਵਿਧਾਨ ਵਿਚ ਅੰਕਿਤ ਧਰਮ ਨਿਰਪੱਖਤਾ ਦੇ ਸਿਧਾਂਤਾਂ ਦੀ ਪਾਲਣਾ ਕਰੇਗੀ, ਜਦੋਂ ਕਿ ਇਸ ਵਲੋਂ ਧਾਰਮਿਕ ਪਾਰਟੀ ਵਜੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜੀਆਂ ਜਾਂਦੀਆਂ ਹਨ। ਬਾਦਲ ਵਲੋਂ ਪੇਸ਼ ਵਕੀਲਾਂ ਨੇ ਅਦਾਲਤ 'ਚ ਦਲੀਲ ਦਿੱਤੀ ਕਿ ਧਾਰਮਿਕ ਚੋਣਾਂ ਧਰਮ ਨਿਰਪੱਖਤਾ ਦੇ ਸਿਧਾਂਤਾਂ ਦੇ ਉਲਟ ਨਹੀਂ ਹਨ ਤੇ ਕਿਉਂਕਿ ਇਕ ਸਿਆਸੀ ਪਾਰਟੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਲੜਦੀ ਹੈ, ਇਸਦਾ ਇਹ ਮਤਲਬ ਨਹੀਂ ਹੈ ਕਿ ਉਹ ਧਰਮ ਨਿਰਪੱਖ ਨਹੀਂ। ਇਸ ਲਈ ਪਾਰਟੀ ਵਲੋਂ ਚੋਣ ਕਮਿਸ਼ਨ ਤੇ ਗੁਰਦੁਆਰਾ ਚੋਣ ਕਮਿਸ਼ਨ ਕੋਲ ਸੰਵਿਧਾਨ ਦੇ ਮਾਮਲੇ ਵਿਚ ਦਾਇਰ ਜਾਅਲਸਾਜ਼ੀ ਤੇ ਧੋਖਾਧੜੀ ਦੇ ਦੋਸ਼ ਲਗਾ ਕੇ ਕੇਸ ਕਰਨ ਦੀ ਕੋਈ ਤੁੱਕ ਨਹੀਂ ਬਣਦੀ। ਬਲਵੰਤ ਸਿੰਘ ਖੇੜਾ ਵੱਲੋਂ ਪੇਸ਼ ਵਕੀਲ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਦਲੀਲਾਂ ਪੇਸ਼ ਕਰਨ ਦੀ ਆਗਿਆ ਦਿੱਤੀ ਜਾਵੇ। ਅਦਾਲਤ ਨੇ ਸੰਕੇਤ ਦਿੱਤਾ ਕਿ ਉਹ ਆਪਣਾ ਜਵਾਬ ਦਾਇਰ ਕਰ ਸਕਦੇ ਹਨ ਜਿਸ 'ਤੇ ਸੁਣਵਾਈ ਅਗਲੀ ਤਾਰੀਕ ਨੂੰ ਹੋਵੇਗੀ। ਬਲਵੰਤ ਸਿੰਘ ਖੇੜਾ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਇਸ ਫ਼ੈਸਲੇ ਨਾਲ ਕੇਸ ਖਤਮ ਨਹੀਂ ਹੋ ਗਿਆ। ਉਨ੍ਹਾਂ ਕਿਹਾ ਕਿ ਉਹ ਅਕਾਲੀ ਦਲ ਦੇ ਆਗੂਆਂ ਦੀ ਜਾਅਲਸਾਜ਼ੀ ਖ਼ਿਲਾਫ਼ ਲੜਾਈ ਜਾਰੀ ਰੱਖਣਗੇ।

## ਬਾਦਲ ਦਲ ਭਾਜਪਾ ਨਾਲ ਮੁੜ ਗਠਜੋੜ ਲਈ ਤਿਆਰ ਬਸ਼ਰਤੇ ਇਹ ਸਨਮਾਨਜਨਕ ਹੋਵੇ : ਮਲੂਕਾ



ਜਲੰਧਰ/ਏ.ਟੀ.ਨਿਊਜ਼ :- ਗਠਜੋੜ ਬਣਦੇ ਤੇ ਟੁੱਟਦੇ ਰਹਿੰਦੇ ਹਨ। ਸ਼੍ਰੋਮਣੀ ਅਕਾਲੀ ਦਲ ਦਾ ਲੰਬਾ ਸਮਾਂ ਭਾਜਪਾ ਨਾਲ ਗਠਜੋੜ ਰਿਹਾ ਹੈ। ਕਿਸਾਨੀ ਮਸਲੇ 'ਤੇ ਦੋਵਾਂ ਦਾ ਗਠਜੋੜ ਟੁੱਟ ਗਿਆ ਸੀ। ਅਕਾਲੀ ਦਲ ਇਹ ਗਠਜੋੜ ਦੁਬਾਰਾ ਕਰਨ ਲਈ ਤਿਆਰ ਹੈ ਬਸ਼ਰਤੇ ਇਹ ਸਨਮਾਨਜਨਕ ਹੋਵੇ। ਇਹ ਗੱਲ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ, ਸਾਬਕਾ ਕੈਬਨਿਟ ਮੰਤਰੀ, ਪਾਰਟੀ ਦੀ ਅਨੁਸ਼ਾਸਨੀ ਕਮੇਟੀ ਅਤੇ ਕਿਸਾਨ ਵਿੰਗ ਦੇ ਚੇਅਰਮੈਨ ਸਿਕੰਦਰ ਸਿੰਘ ਮਲੂਕਾ ਨੇ ਕਹੀ। ਉਨ੍ਹਾਂ ਕਿਹਾ ਕਿ ਲੰਬਾ ਸਮਾਂ ਇਹ ਗਠਜੋੜ ਬਹੁਤ ਵਧੀਆ ਰਿਹਾ। ਸਭ ਤੋਂ ਵੱਡੀ ਗੱਲ ਇਹ ਰਹੀ ਕਿ ਇਸ ਨਾਲ ਪੰਜਾਬ 'ਚ ਹਿੰਦੂ-ਸਿੱਖ ਏਕਤਾ ਨੂੰ ਬਹੁਤ ਵੱਡਾ ਬਲ ਮਿਲਿਆ। ਜੇ ਭਾਜਪਾ ਉਨ੍ਹਾਂ ਨਾਲ ਸਨਮਾਨਜਨਕ ਤਰੀਕੇ ਨਾਲ ਤਿਆਰ ਹੁੰਦੀ ਹੈ ਤਾਂ ਗਠਜੋੜ ਦੁਬਾਰਾ ਸੰਭਵ ਹੈ ਨਹੀਂ ਤਾਂ ਉਹ ਹਮਖ਼ਿਆਲੀ ਪਾਰਟੀਆਂ ਨਾਲ ਗਠਜੋੜ ਕਰਨਗੇ।

# ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਦਰਬਾਰ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਕਰਵਾਇਆ

## ਸੰਗਤ ਦੇ ਠਾਠਾਂ ਮਾਰਦੇ ਇਕੱਠ 'ਚ ਪਹੁੰਚੇ ਅੰਮ੍ਰਿਤਪਾਲ ਸਿੰਘ ਨੇ ਕੀਤੀ ਖ਼ਾਲਿਸਤਾਨ ਦੀ ਹਮਾਇਤ ਭਾਈ ਅੰਮ੍ਰਿਤਪਾਲ ਸਿੰਘ ਦੇ ਸੱਦੇ 'ਤੇ 800 ਦੇ ਕਰੀਬ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ

ਅੰਮ੍ਰਿਤਸਰ/ਏ.ਟੀ.ਨਿਊਜ਼ :- ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਰ ਐਤਵਾਰ ਹੋਣ ਵਾਲੇ ਅੰਮ੍ਰਿਤ ਸੰਚਾਰ ਵਿਚ 'ਵਾਰਿਸ ਪੰਜਾਬ ਦੇ' ਸੰਸਥਾ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਦੇ ਸੱਦੇ 'ਤੇ 800 ਦੇ ਕਰੀਬ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਅੰਮ੍ਰਿਤ ਸੰਚਾਰ ਵਿਚ 1026 ਅੰਮ੍ਰਿਤ ਅਭਿਲਾਖੀਆਂ ਨੇ ਅੰਮ੍ਰਿਤਪਾਨ ਕੀਤਾ, ਜਿਨ੍ਹਾਂ ਵਿਚ 800 ਦੇ ਕਰੀਬ 'ਵਾਰਿਸ ਪੰਜਾਬ ਦੇ' ਸੰਸਥਾ ਦੇ ਸੱਦੇ 'ਤੇ ਪਹੁੰਚੇ ਸਨ। ਅੰਮ੍ਰਿਤਪਾਨ ਕਰਨ ਤੋਂ ਬਾਅਦ ਸੰਸਥਾ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਨੇ ਅੰਮ੍ਰਿਤ ਛਕ ਕੇ ਆਈਆਂ ਸੰਗਤਾਂ ਨੂੰ ਕਿਹਾ ਕਿ ਪੰਜਾਂ ਪਿਆਰਿਆਂ ਵੱਲੋਂ ਦੱਸੀ ਰਹਿਤ ਮਰਿਆਦਾ 'ਤੇ ਪਹਿਰਾ ਦੇਣਾ ਹੈ ਤੇ ਗੁਰੂ ਸਾਹਿਬ ਦੇ ਦੱਸੇ ਮਾਰਗ 'ਤੇ ਚੱਲਣਾ ਹੈ। ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਦਾ ਸਫਰ 21 ਦਿਨਾਂ ਵਿਚ ਤੈਅ ਕੀਤਾ ਜਾਵੇਗਾ ਅਤੇ ਰਸਤੇ ਵਿਚ ਆਉਣ ਵਾਲੇ ਪਿੰਡਾਂ ਸ਼ਹਿਰਾਂ ਵਿਚ ਸਮਾਗਮ ਕੀਤੇ ਜਾਣਗੇ ਅਤੇ ਅੰਮ੍ਰਿਤ ਸੰਚਾਰ ਵੀ ਹੋਣਗੇ। ਭਾਈ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਉਹ ਧਰਨੇ ਜਾਂ ਮੋਰਚਿਆਂ ਵਿਚ ਬਹੁਤਾ ਯਕੀਨ ਨਹੀਂ ਰੱਖਦੇ ਹਨ ਪਰ ਜੇਕਰ ਧਰਨਿਆਂ ਮੋਰਚਿਆਂ ਨਾਲ ਇਨਸਾਫ ਮਿਲਦਾ ਹੈ ਤਾਂ ਉਹ ਉਸ ਤੋਂ ਗੁਰੇਜ਼ ਨਹੀਂ ਕਰਨਗੇ ਪਰ ਇਨਸਾਫ਼ ਉਦੋਂ ਤੱਕ ਨਹੀਂ ਹੋਵੇਗਾ ਜਦੋਂ ਤੱਕ ਸਿੱਖ ਇਕੱਠੇ ਹੋ ਕੇ ਲਾਮਬੰਦ ਨਹੀਂ ਹੁੰਦੇ। ਉਨ੍ਹਾਂ ਕਿਹਾ ਕਿ ਜੇਕਰ ਬੇਅਦਬੀ ਦਾ ਇਨਸਾਫ਼ ਚਾਹੀਦਾ ਹੈ ਤਾਂ ਸਿੱਖਾਂ ਨੂੰ ਇਕੱਠਿਆਂ ਹੋਣਾ ਪਵੇਗਾ। ਸਿੱਖਾਂ ਦੀ ਏਕਤਾ ਨਾਲ ਹੀ ਸਰਕਾਰਾਂ ਨੂੰ ਝੁਕਾਇਆ ਜਾ ਸਕਦਾ ਹੈ। ਭਾਈ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਅੱਜ ਉਨ੍ਹਾਂ ਦੇ ਅੱਗੇ ਗੁਲਾਮੀ ਸਭ ਤੋਂ ਵੱਡਾ



ਚੈਲੰਜ ਹੈ। ਇਸ ਗੁਲਾਮੀ ਨੂੰ ਸਿੱਖਾਂ-ਨੌਜਵਾਨਾਂ ਨੂੰ ਇਕੱਠਿਆਂ ਕਰਕੇ ਹੀ ਦੂਰ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦੇ ਨੌਜਵਾਨ ਨਸ਼ਿਆਂ ਦੀ ਦਲ-ਦਲ ਵਿਚ ਫਸੇ ਹੋਏ ਹਨ, ਇਸ ਗੁਲਾਮੀ ਨੂੰ ਉਦੋਂ ਤੱਕ ਨਹੀਂ ਦੂਰ ਕੀਤਾ ਜਾ ਸਕਦਾ ਜਦੋਂ ਤੱਕ ਨੌਜਵਾਨ ਸਿੱਖੀ ਨਾਲ ਨਹੀਂ ਜੁੜਦੇ ਹਨ।

ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਵੀ ਕਮੀਆਂ ਹਨ, ਜਿਸ ਨੂੰ ਦੂਰ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਹਰ ਸੰਸਥਾ ਵਿਚ ਕਮੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ। ਜੇਕਰ ਇਹੋ ਬਹਾਨਾ ਬਣਾਉਂਦੇ ਰਹੇ ਕਿ ਸਾਡੇ ਵਿਚ ਕੋਈ ਕਮੀ ਨਹੀਂ ਹੈ, ਤਾਂ ਉਨ੍ਹਾਂ ਨੂੰ ਦੂਰ ਨਹੀਂ ਕੀਤਾ ਜਾ ਸਕਦਾ। ਸਾਰੇ ਭੁੱਲਣਹਾਰ ਹਨ, ਜੇਕਰ ਕਿਸੇ ਕੋਲੋਂ ਕੋਈ ਗ਼ਲਤੀ ਹੋਈ ਹੈ ਤਾਂ ਉਸ ਨੂੰ ਮੰਨ ਲੈਣਾ ਚਾਹੀਦਾ ਹੈ। ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਉਹ ਹਰ ਉਸ ਵਿਅਕਤੀ ਦੇ ਨਾਲ ਹਨ, ਜੋ ਕਿ ਖ਼ਾਲਿਸਤਾਨ ਦੀ ਗੱਲ ਕਰਦਾ ਹੈ। ਉਨ੍ਹਾਂ ਨੇ ਕਿਸਾਨ ਆਗੂ ਰਾਕੇਸ਼ ਟਿਕੈਟ ਨੂੰ ਚਿਤਾਵਨੀ ਦਿੱਤੀ ਕਿ ਉਹ ਪੰਜਾਬੀ ਨਹੀਂ ਹਨ ਤੇ ਪੰਜਾਬੀਆਂ ਦੇ ਮਾਮਲਿਆਂ ਵਿਚ ਦਖ਼ਲ ਨਾ ਦੇਣ। ਕਿਸੇ ਵੀ ਗ਼ੈਰ ਸਿੱਖ ਨੂੰ ਸਿੱਖਾਂ ਦੇ ਮਾਮਲੇ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ।ਮਾਹੌਲ ਨੂੰ ਦੇਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪੁਲਿਸ ਪ੍ਰਸ਼ਾਸਨ ਨੇ ਸਖ਼ਤ ਪ੍ਰਬੰਧ ਕੀਤੇ ਗਏ ਸਨ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਅਣਸੁਖਾਵੀ ਘਟਨਾ ਨਾ ਵਾਪਰੇ।

### ਕਾਲੇ ਕੱਪੜੇ ਪਹਿਨ ਕੇ ਆਏ ਵਿਅਕਤੀ ਨੂੰ ਬਾਹਰ ਕੱਢ ਦਿੱਤਾ

ਅੰਮ੍ਰਿਤਸਰ : ਜਦੋਂ ਅਕਾਲ ਤਖ਼ਤ 'ਤੇ ਅੰਮ੍ਰਿਤਪਾਨ ਕਰਵਾਇਆ ਜਾ ਰਿਹਾ ਸੀ ਉਸ ਸਮੇਂ ਇਕ ਵਿਅਕਤੀ ਕਾਲੇ ਕੱਪੜੇ ਪਹਿਨ ਕੇ ਆ ਗਿਆ। ਉਸ ਦੀ ਸ਼ਨਾਖ਼ਤ ਕਪੂਰਥਲਾ ਵਾਸੀ ਕੁਲਜਿੰਦਰ ਸਿੰਘ ਵਜੋਂ ਹੋਈ ਹੈ। ਉਹ ਕਹਿ ਰਿਹਾ ਸੀ ਕਿ ਸਾਡਾ ਕਿਸੇ ਧਰਮ ਨਾਲ ਵੈਰ ਨਹੀਂ ਹੋਣਾ ਚਾਹੀਦਾ, ਜਿਹੜੇ ਲੋਕ ਧਰਮ ਨੂੰ ਨਹੀਂ ਮੰਨਦੇ, ਉਨ੍ਹਾਂ ਨਾਲ ਉਸ ਦਾ ਵੈਰ ਹੈ। ਇਸ ਤੋਂ ਪਹਿਲਾਂ ਕੁਲਜਿੰਦਰ ਕੁਝ ਹੋਰ ਆਖਦਾ, ਵਾਰਿਸ ਪੰਜਾਬ ਦੇ ਸੰਸਥਾ ਦੇ ਵਰਕਰਾਂ ਨੇ ਉਸ ਨੂੰ ਫੜ ਕੇ ਦਰਬਾਰ ਸਾਹਿਬ ਤੋਂ ਬਾਹਰ ਕੱਢ ਦਿੱਤਾ।

### ਅੰਮ੍ਰਿਤਪਾਲ ਸਿੰਘ ਅਸਲਾ ਵਿਖਾ ਕੇ ਪੰਜਾਬ ਦੇ ਲੋਕਾਂ ਨੂੰ ਡਰਾ ਰਿਹੈ : ਐੱਮਪੀ ਬਿੱਟੂ

ਲੁਧਿਆਣਾ : ਕਾਂਗਰਸੀ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਅੰਮ੍ਰਿਤਪਾਲ ਤੇ ਉਸ ਦੇ ਹਮਾਇਤੀ ਪੰਜਾਬ ਵਿਚ ਡਰ ਦਾ ਮਾਹੌਲ ਬਣਾ ਰਹੇ ਹਨ। ਅਸਲਾ ਵਿਖਾ ਕੇ ਲੋਕਾਂ ਨੂੰ ਡਰਾਇਆ ਜਾ ਰਿਹਾ ਹੈ। ਦਰਬਾਰ ਸਾਹਿਬ ਅੰਮ੍ਰਿਤਸਰ ਜਿਹੀ ਪਵਿੱਤਰ ਜਗ੍ਹਾ 'ਤੇ ਅੰਮ੍ਰਿਤਪਾਲ ਦੇ ਨਾਲ ਉਸ ਦੇ ਹਮਾਇਤੀ ਬੰਦੂਕਾਂ ਲਹਿਰਾ ਕੇ ਘੁੰਮ ਫਿਰ ਰਹੇ ਸਨ। ਗੁਰੂਘਰ ਵਿਚ ਬੰਦੂਕਾਂ ਲੈ ਕੇ ਜਾਣਾ ਸਰਾਸਰ ਗ਼ਲਤ ਹੈ ਪਰ ਇਸ ਦੇ ਬਾਵਜੂਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਖ਼ਾਮੋਸ਼ ਕਿਉਂ ਹੈ। ਜਦੋਂ ਇਹੀ ਲੋਕ ਬੰਦੂਕਾਂ ਲੈ ਕੇ ਡੇਰੇ ਬਣਾਉਣਗੇ, ਆਪਣੇ ਅੱਡੇ ਕਾਇਮ ਕਰਨਗੇ ਤਾਂ ਫਿਰ ਸਰਕਾਰ ਨੂੰ ਤਕਲੀਫ਼ ਹੋਵੇਗੀ। ਮੁੱਖ ਮੰਤਰੀ ਭਗਵੰਤ ਮਾਨ ਨੂੰ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਵਾਲੇ ਇਨ੍ਹਾਂ ਵਿਅਕਤੀਆਂ 'ਤੇ ਕਾਰਵਾਈ ਕਰਨੀ ਚਾਹੀਦੀ ਹੈ। ਅਸਲਾ ਕਲਚਰ ਨੂੰ ਖ਼ਤਮ ਕਰਨ ਲਈ ਸਖ਼ਤ ਸਟੈਂਡ ਲੈਣ ਦੀ ਜ਼ਰੂਰਤ ਹੈ। ਜੇ ਹਕੂਮਤ ਸਖ਼ਤ ਸਟੈਂਡ ਨਹੀਂ ਲੈਂਦੀ ਤਾਂ ਆਉਂਦੇ ਦਿਨੀਂ ਸੂਬੇ ਦੇ ਹਾਲਾਤ ਖ਼ਰਾਬ ਹੋ ਸਕਦੇ ਹਨ। ਸਰਕਾਰ ਦੀ ਖ਼ਾਮੋਸ਼ੀ ਵੇਖ ਕੇ ਜਾਪਦਾ ਹੈ ਕਿ ਉਨ੍ਹਾਂ ਕੋਲ ਕਾਰਵਾਈ ਕਰਨ ਦੀ ਹਿੰਮਤ ਨਹੀਂ ਹੈ।



# ਭਾਰਤੀ ਸਿਆਸਤ ਦੀ ਛਤਰ ਛਾਇਆ ਹੇਠ ਪਾਖੰਡੀ ਰਾਮ ਰਹੀਮ

ਵਿਸ਼ੇਸ਼ ਰਿਪੋਰਟ



ਸਰਬਜੀਤ ਕੌਰ ਸਰਬ

*ਭਾਰਤੀ ਸਿਆਸਤ ਵਿੱਚ ਇਨ੍ਹਾਂ ਡੇਰਿਆਂ ਨੂੰ ਇਸ ਲਈ ਪ੍ਰਮੁੱਖਤਾ ਦਿੱਤੀ ਜਾਂਦੀ ਹੈ ਕਿਉਂ ਕੀ ਇਨ੍ਹਾਂ ਪਾਖੰਡੀ ਸਾਧਾਂ ਨਾਲ ਭਾਰਤ ਦੀ ਮੂਰਖ ਜਨਤਾ ਵਧੇਰੇ ਜੁੜੀ ਹੈ, ਜਿਨ੍ਹਾਂ ਤੋਂ ਜਿਧਰ ਚਾਹੇ ਭੇਡਾਂ ਦੀ ਤਰ੍ਹਾਂ ਵੋਟਾਂ ਪੁਆਈਆਂ ਜਾ ਸਕਦੀਆਂ ਹਨ । ਇਹ ਉਹ ਲੋਕ ਹਨ ਜਿਨ੍ਹਾਂ ਨੂੰ ਸੱਚ ਦਾ ਨਹੀਂ ਪਤਾ ਜਾਂ ਇਨ੍ਹਾਂ ਦੀ ਮਾਨਸਿਕਤਾ ਏਨੀ ਕਮਜ਼ੋਰ ਹੋ ਗਈ ਹੈ ਕੀ ਓਹ ਆਪਣੇ ਦਿਮਾਗ ਤੋਂ ਕਦੇ ਕੰਮ ਨਹੀਂ ਲੈਂਦੇ।*



ਇਸ ਗੱਲ ਵਿਚ ਕੋਈ ਅਤਕਥਨੀ ਨਹੀਂ ਹੈ ਕਿ, ਭਾਰਤ ਦੀ ਰਾਜਨੈਤਿਕ ਸਿਆਸਤ ਗੁਰਮੀਤ ਰਾਮ ਰਹੀਮ ਜਿਹੇ ਪਾਖੰਡੀ ਸਾਧਾਂ ਉੱਤੇ ਨਿਰਭਰ ਹੈ। ਜਿਨ੍ਹਾਂ ਨੂੰ ਬਿਨਾਂ ਕਿਸੇ ਔਕੜਾਂ ਤੋਂ ਕੁਝ ਸਮੇਂ ਬਾਅਦ ਹੀ ਪੈਰੋਲ ਮਿਲ ਜਾਂਦੀ ਹੈ ਤੇ ਦੂਜੇ ਪਾਸੇ ਸਿੱਖ ਕੌਮ ਦੇ ਬੰਦੀ ਸਿੰਘਾਂ ਜਿਨ੍ਹਾਂ ਦੀਆਂ ਸਜ਼ਾਵਾਂ ਵੀ ਪੂਰੀਆਂ ਹੋ ਚੁੱਕੀਆਂ ਹਨ ਉਨ੍ਹਾਂ ਦੀ ਰਿਹਾਈ ਲਈ ਲੱਖਾਂ ਯਤਨ ਕਰਨ ਦੇ ਬਾਵਜੂਦ ਸਰਕਾਰਾਂ ਉਨ੍ਹਾਂ ਨੂੰ ਰਿਹਾਅ ਨਹੀਂ ਕਰ ਰਹੀਆਂ। ਇੱਥੇ ਇੱਕ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਭਾਰਤ ਦੀ ਰਾਜਨੀਤੀ ਸਿਰਫ ਗਰੀਬਾਂ ਨੂੰ ਦਬਾਉਣ ਤੇ ਰੁਪਏ ਕਮਾਉਣ ਲਈ ਕੀਤੀ ਜਾਂਦੀ ਹੈ। ਜਿੱਥੇ ਆਏ ਦਿਨ ਸਿਆਸਤੀ ਲੀਡਰਾਂ ਕੋਲੋਂ ਕਰੋੜਾਂ ਰੁਪਏ ਜ਼ਬਤ ਕੀਤੇ ਜਾਂਦੇ ਹਨ ਪਰ ਫਿਰ ਵੀ ਇਹ ਡੇਰਾ ਸਾਧਾਂ ਦੀ ਮਦਦ ਨਾਲ ਸਿਆਸਤ ਵਿਚ ਆਪਣਾ ਪ੍ਰਭਾਵ ਕਾਇਮ ਰੱਖਦੇ ਹਨ।

ਸਾਧਵੀ ਯੌਨ ਸ਼ੋਸ਼ਣ ਅਤੇ ਹੱਤਿਆ ਦੇ ਕੇਸਾਂ ਵਿੱਚ ਸਜ਼ਾ ਕੱਟ ਰਹੇ ਰਾਮ ਰਹੀਮ ਦੀ ਪੈਰੋਲ ਦਾ ਮਾਮਲਾ ਬੇਸ਼ੱਕ ਹਾਈਕੋਰਟ ਪਹੁੰਚ



ਗਿਆ ਹੈ ਜਿਥੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਐਡਵੋਕੇਟ ਐੱਚਸੀ ਅਰੋੜਾ ਨੇ ਪੈਰੋਲ ਦੇ ਉਲਟ ਵਿਵਾਦ ਪੇਸ਼ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਰਾਮ ਰਹੀਮ ਦੀ ਪੈਰੋਲ ਉਤੇ ਹਰਿਆਣਾ ਸਰਕਾਰ ਕਾਨੂੰਨੀ ਨਿਯਮਾਂ ਦੀ ਅਣਦੇਖੀ ਕਰ ਰਹੀ ਹੈ। ਉਹੀਂ, ਹਰਿਆਣਾ ਸਰਕਾਰ ਨੇ ਰਾਮ ਰਹੀਮ ਦੀ ਪੈਰੋਲ 'ਤੇ ਪੰਜਾਬ ਤੋਂ ਵੀ ਰਾਇ ਨਹੀਂ ਲਈ ਤੇ ਇਸ ਸਮੇਂ ਡੇਰਾ ਮੁਖੀ ਰਾਮ ਰਹੀਮ 40 ਦਿਨ ਦੀ ਪੈਰੋਲ 'ਤੇ ਰੋਹਤਕ ਦੀ ਸੁਨਾਰੀਆ ਜੇਲ੍ਹ ਤੋਂ ਬਾਹਰ ਆਇਆ ਹੈ ਤੇ ਉਹ ਉੱਤਰ ਪ੍ਰਦੇਸ਼ ਦੇ ਬਾਗਪਤ ਸਥਿਤ ਬਰਨਾਵਾ ਆਸ਼ਰਮ ਤੋਂ ਆਨਲਾਈਨ ਸਤਸੰਗ ਕਰ ਰਿਹਾ ਹੈ। ਐਡਵੋਕੇਟ ਐਚ.ਸੀ ਅਰੋੜਾ ਨੇ ਇਹ ਵੀ ਕਿਹਾ ਕਿ ਰਾਮ ਰਹੀਮ ਦੀ ਪੈਰੋਲ ਤੋਂ ਸ਼ਾਂਤੀ ਭੰਗ ਹੁੰਦੀ ਹੈ। ਰਾਮ ਰਹੀਮ ਦੇ ਆਨਲਾਈਨ ਸਤਸੰਗ ਕਾਰਨ ਪੰਜਾਬ ਵਿੱਚ ਮਹੌਲ ਬਿਗੜ ਰਿਹਾ ਹੈ। ਜਿਸ ਦੀ ਉਦਾਰਨ ਬਠਿੰਡਾ ਵਿਚ ਦਾਰਾ ਸਲਾਬਤਪੁਰਾ 'ਚ ਹੋਇਆ ਪ੍ਰਦਰਸ਼ਨ ਹੈ।

ਰਾਮ ਰਹੀਮ ਨੇ ਜੇਲ੍ਹ ਤੋਂ ਬਾਹਰ ਆਉਂਦੇ ਹੀ ਜਦੋਂ ਤੋਂ ਆਨਲਾਈਨ ਸਤਿਸੰਗ ਸ਼ੁਰੂ ਕੀਤਾ ਤਦ ਉਥੇ ਭਾਜਪਾ ਆਗੂ ਪੁੱਜਣੇ ਸ਼ੁਰੂ ਹੋ ਗਏ। ਕਰਨਾਲ ਦੀ ਮੇਅਰ ਰੇਣੂ ਬਾਲਾ ਸਭ ਤੋਂ ਪਹਿਲਾਂ ਪਹੁੰਚੀ। ਫਿਰ ਹਰਿਆਣਾ ਦੇ ਡਿਪਟੀ ਸਪੀਕਰ ਰਣਬੀਰ ਗੰਗਵਾ ਅਤੇ ਹਿਸਾਰ ਦੇ ਮੇਅਰ ਗੌਤਮ ਸਰਦਾਨਾ ਦੀ ਪਤਨੀ ਵੀ ਆਸ਼ੀਰਵਾਦ ਲੈਣ ਲਈ ਸ਼ਾਮਲ ਹੋਈ। ਇੰਨਾ ਹੀ ਨਹੀਂ ਹਿਮਾਚਲ ਪ੍ਰਦੇਸ਼ ਦੀ ਭਾਜਪਾ ਸਰਕਾਰ ਦੇ ਟਰਾਂਸਪੋਰਟ ਮੰਤਰੀ ਬਿਕਰਮ ਠਾਕੁਰ ਵੀ ਆਨਲਾਈਨ ਸਤਿਸੰਗ 'ਚ ਸ਼ਾਮਲ ਹੋਏ। ਪੰਜਾਬ ਦੀ ਆਪ ਸਰਕਾਰ ਦੇ ਨੇਤਾ ਵੀ ਪਿੱਛੇ ਨਹੀਂ ਰਹੇ ਉਨ੍ਹਾਂ ਨੇ ਵੀ ਆਪਣੀ ਹਾਜ਼ਰੀ ਭਰ ਕੇ ਸਾਬਤ ਕਰ ਦਿਤਾ ਕਿ ਆਪਣੀ ਕੁਰਸੀ ਨੂੰ ਕਾਇਮ ਰੱਖਣ ਲਈ ਸਾਧਾਂ ਦੀ। ਨੇਤਾਵਾਂ ਦੀ ਸ਼ਮੂਲੀਅਤ ਨੇ ਇਹ ਚਰਚਾ ਪੈਦਾ ਕਰ ਦਿੱਤੀ ਹੈ ਕਿ ਆਦਮਪੁਰ ਜ਼ਿਮਨੀ ਚੋਣ, ਹਰਿਆਣਾ ਦੀ ਪੰਚਾਇਤੀ ਚੋਣਾਂ ਅਤੇ ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਕਾਰਨ ਰਾਮ ਰਹੀਮ ਨੂੰ ਬਾਹਰ ਲਿਆਂਦਾ ਗਿਆ ਹੈ। ਭਾਰਤੀ ਸਿਆਸਤ ਵਿੱਚ ਇਨ੍ਹਾਂ ਡੇਰਿਆਂ ਨੂੰ ਇਸ ਲਈ ਹੀ ਪ੍ਰਮੁੱਖਤਾ ਦਿੱਤੀ ਜਾਂਦੀ ਹੈ ਕਿਉਂਕਿ ਇਨ੍ਹਾਂ ਪਾਖੰਡੀ ਸਾਧਾਂ ਨਾਲ ਭਾਰਤ ਦੀ ਮੂਰਖ ਜਨਤਾ ਵਧੇਰੇ ਜੁੜੀ ਹੁੰਦੀ ਹੈ ਜਿਨ੍ਹਾਂ ਨੂੰ ਜਿਧਰ ਚਾਹੇ ਭੇਡਾਂ ਦੀ ਤਰ੍ਹਾਂ ਵੋਟਾਂ ਪੁਆਈਆਂ ਜਾਂਦੀਆਂ ਹਨ । ਇਹ ਉਹ ਲੋਕ ਹਨ ਜਿਨ੍ਹਾਂ ਨੂੰ ਸੱਚ ਦਾ ਨਹੀਂ ਪਤਾ ਜਾਂ ਇਨ੍ਹਾਂ ਦੀ ਮਾਨਸਿਕਤਾ ਏਨੀ ਕਮਜ਼ੋਰ ਹੋ ਗਈ ਹੈ ਕੀ ਓਹ ਆਪਣੇ ਦਿਮਾਗ ਤੋਂ ਕੰਮ ਲੈਣਾ ਬੰਦ ਕਰ ਦਿੰਦੇ ਹਨ । ਗੁਰਮੀਤ ਰਾਮ ਰਹੀਮ ਉਹ ਪਾਖੰਡੀ ਸਾਧ ਜੋ ਆਪਣੇ ਕਹੇ ਸ਼ਬਦਾਂ ਉੱਤੇ ਉਹ ਖੁਦ ਅਮਲ ਨਹੀਂ ਕਰਦਾ। ਜਦੋਂ ਤੱਕ ਭਾਰਤ ਦੀ ਜਨਤਾ ਅਜਿਹੇ ਸਾਧਾਂ ਦੀ ਲਪੇਟ ਵਿੱਚ ਰਹੇਗੀ ਉਦੋਂ ਤਕ ਪਾਖੰਡਵਾਦ ਐਵੇਂ ਹੀ ਚੱਲਦਾ ਰਹੇਗਾ।

ਪੰਜਾਬ ਦੀ ਪਵਿੱਤਰ ਧਰਤੀ ਉੱਤੇ ਇਨ੍ਹਾਂ ਪਾਖੰਡੀਆਂ ਸਾਧਾਂ ਨੇ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਦੋਸ਼ ਇਨ੍ਹਾਂ ਸਾਧਾਂ ਦਾ ਨਹੀਂ ਸਗੋਂ ਸਾਡੇ ਲੋਕਾਂ ਦਾ ਹੈ, ਮੀਡੀਆ ਚੈਨਲਾਂ ਦਾ ਹੈ ਜੋ ਇਨ੍ਹਾਂ ਦੇ ਪ੍ਰਚਾਰ ਨੂੰ ਬੜ੍ਹਾਵਾ ਦੇ ਰਹੇ ਹਨ। ਨਿੱਤ ਡੇਰਿਆਂ ਵਿੱਚ ਜਾ ਕੇ ਅਜਿਹੇ ਪਾਖੰਡੀ ਲੋਕਾਂ ਦੇ ਪੈਰਾਂ ਵਿੱਚ ਆਪਣਾ ਸਿਰ ਝੁਕਾ ਰਹੇ ਹਨ।

ਦਰਪਣ ਝੂਠ ਨਹੀਂ ਬੋਲਦਾ

# ਅਮਰੀਕਨ ਸਿੱਖ ਪੁਲਿਸ ਅਧਿਕਾਰੀ ਸੰਦੀਪ ਸਿੰਘ ਧਾਲੀਵਾਲ ਦੇ ਕਾਤਲ ਨੂੰ ਮੌਤ ਦੀ ਸਜ਼ਾ



ਅਮਰੀਕੀ ਰਾਜ ਟੈਕਸਾਸ ਵਿੱਚ 2019 ਵਿੱਚ ਪਹਿਲੇ ਦਸਤਾਰਧਾਰੀ ਭਾਰਤੀ-ਅਮਰੀਕੀ ਸਿੱਖ ਪੁਲਿਸ ਅਧਿਕਾਰੀ ਸੰਦੀਪ ਧਾਲੀਵਾਲ ਦੀ ਹੱਤਿਆ ਦੇ ਦੋਸ਼ੀ ਰਾਬਰਟ ਸੋਲਿਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ। ਇਹ ਫੈਸਲਾ ਨਾਗਰਿਕਾਂ ਦੇ ਬਣੇ ਪੈਨਲ ਜਿਊਰੀ ਵੱਲੋਂ ਦਿੱਤਾ ਗਿਆ। ਸੋਲਿਸ ਨੇ ਸਜ਼ਾ ਸੁਣਨ ਤੋਂ ਬਾਅਦ ਕੋਈ ਪ੍ਰਤੀਕਿਰਿਆ ਨਹੀਂ ਕੀਤੀ। ਯਾਦ ਰਹੇ ਕਿ ਸਤੰਬਰ, 2019 ਵਿੱਚ ਅਮਰੀਕਾ ਹੈਰਿਸ ਕਾਉਂਟੀ ਸ਼ੈਰਿਫ ਦੇ ਡਿਪਟੀ ਸੰਦੀਪ ਸਿੰਘ ਧਾਲੀਵਾਲ ਨੂੰ ਟ੍ਰੈਫ਼ਿਕ ਸਿਗਨਲ ’ਤੇ ਰੋਕੀ ਗਈ ਗੱਡੀ ’ਚੋਂ ਨਿਕਲ ਕੇ ਇੱਕ ਗੁੰਡੇ ਨੇ ਗੋਲੀ ਮਾਰੀ ਸੀ। ਇਸ ਤੋਂ ਬਾਅਦ ਮੁਲਜ਼ਮ ਅਤੇ ਔਰਤ ਦੋਵਾਂ ਨੂੰ ਹਿਰਾਸਤ ਵਿੱਚ ਵੀ ਲੈ ਲਿਆ ਗਿਆ ਸੀ।

ਹੈਰਿਸ ਕਾਉਂਟੀ ਸ਼ੈਰਿਫ ਦੇ ਦਫ਼ਤਰ ਵੱਲੋਂ ਜਾਣਕਾਰੀ ਦਿੱਤੀ ਗਈ ਸੀ ਕਿ 47 ਸਾਲਾ ਰੌਬਰਟ ਸੋਲਿਸ ’ਤੇ ਡਿਪਟੀ ਧਾਲੀਵਾਲ ਦੀ ਮੌਤ ਲਈ ਕਤਲ ਦਾ ਇਲਜ਼ਾਮ ਲਗਾਇਆ ਗਿਆ ਸੀ। ਤਿੰਨ ਬੱਚਿਆਂ ਦੇ ਪਿਤਾ, ਸੰਦੀਪ ਧਾਲੀਵਾਲ ਦਾ ਕਤਲ, ਅਮਰੀਕਾ ਅਤੇ ਦੁਨੀਆਂ ਭਰ ਦੇ ਸਿੱਖ ਭਾਈਚਾਰੇ ਲਈ ਵਡਾ ਸਦਮਾ ਸੀ। ਡਿਪਟੀ ਧਾਲੀਵਾਲ ਨੇ ਟੈਕਸਸ ਦੀ ਹੈਰਿਸ ਕਾਉਂਟੀ ਵਿੱਚ ਸ਼ੈਰਿਫ ਦੇ ਡਿਪਟੀ ਬਣਨ ਵਾਲੇ ਪਹਿਲੇ ਸਿੱਖ ਵਜੋਂ ਇਤਿਹਾਸ ਰਚਿਆ ਸੀ। ਸਾਲ 2015 ਤੋਂ ਲੈ ਕੇ ਸੰਦੀਪ ਧਾਲੀਵਾਲ ਟੈਕਸਸ ਵਿੱਚ ਆਪਣੇ ਸਿੱਖੀ ਸਰੂਪ ਸਣੇ ਆਪਣੀਆਂ ਸੇਵਾਵਾਂ ਨਿਭਾਈਆਂ।

ਉਨ੍ਹਾਂ ਨੇ ਗਸ਼ਤ ਦੌਰਾਨ ਆਪਣੀ ਪੱਗ ਬੰਨ੍ਹਣ ਅਤੇ ਦਾੜ੍ਹੀ ਰੱਖਣ ਦੀ ਇਜਾਜ਼ਤ ਵੀ ਹਾਸਿਲ ਕੀਤੀ ਸੀ। ਸ਼ੈਰਿਫ ਈਡੀ ਗੋਂਜ਼ਾਲੇਜ਼ ਨੇ ਉਸ ਵੇਲੇ ਕਿਹਾ ਸੀ, ਉਸ ਨੇ ਪੱਗ ਬੰਨ੍ਹੀ ਸੀ, ਉਸਨੇ ਇਮਾਨਦਾਰੀ, ਸਤਿਕਾਰ ਅਤੇ ਮਾਣ ਨਾਲ ਆਪਣੇ ਭਾਈਚਾਰੇ ਦੀ ਨੁਮਾਇੰਦਗੀ ਕੀਤੀ ਸੀ।ਹੈਰਿਸ ਕਾਉਂਟੀ ਸ਼ੈਰਿਫ ਨੇ ਕਿਹਾ ਸੀ ਕਿ ਡਿਪਟੀ ਧਾਲੀਵਾਲ ‘ਇੱਕ ਨਾਇਕ ਸੀ, ਉਹ ਭਾਈਚਾਰੇ ਦਾ ਇੱਕ ਸਤਿਕਾਰਤ ਮੈਂਬਰ ਸੀ ਅਤੇ ਉਹ ਇੱਕ ਟ੍ਰੇਲਬਲੇਜ਼ਰ ਸੀ।’ ਪੁਲਿਸ ਅਧਿਕਾਰੀਆਂ ਨੇ ਉਸ ਵੇਲੇ ਸੰਦੀਪ ਧਾਲੀਵਾਲ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਕੈਂਡਲ ਮਾਰਚ ਸਣੇ ਕਈ ਪ੍ਰੋਗਰਾਮ ਵੀ ਉਲੀਕੇ ਸਨ। ਅਮਰੀਕਾ ਦੇ ਨਾਲ-ਨਾਲ ਯੂਕੇ ਦੇ ਵੌਲਵਰਹੈਂਪਟਨ ਵਿੱਚ ਵੀ ਸੈਂਕੜੇ ਲੋਕਾਂ ਨੇ ਸਿੱਖ ਅਮਰੀਕੀ ਪੁਲਿਸ ਅਫ਼ਸਰ ਸੰਦੀਪ ਧਾਲੀਵਾਲ ਨੂੰ ਸ਼ਰਧਾਂਜਲੀ ਦਿੱਤੀ ਸੀ।

ਸ਼ੈਰਿਫ਼ ਈਡੀ ਗੌਂਜ਼ਾਲੇਜ਼ ਨੇ ਟਵੀਟ ਕਰ ਕੇ ਜਾਣਕਾਰੀ ਦਿੱਤੀ ਹੈ ਧਾਲੀਵਾਲ ਕਤਲ ਕੇਸ ਦਾ ਫ਼ੈਸਲਾ ਆ ਗਿਆ ਹੈ। ਉਨ੍ਹਾਂ ਨੇ ਲਿਖਿਆ, ‘ਜੱਜਾਂ ਨੇ ਰੌਬਰਟ ਸੋਲਿਸ (ਕਾਤਲ) ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਅਸੀਂ ਬਹੁਤ ਸ਼ੁਕਰਗੁਜ਼ਾਰ ਹਾਂ ਕਿ ਇਨਸਾਫ਼ ਮਿਲਿਆ ਹੈ।’

# ਕੇਂਦਰ ਸਰਕਾਰ ਐਨ.ਆਈ.ਏ. ਰਾਹੀਂ ਪੰਜਾਬ ਨੂੰ ਕੰਟਰੋਲ ਕਰਨ ਲੱਗੀ

> ➢ ਮੋਦੀ ਪੁਲਿਸ ਲਈ ਇਕ ਰਾਸ਼ਟਰ ਇਕ ਵਰਦੀ ਦੇ ਪੱਖ ਵਿਚ
> ➢ ਬਾਦਲ ਦਲ ਨੇ ਪੰਜਾਬ ਦਾ ਕੇਂਦਰੀ ਫੈਂਜੀਕਰਨ ਬਾਰੇ ਮੁੱਖ ਮੰਤਰੀ ਦੀ ਚੁੱਪੀ ਦੀ ਕੀਤੀ ਨਿਖੇਧੀ






ਕੇਂਦਰ ਸਰਕਾਰ ਐਨ ਆਈ ਏ ਰਾਹੀਂ ਪੰਜਾਬ ਨੂੰ ਕੰਟਰੋਲ ਕਰਨ ਲਗੀ ਹੈ।ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੀਤੇ ਦਿਨੀਂ ਕਿਹਾ ਕਿ ਸਰਹੱਦ ਪਾਰ ਅਪਰਾਧਾਂ ਦੇ ਅਸਰਦਾਰ ਟਾਕਰੇ ਲਈ ਰਾਜਾਂ ਤੇ ਕੇਂਦਰ ਦੀ ਸਮੂਹਿਕ ਜ਼ਿੰਮੇਵਾਰੀ ਬਣਦੀ ਹੈ। ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ ਨਰਿੰਦਰ ਮੋਦੀ ਸਰਕਾਰ ਨੂੰ ਅੰਦਰੂਨੀ ਸੁਰੱਖਿਆ ਨਾਲ ਜੁੜੇ ਸਾਰੇ ਮੋਰਚਿਆਂ ’ਤੇ ਰਿਕਾਰਡ ਸਫ਼ਲਤਾ ਮਿਲੀ ਹੈ। ਸ੍ਰੀ ਸ਼ਾਹ ‘ਦ੍ਰਿਸ਼ਟੀਕੋਣ 2047’ ਤੇ ‘ਪੰਚ ਪ੍ਰਣ’, ਜਿਨ੍ਹਾਂ ਦਾ ਪ੍ਰਧਾਨ ਮੰਤਰੀ ਮੋਦੀ ਨੇ ਆਜ਼ਾਦੀ ਦਿਹਾੜੇ ਦੀ ਆਪਣੀ ਤਕਰੀਰ ਵਿੱਚ ਐਲਾਨ ਕੀਤਾ ਸੀ, ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਦੀ ਕਾਰਜ ਯੋਜਨਾ ਤਿਆਰ ਕਰਨ ਦੇ ਮੰਤਵ ਨਾਲ ਸੱਦੇ ਦੋ ਰੋਜ਼ਾ ‘ਚਿੰਤਨ ਸ਼ਿਵਿਰ’ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਅਤਿਵਾਦ ਦੇ ਟਾਕਰੇ ਦੀ ਰਣਨੀਤੀ ਵਜੋਂ 2024 ਤੱਕ ਸਾਰੇ ਰਾਜਾਂ ਵਿੱਚ ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਦੇ ਦਫ਼ਤਰ ਹੋਣਗੇ। ਸ਼ਾਹ ਨੇ ਕਿਹਾ, ‘ਸਾਡੇ ਸੰਵਿਧਾਨ ਵਿੱਚ ਕਾਨੂੰਨ ਤੇ ਵਿਵਸਥਾ ਰਾਜ ਦਾ ਵਿਸ਼ਾ ਹੈ, ਪਰ ਅਸੀਂ ਸਰਹੱਦ ਪਾਰ ਜਾਂ ਸਰਹੱਦ ਰਹਿਤ ਅਪਰਾਧਾਂ ਵਿਰੁੱਧ ਤਾਂ ਹੀ ਸਫਲ ਹੋ ਸਕਦੇ ਹਾਂ ਜਦੋਂ ਸਾਰੇ ਰਾਜ ਇਨ੍ਹਾਂ ’ਤੇ ਵਿਚਾਰ ਚਰਚਾ ਕਰਨ ਲਈ ਸਿਰ ਜੋੜ ਕੇ ਬੈਠਣ, ਇੱਕ ਸਾਂਝੀ ਰਣਨੀਤੀ ਬਣਾਉਣ ਤੇ ਇਨ੍ਹਾਂ (ਅਪਰਾਧਾਂ) ਨੂੰ ਰੋਕਣ ਲਈ ਯਤਨ ਕਰਨ।’ ਉਨ੍ਹਾਂ ਕਿਹਾ, ‘ਅਸੀਂ ਕੌਮੀ ਜਾਂਚ ਏਜੰਸੀ (ਐੱਨਆਈਏ) ਤੇ ਗੈਰਕਾਨੂੰਨੀ ਸਰਗਰਮੀਆਂ ਰੋਕੂ ਐਕਟ (ਯੂਏਪੀਏ) ਵਿੱਚ ਮਹੱਤਵਪੂਰਨ ਬਦਲਾਅ ਕਰਦਿਆਂ ਸੰਘੀ ਏਜੰਸੀਆਂ ਨੂੰ ਵਾਧੂ ਤਾਕਤਾਂ ਦਿੱਤੀਆਂ ਹਨ। ‘ਜਲਦੀ ਹੀ ਸੀਆਰਪੀਸੀ ਤੇ ਆਈਪੀਸੀ ਬਾਰੇ ਨਵੇਂ ਖਰੜੇ ਸੰਸਦ ਵਿੱਚ ਲਿਆਂਦੇ ਜਾਣਗੇ।’

ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ, ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ, ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ, ਕੇਂਦਰੀ ਬਿਜਲੀ ਅਤੇ ਭਾਰੀ ਉਦਯੋਗ ਰਾਜ ਮੰਤਰੀ ਅਤੇ ਫਰੀਦਾਬਾਦ ਦੇ ਸੰਸਦ ਮੈਂਬਰ ਕ੍ਰਿਸ਼ਨ ਪਾਲ ਗੁਰਜਰ ਤੇ ਭਾਜਪਾ ਦੀ ਸੂਬਾ ਇਕਾਈ ਦੇ ਮੁਖੀ ਓਪੀ ਧਨਖੜ ਵੀ ਮੌਜੂਦ ਸਨ। ਗ਼ੈਰ ਭਾਜਪਾ ਸ਼ਾਸਿਤ ਰਾਜਾਂ ਦੇ ਮੁੱਖ ਮੰਤਰੀ, ਜਿਨ੍ਹਾਂ ਕੋਲ ਗ੍ਰਹਿ ਮੰਤਰਾਲਾ ਵੀ ਹੈ, ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਵਿਉਂਤੇ ਦੋ ਰੋਜ਼ਾ ਚਿੰਤਨ ਸ਼ਿਵਿਰ ’ਚੋਂ ਗੈਰਹਾਜ਼ਰ ਰਹੇ। ਮੀਟਿੰਗ ਵਿੱਚ ਸ਼ਾਮਲ ਨਾ ਹੋਣ ਵਾਲੇ ਅਜਿਹੇ ਮੁੱਖ ਮੰਤਰੀਆਂ ਵਿੱਚ ਮਮਤਾ ਬੈਨਰਜੀ (ਪੱਛਮੀ ਬੰਗਾਲ), ਨਿਤੀਸ਼ ਕੁਮਾਰ (ਬਿਹਾਰ), ਨਵੀਨ ਪਟਨਾਇਕ (ਉੜੀਸਾ), ਐੱਮ ਕੇ ਸਟਾਲਿਨ (ਤਾਮਿਲਨਾਡੂ) ਤੇ ਅਸ਼ੋਕ ਗਹਿਲੋਤ (ਰਾਜਸਥਾਨ) ਸ਼ਾਮਲ ਹਨ। ਸਿਰਫ ਦੋ ਗੈਰ-ਭਾਜਪਾ ਮੁੱਖ ਮੰਤਰੀਆਂ ਪੰਜਾਬ ਦੇ ਭਗਵੰਤ ਮਾਨ ਤੇ ਕੇਰਲਾ ਦੇ ਪਿਨਾਰਈ ਵਿਜਯਨ ਨੇ ਹੀ ਕਾਨਫਰੰਸ ਵਿਚ ਸ਼ਿਰਕਤ ਕਰਦਿਆਂ ਹਮਾਇਤ ਕੀਤੀ। ਕਾਂਗਰਸ ਸ਼ਾਸਿਤ ਛੱਤੀਸਗੜ੍ਹ ਦੇ ਗ੍ਰਹਿ ਮੰਤਰੀ ਤਮਰਾਧਵਾਜ ਸਾਹੂ ਨੇ ਮੀਟਿੰਗ ਵਿਚ ਹਾਜ਼ਰੀ ਭਰੀ। ਪਰ ਭਗਵੰਤ ਮਾਨ ਨੇ ਪੰਜਾਬ ਦੇ ਕੇਂਦਰੀ ਫੈਂਜੀਕਰਨ ਦਾ ਵਿਰੋਧ ਨਾ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਪੁਲੀਸ ਲਈ ਇੱਕ ਰਾਸ਼ਟਰ, ਇੱਕ ਵਰਦੀ ਦਾ ਵਿਚਾਰ ਪੇਸ਼ ਕੀਤਾ ਅਤੇ ਕਿਹਾ ਕਿ ਇਹ ਉਨ੍ਹਾਂ ਵੱਲੋਂ ਸਿਰਫ਼ ਇੱਕ ਵਿਚਾਰ ਹੈ ਅਤੇ ਉਹ ਇਸ ਨੂੰ ਰਾਜਾਂ ’ਤੇ ਥੋਪਣ ਦੀ ਕੋਸ਼ਿਸ਼ ਨਹੀਂ ਕਰ ਰਹੇ। ਇਸ ਦੇ ਨਾਲ ਉਨ੍ਹਾਂ ਸਾਰੇ ਰਾਜਾਂ ਨੂੰ ਅੰਦਰੂਨੀ ਸੁਰੱਖਿਆ ਲਈ ਮਿਲ ਕੇ ਕੰਮ ਕਰਨ ’ਤੇ ਜ਼ੋਰ ਦਿੰਦਿਆਂ ਕਿਹਾ ਕਿ ਅਮਨ-ਕਾਨੂੰਨ ਦਾ ਸਿੱਧਾ ਸਬੰਧ ਵਿਕਾਸ ਨਾਲ ਹੈ। ਇਸ ਲਈ ਸ਼ਾਂਤੀ ਬਰਕਰਾਰ ਰੱਖਣਾ ਸਾਰਿਆਂ ਦੀ ਜ਼ਿੰਮੇਵਾਰੀ ਹੈ। ਇਥੇ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਸਾਰੇ ਰਾਜਾਂ ਦੇ ਗ੍ਰਹਿ ਮੰਤਰੀਆਂ ਲਈ **(ਬਾਕੀ ਸਫ਼ਾ 34 ’ਤੇ)**

# ਡੈੱਨਮਾਰਕ ਪਾਰਲੀਮੈਂਟ ਦੀਆਂ ਚੋਣਾਂ ਪਿੰਡ ਜਟਾਣਾ ਦੀ ਧੀ ਜੈਸਮੀਨ ਕੌਰ ਲੜਨ ਲੱਗੀ



ਐੱਸਵਾਈਐੱਲ ਨਾਲ ਦੇਸ਼-ਵਿਦੇਸ਼ ਵਿਚ ਚਰਚਾ ਵਿਚ ਆਇਆ ਰੋਪੜ ਜ਼ਿਲ੍ਹੇ ਦਾ ਪਿੰਡ ਜਟਾਣਾ ਇਕ ਵਾਰ ਫੇਰ ਤੋਂ ਚਰਚਾ ਵਿਚ ਹੈ ਕਿਉਂਕਿ ਪਿੰਡ ਜਟਾਣਾ ਦੇ ਨਿਰਵੈਰ ਸਿੰਘ ਜਟਾਣਾ ਦੀ ਹੋਣਹਾਰ ਪੁੱਤਰੀ ਜੈਸਮੀਨ ਕੌਰ (22) ਡੈੱਨਮਾਰਕ ਦੀਆਂ ਪਾਰਲੀਮਾਨੀ ਦੀਆਂ ਚੋਣਾਂ ਲੜ ਰਹੀ ਹੈ।

ਇਸ ਸਬੰਧੀ ਜੈਸਮੀਨ ਕੌਰ ਦੇ ਤਾਇਆ ਨੰਬਰਦਾਰ ਜਸਵੀਰ ਸਿੰਘ ਜਟਾਣਾ ਨੇ ਦੱਸਿਆ ਕਿ ਇਕ ਨਵੰਬਰ ਨੂੰ ਡੈੱਨਮਾਰਕ ਵਿਚ ਹੋ ਰਹੀਆਂ ਪਾਰਲੀਮਾਨੀ ਚੋਣਾਂ ’ਚ ਉਨ੍ਹਾਂ ਦੀ ਭਤੀਜੀ ਜੈਸਮੀਨ ਕੌਰ ਪੁੱਤਰੀ ਨਿਰਵੈਰ ਸਿੰਘ ਜਟਾਣਾ ਨੂੰ ਉੱਥੋਂ ਦੀ ਪ੍ਰਮੁੱਖ ਪਾਰਟੀ ਫ੍ਰੀ ਗ੍ਰੀਨ ਡੈੱਨਮਾਰਕ ਨੇ ਡੈਨਸ਼ ਪੀਪਲਜ਼ ਪਾਰਟੀ ਦੀ ਪ੍ਰਮੁੱਖ ਆਗੂ ਜੋ ਕਿ 2014 ਤੋਂ 18 ਤੱਕ ਪਾਰਲੀਮੈਂਟ ਵਿਚ ਸਪੀਕਰ ਰਹਿ ਚੁੱਕੀ ਪ੍ਰਿਆ ਖੇਸਗੋਅ ਖ਼ਿਲਾਫ਼ ਗਰੇਓ ਸ਼ੀ ਲੈਂਡ ਤੋਂ ਚੋਣ ਮੈਦਾਨ ਵਿੱਚ ਉਤਾਰਿਆ ਹੈ। ਉਨ੍ਹਾਂ ਦੱਸਿਆ ਕਿ ਡੈੱਨਮਾਰਕ ਦੀਆਂ ਪਾਰਲੀਮਾਨੀ ਚੋਣ ਲੜਨ ਲਈ ਘੱਟ ਤੋਂ ਘੱਟ ਵੀਹ ਹਜ਼ਾਰ ਵੋਟਰਾਂ ਦੇ ਦਸਤਖਤਾਂ ਦਾ ਸਮੱਰਥਨ ਦੀ ਲੋੜ ਹੁੰਦੀ ਹੈ ਜੋ ਕਿ ਜੈਸਮੀਨ ਕੌਰ ਨੂੰ ਥੋੜ੍ਹੇ ਹੀ ਸਮੇਂ ਵਿਚ ਪੰਜਾਹ ਹਜ਼ਾਰ ਤੋਂ ਵੀ ਵੱਧ ਵੋਟਰਾਂ ਦਾ ਸਮਰਥਨ ਹਾਸਲ ਹੋਇਆ ਹੈ।

ਜੈਸਮੀਨ ਕੌਰ ਡੈੱਨਮਾਰਕ ਦੀ ਪਾਰਲੀਮੈਂਟ ਦੀਆਂ ਚੋਣਾਂ ਲੜਨ ਵਾਲੀ ਪਹਿਲੀ ਭਾਰਤੀ ਲੜਕੀ ਹੈ ਜਦੋਂ ਕਿ ਜੈਸਮੀਨ ਕੌਰ ਦੀ ਪਾਰਟੀ ਵੱਲੋਂ ਖੰਨੇ ਜ਼ਿਲ੍ਹੇ ਦਾ ਨੌਜਵਾਨ ਯਾਦਵਿੰਦਰ ਸਿੰਘ ਵੀ ਚੋਣ ਮੈਦਾਨ ਵਿਚ ਹੈ। ਡੈੱਨਮਾਰਕ ਪਾਰਲੀਮੈਂਟ ਦੇ ਇਕ ਸੌ ਪਝੰਤਰ ਮੈਂਬਰਾਂ ਲਈ ਪੰਜ ਲੱਖ ਤੋਂ ਵੱਧ ਵੋਟਰ ਇਕ ਨਵੰਬਰ ਨੂੰ ਬੈਲਟ ਪੇਪਰਾਂ ਰਾਹੀਂ ਵੋਟ ਦਾ ਇਸਤੇਮਾਲ ਕਰਨਗੇ ਜਿਨ੍ਹਾਂ ਦਾ ਨਤੀਜਾ ਉਸੇ ਸ਼ਾਮ ਐਲਾਨਿਆ ਜਾਵੇਗਾ। ਜੈਸਮੀਨ ਕੌਰ ਦੇ ਡੈੱਨਮਾਰਕ ਵਿਚ ਚੋਣ ਲੜਨ ਦੀ ਖ਼ਬਰ ਮਿਲਣ ’ਤੇ ਪਿੰਡ ਵਿਚ ਖ਼ੁਸ਼ੀ ਦਾ ਮਾਹੌਲ ਹੈ। ਸਮੂਹ ਨਗਰ ਵਾਸੀ ਜੈਸਮੀਨ ਕੌਰ ਦੀ ਜਿੱਤ ਦੀਆਂ ਅਰਦਾਸਾਂ ਕਰ ਰਹੇ ਹਨ।

# ਸਿੱਖ ਕਤਲੇਆਮ ਦੇ ਅਸਲੀ ਦੋਸ਼ੀਆਂ ਨੂੰ ਸਾਹਮਣੇ ਲਿਆਉਣ ਲਈ 'ਟਰੁੱਥ ਕਮਿਸ਼ਨ' ਬਣਾਉ : ਆਰ. ਪੀ. ਸਿੰਘ

## ਉਜਾਗਰ ਹੋਵੇ ਨਸਲਕੁਸ਼ੀ ਦੀ ਯੋਜਨਾ ਦਾ ਸੱਚ : ਫੂਲਕਾ



ਨਵੀਂ ਦਿੱਲੀ :-ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਬੁਲਾਰੇ ਆਰ. ਪੀ. ਸਿੰਘ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਚਿੱਠੀ ਲਿਖ ਕੇ 1984 ਦੇ ਸਿੱਖ ਕਤਲੇਆਮ ਦੀ ਸਾਜਿਸ਼ ਦਾ ਪਰਦਾਫਾਸ਼ ਕਰਨ ਲਈ 'ਟਰੁੱਥ ਕਮਿਸ਼ਨ' ਸਥਾਪਿਤ ਕਰਨ ਦੀ ਮੰਗ ਕੀਤੀ ਹੈ। 1984 ਦੇ ਕਤਲੇਆਮ ਦੀ 38ਵੀਂ ਬਰਸੀ ਮੌਕੇ ਗ੍ਰਹਿ ਮੰਤਰੀ ਨੂੰ ਲਿਖੀ ਚਿੱਠੀ ਵਿਚ ਭਾਜਪਾ ਨੇਤਾ ਨੇ 1984 ਦੇ ਸਿੱਖ ਦੰਗਿਆਂ ਤੇ ਸਾਕਾ ਨੀਲਾ ਤਾਰਾ ਨਾਲ ਸੰਬੰਧਿਤ ਸਾਰੇ ਦਸਤਾਵੇਜ਼ ਜਨਤਕ ਕਰਨ ਦੀ ਮੰਗ ਕੀਤੀ ਤਾਂ ਜੋ ਸੱਚਾਈ ਜਨਤਾ ਅੱਗੇ ਆ ਸਕੇ। ਭਾਜਪਾ ਨੇਤਾ ਨੇ ਹਾਲ ਹੀ ਵਿਚ ਸਾਬਕਾ ਰਾਅ ਅਧਿਕਾਰੀ ਜੀ. ਬੀ. ਐਸ. ਸਿੱਧੂ ਦੀ ਕਿਤਾਬ 'ਦਿ ਖ਼ਾਲਿਸਤਾਨ ਕਾਂਸਪੀਰੇਸੀ' ਦੇ ਹਵਾਲੇ ਨਾਲ ਕਿਹਾ ਕਿ ਸਾਕਾ ਨੀਲਾ ਤਾਰਾ ਅਤੇ ਦਿੱਲੀ ਵਿਚ ਸਿੱਖ ਕਤਲੇਆਮ ਦੀ ਸਾਜਿਸ਼ 1984 ਤੋਂ ਵੀ ਕਿਤੇ ਪਹਿਲਾਂ ਘੜੀ ਗਈ ਸੀ ਅਤੇ ਦੋਵਾਂ ਦੇ ਪਿੱਛੇ 1985 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਸੀ। ਆਰ. ਪੀ. ਸਿੰਘ ਨੇ ਇਸ ਸਾਜਿਸ਼ ਨੂੰ ਸਿਆਸੀ ਲਾਹੇ ਲਈ ਕੀਤਾ ਵਰਤਾਰਾ ਕਰਾਰ ਦਿੰਦਿਆਂ ਉਸ ਵੇਲੇ ਪ੍ਰਧਾਨ ਮੰਤਰੀ ਬਣੇ ਰਾਜੀਵ ਗਾਂਧੀ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਉਨ੍ਹਾਂ ਦੀ ਸ਼ਹਿ 'ਤੇ ਹੀ ਪਾਰਟੀ ਕਾਰਜਕਰਤਾਵਾਂ ਨੂੰ ਅਜਿਹੀ ਨਸਲਕੁਸ਼ੀ ਲਈ ਨਾ ਸਿਰਫ ਪਿੱਠ ਥਾਪੜੀ ਗਈ, ਸਗੋਂ ਪੁਲਿਸ ਪ੍ਰਸ਼ਾਸਨ ਨੂੰ ਵੀ ਉਨ੍ਹਾਂ ਖ਼ਿਲਾਫ਼ ਕੁਝ ਨਾ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ। ਭਾਜਪਾ ਬੁਲਾਰੇ ਨੇ ਪਿਛਲੇ 38 ਸਾਲਾਂ 'ਚ ਬਣੇ 4 ਜਾਂਚ ਕਮਿਸ਼ਨਾਂ, ਕਮੇਟੀਆਂ ਅਤੇ 2 ਵਿਸ਼ੇਸ਼ ਪੜਤਾਲੀਆ ਟੀਮਾਂ ਦੇ ਗਠਨ ਦੇ ਬਾਵਜੂਦ ਅਸਲ ਸਾਜਿਸ਼ ਅਤੇ ਸਾਜਿਸ਼ ਕਰਤਾਵਾਂ ਦਾ ਨਾਂ ਸਾਹਮਣੇ ਨਾ ਆਉਣ ਕਾਰਨ 'ਟਰੁੱਥ ਕਮਿਸ਼ਨ' ਦਾ ਗਠਨ ਕਰਨ ਦੀ ਮੰਗ ਕੀਤੀ।

ਆਰ. ਪੀ. ਸਿੰਘ ਨੇ ਜਸਟਿਸ ਢੀਂਗਰਾ ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਸ ਰਿਪੋਰਟ ਵਿਚ ਵੀ ਇਸ ਪੂਰੇ ਕਤਲੇਆਮ ਵਿਚ ਵੱਡੇ ਅਹੁਦੇ 'ਤੇ ਬੈਠੇ ਅਤੇ ਵੱਡੀ ਪਹੁੰਚ ਵਾਲੇ ਵਿਅਕਤੀ ਦੀ ਸ਼ਮੂਲੀਅਤ ਹੋਣ ਦੀ ਗੱਲ ਕਹੀ ਗਈ ਪਰ ਇਸ 'ਤੇ ਵੀ ਹਾਲੇ ਤੱਕ ਸਰਕਾਰ ਵਲੋਂ ਕੋਈ ਕਾਰਵਾਈ ਕੀਤੇ ਜਾਣ ਦੀ ਰਿਪੋਰਟ ਪੇਸ਼ ਕਰਨਾ ਅਜੇ ਬਾਕੀ ਹੈ। ਭਾਜਪਾ ਨੇਤਾ ਨੇ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਨੂੰ 34 ਸਾਲ ਬਾਅਦ 2018 ਵਿਚ ਮਿਲੀ ਸਜ਼ਾ ਨੂੰ ਸਰਕਾਰ ਦੀ ਵੱਡੀ ਸਫਲਤਾ ਕਰਾਰ ਦਿੰਦਿਆਂ ਕਿਹਾ ਕਿ ਅਜੇ ਵੀ ਅਰੁਣ ਸਿੰਘ, ਕਮਲ ਨਾਥ ਜਿਹੇ ਆਗੂ ਅਤੇ ਗੌਤਮ ਕੌਲ, ਨਿਖਿਲ ਕੁਮਾਰ ਅਤੇ ਮੈਕਸਵੈੱਲ ਪੁਰੇਗ ਵਰਗੇ ਪੁਲਿਸ ਅਧਿਕਾਰੀ ਅਤੇ ਸੰਜੇ ਸੂਰੀ ਵਰਗੇ ਪੱਤਰਕਾਰਾਂ ਦੀ ਭੂਮਿਕਾ ਸਾਹਮਣੇ ਆਉਣਾ ਬਾਕੀ ਹੈ। ਆਰ. ਪੀ. ਸਿੰਘ ਨੇ ਕਿਹਾ ਕਿ ਉਸ ਸਮੇਂ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੇ ਓ. ਐੱਸ. ਡੀ. ਰਹੇ ਤਰਲੋਚਨ ਸਿੰਘ ਤੋਂ ਵੀ ਉਸ ਸਮੇਂ ਰਾਸ਼ਟਰਪਤੀ, ਗ੍ਰਹਿ ਮੰਤਰਾਲੇ ਅਤੇ ਉਸ ਸਮੇਂ ਦੀ ਸਰਕਾਰ ਦਰਮਿਆਨ ਹੋਈ ਚਿੱਠੀ-ਪੱਤਰੀ ਬਾਰੇ ਵੀ ਜਾਣਕਾਰੀ ਮੰਗੀ ਜਾਏ।

**ਫੂਲਕਾ ਵਲੋਂ ਵੀ 'ਟਰੁੱਥ ਕਮਿਸ਼ਨ' ਬਣਾਉਣ ਦੀ ਮੰਗ**

ਸੁਪਰੀਮ ਕੋਰਟ ਦੇ ਵਕੀਲ ਤੇ ਸਾਬਕਾ ਵਿਧਾਇਕ ਐਡਵੋਕੇਟ ਐਚ. ਐਸ. ਫੂਲਕਾ ਨੇ ਵੀ 1984 ਸਿੱਖ ਕਤਲੇਆਮ ਦੀ ਸਚਾਈ ਦਾ ਪਰਦਾਫਾਸ਼ ਕਰਨ ਲਈ ਇਕ 'ਟਰੁੱਥ ਕਮਿਸ਼ਨ' ਦੇ ਗਠਨ ਦੀ ਮੰਗ ਕੀਤੀ ਹੈ। ਦਿੱਲੀ ਦੇ ਪ੍ਰੈੱਸ ਕਲੱਬ 'ਚ ਕੀਤੀ ਗਈ ਕਾਨਫਰੰਸ ਦੌਰਾਨ ਐਡਵੋਕੇਟ ਫੂਲਕਾ ਨੇ ਦਾਅਵਾ ਕੀਤਾ ਕਿ ਸਿੱਖਾਂ ਦੀ ਨਸਲਕੁਸ਼ੀ ਦੀ ਯੋਜਨਾ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਆਪਣੇ ਜੀਵਨ ਕਾਲ ਦੌਰਾਨ ਖੁਦ ਬਣਾਈ ਸੀ। ਉਨ੍ਹਾਂ ਕਿਹਾ ਕਿ ਸਿੱਖ ਨਸਲਕੁਸ਼ੀ ਨੂੰ 38 ਸਾਲ ਬੀਤ ਗਏ ਹਨ ਪਰ ਅੱਜ ਤੱਕ ਇਹ ਨਹੀਂ ਪਤਾ ਲੱਗ ਸਕਿਆ ਕਿ ਦੇਸ਼ ਦੀ ਰਾਜਧਾਨੀ ਵਿਚ ਏਨੀ ਵੱਡੀ ਪੱਧਰ 'ਤੇ ਹੋਈ ਸਿੱਖ ਨਸਲਕੁਸ਼ੀ ਦੀ ਯੋਜਨਾ ਨੂੰ ਕਿਵੇਂ ਅੰਜਾਮ ਦਿੱਤਾ ਗਿਆ ਸੀ। ਉਨ੍ਹਾਂ ਮੰਗ ਕੀਤੀ ਕਿ ਨਸਲਕੁਸ਼ੀ ਦੀ ਯੋਜਨਾ ਦੀ ਸਚਾਈ ਉਜਾਗਰ ਹੋਣੀ ਚਾਹੀਦੀ ਹੈ। ਫੂਲਕਾ ਨੇ ਕਿਹਾ ਕਿ ਸਾਰੇ ਜਾਂਚ ਕਮਿਸ਼ਨਾਂ ਦੀ ਰਿਪੋਰਟ ਵਿਚ ਇਹ ਪਾਇਆ ਗਿਆ ਹੈ ਕਿ 1984 ਸਿੱਖ ਨਸਲਕੁਸ਼ੀ ਸਮੇਂ ਸਿੱਖਾਂ ਦੇ ਘਰਾਂ ਦੀ ਸੂਚੀ ਭੀੜ ਕੋਲ ਪਹਿਲਾਂ ਹੀ ਪੁੱਜ ਚੁੱਕੀ ਸੀ। ਸਾਰੀ ਦਿੱਲੀ 'ਚ ਇਕ ਵੀ ਮਿਸਾਲ ਨਹੀਂ ਮਿਲਦੀ ਕਿ ਜਿਥੇ ਸਿੱਖ ਦੀ ਥਾਂ ਕਿਸੇ ਗੈਰ ਸਿੱਖ ਦਾ ਘਰ ਸਾੜਿਆ ਹੋਵੇ।

### 137 ਪਰਿਵਾਰਾਂ ਦੇ ਲਾਲ ਕਾਰਡ 'ਆਪ' ਸਰਕਾਰ ਵਲੋਂ ਰੱਦ

ਲੁਧਿਆਣਾ : ਪੰਜਾਬ ਸਰਕਾਰ ਵੱਲੋਂ ਨਵੰਬਰ 1984 ਦੇ ਕਤਲੇਆਮ ਸਿੱਖ ਪੀੜਤਾਂ ਨੂੰ ਝਟਕਾ ਦਿੱਤਾ ਹੈ। ਸਰਕਾਰ ਵੱਲੋਂ ਬਿਨਾਂ ਕਾਰਨ ਦੱਸਿਆਂ 137 ਪਰਿਵਾਰਾਂ ਦੇ ਲਾਲ ਕਾਰਡ ਰੱਦ ਕਰ ਦਿੱਤੇ ਗਏ ਹਨ।

ਇਨ੍ਹਾਂ ਕਾਰਡਾਂ ਦੇ ਰੱਦ ਹੋਣ ਨਾਲ ਉਕਤ ਪਰਿਵਾਰਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਫਲੈਟ, ਬੂਥ ਤੇ ਮੁੜ ਵਸੇਬਾ ਗ੍ਰਾਂਟ ਵਜੋਂ ਦੋ-ਦੋ ਲੱਖ ਰੁਪਏ ਦੀ ਰਾਸ਼ੀ ਖੁੱਸ ਜਾਣ ਦਾ ਖ਼ਦਸ਼ਾ ਖੜ੍ਹਾ ਹੋ ਗਿਆ ਹੈ। ਇਨ੍ਹਾਂ ਪਰਿਵਾਰਾਂ ਅੰਦਰ ਸਰਕਾਰ ਪ੍ਰਤੀ ਕਾਫੀ ਰੋਸ ਹੈ। ਦੱਸ ਦਈਏ ਕਿ ਇਸ ਫ਼ੈਸਲੇ ਖ਼ਿਲਾਫ਼ ਪਾਏ ਕੇਸ ਦੀ ਸੁਣਵਾਈ ਕਰਦਿਆਂ ਅਦਾਲਤ ਨੇ ਰੱਦ ਕਾਰਡਾਂ ਬਾਰੇ ਫ਼ੈਸਲਾ ਕਰਨ ਲਈ ਉੱਚ ਪੱਧਰੀ ਕਮੇਟੀ ਬਣਾਉਣ ਦੀ ਹਦਾਇਤ ਕੀਤੀ ਸੀ। ਪਰ ਮੌਜੂਦਾ ਸਰਕਾਰ ਦੇ ਕਾਰਜਕਾਲ ਦੌਰਾਨ ਵਿੱਤ ਕਮਿਸ਼ਨਰ ਮਾਲ ਤੇ ਪਟਿਆਲਾ ਡਵੀਜ਼ਨ ਦੇ ਕਮਿਸ਼ਨਰ ਵੱਲੋਂ ਕਾਰਡ ਬਹਾਲ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ ਹੈ।




# ਹਿੰਸਾ ਤੇ ਕਤਲੋਗਾਰਦ ਦੇ ਸ਼ਿਕਾਰ ਅਮਰਜੀਤ ਸਿੰਘ ਸਭ ਕੁਝ ਲੁਟਾ ਕੇ ਵੱਡੇ ਕਾਰੋਬਾਰੀ ਬਣੇ

➢ ਫਿਰਕੂ ਟਿੱਚਰਾਂ ਦਾ ਇਹ ਸਿਲਸਿਲਾ 1984 ਦੀ ਕਤਲੋਗਾਰਦ ਤੋਂ ਬਾਅਦ ਕਈ ਮਹੀਨੇ ਤੱਕ ਚੱਲਦਾ ਰਿਹਾ
➢ ਸਰਕਾਰੀ ਮੁਆਵਜ਼ੇ ਨੂੰ ਕੀਤੀ ਨਾਂਹ, ਆਪਣੇ ਦਮ 'ਤੇ ਪਹੁੰਚੇ ਸਿਖਰਾਂ 'ਤੇ



ਨਵੀਂ ਦਿੱਲੀ/ਏ.ਟੀ.ਨਿਊਜ਼ :- 31 ਅਕਤੂਬਰ 1984 ਦੌਰਾਨ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹਿੰਸਕ ਤੇ ਫਿਰਕੂ ਭੀੜ ਨੇ ਦਿੱਲੀ ਦੇ ਸਦਰ ਬਾਜ਼ਾਰ ਨੇੜੇ ਕਸਾਬ ਪੁਰਾ ਇਲਾਕੇ ਵਿੱਚ ਜੰਮ ਕੇ ਲੁੱਟ ਖੋਹ ਕੀਤੀ। ਹਿੰਸਾ ਤੇ ਕਤਲੋਗਾਰਦ ਨੇ ਅਮਰਜੀਤ ਸਿੰਘ ਲਈ ਵੀ ਔਖੀ ਘੜੀ ਲਿਆਂਦੀ। ਉਨ੍ਹਾਂ ਦਾ ਪੂਰਾ ਕਾਰੋਬਾਰ ਬਰਬਾਦ ਹੋ ਗਿਆ। ਅਮਰਜੀਤ ਸਿੰਘ ਦੱਸਦੇ ਹਨ, ਕੁਝ ਹੀ ਪਲਾਂ ਵਿੱਚ ਸਾਡੀ ਉਮਰ ਭਰ ਦੀ ਪੂੰਜੀ ਲੁੱਟ ਲਈ ਗਈ ਪਰ ਇੱਕ ਚੀਜ਼ ਲੁਟੇਰਿਆਂ ਦੇ ਹੱਥ ਨਹੀਂ ਲੱਗੀ ਉਹ ਸੀ ਸਾਡੀ ਕਿਸਮਤ, ਜਿਸ ਨੂੰ ਉਹ ਲੁੱਟ ਨਹੀਂ ਸਕੇ। ਦਿੱਲੀ ਦੇ ਕਾਰੋਬਾਰੀ ਅਮਰਜੀਤ ਸਿੰਘ ਅੱਜ ਕੱਲ੍ਹ ਸ਼ਹਿਰ ਦੇ ਕਰੋਲ ਬਾਗ਼ ਇਲਾਕੇ ਵਿੱਚ ਰਹਿੰਦੇ ਹਨ। 1984 ਸਮੇਂ ਹੋਟਲ ਅਤੇ ਕੱਪੜੇ ਦੇ ਕਾਰੋਬਾਰੀ ਅਮਰਜੀਤ ਸਿੰਘ ਦੀ ਉਮਰ 23 ਸਾਲ ਦੀ ਸੀ। 1947 ਸਮੇਂ ਵੰਡ ਦੀ ਮਾਰ ਝੱਲ ਚੁੱਕੇ ਅਮਰਜੀਤ ਸਿੰਘ ਦੇ ਪਿਤਾ ਨੇ ਰੋਜ਼ੀ ਰੋਟੀ ਲਈ ਸਦਰ ਬਾਜ਼ਾਰ ਨੇੜੇ ਕਸਾਬ ਪੁਰਾ ਇਲਾਕੇ ਵਿੱਚ ਕਰਿਆਨੇ ਦੀ ਦੁਕਾਨ ਕੀਤੀ। ਪੰਜ ਭਰਾਵਾਂ ਨੇ ਪਿਤਾ ਦੇ ਨਾਲ ਮਿਲ ਕੇ ਕੁਝ ਸਾਲਾਂ ਵਿੱਚ ਤਿੰਨ ਦੁਕਾਨਾਂ ਕਰਕੇ ਕਾਰੋਬਾਰ ਵਿੱਚ ਵਾਧਾ ਕਰ ਲਿਆ। ਪਰਿਵਾਰ 1947 ਦੀ ਵੰਡ ਨੂੰ ਭੁੱਲ ਚੁੱਕਿਆ ਸੀ। ਜ਼ਿੰਦਗੀ ਆਰਾਮ ਨਾਲ ਚੱਲ ਰਹੀ ਸੀ।ਅਚਾਨਕ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹੋਈ ਹਿੰਸਾ ਦੌਰਾਨ ਅਮਰਜੀਤ ਸਿੰਘ ਦੇ ਪਰਿਵਾਰ ਦਾ ਜਾਨੀ ਨੁਕਸਾਨ ਹੋਣ ਤੋਂ ਤਾਂ ਬਚ ਗਿਆ ਪਰ ਕਮਾਈ ਦਾ ਸਾਧਨ ਖ਼ਤਮ ਹੋ ਗਿਆ ਸੀ। ਤਿੰਨੋਂ ਦੁਕਾਨਾਂ ਭੀੜ ਨੇ ਲੁੱਟ ਲਈਆਂ ਸਨ। ਉਮਰ ਭਰ ਦੀ ਪੂੰਜੀ ਲੁਟੇਰਿਆਂ ਦੇ ਹੱਥ ਲੱਗ ਚੁੱਕੀ ਸੀ। ਅਮਰਜੀਤ ਸਿੰਘ ਦੱਸਦੇ ਹਨ ਕਿ ਪਰਿਵਾਰ ਕੋਲ ਇੰਨੇ ਪੈਸੇ ਵੀ ਨਹੀਂ ਸਨ ਕਿ ਫਿਰ ਤੋਂ ਦੁਕਾਨ ਸ਼ੁਰੂ ਕਰ ਸਕੀਏ।

ਇਸ ਦੌਰਾਨ ਤਿੰਨ ਸੋ ਰੁਪਏ ਮਹੀਨਾ ਤਨਖ਼ਾਹ ਉੱਤੇ ਇੱਕ ਉੱਤੇ ਨੌਕਰੀ ਕਰ ਲਈ। ਹੌਲੀ-ਹੌਲੀ ਇੱਕ ਬੈਂਕ ਮੈਨੇਜਰ ਨੇ ਤਰਸ ਖਾ ਕੇ ਸਾਨੂੰ ਤੀਹ ਹਜ਼ਾਰ ਰੁਪਏ ਕਰਜ਼ਾ ਦੇ ਦਿੱਤਾ ਜਿਸ ਤੋਂ ਬਾਅਦ ਫਿਰ ਤੋਂ ਕੰਮ ਸ਼ੁਰੂ ਕੀਤਾ।

**ਲੁੱਟਣ ਤੋਂ ਬਾਅਦ ਟਿੱਚਰਾਂ ਵੀ ਕਰਦੇ ਸੀ ਲੋਕ :** ਅਮਰਜੀਤ ਸਿੰਘ ਦੱਸਦੇ ਹਨ ਕਿ ਜਦੋਂ ਕਰਜ਼ਾ ਲੈ ਕੇ ਫਿਰ ਤੋਂ ਦੁਕਾਨ ਸ਼ੁਰੂ ਕੀਤੀ ਤਾਂ ਉੱਥੇ ਦਿਲ ਨਹੀਂ ਲਗਦਾ ਸੀ। ਇਲਾਕੇ ਦੇ ਲੋਕਾਂ ਨੇ ਦੁਕਾਨ ਅੱਗੇ ਖੜ੍ਹੇ ਹੋ ਕੇ ਸਾਨੂੰ ਟਿੱਚਰਾਂ ਕਰਨੀਆਂ ਅਤੇ ਨਾਲ ਹੀ ਹੱਸ-ਹੱਸ ਕੇ ਦੱਸਣਾ ਕਿ ਕਿੰਜ ਉਨ੍ਹਾਂ ਨੇ ਸਰਦਾਰਾਂ ਦੀਆਂ ਦੁਕਾਨਾਂ ਲੁੱਟੀਆਂ। ਇਹ ਫਿਰਕੂ ਟਿੱਚਰਾਂ ਦਾ ਇਹ ਸਿਲਸਿਲਾ 1984 ਦੀ ਕਤਲੋਗਾਰਦ ਤੋਂ ਬਾਅਦ ਕਈ ਮਹੀਨੇ ਤੱਕ ਚੱਲਦਾ ਰਿਹਾ।

ਰੋਜ਼ਾਨਾ ਦੀਆਂ ਇਨ੍ਹਾਂ ਟਿੱਚਰਾਂ ਤੋਂ ਤੰਗ ਆ ਕੇ ਆਖ਼ਰਕਾਰ ਅਮਰਜੀਤ ਸਿੰਘ ਦੇ ਪਰਿਵਾਰ ਨੇ ਤਿੰਨੋ ਦੁਕਾਨ ਵੇਚ ਕੇ ਕਿਸੇ ਹੋਰ ਥਾਂ ਉੱਤੇ ਕੰਮ-ਕਾਜ ਸ਼ੁਰੂ ਕਰਨ ਦੀ ਫ਼ੈਸਲਾ ਕੀਤਾ।ਚੰਗੇ ਭਲੇ ਚੱਲਦੇ ਕੰਮ ਨੂੰ ਛੱਡ ਕੇ ਅਮਰਜੀਤ ਸਿੰਘ ਨੇ ਚਾਂਦਨੀ ਚੌਂਕ ਵਿੱਚ ਕੱਪੜੇ ਦਾ ਕੰਮ ਸ਼ੁਰੂ ਕੀਤਾ। ਇਹੀ ਕੰਮ ਅਮਰਜੀਤ ਨੂੰ ਰਾਸ ਆ ਗਿਆ ਅਤੇ ਫਿਰ ਉਸ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ।

(ਬਾਕੀ ਸਫ਼ਾ 34 'ਤੇ)

# 'ਭਾਜਪਾ' ਤੇ 'ਆਪ' ਸੌਦਾ ਸਾਧ ਰਾਹੀਂ ਪੰਜਾਬ ਦਾ ਅਮਨ ਨਾ ਵਿਗਾੜੇ




ਰਜਿੰਦਰ ਸਿੰਘ ਪੁਰੇਵਾਲ

ਡੇਰਾਵਾਦ ਚਾਹੇ ਨਕਲੀ ਨਿੰਰਕਾਰੀ ਹਨ, ਨੂਰਮਹਿਲੀਏ ਹਨ ਜਾਂ ਸੌਦਾ ਸਾਧ ਵਾਲੇ, ਪਰ ਪੰਜਾਬ ਵਿਚ ਇਨ੍ਹਾਂ ਸਿਆਸੀ ਆਧਾਰ ਕੋਈ ਅਰਥ ਨਹੀਂ ਰੱਖਦਾ। ਬਾਦਲ ਦਲ ਨੇ ਪੰਥ ਛੱਡਕੇ ਇਨ੍ਹਾਂ ਨੂੰ ਅਪਣਾ ਕੇ ਆਪਣਾ ਰਾਜਨੀਤਕ ਨੁਕਸਾਨ ਕੀਤਾ ਹੈ। ਪਰ ਕੋਈ ਵੀ ਪਾਰਟੀ ਇਨ੍ਹਾਂ ਡੇਰਿਆਂ ਦੀ ਪਰਕਰਮਾ ਕਰਕੇ ਕੋਈ ਚੋਣ ਨਹੀਂ ਜਿਤ ਸਕੀ। ਭਾਵੇਂ ਕਿ ਇਹ ਡੇਰੇ ਲੱਖਾਂ, ਕਰੋੜਾਂ ਦੀ ਗਿਣਤੀ ਵਿਚ ਸ਼ਰਧਾਲੂਆਂ ਦਾ ਸਮਰਥਨ ਹੋਣ ਦਾ ਦਾਅਵਾ ਕਰਦੇ ਹਨ। ਸਿਰਸਾ ਸਥਿਤ ਡੇਰਾ ਸੌਦਾ, ਜਿਸ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਹਾਲ ਹੀ ਵਿੱਚ ਹਰਿਆਣਾ ਸਰਕਾਰ ਨੇ ਪੈਰੋਲ 'ਤੇ ਰਿਹਾਅ ਕੀਤਾ ਸੀ, ਦੇ ਪੰਜਾਬ ਵਿੱਚ ਇਸ ਦੇ ਪੈਰੋਕਾਰਾਂ ਦੀ ਗਿਣਤੀ ਵਿੱਚ ਗਿਰਾਵਟ ਦੇਖਣ ਨੂੰ ਮਿਲੀ ਹੈ। ਰਾਜ ਵਿੱਚ ਪਿਛਲੀਆਂ ਤਿੰਨ ਵਿਧਾਨ ਸਭਾ ਚੋਣਾਂ (2012, 2017 ਅਤੇ 2022) ਵਿਚ ਹੋਏ ਚੋਣ ਸਰਵੇਖਣ ਦਰਸਾਉਂਦੇ ਹਨ ਕਿ ਇਨ੍ਹਾਂ ਦਾ ਵੋਟ ਆਧਾਰ ਗਿਰਾਵਟ ਵੱਲ ਗਿਆ ਹੈ। ਪਹਿਲੀ ਵਾਰ 2007 ਵਿੱਚ ਖੁੱਲ੍ਹੇਆਮ ਸੌਦਾ ਸਾਧ ਵਲੋਂ ਪੰਜਾਬ ਵਿਚ ਕਾਂਗਰਸ ਦਾ ਸਮਰਥਨ ਕੀਤਾ ਸੀ। ਹਾਲਾਂਕਿ ਕਾਂਗਰਸ 2007 ਦੀਆਂ ਚੋਣਾਂ ਹਾਰ ਗਈ ਸੀ। ਕਾਂਗਰਸ ਦੀ ਹਾਰ ਦੇ ਬਾਵਜੂਦ ਮਾਲਵੇ ਦੇ ਕੁਝ ਹਿੱਸਿਆਂ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਨੁਕਸਾਨ ਡੇਰਾ ਫੈਕਟਰ ਨੂੰ ਮੰਨਿਆ ਗਿਆ, ਹੋਰ ਸੰਭਾਵਿਤ ਕਾਰਕਾਂ ਨੂੰ ਵੀ ਸਵੀਕਾਰ ਕੀਤਾ ਗਿਆ। ਇਸ ਤੋਂ ਬਾਅਦ ਹਰ ਵਿਧਾਨ ਸਭਾ ਜਾਂ ਪਾਰਲੀਮਾਨੀ ਚੋਣਾਂ ਵਿਚ ਡੇਰਾ ਫੈਕਟਰ ਦੀ ਕਾਫੀ ਚਰਚਾ ਹੁੰਦੀ ਰਹੀ ਹੈ। ਡੇਰਾ ਮੁਖੀ ਦੇ ਨਜ਼ਦੀਕੀ ਰਿਸ਼ਤੇਦਾਰ ਹਰਮਿੰਦਰ ਜੱਸੀ ਨੇ 2007 ਵਿੱਚ ਆਪਣੀ ਚੋਣ ਜਿੱਤੀ ਅਤੇ ਫਿਰ 2012, 2014 (ਤਲਵੰਡੀ ਸਾਬੋ ਉਪ ਚੋਣ), 2017 ਅਤੇ 2022 ਵਿੱਚ ਚਾਰ ਵਿਧਾਨ ਸਭਾ ਚੋਣਾਂ ਹਾਰ ਗਏ। ਜੇਕਰ ਡੇਰਾ ਇਨਾ ਮਜਬੂਤ ਹੁੰਦਾ ਤਾਂ ਸੌਦਾ ਸਾਧ ਆਪਣੇ ਜਵਾਈ ਨੂੰ ਜਿਤਾ ਦਿੰਦਾ। 2022 ਨੂੰ ਛੱਡ ਕੇ, ਸੌਦਾ ਸਾਧ ਦੇ ਜਵਾਈ ਜੱਸੀ ਨੇ ਕਾਂਗਰਸ ਉਮੀਦਵਾਰ ਵਜੋਂ ਬਾਕੀ ਸਾਰੀਆਂ ਚੋਣਾਂ ਲੜੀਆਂ। 2022 ਵਿੱਚ, ਕਾਂਗਰਸ ਨੇ ਉਸਨੂੰ ਟਿਕਟ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਉਸ ਨੇ ਇੱਕ ਆਜ਼ਾਦ ਵਜੋਂ ਚੋਣ ਲੜੀ ਅਤੇ ਸਿਰਫ 9.59% ਵੋਟਾਂ ਪ੍ਰਾਪਤ ਕਰਕੇ ਆਪਣੀ ਜ਼ਮਾਨਤ ਜ਼ਬਤ ਕਰਵਾ ਬੈਠਾ। 2012 ਦੀਆਂ ਵਿਧਾਨ ਸਭਾ ਚੋਣਾਂ ਵਿੱਚ, 70.7% ਵੋਟਰਾਂ ਨੇ ਪੋਸਟ-ਪੋਲ ਸਰਵੇ ਵਿੱਚ ਪੰਜਤਰ ਪ੍ਰਤੀਸ਼ਤ ਵੋਟਰਾਂ ਨੇ ਜਵਾਬ ਦਿੱਤਾ ਕਿ ਉਹ ਕਿਸੇ ਡੇਰੇ ਦੇ ਹੁਕਮ ਨੂੰ ਨਹੀਂ ਮੰਨਣਗੇ। ਦਿਲਚਸਪ ਗੱਲ ਇਹ ਹੈ ਕਿ, 25% ਨੇ ਸਵਾਲ ਦਾ ਜਵਾਬ 'ਹਾਂ' ਵਿੱਚ ਦਿੱਤਾ ਸੀ, 'ਕੀ ਉਹ ਕਿਸੇ ਡੇਰੇ ਦੇ ਪੈਰੋਕਾਰ ਹਨ ?'

ਹਾਂ ਕਹਿਣ ਵਾਲਿਆਂ ਵਿੱਚ 3.6% ਸਿਰਸਾ ਡੇਰੇ ਦੇ ਪੈਰੋਕਾਰ ਸਨ। ਇਸਦੇ ਮੁਕਾਬਲੇ, 9% ਰਾਧਾ ਸੁਆਮੀ ਸਤਿਸੰਗ ਬਿਆਸ ਦੇ ਪੈਰੋਕਾਰ ਸਨ, 1.3% ਡੇਰਾ ਸੱਚਖੰਡ ਬੱਲਾਂ ਦੇ ਪੈਰੋਕਾਰ ਸਨ ਅਤੇ 2.9% ਰਵਿਦਾਸ ਦੇ ਪੈਰੋਕਾਰ ਸਨ - ਸ਼ਾਇਦ ਵੱਖ-ਵੱਖ ਰਵਿਦਾਸੀਆ ਡੇਰਿਆਂ ਦੇ ਪੈਰੋਕਾਰ ਸਨ।

ਇਨ੍ਹਾਂ ਤੋਂ ਇਲਾਵਾ, 0.9% ਨਾਨਕਸਰ ਦੇ ਪੈਰੋਕਾਰ ਸਨ ਅਤੇ 0.2% ਦਿਵਿਆ ਜੋਤੀ ਜਾਗ੍ਰਿਤੀ ਸੰਸਥਾ (ਨੂਰਮਹਿਲ) ਦੇ ਪੈਰੋਕਾਰ ਸਨ। 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ, 2.9% ਸਿਰਸਾ ਡੇਰੇ ਦੇ ਪੈਰੋਕਾਰ ਸਨ ਅਤੇ 2022 ਵਿੱਚ ਉਨ੍ਹਾਂ ਦੀ ਗਿਣਤੀ ਘਟ ਕੇ 0.9% ਰਹਿ ਗਈ ਸੀ, ਜੋ ਕਿ 2012 ਦੇ ਪੋਸਟ-ਪੋਲ ਸਰਵੇਖਣ ਵਿੱਚ ਰਿਪੋਰਟ ਕੀਤੀ ਗਈ ਪ੍ਰਤੀਸ਼ਤਤਾ ਦਾ ਸਿਰਫ਼ ਇੱਕ ਚੌਥਾਈ ਰਹਿ ਗਈ ਸੀ।

ਫਿਰ 2022 ਵਿੱਚ, 'ਕਿਸੇ ਵੀ ਡੇਰੇ ਨੂੰ ਨਾ ਮੰਨਣ ਵਾਲਿਆਂ' ਦਾ ਹਿੱਸਾ ਵਧ ਕੇ 75.7% ਹੋ ਗਿਆ। 2017 ਦੇ ਸਰਵੇਖਣ ਵਿੱਚ, 68.11% ਨੇ ਕਿਸੇ ਡੇਰੇ ਦਾ ਹੁਕਮ ਦਾ ਪਾਲਣ ਨਹੀਂ ਕੀਤਾ ਅਤੇ 8.2% ਨੇ ਕਿਹਾ ਕਿ ਉਹ ਨਹੀਂ ਜਾਣਦੇ ਕਿਸੇ ਡੇਰੇ ਨੂੰ।

ਰਾਧਾ ਸੁਆਮੀ ਸਤਿਸੰਗ ਬਿਆਸ ਦੇ ਪੈਰੋਕਾਰ 2017 ਵਿੱਚ 4.4% ਅਤੇ 2022 ਵਿੱਚ 5.3% ਸਨ। 2022 ਦੇ ਸਰਵੇਖਣ ਵਿੱਚ, ਡੇਰਾ ਬੱਲਾਂ ਦੇ ਪੈਰੋਕਾਰ 1.2%, ਰਵਿਦਾਸ ਦੇ ਪੈਰੋਕਾਰ 2.1%, ਨੂਰਮਹਿਲੀਏ ਡੇਰੇ ਦੇ ਅਨੁਯਾਈ 0.1% ਤੇ ਨਾਨਕਸਰ ਦੇ ਅਨੁਯਾਈ 0.8% ਸਨ।

(ਬਾਕੀ ਸਫ਼ਾ 34 'ਤੇ)

# ਅੰਮ੍ਰਿਤਸਰ ਵਿਚ ਨਿਹੰਗਾਂ ਨੇ ਡੇਰਾ ਪ੍ਰੇਮੀਆਂ ਦੀ ਨਾਮ ਚਰਚਾ ਰੋਕੀ



ਅੰਮ੍ਰਿਤਸਰ/ਏ.ਟੀ.ਨਿਊਜ਼ :- ਬਲਾਤਕਾਰ ਅਤੇ ਕਤਲ ਦੇ ਦੋਸ਼ ਵਿਚ ਸਜ਼ਾ ਕੱਟ ਰਹੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦੇ ਪੈਰੋਕਾਰਾਂ ਵੱਲੋਂ ਅੰਮ੍ਰਿਤਸਰ ਦੇ ਲੁਹਾਰਕਾ ਰੋਡ 'ਤੇ ਸਥਿਤ ਨਾਮ ਚਰਚਾ ਕੀਤੀ ਜਾ ਰਹੀ ਸੀ। ਇਸ ਦਾ ਪਤਾ ਜਦੋਂ ਨਿਹੰਗ ਸਿੰਘ ਜਥੇਬੰਦੀਆਂ ਲੱਗਾ ਤਾਂ ਉਹ ਮੌਕੇ 'ਤੇ ਪਹੁੰਚ ਗਏ। ਨਿਹੰਗ ਜਥੇਬੰਦੀਆਂ ਦੇ ਪਹੁੰਚਣ ਕਾਰਨ ਡੇਰਾ ਪ੍ਰੇਮੀ ਉੱਥੋਂ ਫਰਾਰ ਹੋ ਗਏ। ਸਿੱਖ ਜਥੇਬੰਦੀਆਂ ਦੇ ਆਗੂ ਪਰਮਜੀਤ ਸਿੰਘ ਅਕਾਲੀ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੂੰ ਇਸ ਸੰਬੰਧੀ ਜਾਣਕਾਰੀ ਮਿਲੀ ਕਿ ਅੰਮ੍ਰਿਤਸਰ ਦੇ ਲੁਹਾਰਕਾ ਰੋਡ ਉੱਪਰ ਡੇਰਾ ਪ੍ਰੇਮੀਆਂ ਵੱਲੋਂ ਨਾਮ ਚਰਚਾ ਕੀਤੀ ਜਾ ਰਹੀ ਹੈ ਤਾਂ ਉਹ ਮੌਕੇ 'ਤੇ ਪਹੁੰਚ ਗਏ ਤੇ ਉਨ੍ਹਾਂ ਵੱਲੋਂ ਇੱਥੇ ਸਤਿਸੰਗ ਕਰ ਰਹੇ ਡੇਰਾ ਪ੍ਰੇਮੀਆਂ ਨੂੰ ਭਜਾ ਦਿੱਤਾ। ਉਨ੍ਹਾਂ ਕਿਹਾ ਡੇਰਾ ਮੁਖੀ ਰਾਮ ਰਹੀਮ ਬਲਾਤਕਾਰੀ ਹੈ ਅਤੇ ਕਤਲ ਦੇ ਗੰਭੀਰ ਮਾਮਲਿਆਂ ਵਿਚ ਜੇਲ੍ਹ ਵਿਚ ਸਜ਼ਾ ਕੱਟ ਰਿਹਾ ਹੈ ਅਤੇ ਅਦਾਲਤ ਵੱਲੋਂ ਦੋਸ਼ੀ ਹੈ। ਉਨ੍ਹਾਂ ਕਿਹਾ ਕਿ ਡੇਰਾ ਪ੍ਰੇਮੀਆਂ ਵੱਲੋਂ ਪੰਜਾਬ ਦੇ ਮਾਹੌਲ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਜਿਸ ਨੂੰ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਅੰਮ੍ਰਿਤਸਰ ਕਿ ਪੰਜਾਬ ਵਿਚ ਕਿਤੇ ਵੀ ਡੇਰਾ ਸਿਰਸਾ ਦੇ ਪ੍ਰੇਮੀਆਂ ਨੂੰ ਨਾਮ ਚਰਚਾ ਨਹੀਂ ਕਰਨ ਦਿੱਤੀ ਜਾਵੇਗੀ। ਦੂਜੇ ਪਾਸੇ ਜਦੋਂ ਇਸ ਸੰਬੰਧੀ ਲੁਹਾਰਕਾ ਰੋਡ ਪੁਲਸ ਚੌਕੀ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਨੇ ਕਿਸੇ ਵੀ ਗੱਲ ਦਾ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ।

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇਡੀਅਨ ਪਾਸਪੋਰਟ
• ਇਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

2 ਨਵੰਬਰ ਤੋਂ 8 ਨਵੰਬਰ, 2022

## ਸਿੱਖ ਨਸਲਕੁਸ਼ੀ ਨੂੰ ਯਾਦ ਕਰਦਿਆਂ

ਨਵੰਬਰ 1984 ਵਿੱਚ ਸਾਰੇ ਇੰਡੀਆ ਭਰ ਵਿੱਚ ਗਿਣ ਮਿੱਥ ਕੇ ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ। ਇੰਦਰਾ ਗਾਂਧੀ ਦੀ ਮੌਤ ਦੇ ਬਹਾਨੇ ਨਾਲ ਕੀਤੇ ਗਏ ਇਸ ਭਿਆਨਕ ਵਰਤਾਰੇ ਵਿੱਚ ਸਿੱਖਾਂ ਨੂੰ ਜਿਉਂਦੇ ਜੀਅ ਅਤੇ ਉਨ੍ਹਾਂ ਦੇ ਘਰਾਂ ਨੂੰ ਅੱਗਾਂ ਲਾਈਆਂ ਗਈਆਂ, ਧੀਆਂ ਭੈਣਾਂ ਦੀ ਬੇਪਤੀ ਕੀਤੀ ਗਈ, ਮਾਰ ਕੁੱਟ ਕੀਤੀ ਗਈ, ਗਲਾਂ 'ਚ ਟਾਇਰ ਪਾਏ ਗਏ ਅਤੇ ਇਹ ਸਭ ਕਰਦਿਆਂ ਜਸ਼ਨ ਵੀ ਮਨਾਏ ਗਏ। ਜਿਸ ਇਲਾਕੇ ਜਾਂ ਸਹਿਰ ਵਿੱਚ ਨਸਲਕੁਸ਼ੀ ਕੀਤੀ ਉਥੇ ਸਿੱਖਾਂ ਦੇ ਧਾਰਮਿਕ ਅਸਥਾਨਾਂ, ਗੁਰਦੁਆਰਿਆਂ ਨੂੰ ਅੱਗਾਂ ਲਾਈਆਂ ਤੇ ਯਤਨ ਕੀਤਾ ਕਿ ਸਿੱਖ, ਗੁਰਦੁਆਰੇ ਇਕੱਠੇ ਨਾ ਹੋ ਸਕਣ। ਇਹ ਅਣਮਨੁੱਖੀ ਵਰਤਾਰਾ ਬਕਾਇਦਾ ਵੋਟਰ ਸੂਚੀਆਂ ਅਤੇ ਹੋਰ ਇਸ ਤਰ੍ਹਾਂ ਦੇ ਸਾਧਨਾਂ ਦੀ ਵਰਤੋਂ ਨਾਲ ਹੋਇਆ, ਇਹ ਵੀ ਸਨਾਖਤ ਕੀਤੀ ਗਈ ਕਿ ਸਿੱਖ ਕਿੱਥੇ-ਕਿੱਥੇ ਰਹਿੰਦੇ ਹਨ ਅਤੇ ਕਿਹੜੇ ਘਰ ਸਿੱਖਾਂ ਦੇ ਆਪਣੇ ਹਨ ਅਤੇ ਕਿਹੜੇ ਕਿਰਾਏ 'ਤੇ, ਇਸੇ ਲਈ ਜਿਹੜੇ ਘਰ ਸਿੱਖਾਂ ਦੇ ਸਨ ਓਥੇ ਘਰਾਂ ਨੂੰ ਵੀ ਅੱਗ ਲਾਈ ਗਈ ਅਤੇ ਜਿਹੜੇ ਕਿਰਾਏ 'ਤੇ ਸਨ ਓਥੇ ਸਿੱਖਾਂ ਨੂੰ ਮਾਰਿਆ ਗਿਆ ਅਤੇ ਸਮਾਨ ਨੂੰ ਬਾਹਰ ਕੱਢ ਕੇ ਅੱਗ ਲਾਈ ਗਈ, ਓਥੇ ਘਰ ਨੂੰ ਅੱਗ ਨਹੀਂ ਲਾਈ। ਨਸਲਕੁਸ਼ੀ ਕਰਨ ਵਾਲੇ ਅੰਦਰ ਇਹ ਗੱਲ ਮੁੱਢਲੇ ਰੂਪ ਵਿੱਚ ਪਈ ਹੁੰਦੀ ਹੈ ਕਿ ਉਹ ਅਤੇ ਦੂਸਰੀ ਧਿਰ (ਜਿਸਦੀ ਨਸਲਕੁਸ਼ੀ ਕਰਨੀ ਹੈ) ਵਿੱਚ ਫਰਕ ਹੈ, ਤੇ ਫਰਕ ਵੀ ਇੰਨਾ ਜਿਆਦਾ ਕਿ ਦੂਸਰੀ ਧਿਰ ਨੂੰ ਮਨੁੱਖ ਦੀ ਸ਼੍ਰੇਣੀ 'ਚੋਂ ਹੀ ਬਾਹਰ ਕਰ ਦੇਣਾ ਕਿ ਸਾਹਮਣੇ ਵਾਲਾ ਮਨੁੱਖ ਹੀ ਹੈ ਨਹੀਂ, ਉਹ ਵੀ ਸਿਰਫ ਆਪਣੇ ਲਈ ਨਹੀਂ ਸਗੋਂ ਯਤਨ ਕਰਨੇ ਕਿ ਹੋਰਾਂ ਨੂੰ ਵੀ ਇਹ ਗੱਲ ਜਚਾਈ ਜਾ ਸਕੇ। ਕਿਸੇ ਮਨੁੱਖ ਨੂੰ ਜਿਉਂਦੇ ਨੂੰ ਸਾੜਨਾ ਤੇ ਸਾੜਨ ਵਕਤ ਖੁਸ਼ੀ ਮਨਾਉਣੀ, ਇਹ ਕਿਵੇਂ ਸੰਭਵ ਹੁੰਦਾ ਜੇਕਰ ਸਾਹਮਣੇ ਵਾਲਾ ਵੀ ਮਨੁੱਖ ਜਾਪਦਾ, ਇਹ ਵੀ ਕੋਈ ਇਕ ਅੱਧੀ ਘਟਨਾ ਨਹੀਂ ਸੀ ਸਗੋਂ ਪੂਰੀ ਜਥੇਬੰਦਕ ਮੁਹਿੰਮ ਦੀ ਇਹੀ ਪਹੁੰਚ ਸੀ।

'ਦਿੱਲੀ ਦਰਬਾਰ' ਨੇ ਇਸ ਨਸਲਕੁਸ਼ੀ ਨੂੰ ਬੜੇ ਹੀ ਫਰੇਬੀ ਢੰਗ ਨਾਲ 'ਦਿੱਲੀ ਦੰਗੇ' ਕਹਿ ਕੇ ਪ੍ਰਚਾਰਿਆ ਅਤੇ ਲੰਬਾ ਸਮਾਂ ਸਾਡਾ ਵੱਡਾ ਹਿੱਸਾ ਇਨ੍ਹਾਂ ਸ਼ਬਦਾਂ ਓਹਲੇ ਘੜੇ ਜਾ ਰਹੇ ਬਿਰਤਾਂਤ ਦਾ ਸ਼ਿਕਾਰ ਵੀ ਹੋਇਆ। ਬੀਤੇ ਦਹਾਕਿਆਂ ਦੌਰਾਨ ਵੱਖ-ਵੱਖ ਸਿਆਸੀ ਪਾਰਟੀਆਂ ਵੀ ਇਸ ਵਰਤਾਰੇ ਨੂੰ ਆਪਣੇ ਪਿੰਡੇ 'ਤੇ ਹੰਢਾਉਣ ਵਾਲੇ ਸਿੱਖ ਪਰਿਵਾਰਾਂ ਨੂੰ ਪੀੜਤ ਕਹਿ-ਕਹਿ ਕੇ ਇਨਸਾਫ ਦਵਾਉਣ ਦੀ ਗੱਲ ਕਰਦੀਆਂ ਰਹੀਆਂ ਹਨ ਅਤੇ ਸਿੱਖਾਂ ਵਿਚੋਂ ਵੀ ਵੱਡਾ ਹਿੱਸਾ ਆਪਣੇ ਆਪ ਨੂੰ ਪੀੜਤ ਹੋਣ ਦੀ ਨਜ਼ਰ ਨਾਲ ਹੀ ਵੇਖਣ ਲਗ ਪਿਆ ਹੈ, ਉਸ ਵਕਤ ਦੀਆਂ ਤਸਵੀਰਾਂ, ਝਾਕੀਆਂ ਆਦਿ ਨੂੰ ਯਾਦਗਾਰੀ ਸਮਾਗਮਾਂ ਰਾਹੀਂ ਤਰਸ ਦੀ ਭਾਵਨਾ 'ਚੋਂ ਵੇਖਣ ਵਖਾਉਣ ਦੀ ਲਗਾਤਾਰਤਾ ਨੇ ਸਾਨੂੰ ਕਾਤਲਾਂ/ਜਾਬਰਾਂ ਤੋਂ ਇਨਸਾਫ ਦੀ ਭੀਖ ਮੰਗਣ ਦੇ ਪੁੱਠੇ ਜਿਹੇ ਅਮਲ 'ਚ ਪਾ ਰੱਖਿਆ ਹੈ ਜੋ ਸਾਡੀ ਰਵਾਇਤ ਦੇ ਬਿਲਕੁਲ ਉਲਟ ਹੈ। ਪਰ ਹੁਣ ਇਹ ਗੱਲ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੀ ਕਹੀ ਗਈ ਅਤੇ ਸਿੱਖਾਂ ਦੇ ਵੱਡੇ ਹਿੱਸੇ ਨੇ ਮਹਿਸੂਸ ਵੀ ਕੀਤੀ ਕਿ ਇਹ 'ਦੰਗੇ' ਨਹੀਂ ਸਨ, ਇਸ ਨੂੰ ਦੰਗੇ ਕਹਿਣਾ ਸਹੀ ਨਹੀਂ, ਇਹ ਨਸਲਕੁਸ਼ੀ ਸੀ ਅਤੇ ਇਸ ਨੂੰ ਨਸਲਕੁਸ਼ੀ ਦੇ ਨਾਮ ਨਾਲ ਹੀ ਯਾਦ ਕਰਨਾ ਚਾਹੀਦਾ ਹੈ।

ਇਸ ਤਰ੍ਹਾਂ ਦੇ ਵੱਡੇ ਵਰਤਾਰੇ ਰੋਜ-ਰੋਜ ਨਹੀਂ ਵਾਪਰਦੇ ਹੁੰਦੇ, ਇਨ੍ਹਾਂ ਸਬੰਧੀ ਸਾਡੀ ਜਿੰਮੇਵਾਰੀ ਵੀ ਬਹੁਤ ਵੱਧ ਜਾਂਦੀ ਹੈ, ਖਾਸਕਰ ਉਸ ਵਕਤ ਜਦੋਂ ਇਹ ਸਭ ਕਰਨ ਵਾਲੇ ਆਪਣੇ ਕੀਤੇ ਤੋਂ ਮੁਨਕਰ ਹੋ ਰਹੇ ਹੋਣ, ਕਤਲ ਕੀਤੇ ਵਿਅਕਤੀਆਂ ਦੀ ਗਿਣਤੀ ਸਹੀ ਨਾ ਦੱਸ ਰਹੇ ਹੋਣ, ਕਾਤਲਾਂ ਦੀ ਪਹਿਚਾਣ ਲੁਕਾ ਰਹੇ ਹੋਣ ਅਤੇ ਇਸ ਸਭ ਕਾਸੇ ਨੂੰ ਆਪਣੇ ਫਰੇਬੀ ਨਜ਼ਰੀਏ ਤੋਂ ਪੇਸ਼ ਕਰਨ ਦੇ ਯਤਨਾਂ ਵਿੱਚ ਲੱਗੇ ਹੋਣ। ਅਜਿਹੇ ਵਕਤ ਸਾਨੂੰ ਆਪਣੀ ਬਣਦੀ ਜਿੰਮੇਵਾਰੀ ਨਿਭਾਉਣ ਲਈ ਇਤਿਹਾਸ ਦੇ ਅਜਿਹੇ ਵਰਤਾਰਿਆਂ ਨੂੰ ਸਹੀ ਥਾਂ ਖੜ੍ਹ ਕੇ ਵੇਖਣਾ ਅਤੇ ਸਮਝਣਾ ਬਹੁਤ ਜਰੂਰੀ ਹੁੰਦਾ ਹੈ, ਜੋ ਵਾਪਰਿਆ ਓਹਦੇ ਨਾਲ ਸਬੰਧਿਤ ਸਮੱਗਰੀ ਇਕੱਤਰ ਕਰਕੇ ਪੜਚੋਲ ਕਰਨੀ ਹੁੰਦੀ ਹੈ, ਜੋ ਝੂਠ ਸਿਰਜੇ ਗਏ ਹੁੰਦੇ ਹਨ, ਉਹ ਭੰਨਣੇ ਪੈਂਦੇ ਹਨ।

ਹੁਣ ਉਹ ਪੀੜ੍ਹੀ ਹੈ ਜਿਹੜੀ 1984 ਵਿੱਚ ਜਾਂ ਉਸ ਤੋਂ ਬਾਅਦ ਜੰਮੀ, ਜਿਸ ਨੇ ਇਹ ਸਭ ਆਪਣੇ ਵੱਡਿਆਂ ਤੋਂ ਸੁਣਿਆ ਅਤੇ ਵੱਡਿਆਂ ਦਾ ਲਿਖਿਆ ਹੋਇਆ ਪੜ੍ਹਿਆ ਹੈ। ਇਸ ਪੀੜ੍ਹੀ 'ਤੇ ਇਹ ਜਿੰਮੇਵਾਰੀ ਹੋਰ ਵੀ ਜਿਆਦਾ ਵੱਧ ਜਾਂਦੀ ਹੈ, ਕੀ ਵਾਪਰਿਆ, ਕਦੋਂ ਵਾਪਰਿਆ, ਕਿਵੇਂ ਵਾਪਰਿਆ ਅਤੇ ਕਿਉਂ ਵਾਪਰਿਆ ਇਸ ਸਭ ਨੂੰ ਜਾਨਣ ਸਮਝਣ ਲਈ ਉਨ੍ਹਾਂ ਨੂੰ ਵਧੇਰੇ ਮਿਹਨਤ ਅਤੇ ਉੱਦਮਾਂ ਦੀ ਲੋੜ ਹੁੰਦੀ ਹੈ। ਪਰ ਗੁਰੂ ਦੀ ਮਿਹਰ ਹੈ ਕਿ ਇਹ ਪੀੜ੍ਹੀ ਇਸ ਤਰ੍ਹਾਂ ਦੇ ਸੰਕਟ ਦੇ ਸਮੇਂ ਵਿੱਚ ਜਦੋਂ ਸਿੱਖਾਂ ਦੀਆਂ ਸਿਰਮੌਰ ਸੰਸਥਾਵਾਂ ਵੀ ਆਪਣੀ ਵਿਸ਼ਵਾਸ਼ਯੋਗਤਾ ਗਵਾ ਬੈਠੀਆਂ ਹੋਣ, ਉਸ ਵਕਤ ਕਿਸੇ ਸੰਸਥਾ 'ਤੇ ਟੇਕ ਰੱਖਣ ਦੀ ਬਜਾਏ ਆਪ ਉੱਦਮ ਕਰ ਰਹੀ ਹੈ ਅਤੇ ਇਸ ਨਸਲਕੁਸ਼ੀ ਨੂੰ ਸਮਝਣ ਦੇ ਅਹਿਮ ਕਾਰਜ ਕਰ ਰਹੀ ਹੈ। ਇਤਿਹਾਸ ਨੂੰ ਅੱਗੇ ਤੋਂ ਅੱਗੇ ਪੀੜ੍ਹੀਆਂ ਤੱਕ ਲਿਜਾਣ ਦਾ ਵੱਡਾ ਵਸੀਲਾ ਕਿਤਾਬਾਂ ਅਤੇ ਲਿਖਤਾਂ ਹੀ ਬਣਦੀਆਂ ਹਨ, ਪਿਛਲੇ ਕੁਝ ਵਰ੍ਹਿਆਂ ਵਿੱਚ ਹੀ ਵੇਖੀਏ ਤਾਂ ਹੁਣ ਦੀ ਪੀੜ੍ਹੀ ਨੇ ਇਸ ਪਾਸੇ ਕਈ ਵੱਡੇ ਉੱਦਮ ਕੀਤੇ ਹਨ। ਜਿੱਥੇ ਪਹਿਲਾਂ ਇਹ ਗੱਲ ਸਿਰਫ ਦਿੱਲੀ ਤੱਕ ਹੀ ਸੀਮਤ ਕੀਤੀ ਜਾਂਦੀ ਸੀ ਉੱਥੇ ਹੁਣ ਇਨ੍ਹਾਂ ਉੱਦਮਾਂ ਸਦਕਾ ਇਹ ਗੱਲ ਸਬੂਤਾਂ ਸਮੇਤ ਵੱਡੇ ਪੱਧਰ ਉੱਤੇ ਸਾਹਮਣੇ ਆ ਗਈ ਹੈ ਕਿ ਇਹ ਨਸਲਕੁਸ਼ੀ ਸਿਰਫ ਦਿੱਲੀ ਨਹੀਂ ਸਗੋਂ ਪੂਰੇ ਇੰਡੀਆ ਵਿੱਚ ਹੀ ਹੋਈ ਹੈ। ਜਿਨ੍ਹਾਂ ਨੇ ਇਹ ਸਭ ਹੱਡੀਂ ਹੰਢਾਇਆ ਹੈ, ਉਨ੍ਹਾਂ ਨੂੰ ਮਿਲ ਕੇ ਇਤਿਹਾਸ ਵਿੱਚ ਦਰਜ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਦੇ ਉੱਦਮ ਹੀ ਕਿਸੇ ਜਖਮ ਨੂੰ ਸੂਰਜ ਬਣਾਉਣ ਵੱਲ ਨੂੰ ਪੁੱਟੇ ਅਹਿਮ ਕਦਮ ਹੁੰਦੇ ਹਨ। ਭੁੱਲ ਜਾਣ ਅਤੇ ਯਾਦ ਰੱਖਣ ਦੀ ਜੰਗ ਵਿੱਚ ਨਵੀਂ ਪੀੜ੍ਹੀ ਦੇ ਸਿੱਖ ਨੌਜਵਾਨ ਨਿਡਰਤਾ ਨਾਲ ਮੁਕਾਬਲਾ ਕਰ ਰਹੇ ਹਨ ਅਤੇ ਆਪਣੇ ਪੁਰਖਿਆਂ ਦੀਆਂ ਪੈੜਾਂ ਵਿੱਚ ਪੈੜ ਰੱਖਣ ਦੀ ਅਰਦਾਸ ਵਿੱਚ ਹਨ। ਗੁਰੂ ਪਾਤਿਸ਼ਾਹ ਮਿਹਰ ਕਰਨ, ਸਾਨੂੰ ਹੋਰ ਬਲ ਬਖਸ਼ਣ ਤਾਂ ਜੋ ਸਿੱਖ ਨਸਲਕੁਸ਼ੀ ਦੇ ਹੋਰ ਲੁਕਵੇਂ ਪੱਖਾਂ ਨੂੰ ਉਜਾਗਰ ਕਰਨ ਲਈ ਅਸੀਂ ਵਧੇਰੇ ਜਥੇਬੰਦਕ ਖੋਜ ਕਾਰਜ ਕਰ ਸਕੀਏ ਅਤੇ ਇਸਦੇ ਪਸਾਰਾਂ ਨੂੰ ਦੁਨੀਆਂ ਵਿੱਚ ਪ੍ਰਚਾਰਨ ਲਈ ਵਧੇਰੇ ਉਦਮ ਕਰ ਸਕੀਏ।

-ਸੰਪਾਦਕ

# ਪੰਜਾਬ ਆਰਥਿਕ ਤੇ ਸਭਿਆਚਾਰਕ ਸੰਕਟ ਵੱਲ

ਡਾ. ਬਿਕਰਮ ਸਿੰਘ ਵਿਰਕ

ਪਹਿਲੀ ਨਵੰਬਰ 2022 ਨੂੰ ਪੰਜਾਬ ਦਾ 57ਵਾਂ ਸਥਾਪਨਾ ਦਿਵਸ ਸੀ। ਪਿੱਛੇ ਲੰਘੇ ਕੋਈ ਸਾਢੇ ਪੰਜ ਦਹਾਕੇ ਦੇ ਸਮੇਂ 'ਤੇ ਪਿਛਲਝਾਤ ਮਾਰਦਿਆਂ ਕਈ ਕੌੜੀਆਂ-ਮਿੱਠੀਆਂ ਘਟਨਾਵਾਂ ਚੇਤੇ ਆਉਂਦੀਆਂ ਹਨ। ਇਨ੍ਹਾਂ ਵਿਚ ਪੰਜਾਬ ਸੰਤਾਪ 84 ਦਾ ਦੌਰ ਅਜਿਹਾ ਵੀ ਆਇਆ ਜਿਸ ਨੇ ਸਮੁੱਚੇ ਸੂਬੇ ਦੀ ਆਰਥਿਕਤਾ, ਰਾਜਨੀਤਕ ਵਿਵਸਥਾ, ਸਿੱਖਿਆ ਅਤੇ ਸਿਹਤ ਪ੍ਰਣਾਲੀ ਸਮੇਤ ਬਹੁਤ ਸਾਰੀਆਂ ਸੰਸਥਾਵਾਂ ਦਾ ਬੁਰੀ ਤਰਾਂ ਨਾਲ ਘਾਣ ਕੀਤਾ। ਇਸ ਉਪਰੰਤ ਇਨ੍ਹਾਂ ਵਿਚੋਂ ਬਹੁਤ ਸਾਰੀਆਂ ਸੰਸਥਾਵਾਂ ਦੀ ਮੁੜ-ਬਹਾਲੀ ਅਜੇ ਤੱਕ ਵੀ ਨਹੀਂ ਹੋ ਸਕੀ। ਜਿਥੋਂ ਤੱਕ ਆਰਥਿਕ ਮੁਹਾਜ਼ ਦਾ ਮਾਮਲਾ ਹੈ ਤਾਂ 1980ਵਿਆਂ ਵਿਚ ਪੂਰੇ ਦੇਸ਼ ਵਿਚੋਂ ਪ੍ਰਤੀ ਜੀਅ ਆਮਦਨ ਦੇ ਮਾਮਲੇ ਵਿਚ ਸਭ ਤੋਂ ਪਹਿਲੇ ਸਥਾਨ 'ਤੇ ਰਹਿਣ ਵਾਲਾ ਸੂਬਾ ਹੁਣ 14ਵੇਂ-15ਵੇਂ ਸਥਾਨ 'ਤੇ ਖਿਸਕ ਗਿਆ ਹੈ। ਪੇਂਡੂ ਸਿੱਖਿਆ ਵੀ ਅਜੇ ਤੀਕਰ ਪੈਰਾਂ ਸਿਰ ਨਹੀਂ ਹੋ ਸਕੀ ਅਤੇ ਨਾ ਹੀ ਮਿਆਰੀ ਸਿਹਤ ਸਹੂਲਤਾਂ ਲੋਕਾਂ ਤੱਕ ਪਹੁੰਚ ਸਕੀਆਂ ਹਨ। ਖੇਤੀ ਨਿਘਾਰ ਵੱਲ ਹੈ ਅਤੇ ਹਵਾ-ਪਾਣੀ ਬਹੁਤ ਜ਼ਿਆਦਾ ਪ੍ਰਦੂਸ਼ਿਤ ਹੋ ਚੁੱਕੇ ਹਨ। ਆਉਣ ਵਾਲੇ ਭਵਿੱਖ ਵਿਚ ਕੋਈ ਚੰਗੇ ਮੌਕੇ ਨਾ ਦਿਸਦੇ ਹੋਣ ਕਾਰਨ ਵੱਡੀ ਗਿਣਤੀ ਵਿਚ ਨੌਜਵਾਨ ਮੁੰਡੇ-ਕੁੜੀਆਂ ਵਿਦੇਸ਼ਾਂ ਦਾ ਰੁਖ਼ ਕਰ ਰਹੇ ਹਨ। ਲੰਘੀਆਂ ਕਈ ਸਰਕਾਰਾਂ ਵਲੋਂ ਇਨ੍ਹਾਂ ਸਮੱਸਿਆਵਾਂ ਦੇ ਹੱਲ ਲੱਭੇ ਜਾਣ ਦੇ ਦਾਅਵੇ ਤਾਂ ਬੇਸ਼ੱਕ ਕੀਤੇ ਗਏ ਪਰ ਜਮੀਨੀ ਪੱਧਰ 'ਤੇ ਉਨ੍ਹਾਂ ਦਾ ਕੋਈ ਠੋਸ ਅਸਰ ਵੇਖਣ ਨੂੰ ਨਹੀਂ ਮਿਲਦਾ। ਨੌਜਵਾਨਾਂ ਲਈ ਨੌਕਰੀਆਂ, ਕਿਸਾਨਾਂ ਨੂੰ ਫ਼ਸਲਾਂ ਦੇ ਵਾਜਬ ਮੁੱਲ, ਲੋੜਵੰਦਾਂ ਨੂੰ ਜ਼ਰੂਰੀ ਸਹੂਲਤਾਂ ਆਦਿ ਤਦ ਹੀ ਦਿੱਤੇ ਜਾ ਸਕਦੇ ਹਨ ਜੇਕਰ ਸੂਬੇ ਦੀ ਵਿਤੀ ਹਾਲਤ ਤਕੜੀ ਹੋਵੇ। ਪ੍ਰੰਤੂ ਪਿਛਲੀਆਂ ਸਰਕਾਰਾਂ ਵਲੋਂ ਰਾਜ ਸੱਤਾ ਹਾਸਲ ਕਰਨ ਲਈ ਆਪਣੇ ਨਿੱਜੀ ਮੁਫ਼ਾਦਾਂ ਨੂੰ ਅੱਗੇ ਰੱਖਦਿਆਂ ਲੋਕਾਂ ਵਿਚ ਬਿਨਾਂ ਵਜ੍ਹਾ ਮੁਫ਼ਤ ਸਹੂਲਤਾਂ ਵੰਡਣ ਦੀ ਇਕ ਐਸੀ ਗੀਤ ਸ਼ੁਰੂ ਕੀਤੀ ਜੋ ਲਗਾਤਾਰ ਵਧਦੀ ਹੀ ਜਾ ਰਹੀ ਹੈ ਅਤੇ ਇਸ ਦਾ ਕੋਈ ਅੰਤ ਹੁੰਦਾ ਨਜ਼ਰ ਨਹੀਂ ਆ ਰਿਹਾ। ਇਸੇ ਸੰਦਰਭ ਵਿਚ ਸੂਬੇ ਨੂੰ ਦਰਪੇਸ਼ ਆਰਥਿਕ ਚੁਣੌਤੀਆਂ ਅਤੇ ਸੰਭਾਵਨਾਵਾਂ ਤਲਾਸ਼ਣ ਦਾ ਇਹ ਇਕ ਯਤਨ ਹੈ।

### ਆਰਥਿਕ ਚੁਣੌਤੀਆਂ

ਆਰਥਿਕ ਮੁਹਾਜ਼ 'ਤੇ ਪੰਜਾਬ ਇਸ ਵਕਤ ਬਹੁਤ ਹੀ ਗੰਭੀਰ ਵਿੱਤੀ ਸੰਕਟ ਵਿਚੋਂ ਲੰਘ ਰਿਹਾ ਹੈ ਅਤੇ ਮਾਰਚ 2022 ਦੇ ਅੰਤ ਤੱਕ ਪੰਜਾਬ ਸਿਰ ਕੋਈ 2,63,265 ਕਰੋੜ ਰੁਪਏ ਦਾ ਕਰਜ਼ਾ ਸੀ। ਪੰਜਾਬ ਦੇ ਵਿੱਤੀ ਹਾਲਾਤ ਬਾਰੇ ਸੂਬੇ ਵਿਚ ਨਵੀਂ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਇਕ ਵਾਈਟ ਪੇਪਰ ਵੀ ਛਾਪਿਆ ਗਿਆ ਜਿਸ ਵਿਚ ਕਿ ਪਿਛਲੇ ਦਸ ਸਾਲ ਦੇ ਅੰਕੜੇ ਲੈ ਕੇ ਇਕ ਰਿਪੋਰਟ ਤਿਆਰ ਕੀਤੀ ਗਈ ਅਤੇ ਕੁਲ ਮਿਲਾ ਕੇ ਪਿਛਲੀਆਂ ਸਰਕਾਰਾਂ ਨੂੰ ਇਸ ਦੁਰਦਸ਼ਾ ਲਈ ਜ਼ਿੰਮੇਵਾਰ ਦੱਸਿਆ ਗਿਆ। ਅਜਿਹਾ ਹੀ ਇਕ ਵਾਈਟ ਪੇਪਰ 2017 ਵਿਚ ਬਣੀ ਕਾਂਗਰਸ ਸਰਕਾਰ ਵਲੋਂ ਵੀ ਛਾਪਿਆ ਗਿਆ ਸੀ ਜਿਸ ਵਿਚ ਵੀ ਪੰਜਾਬ ਸਿਰ ਚੜ੍ਹੇ ਕਰਜ਼ ਲਈ ਪਹਿਲਾਂ ਦੀਆਂ ਸਰਕਾਰਾਂ, ਖਾਸ ਕਰਕੇ ਲਗਾਤਾਰ 10 ਸਾਲ ਸੱਤਾ ਵਿਚ ਰਹੀ ਅਕਾਲੀ-ਭਾਜਪਾ ਸਰਕਾਰ ਨੂੰ ਜ਼ਿੰਮੇਵਾਰ ਦੱਸਿਆ ਗਿਆ ਸੀ। ਇਹ ਵਰਤਾਰਾ ਆਮ ਹੀ ਹੈ ਕਿ ਨਵੀਂ ਸਰਕਾਰ ਵਿੱਤੀ ਸੰਕਟ ਲਈ ਅਤੇ ਲਏ ਗਏ ਕਰਜ਼ ਲਈ ਪਿਛਲੀਆਂ ਸਰਕਾਰਾਂ ਨੂੰ ਹੀ ਜ਼ਿੰਮੇਵਾਰ ਠਹਿਰਾਉਂਦੀਆਂ ਰਹੀਆਂ ਹਨ। ਕਰਜ਼ੇ ਦੇ ਸੰਬੰਧ ਵਿਚ ਹਾਲਾਤ ਇਸ ਕਦਰ ਬਦਤਰ ਹਨ ਕਿ ਅਬਾਦੀ ਅਤੇ ਏਰੀਏ ਦੇ ਆਧਾਰ 'ਤੇ ਇਸ ਵਕਤ ਪੰਜਾਬ ਭਾਰਤ ਦੇ ਸਭ ਸੂਬਿਆਂ ਤੋਂ ਵਧੇਰੇ ਕਰਜ਼ਾਈ ਹੈ ਅਤੇ ਇਸ ਸਾਲ 2019-20 ਦਾ ਕਰਜ਼-ਘਰੇਲੂ ਉਤਪਾਦ ਅਨੁਪਾਤ 42.5 ਫੀਸਦੀ ਸੀ ਜੋ ਕਿ ਬਾਕੀ ਸੂਬਿਆਂ ਨਾਲੋਂ ਬਹੁਤ ਜ਼ਿਆਦਾ ਸੀ।

ਕੇਂਦਰੀ ਰਿਜ਼ਰਵ ਬੈਂਕ ਦੇ ਬੁਲੇਟਨ ਅਨੁਸਾਰ ਸਾਲ 2021-22 ਲਈ ਇਹ ਅਨੁਪਾਤ ਹੋਰ ਵਧ ਕੇ 53.3 ਫੀਸਦੀ ਤੱਕ ਹੋ ਜਾਵੇਗਾ। ਇਸ ਮਾਮਲੇ ਵਿਚ ਪੰਜਾਬ ਤੋਂ ਬਾਅਦ ਪੱਛਮੀ ਬੰਗਾਲ 36.9 ਫ਼ੀਸਦੀ ਨਾਲ ਦੂਸਰੇ ਨੰਬਰ 'ਤੇ ਅਤੇ ਆਂਧਰਾ ਪ੍ਰਦੇਸ਼ 31.7 ਫ਼ੀਸਦੀ ਦੀ ਦਰ ਨਾਲ ਤੀਸਰੇ ਨੰਬਰ 'ਤੇ ਹੈ। ਸਾਡੇ ਗੁਆਂਢੀ ਸੂਬੇ ਹਰਿਆਣਾ ਦੀ ਕਰਜ਼-ਘਰੇਲੂ ਉਤਪਾਦ ਅਨੁਪਾਤ 29 ਫੀਸਦੀ ਦੇ ਆਸ ਪਾਸ ਹੈ। ਕਰਜ਼ੇ ਦੀ ਮਾਤਰਾ ਵਧੇਰੇ ਹੋਣ ਕਾਰਨ ਰਾਜ ਦੇ ਮਾਲੀਏ ਦਾ ਇਕ ਵੱਡਾ ਹਿੱਸਾ ਇਸ ਦੀ ਵਿਆਜ ਅਦਾਇਗੀ ਉਪਰ ਹੀ ਖ਼ਰਚ ਹੋ ਜਾਂਦਾ ਹੈ ਅਤੇ ਵਿਕਾਸ ਕਾਰਜਾਂ ਲਈ ਪੈਸਾ ਹੀ ਨਹੀਂ ਬਚਦਾ। ਹਾਲਾਤ ਏਨੇ ਮਾੜੇ ਹਨ ਕਿ ਕਰਜ਼ਾ ਮੋੜਨ ਲਈ ਹੋਰ ਕਰਜ਼ ਲੈਣਾ ਪੈ ਰਿਹਾ ਹੈ।

ਕਰਜ਼ ਦੇ ਵਧਣ ਦੇ ਕਾਰਨ ਮਾਲੀ ਆਮਦਨ ਅਤੇ ਮਾਲੀ ਖਰਚ, ਦੋਵਾਂ ਹੀ ਪਾਸਿਆਂ ਤੋਂ ਵੇਖਣ ਨੂੰ ਮਿਲਦੇ ਹਨ। ਜਿਥੇ ਇਕ ਪਾਸੇ ਵੋਟਰਾਂ ਨੂੰ ਖ਼ੁਸ਼ ਕਰਨ ਹਿੱਤ ਹਰ ਸਰਕਾਰ ਵਲੋਂ ਬਿਨਾਂ ਲੋੜ ਤੋਂ ਮੁਫ਼ਤ ਦੀਆਂ ਸਹੂਲਤਾਂ ਵੰਡਣ 'ਤੇ ਬੇਹਤਾਸ਼ਾ ਖਰਚ ਕੀਤਾ ਗਿਆ ਓਥੇ ਹੀ ਦੂਸਰੇ ਪਾਸੇ ਆਮਦਨ ਵਧਾਏ ਜਾਣ ਲਈ ਕੋਈ ਵਿਸ਼ੇਸ਼ ਯਤਨ ਨਹੀਂ ਕੀਤੇ ਗਏ। ਪਿਛਲੇ 15 ਸਾਲਾਂ ਤੋਂ ਇਹ ਵਰਤਾਰਾ ਵੇਖਣ ਨੂੰ ਮਿਲ ਰਿਹਾ ਹੈ ਕਿ ਹਰ ਸਾਲ ਸੂਬੇ ਦੀਆਂ ਮਾਲੀ ਪ੍ਰਾਪਤੀਆਂ ਮਿਥੇ ਗਏ ਟੀਚਿਆਂ ਤੋਂ ਬਹੁਤ ਹੀ ਜ਼ਿਆਦਾ ਘਟ ਰਹੀਆਂ। ਇਸ ਦਾ ਸਪੱਸ਼ਟ ਕਾਰਨ ਸੀ ਕਿ ਸੂਬੇ ਵਿਚ ਰਾਜ ਕਰ ਰਹੀਆਂ ਪਾਰਟੀਆਂ ਵਲੋਂ ਆਪਣੇ ਲੋਕਾਂ ਨੂੰ ਸਰਕਾਰੀ ਆਮਦਨ ਨਿੱਜੀ ਜੇਬਾਂ ਵਿਚ ਪਾਉਣ ਤੋਂ ਬਿਲਕੁਲ ਵੀ ਨਹੀਂ ਰੋਕਿਆ ਗਿਆ। ਮਾਲੀ ਖਰਚ ਵਾਲੇ ਪਾਸੇ ਨਿਗ੍ਹਾ ਮਾਰੀ ਜਾਵੇ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਹਰ ਸਾਲ ਸਬਸਿਡੀਆਂ ਅਤੇ ਮੁਫ਼ਤ ਦੀਆਂ ਸਹੂਲਤਾਂ 'ਤੇ ਕੀਤਾ ਜਾਣ ਵਾਲਾ ਖਰਚ ਤੇਜ਼ੀ ਨਾਲ ਵਧਦਾ ਗਿਆ। ਬਜਟ ਵਿਚ ਸਰਕਾਰ ਵਲੋਂ ਕੇਵਲ ਬਿਜਲੀ ਸਬਸਿਡੀ ਹੀ ਸਪੱਸ਼ਟ ਤੌਰ 'ਤੇ ਦਰਸਾਈ ਜਾਂਦੀ ਹੈ ਜਦਕਿ ਹੋਰ ਮੁਫ਼ਤ ਦੀਆਂ ਸਹੂਲਤਾਂ ਦਾ ਵਿਸਥਾਰ ਦੇਣ ਦੀ ਬਜਾਏ ਉਨ੍ਹਾਂ ਨੂੰ 'ਹੋਰ ਮਾਲੀ ਖਰਚ' ਦੀ ਮੱਦ ਅਧੀਨ ਸ਼ਾਮਿਲ ਕਰ ਦਿੱਤਾ ਜਾਂਦਾ ਹੈ। ਜੇਕਰ ਇਕੱਲੀ ਬਿਜਲੀ ਸਬਸਿਡੀ ਹੀ ਵੇਖੀ ਜਾਵੇ ਤਾਂ ਜਦੋਂ ਇਹ 1997 ਸਭ ਤੋਂ ਪਹਿਲੀ ਵਾਰ ਅਕਾਲੀ-ਭਾਜਪਾ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਤਾਂ ਇਸ 'ਤੇ ਸਾਲਾਨਾ ਖਰਚ ਕੋਈ ਸੱਤ-ਅੱਠ ਸੌ ਕਰੋੜ ਰੁਪਏ ਸੀ ਜੋ ਕਿ ਹੁਣ ਤਕ ਤੇਰਾਂ ਹਜ਼ਾਰ ਕਰੋੜ ਰੁਪਏ ਸਲਾਨਾ ਤੋਂ ਵੀ ਵਧ ਗਿਆ ਹੈ। ਇੰਜ ਸੂਬੇ ਦੇ ਕੁਲ ਮਾਲੀਏ ਦਾ ਕਰੀਬ 17 ਫ਼ੀਸਦੀ ਬਿਜਲੀ ਸਬਸਿਡੀ 'ਤੇ ਹੀ ਖ਼ਰਚ ਹੋ ਰਿਹਾ ਹੈ। ਇਨ੍ਹਾਂ ਵਿਚ ਜੇਕਰ ਦੂਸਰੀਆਂ ਮੁਫ਼ਤ ਸਹੂਲਤਾਂ, ਜਿਵੇਂ ਕਿ ਆਟਾ-ਦਾਲ ਸਕੀਮ, ਮੁਫ਼ਤ ਬੱਸ ਸਫ਼ਰ ਆਦਿ ਵੀ ਸ਼ਾਮਿਲ ਕਰ ਲਿਆ ਜਾਵੇ ਤਾਂ ਇਨ੍ਹਾਂ 'ਤੇ ਹੋਣ ਵਾਲਾ ਖਰਚ ਡੇਢ ਤੋਂ ਦੋ ਗੁਣਾ ਹੋ ਜਾਵੇਗਾ। ਖੜ੍ਹੇ ਕਰਜ਼ 'ਤੇ ਵਿਆਜ ਅਦਾਇਗੀ ਜੋ ਕਿ 1997-98 ਵਿਚ ਮਹਿਜ਼ 16 ਸੌ ਕਰੋੜ ਰੁਪਏ ਦੇ ਕਰੀਬ ਸੀ ਸਾਲ 2021-22 ਵਿਚ ਵਧ ਕੇ 17 ਹਜ਼ਾਰ ਕਰੋੜ ਰੁਪਏ ਸਲਾਨਾ ਤਕ ਪਹੁੰਚ ਗਈ ਹੈ ਅਤੇ ਇੰਜ ਸੂਬੇ ਦੀਆਂ ਕੁਲ ਮਾਲੀ ਪ੍ਰਾਪਤੀਆਂ ਦਾ 22 ਫ਼ੀਸਦੀ ਦੇ ਕਰੀਬ ਵਿਆਜ ਅਦਾਇਗੀਆਂ 'ਤੇ ਖ਼ਰਚ ਹੋ ਰਿਹਾ ਹੈ। ਤਨਖਾਹਾਂ ਅਤੇ ਪੈਨਸ਼ਨਾਂ ਉਪਰ ਹੋਣ ਵਾਲਾ ਖਰਚ ਮਾਲੀ ਪ੍ਰਾਪਤੀਆਂ ਦੇ ਪ੍ਰਤੀਸ਼ਤ ਵਜੋਂ ਕਰੀਬ ਓਨਾ ਹੀ ਹੈ ਜਿੰਨਾ ਕਿ 25 ਸਾਲ ਪਹਿਲਾਂ ਸੀ। 1997-98 ਵਿਚ ਤਨਖਾਹਾਂ ਪੈਨਸ਼ਨਾਂ ਉਪਰ ਸੂਬੇ ਦੇ ਕੁਲ ਮਾਲੀਏ ਦਾ 52 ਫੀਸਦੀ ਖਰਚ ਹੋ ਰਿਹਾ ਸੀ ਜੋ ਕਿ ਸਾਲ 2021-22 ਵਿਚ 54 ਫੀਸਦੀ ਦੇ ਕਰੀਬ ਹੈ। ਇੰਜ ਮਾਲੀ ਖਰਚ ਵਿਚ ਇਕ ਵੱਡਾ ਵਾਧਾ ਸਬਸਿਡੀਆਂ, ਮੁਫ਼ਤ ਸਹੂਲਤਾਂ ਅਤੇ ਵਿਆਜ ਅਦਾਇਗੀਆਂ ਕਾਰਨ ਹੀ ਹੋਇਆ ਹੈ।

### ਕੀ ਕੀਤਾ ਜਾਏ ?

ਪੰਜਾਬ ਦੇ ਪਿਛਲੇ ਸਾਲਾਂ ਦੇ ਬਜਟ ਵਿਸ਼ਲੇਸ਼ਣ ਤੋਂ ਇਕ ਗੱਲ ਬਿਲਕੁਲ ਸਪੱਸ਼ਟ ਹੋ ਜਾਂਦੀ ਹੈ ਕਿ ਜਿਥੇ ਇਕ ਪਾਸੇ ਸਰਕਾਰ ਦਾ ਮਾਲੀਆ ਉਸ ਦਰ ਨਾਲ ਨਹੀਂ ਵਧ ਰਿਹਾ ਜਿਸ ਦਰ ਨਾਲ ਦੂਸਰੇ ਸੂਬਿਆਂ ਦਾ ਵਧ ਰਿਹਾ ਹੈ ਜਦਕਿ ਦੂਸਰੇ ਪਾਸੇ ਸਬਸਿਡੀਆਂ ਅਤੇ ਮੁਫ਼ਤ ਸਹੂਲਤਾਂ ਉਪਰਲੇ ਮਾਲੀ ਖਰਚ ਵਿਚ ਬਹੁਤ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਭਾਵੇਂ ਕਿ ਨਵੀਂ ਬਣੀ ਸਰਕਾਰ ਦੇ ਮੰਤਰੀਆਂ ਵਲੋਂ ਪਿਛਲੇ ਦਿਨੀ ਅਖ਼ਬਾਰਾਂ ਵਿਚ ਇਹ ਅੰਕੜੇ ਪੇਸ਼ ਕੀਤੇ ਗਏ ਸਨ ਕਿ ਪਹਿਲੇ 6 ਮਹੀਨਿਆਂ ਦੌਰਾਨ ਸਰਕਾਰ ਦੀ ਮਾਲੀ ਆਮਦਨ ਪਿਛਲੀ ਸਰਕਾਰ ਦੇ ਮੁਕਾਬਲੇ ਵਿਚ ਵਧੀ ਹੈ। ਪ੍ਰੰਤੂ ਇਸੇ ਹਫ਼ਤੇ ਪੰਜਾਬੀ ਦੀ ਇਕ ਪ੍ਰਮੁੱਖ ਅਖਬਾਰ ਦੇ ਇਕ ਸੀਨੀਅਰ ਪੱਤਰਕਾਰ ਵਲੋਂ ਇਹ ਖ਼ਬਰ ਵੀ ਛਾਪੀ ਗਈ ਹੈ ਕਿ ਪੰਜਾਬ ਸਰਕਾਰ ਦੀ ਮਾਲੀ ਆਮਦਨ ਇਸ ਸਮੇਂ ਦੌਰਾਨ ਵਧਣ ਦੀ ਬਜਾਏ ਘਟੀ ਹੈ। ਸਰਕਾਰ ਨੂੰ ਇਸ ਸੰਬੰਧੀ ਤੱਥਾਂ ਦੇ ਆਧਾਰ 'ਤੇ ਸਪੱਸ਼ਟ ਕਰਨਾ ਚਾਹੀਦਾ ਹੈ।

ਸੂਬੇ ਦੇ ਵਿੱਤੀ ਪ੍ਰਬੰਧ ਨੂੰ ਲੀਹਾਂ 'ਤੇ ਲਿਆਉਣ ਲਈ ਮਾਲੀ ਪ੍ਰਾਪਤੀਆਂ ਅਤੇ ਮਾਲੀ ਖ਼ਰਚ, ਦੋਵਾਂ ਹੀ ਮੁਹਾਜ਼ਾਂ ਉਪਰ ਕੰਮ ਕਰਨ ਦੀ ਜ਼ਰੂਰਤ ਹੈ। ਜਿਥੇ ਇਕ ਪਾਸੇ ਮਾਲੀ ਪ੍ਰਾਪਤੀਆਂ ਵਧਾਏ ਜਾਣ ਦੀ ਜ਼ਰੂਰਤ ਹੈ ਓਥੇ ਹੀ ਦੂਸਰੇ ਪਾਸੇ ਬੇਲੋੜੀਆਂ ਸਬਸਿਡੀਆਂ ਅਤੇ ਮੁਫ਼ਤ ਸਹੂਲਤਾਂ ਨੂੰ ਤਰਕ-ਸੰਗਤ ਬਣਾਏ ਜਾਣ ਦੀ ਜ਼ਰੂਰਤ ਹੈ। ਜਾਣੇ ਪਹਿਚਾਣੇ ਅਰਥ-ਸ਼ਾਸਤਰੀ ਡਾ. ਰਣਜੀਤ ਸਿੰਘ ਘੁੰਮਣ ਵਲੋਂ ਹਾਲ ਹੀ ਵਿਚ ਲਿਖੇ ਇਕ ਲੇਖ ਅਨੁਸਾਰ ਪੰਜਾਬ ਸਰਕਾਰ ਬਿਨਾਂ ਕੋਈ ਵਾਧੂ ਟੈਕਸ ਲਗਾਏ ਕੋਈ 28,500 ਕਰੋੜ ਰੁਪਏ ਸਾਲਾਨਾ ਦਾ ਵਾਧੂ ਮਾਲੀਆ ਇਕੱਤਰ ਕਰ ਸਕਦੀ ਹੈ। ਅਜਿਹਾ ਕਰ ਚੋਰੀ ਨੂੰ ਰੋਕ ਕੇ ਬਹੁਤ ਹੀ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਦੂਸਰੇ ਪਾਸੇ ਸਬਸਿਡੀਆਂ ਨੂੰ ਤਰਕ-ਸੰਗਤ ਬਣਾਏ ਜਾਣ ਨਾਲ ਸੂਬੇ ਨੂੰ ਕਰੀਬ 10,000 ਕਰੋੜ ਰੁਪਏ ਸਾਲਾਨਾ ਦੀ ਬੱਚਤ ਹੋ ਸਕਦੀ ਹੈ। ਇਸ ਦਿਸ਼ਾ ਵਿਚ ਕੰਮ ਕਰਨ ਲਈ ਸਰਕਾਰ ਦੇ ਸਾਹਮਣੇ ਕੁਝ ਹੇਠ ਲਿਖੇ ਸੁਝਾਅ ਪੇਸ਼ ਹਨ :-

1. ਤਨਖਾਹ ਜਾਂ ਪੈਨਸ਼ਨ ਲੈ ਰਹੇ ਸਮੂਹ ਅਧਿਕਾਰੀਆਂ/ਕਰਮਚਾਰੀਆਂ, ਆਮਦਨ ਕਰ ਭਰ ਰਹੇ ਸ਼ਹਿਰੀਆਂ ਅਤੇ ਧਨਾਢ ਕਿਸਾਨਾਂ ਕੋਲੋਂ ਖੇਤੀ ਖੇਤਰ ਲਈ ਦਿੱਤੀ ਜਾਣ ਵਾਲੀ ਬਿਜਲੀ ਸਬਸਿਡੀ ਦੀ ਸਹੂਲਤ ਵਾਪਿਸ ਲਈ ਜਾਣੀ ਚਾਹੀਦੀ ਹੈ।

2. ਆਟਾ-ਦਾਲ ਸਕੀਮ ਦਾ ਲਾਭ ਕੇਵਲ ਉਨ੍ਹਾਂ ਹੀ ਘਰਾਂ ਨੂੰ ਦਿੱਤਾ ਜਾਣਾ ਚਾਹੀਦਾ ਹੈ ਜੋ ਕਿ ਬਿਲਕੁਲ ਗ਼ਰੀਬ ਹਨ ਜਾਂ ਜਿਨ੍ਹਾਂ ਦੇ ਘਰ ਵਿਚ ਕੋਈ ਕਮਾਈ ਕਰਨ ਵਾਲਾ ਜੀਅ ਨਹੀਂ ਹੈ।

3. ਬੱਸਾਂ ਵਿਚ ਮੁਫ਼ਤ ਸਫ਼ਰ ਦੀ ਸਹੂਲਤ ਵਾਸਤੇ ਬਿਲਕੁਲ ਗ਼ਰੀਬ ਜਾਂ ਬੇਸਹਾਰਾ ਔਰਤਾਂ ਨੂੰ ਹੀ ਦਿੱਤੀ ਜਾਵੇ ਅਤੇ ਬਾਕੀਆਂ ਲਈ ਇਹ ਬੰਦ ਕੀਤੀ ਜਾਵੇ।

4. ਸੱਤਾ ਵਿਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਨੇਤਾਵਾਂ ਨੇ ਮਾਈਨਿੰਗ ਅਤੇ ਸ਼ਰਾਬ ਤੋਂ ਹੋਣ ਵਾਲੀ ਆਮਦਨ ਦੇ ਬਹੁਤ ਹੀ ਵੱਡੇ ਅੰਕੜੇ ਪੇਸ਼ ਕੀਤੇ ਸਨ ਅਤੇ ਇਨ੍ਹਾਂ ਤੋਂ ਕਾਫ਼ੀ ਆਮਦਨ ਹੋਣ ਦੀ ਸੰਭਾਵਨਾ ਵੀ ਹੈ। ਇਨ੍ਹਾਂ ਦੋਵਾਂ ਸੰਬੰਧੀ ਠੋਸ ਨੀਤੀ ਲਿਆ ਕੇ ਵੱਧ ਤੋਂ ਵੱਧ ਮਾਲੀਆ ਜੁਟਾਇਆ ਜਾਣਾ ਚਾਹੀਦਾ ਹੈ।

5. ਸਰਕਾਰ ਦੀ ਗੈਰ-ਕਰ ਸੋਮਿਆਂ ਤੋਂ ਹਾਸਿਲ ਹੋਣ ਵਾਲੀ ਆਮਦਨ ਹਰ ਸਾਲ ਲਗਾਤਾਰ ਘਟ ਰਹੀ ਹੈ। ਸਰਕਾਰ ਵਲੋਂ ਇਨ੍ਹਾਂ ਸੋਮਿਆਂ ਤੋਂ ਹੋਣ ਵਾਲੀ ਆਮਦਨ ਨੂੰ ਵਧਾਉਣ ਲਈ ਜ਼ਰੂਰੀ ਕਦਮ ਚੁੱਕਣੇ ਚਾਹੀਦੇ ਹਨ।

ਸੂਬੇ ਦੀ ਆਰਥਿਕ ਹਾਲਤ ਨੂੰ ਦੇਖਦੇ ਹੋਏ ਸੂਬਾ ਸਰਕਾਰ ਨੂੰ ਲੋੜ ਪੈਣ 'ਤੇ ਮਾਲੀਆ ਵਧਾਉਣ ਅਤੇ ਖ਼ਰਚਿਆਂ ਨੂੰ ਕੰਟਰੋਲ ਕਰਨ ਲਈ ਸਖਤ ਕਦਮ ਚੁੱਕਣੇ ਪੈ ਸਕਦੇ ਹਨ। ਅਜਿਹਾ ਕੀਤੇ ਜਾਣ ਨਾਲ ਹੀ ਸੂਬੇ ਦੀ ਆਰਥਿਕ ਹਾਲਤ ਵਿਚ ਸੁਧਾਰ ਕੀਤਾ ਜਾ ਸਕਦਾ ਹੈ ਅਤੇ ਕਰਜ਼-ਜਾਲ ਵਿਚੋਂ ਨਿਕਲਣ ਦਾ ਕੋਈ ਰਸਤਾ ਮਿਲ ਸਕਦਾ ਹੈ।

# ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰਿਆਂ ਲਈ ਸਰਕਾਰਾਂ ਫਰਾਖਦਿਲੀ ਦਿਖਾਉਣ : ਜਥੇਦਾਰ

## ਹਸਨ ਅਬਦਾਲ ਵਿਖੇ ਸ੍ਰੀ ਪੰਜਾ ਸਾਹਿਬ ਦੇ ਸ਼ਹੀਦਾਂ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮ ਹੋਇਆ

## ਬਾਬਾ ਗੁਰੂ ਨਾਨਕ ਅਜਾਇਬਘਰ ਤੇ ਲਾਇਬ੍ਰੇਰੀ ਸਥਾਪਤ ਕੀਤੀ ਜਾਵੇਗੀ : ਰਾਣਾ ਸ਼ਾਹਿਦ ਸਲੀਮ

ਹਸਨ ਅਬਦਾਲ/ਏ.ਟੀ.ਨਿਊਜ਼ :- ਸ਼ਹੀਦੀ ਸਾਕਾ ਸ੍ਰੀ ਪੰਜਾ ਸਾਹਿਬ ਦੇ ਸ਼ਹੀਦਾਂ ਭਾਈ ਕਰਮ ਸਿੰਘ, ਸ਼ਹੀਦ ਭਾਈ ਪ੍ਰਤਾਪ ਸਿੰਘ ਦੀ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮ ਪਹਿਲੀ ਵਾਰ ਹਸਨ ਅਬਦਾਲ ਰੇਲਵੇ ਸਟੇਸ਼ਨ ਵਿਖੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪਾਕਿਸਤਾਨ ਇਵੈਕਿਊ ਟਰੱਸਟ ਪ੍ਰਾਪਰਟੀ ਬੋਰਡ ਵਲੋਂ ਕਰਵਾਇਆ ਗਿਆ। ਇਸ ਮੌਕੇ ਸਮਾਗਮ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ ਵਰਪਾਲ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ, ਔਕਾਫ਼ ਬੋਰਡ ਪਾਕਿਸਤਾਨ ਦੇ ਵਧੀਕ ਸਕੱਤਰ ਰਾਣਾ ਸ਼ਾਹਿਦ ਸਲੀਮ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮੀਰ ਸਿੰਘ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਹੀਦ ਭਾਈ ਪ੍ਰਤਾਪ ਸਿੰਘ ਤੇ ਸ਼ਹੀਦ ਭਾਈ ਕਰਮ ਸਿੰਘ ਦੀਆਂ ਸ਼ਹਾਦਤਾਂ ਨੂੰ ਯਾਦ ਕਰਦਿਆਂ ਸਿੱਖ ਸੰਗਤ ਨੂੰ ਉਨ੍ਹਾਂ ਦੇ ਜੀਵਨ ਤੋਂ ਸਿੱਖੀ ਰਵਾਇਤਾਂ ਤੇ ਪ੍ਰੰਪਰਾਵਾਂ ਦੀ ਰਾਖੀ ਕਰਨ ਸੰਬੰਧੀ ਪ੍ਰੇਰਨਾ ਲੈਣ ਦੀ ਅਪੀਲ ਕੀਤੀ। ਭਾਰਤ ਤੋਂ ਗਏ ਯਾਤਰੀ ਜਥੇ ਦੇ ਆਗੂਆਂ ਤੇ ਮੈਂਬਰਾਂ ਤੋਂ ਇਲਾਵਾ ਹਸਨ ਅਬਦਾਲ ਤੇ ਪਾਕਿਸਤਾਨ ਵਸਦੀਆਂ ਸਿੱਖ ਸੰਗਤਾਂ ਨੇ ਵੀ ਇਸ ਸਮਾਗਮ ਵਿਚ ਸ਼ਿਰਕਤ ਕੀਤੀ।

ਪਾਕਿਸਤਾਨ ਸਿੱਖ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਨੇ ਕਿਹਾ ਕਿ ਜਲਦੀ ਹੀ ਪਾਕਿਸਤਾਨ ਦੀ ਹਕੂਮਤ ਤੇ ਪਾਕਿਸਤਾਨ ਸਿੱਖ ਗੁਰਦੁਆਰਾ ਕਮੇਟੀ ਵਲੋਂ ਹਸਨ ਅਬਦਾਲ ਸਟੇਸ਼ਨ ਵਿਖੇ ਸ਼ਹੀਦਾਂ ਦੀ ਢੁਕਵੀਂ ਯਾਦਗਾਰ ਉਸਾਰੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸ਼ਹੀਦੀਆਂ ਵਾਲੇ ਸਥਾਨ ਦੀ ਨਿਸ਼ਾਨਦੇਹੀ ਕਰਕੇ ਉਸ ਨੇੜੇ ਇਕ ਵਿਸ਼ੇਸ਼ ਦੀਵਾਰ ਉਸਾਰੇ ਜਾਣ ਦੀ ਵੀ ਤਜਵੀਜ਼ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਸਮੇਤ ਸਿੱਖ ਸੰਸਥਾਵਾਂ ਅਤੇ ਸੰਗਤਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਕੋਲ ਸ਼ਹੀਦੀ ਸਾਕਾ ਸ੍ਰੀ ਪੰਜਾ ਸਾਹਿਬ ਨਾਲ ਸੰਬੰਧਿਤ ਕੋਈ ਵੀ ਜਾਣਕਾਰੀ ਹੋਵੇ ਉਹ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੱਕ ਪੁੱਜਦਾ ਕਰਨ ਤਾਂ ਕਿ ਯਾਦਗਾਰ ਉਸਾਰਨ ਵੇਲੇ ਸਾਕੇ ਦੇ ਸਮੂਹ ਸ਼ਹੀਦਾਂ ਤੇ ਜ਼ਖ਼ਮੀਆਂ ਦੇ ਨਾਂਅ ਅੰਕਿਤ ਕੀਤੇ ਜਾ ਸਕਣ। ਸਮਾਗਮ ਦੌਰਾਨ ਸੰਗਤ ਨੂੰ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪੰਜਾ ਸਾਹਿਬ ਦੇ ਸ਼ਹੀਦਾਂ ਨੇ ਆਪਣੀਆਂ ਮਹਾਨ ਸ਼ਹਾਦਤਾਂ ਦੇ ਕੇ ਸਾਡੀਆਂ ਸਿੱਖ ਸੰਸਥਾਵਾਂ ਨੂੰ ਮਜ਼ਬੂਤ ਕਰਨ ਲਈ ਮਹਾਨ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਸਿੱਖ ਸੰਗਤ ਪਾਕਿਸਤਾਨ ਵਿਚ ਸਾਡੇ ਤਵਾਰੀਖੀ ਗੁਰਧਾਮਾਂ ਦੇ ਦਰਸ਼ਨ ਕਰਨਾ ਲੋਚਦੀ ਹੈ। ਇਸੇ ਤਰ੍ਹਾਂ ਪਾਕਿਸਤਾਨ ਦੇ ਸਿੱਖ ਵੀ ਭਾਰਤ ਵਿਚਲੇ ਗੁਰਧਾਮਾਂ ਅਤੇ ਤਖ਼ਤ ਸਾਹਿਬਾਨ ਦੇ ਦਰਸ਼ਨ ਉੱਥੇ ਜਾ ਕੇ ਕਰਨਾ ਚਾਹੁੰਦੇ ਹਨ। ਉਨ੍ਹਾਂ ਦੋਵਾਂ ਮੁਲਕਾਂ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਇਕ-ਦੂਜੇ ਦੇਸ਼ ਵਿਚ ਆਪਣੇ ਧਾਰਮਿਕ ਸਥਾਨਾਂ ਦੀ ਜ਼ਿਆਰਤ ਕਰਨ ਦੇ ਚਾਹਵਾਨ ਸਿੱਖ ਸ਼ਰਧਾਲੂਆਂ ਨੂੰ ਅਟਾਰੀ ਵਾਹਗਾ ਸਰਹੱਦਾਂ 'ਤੇ ਹੀ ਆਨ ਅਰਾਈਵਲ ਵੀਜ਼ੇ ਦਿੱਤੇ ਜਾਣ ਲਈ ਵੀਜ਼ਾ ਸੈਂਟਰ ਸਥਾਪਤ ਕੀਤੇ ਜਾਣ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਵੀ ਤਾਕੀਦ ਕੀਤੀ ਕਿ ਉਹ ਦੋਵੇਂ ਦੇਸ਼ਾਂ ਦਰਮਿਆਨ ਬੰਦ ਪਈ ਰੇਲ ਗੱਡੀ ਨੂੰ ਮੁੜ ਚਲਾਉਣ ਵਾਸਤੇ ਭਾਰਤ ਸਰਕਾਰ ਨਾਲ ਰਾਬਤਾ ਕਾਇਮ ਕਰੇ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਭਾਰਤ ਸਰਕਾਰ ਵਲੋਂ ਤੋੜਨ ਦੀਆਂ ਕੋਸ਼ਿਸ਼ਾਂ ਦਾ ਜ਼ਿਕਰ ਕਰਦਿਆਂ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੋਰ ਮਜ਼ਬੂਤ ਬਣਾਇਆ ਜਾਵੇ। ਐਡਵੋਕੇਟ



ਹਰਜਿੰਦਰ ਸਿੰਘ ਧਾਮੀ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸ਼ਹੀਦ ਭਾਈ ਕਰਮ ਸਿੰਘ ਤੇ ਸ਼ਹੀਦ ਭਾਈ ਪ੍ਰਤਾਪ ਸਿੰਘ ਸਮੇਤ ਸਿੱਖ ਸ਼ਹੀਦਾਂ ਦੀਆਂ 100 ਸਾਲ ਪਹਿਲਾਂ ਪਾਈਆਂ ਪੈੜਾਂ ਕੌਮ ਦੀ ਤਰਜ਼ਮਾਨੀ ਕਰਦੀਆਂ ਰਹਿਣਗੀਆਂ।

ਇਸ ਮੌਕੇ ਉਨ੍ਹਾਂ ਕਿਹਾ ਕਿ ਸਿੱਖਾਂ ਦੇ ਪਾਕਿਸਤਾਨ 'ਚ ਰਹਿ ਗਏ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰਿਆਂ ਲਈ ਸਰਕਾਰਾਂ ਨੂੰ ਫਰਾਖਦਿਲੀ ਵਿਖਾਉਣੀ ਚਾਹੀਦੀ ਹੈ। ਉਨ੍ਹਾਂ ਔਕਾਫ ਬੋਰਡ ਪਾਕਿਸਤਾਨ ਦੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਸ਼ਰਧਾਲੂਆਂ ਨੂੰ ਵੀਜ਼ਿਆਂ ਸਮੇਂ ਆਉਂਦੀਆਂ ਸਮੱਸਿਆਵਾਂ ਵੱਲ ਵਿਸ਼ੇਸ਼ ਧਿਆਨ ਦੇਣ। ਉਨ੍ਹਾਂ ਕਰਤਾਰਪੁਰ ਸਾਹਿਬ ਲਾਂਘੇ ਰਾਹੀਂ ਆਉਣ ਵਾਲੀ ਸੰਗਤ ਲਈ ਪਾਸਪੋਰਟ ਦੀ ਸ਼ਰਤ ਹਟਾਉਣ ਦੀ ਵੀ ਅਪੀਲ ਕੀਤੀ। ਅਮੀਰ ਸਿੰਘ ਨੇ ਸ਼ਹੀਦਾਂ ਨੂੰ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਭਾਰਤ ਵਿਚ ਵਸਦੀ ਸੰਗਤ ਪਾਕਿਸਤਾਨ ਦੇ ਗੁਰਧਾਮਾਂ ਦੇ ਦਰਸ਼ਨ ਕਰਨਾ ਚਾਹੁੰਦੀ ਹੈ, ਉਸੇ ਤਰ੍ਹਾਂ ਪਾਕਿਸਤਾਨ ਵਸਦੇ ਸਿੱਖ ਭਾਰਤ ਜਾ ਕੇ ਸ੍ਰੀ ਦਰਬਾਰ ਸਾਹਿਬ ਤੇ ਤਖ਼ਤ ਸਾਹਿਬਾਨ ਦੇ ਦਰਸ਼ਨਾਂ ਦੀ ਤਾਂਘ ਰੱਖਦੀ ਹੈ। ਇਸ ਲਈ ਸ਼੍ਰੋਮਣੀ ਕਮੇਟੀ ਨੂੰ ਭਾਰਤ ਸਰਕਾਰ 'ਤੇ ਜ਼ੋਰ ਪਾਉਣਾ ਚਾਹੀਦਾ ਹੈ ਕਿ ਉਹ ਵੀ ਪਾਕਿਸਤਾਨ ਆਉਂਦੇ ਪ੍ਰੋਟੋਕਾਲ ਜਥਿਆਂ ਵਾਂਗ ਪਾਕਿਸਤਾਨੀ ਸਿੱਖਾਂ ਨੂੰ ਵੀ ਦਰਸ਼ਨ ਕਰਨ ਦੀ ਇਜਾਜ਼ਤ ਖੁੱਲ੍ਹੇ ਦਿਲ ਨਾਲ ਦਿਆ ਕਰੇ। ਉਨ੍ਹਾਂ ਪਾਕਿਸਤਾਨ ਸਰਕਾਰ ਵਲੋਂ ਬਣਾਏ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਵਾਂਗ ਭਾਰਤ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਉਹ ਪਾਕਿਸਤਾਨੀ ਸਿੱਖਾਂ ਦੇ ਦਰਸ਼ਨਾਂ ਲਈ ਗੁਰਦੁਆਰਾ ਡੇਰਾ ਬਾਬਾ ਨਾਨਕ ਸਾਹਿਬ ਤੱਕ ਕੋਰੀਡੋਰ ਬਣਾਵੇ। ਇਸ ਮੌਕੇ ਅਵਤਾਰ ਸਿੰਘ ਸੰਘੇੜਾ ਯੂ.ਕੇ. ਤੇ ਹੋਰ ਸ਼ਖ਼ਸੀਅਤਾਂ ਨੇ ਵੀ ਸੰਬੋਧਨ ਕੀਤਾ।ਪਾਕਿਸਤਾਨੀ ਸਿੱਖ ਆਗੂ ਡਾ. ਮਿੰਮਪਾਲ ਸਿੰਘ ਨੇ ਜਥੇਦਾਰ ਨੂੰ ਨਾਨਕਸ਼ਾਹੀ ਕੈਲੰਡਰ ਵਿਵਾਦ ਹੱਲ ਕਰਨ ਦੀ ਅਪੀਲ ਕੀਤੀ।ਰਾਣਾ ਸ਼ਾਹਿਦ ਸਲੀਮ ਨੇ ਆਈਆਂ ਸ਼ਖ਼ਸੀਅਤਾਂ ਤੇ ਸੰਗਤ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਪਾਕਿਸਤਾਨ ਸਰਕਾਰ ਵਲੋਂ ਸਾਕੇ ਦੇ (ਬਾਕੀ ਸਫ਼ਾ 34 'ਤੇ)

### ਗੁਰੂ ਨਾਨਕ ਦੇਵ ਜੀ ਨੇ ਸਾਰਾ ਜੀਵਨ ਮਨੁੱਖਤਾ ਲਈ ਪ੍ਰਕਾਸ਼ ਫੈਲਾਇਆ : ਮੋਦੀ

ਨਵੀਂ ਦਿੱਲੀ :-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਮਹੀਨੇਵਾਰ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਯਾਦ ਕਰਦਿਆਂ ਕਿਹਾ ਕਿ ਸਾਨੂੰ ਸਾਡੇ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਤੋਂ ਲਗਾਤਾਰ ਸਿੱਖਣ ਅਤੇ ਉਨ੍ਹਾਂ ਪ੍ਰਤੀ ਸਮਰਪਿਤ ਰਹਿਣ ਦੀ ਲੋੜ ਹੈ। ਮੋਦੀ ਨੇ ਕਿਹਾ ਕਿ 8 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਹੈ। ਇਹ ਪੁਰਬ ਜਿੱਥੇ ਸਾਡੀ ਆਸਥਾ ਲਈ ਮਹੱਤਵਪੂਰਨ ਹੈ, ਉੱਥੇ ਹੀ ਸਾਨੂੰ ਬਹੁਤ ਕੁਝ ਸਿੱਖਣ ਲਈ ਵੀ ਮਿਲਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਮਨੁੱਖਤਾ ਨੂੰ ਸਮਰਪਿਤ ਸੀ ਅਤੇ ਉਨ੍ਹਾਂ ਨੇ ਆਪਣੇ ਪੂਰੇ ਜੀਵਨ ਵਿਚ ਮਨੁੱਖਤਾ ਲਈ ਪ੍ਰਕਾਸ਼ ਫੈਲਾਇਆ ਹੈ।ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਦੇਸ਼-ਵਿਦੇਸ਼ ਵਿਚ ਵੱਡੀ ਪੱਧਰ 'ਤੇ ਮਨਾਇਆ ਗਿਆ ਅਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਯਤਨ ਕੀਤੇ ਗਏ। ਇਸ ਦੌਰਾਨ ਮੋਦੀ ਨੇ ਕਰਤਾਰਪੁਰ ਲਾਂਘੇ ਦੀ ਉਸਾਰੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਦਹਾਕਿਆਂ ਬਾਅਦ ਕਰਤਾਰਪੁਰ ਲਾਂਘਾ ਸੰਗਤ ਲਈ ਖੁੱਲ੍ਹਣਾ ਸੁਖਦ ਅਹਿਸਾਸ ਹੈ। ਇਸ ਤੋਂ ਇਲਾਵਾ ਮੋਦੀ ਨੇ ਕਿਹਾ ਕਿ ਕੁਝ ਦਿਨ ਪਹਿਲਾਂ ਹੀ ਮੈਨੂੰ ਸ੍ਰੀ ਹੇਮਕੁੰਟ ਸਾਹਿਬ ਲਈ ਰੋਪਵੇਅ ਦਾ ਉਦਘਾਟਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਗੁਰੂਆਂ ਦੀਆਂ ਸਿੱਖਿਆਵਾਂ ਤੋਂ ਲਗਾਤਾਰ ਸਿੱਖਣਾ ਚਾਹੀਦਾ ਹੈ।

# ਪੰਜਾ ਸਾਹਿਬ ਦਾ ਸਾਕਾ....

ਸਾਕਾ ਪੰਜਾ ਸਾਹਿਬ ਦੀ ਕਹਾਣੀ ਅਸਲ ਵਿਚ ਅੰਮ੍ਰਿਤਸਰ ਵਿਚ ਗੁਰੂ ਕੇ ਬਾਗ ਮੋਰਚੇ ਲਈ ਲੜੇ ਗਏ ਸੰਘਰਸ਼ ਦੀ ਅਗਲੀ ਕੜੀ ਸੀ। ਸ਼੍ਰੋਮਣੀ ਕਮੇਟੀ ਨੇ ਮਹੰਤਾਂ ਕੋਲੋਂ ਗੁਰੂ ਕੇ ਬਾਗ ਮੋਰਚੇ ਦਾ ਕਬਜਾ ਲੈ ਲਿਆ ਸੀ। ਪਰ ਇਸ ਗੁਰਦੁਆਰੇ ਦੇ ਨਾਂ ਲੱਗੀ ਜ਼ਮੀਨ ਵਿਚੋਂ ਲੰਗਰ ਲਈ ਲੱਕੜ ਵੱਢਣ ਨਹੀਂ ਦਿੱਤੀ ਜਾ ਰਹੀ ਸੀ। ਇਸ ਦੇ ਵਿਰੋਧ ਵਿਚ 8 ਅਗਸਤ 1922 ਨੂੰ ਮੁੜ ਸ਼ਾਂਤਮਈ ਅਹਿੰਸਕ ਅੰਦੋਲਨ ਸ਼ੁਰੂ ਹੋ ਗਿਆ। ਪੁਲਿਸ ਜਥੇ ਦੇ ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਲੈਂਦੀ ਅਤੇ ਨਾਜਾਇਜ਼ ਦਖ਼ਲ ਦਾ ਮੁਕੱਦਮਾ ਚਲਾਉਂਦੀ ਅਤੇ ਹਿਰਾਸਤ ਵਿਚ ਅੰਨ੍ਹੇਵਾਹ ਜ਼ਬਰ ਕਰਦੀ ਸੀ। ਇਹ ਸਭ ਕੁਝ 13 ਸਤੰਬਰ ਤੱਕ ਚੱਲਦਾ ਰਿਹਾ। ਤਤਕਾਲੀ ਗਵਰਨਰ ਪੰਜਾਬ ਦੇ ਦਖ਼ਲ ਨਾਲ ਪੁਲਿਸ ਜ਼ਬਰ ਤਾਂ ਬੰਦ ਹੋ ਗਿਆ ਪਰ ਗ੍ਰਿਫ਼ਤਾਰੀਆਂ ਮੁੜ ਸ਼ੁਰੂ ਹੋ ਗਈਆਂ। ਗ੍ਰਿਫ਼ਤਾਰ ਸਿੱਖ ਕਾਰਕੁਨਾਂ ਉੱਤੇ ਅੰਮ੍ਰਿਤਸਰ ਵਿਚ ਰਸਮੀ ਅਦਾਲਤੀ ਕਾਰਵਾਈ ਤੋਂ ਬਾਅਦ ਰੇਲ੍ਹ ਗੱਡੀਆਂ ਵਿਚ ਭਰਕੇ ਦੂਰ ਦੁਰਾਡੇ ਦੀਆਂ ਜੇਲ੍ਹਾਂ ਵਿਚ ਭੇਜਿਆ ਜਾਣ ਲੱਗਾ।

29 ਅਕਤੂਬਰ 1922 ਨੂੰ ਸਿੱਖ ਕੈਦੀਆਂ ਨੂੰ ਲੈ ਕੇ ਇੱਕ ਰੇਲ ਗੱਡੀ ਨੂੰ ਅਟਕ ਭੇਜਿਆ ਗਿਆ, ਜੋ ਵਾਇਆ ਹਸਨ ਅਬਦਾਲ ਜਾਣੀ ਸੀ। ਇਸ ਮੋਰਚੇ ਦੌਰਾਨ ਗ੍ਰਿਫਤਾਰੀਆਂ ਦੇਣ ਵਾਲੇ ਅਕਾਲੀ ਸਿੱਖਾਂ ਨੂੰ ਬਰਤਾਨਵੀ ਅਫ਼ਸਰਾਂ ਵਲੋਂ ਭੁੱਖੇ-ਭਾਣੇ ਕੈਦ ਕਰਕੇ ਰੇਲ ਗੱਡੀਆਂ ਰਾਹੀਂ ਅਟਕ ਦੀ ਜੇਲ੍ਹ ਲਿਜਾਇਆ ਜਾ ਰਿਹਾ ਸੀ। ਇਹ ਘਟਨਾ 30 ਅਕਤੂਬਰ, 1922 ਨੂੰ ਜਦੋਂ ਇਸ ਬਾਰੇ ਪਤਾ ਲੱਗਾ ਤਾਂ ਸਿੱਖ ਸੰਗਤ ਨੇ ਹਸਨ ਅਬਦਾਲ ਰੇਲਵੇ



ਸਟੇਸ਼ਨ ਉੱਤੇ ਗੱਡੀ ਰੁਕਵਾ ਕੇ ਭੁੱਖੇ ਕੈਦੀਆਂ ਨੂੰ ਲੰਗਰ ਛਕਾਉਣ ਦਾ ਪ੍ਰਬੰਧ ਕੀਤਾ। ਪੰਜਾ ਸਾਹਿਬ ਗੁਰਦੁਆਰੇ ਦੀ ਸੰਗਤ ਅਤੇ ਖਜ਼ਾਨਚੀ ਭਾਈ ਪ੍ਰਤਾਪ ਸਿੰਘ ਨੂੰ ਭੁੱਖੇ ਕੈਦੀ ਸਿੱਖਾਂ ਨੂੰ ਲੰਗਰ ਛਕਾਉਣ ਲਈ ਹਸਨ ਅਬਦਾਲ ਰੇਲਵੇ ਸਟੇਸ਼ਨ ਦੇ ਮਾਸਟਰ ਨੂੰ ਰੇਲ ਗੱਡੀ ਨੂੰ ਰੋਕਣ ਲਈ ਕਿਹਾ। ਉਨ੍ਹਾਂ ਦਾ ਮੰਤਵ ਭੁੱਖੇ ਸਿੱਖ ਕੈਦੀਆਂ ਨੂੰ ਲੰਗਰ ਪਾਣੀ ਛਕਾਉਣਾ ਸੀ, ਪਰ ਸਟੇਸ਼ਨ ਮਾਸਟਰ ਨੇ ਰੇਲ ਗੱਡੀ ਰੋਕਣ ਤੋਂ ਇਨਕਾਰ ਕਰ ਦਿੱਤਾ।ਚੱਲਦੀ ਗੱਡੀ ਨੂੰ ਜ਼ਬਰਦਸਤੀ ਰੋਕਣ ਲਈ ਭਾਈ ਪ੍ਰਤਾਪ ਸਿੰਘ ਖ਼ਜ਼ਾਨਚੀ ਅਤੇ ਆਨੰਦਪੁਰ ਸਾਹਿਬ ਤੋਂ ਆਏ ਇੱਕ ਸ਼ਰਧਾਲੂ ਕਰਮ ਸਿੰਘ ਆਪਣੇ ਸ਼ੀਸ਼ ਰੇਲ ਗੱਡੀ ਦੀ ਪੱਟੜੀ 'ਤੇ ਰੱਖ ਕੇ ਲੇਟ ਗਏ। ਗੱਡੀ ਨਾ ਰੁਕੀ ਤੇ ਉਹ ਦੋਵੇਂ ਉਸੇ ਥਾਂ ਸ਼ਹੀਦ ਹੋ ਗਏ। ਉਨ੍ਹਾਂ ਦੇ ਨਾਲ ਛੇ ਹੋਰ ਸਿੰਘ ਵੀ ਇਸ ਦੌਰਾਨ ਜ਼ਖ਼ਮੀ ਹੋ ਗਏ ਸਨ। ਗੱਡੀ ਉਸੇ ਸਥਾਨ 'ਤੇ ਡੇਢ ਘੰਟੇ ਲਈ ਰੁਕੀ ਰਹੀ, ਜਿਸ ਨਾਲ ਉਸ ਵਿਚ ਸਵਾਰ ਸਿੱਖ ਕੈਦੀਆਂ, ਜਿਨ੍ਹਾਂ ਵਿੱਚ ਔਰਤਾਂ ਵੀ ਸ਼ਾਮਲ ਸਨ, ਨੂੰ ਲੰਗਰ ਵਰਤਾਇਆ ਗਿਆ ਅਤੇ ਹੋਰ ਜ਼ਰੂਰੀ ਵਸਤਾਂ ਵੰਡੀਆਂ ਗਈਆਂ। ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ ਦੇ ਅਨੁਸਾਰ, ਪੰਜਾ ਸਾਹਿਬ ਸਾਕੇ ਦੀ ਯਾਦ ਵਿੱਚ 14 ਅਕਤੂਬਰ, 1932 ਈਸਵੀ ਨੂੰ ਪਟਿਆਲਾ ਸ਼ਾਹੀ ਰਿਆਸਤ ਦੇ ਉਸ ਸਮੇਂ ਟਿੱਕਾ ਯਾਦਵਿੰਦਰ ਦੀ ਪ੍ਰਧਾਨਗੀ ਅਧੀਨ ਨਵੇਂ ਸਰੋਵਰ ਦਾ ਨਿਰਮਾਣ ਸ਼ੁਰੂ ਕਰਵਾਇਆ ਗਿਆ। ਪੰਜ ਪਿਆਰਿਆਂ ਭਾਈ ਰਣਧੀਰ ਸਿੰਘ, ਬਾਬਾ ਵਿਸਾਖਾ ਸਿੰਘ, ਬਾਬਾ ਨਿਧਾਨ ਸਿੰਘ, ਭਾਈ ਜੋਧ ਸਿੰਗ ਅਤੇ ਸੰਤ ਬੁੱਧ ਸਿੰਘ ਦੁਆਰਾ ਅਰਦਾਸ ਕਰਕੇ ਇਸ ਦਾ ਕਾਰਜ ਸ਼ੁਰੂ ਕਰਵਾਇਆ ਗਿਆ ਸੀ।ਭਾਰਤ ਦੀ ਆਜ਼ਾਦੀ ਅਤੇ ਵੰਡ ਦੇ ਨਾਲ ਹੀ ਇਹ ਗੁਰਦੁਆਰਾ ਕਈ ਹੋਰ ਸਿੱਖ ਗੁਰਦੁਆਰਿਆਂ ਅਤੇ ਸਿੱਖ ਧਾਮਾਂ ਵਾਂਗ ਪਾਕਿਸਤਾਨ ਵਾਲੇ ਪਾਸੇ ਰਹਿ ਗਿਆ। ਹਸਨ ਅਬਦਾਲ ਰੇਲਵੇ ਸਟੇਸ਼ਨ ਤੋਂ ਕਰੀਬ ਇੱਕ ਕਿਲੋਮੀਟਰ ਦੂਰੀ ਉੱਪਰ ਹੀ ਪੰਜਾ ਸਾਹਿਬ ਗੁਰਦੁਆਰਾ ਸਥਿਤ ਹੈ। ਗੁਰੂ ਨਾਨਕ ਦੇਵ ਜੀ ਪੱਛਮੀ ਉਦਾਸੀ ਤੋਂ ਵਾਪਸ ਆਉਂਦੇ ਸਮੇਂ ਇਸ ਸਥਾਨ ਉੱਪਰ ਕੁਝ ਸਮਾਂ ਰੁਕੇ ਸਨ। ਇਸ ਸਮੇਂ ਗੁਰੂ ਨਾਨਕ ਦੇਵ ਨਾਲ ਉਨ੍ਹਾਂ ਦੇ ਮੁਸਲਮਾਨ ਸ਼ਰਧਾਲੂ ਭਾਈ ਮਰਦਾਨਾ ਵੀ ਸਨ।

ਕਲੀ ਕੰਧਾਰੀ ਵਾਲੀ ਘਟਨਾ

ਭਾਈ ਸੰਤੋਖ ਸਿੰਘ ਦੀ ਲਿਖਤ ਸ਼੍ਰੀ ਗੁਰੂ ਨਾਨਕ ਪ੍ਰਕਾਸ਼ ਅਤੇ ਪ੍ਰਚਲਿਤ ਸਿੱਖ ਪਰੰਪਰਾਵਾਂ ਅਨੁਸਾਰ ਇਸ ਸਥਾਨ ਉੱਪਰ ਭਾਈ ਮਰਦਾਨਾ ਨੂੰ ਪਾਣੀ ਦੀ ਪਿਆਸ ਲੱਗੀ ਸੀ।ਪਾਣੀ ਪੀਣ ਲਈ ਉਹ ਪਹਾੜ 'ਤੇ ਇਕਾਂਤ ਵਿੱਚ ਰਹਿੰਦੇ ਵਲੀ ਕੰਧਾਰੀ ਨਾਮੀ ਸੂਫੀ ਕੋਲ ਗਏ, ਪਰ ਵਲੀ ਕੰਧਾਰੀ ਵੱਲੋਂ ਭਾਈ ਮਰਦਾਨਾ ਨੂੰ ਤਿੰਨ ਵਾਰ ਪਾਣੀ ਮੰਗਣ ਉੱਤੇ ਵੀ ਪਾਣੀ ਨਾ ਦਿੱਤਾ ਗਿਆ। ਗੁਰੂ ਨਾਨਕ ਸਾਹਿਬ ਨੇ 'ਸਤਿ ਕਰਤਾਰ ਕਹਿ' ਕੇ 'ਪ੍ਰਭੂ ਦਾਸ ਕਾ ਦੁਖ ਖਵਿ ਸਕੇ' ਦੇ ਭਾਵ ਅਨੁਸਾਰ ਭਾਈ ਮਰਦਾਨਾ ਨੂੰ ਕੋਲ ਪਿਆ ਪੱਥਰ ਚੁੱਕਣ ਲਈ ਕਿਹਾ। ਜਦੋਂ ਮਰਦਾਨਾ ਨੇ ਪੱਥਰ ਚੁੱਕਿਆ ਤਾਂ ਉਸ ਹੇਠੋਂ ਪਾਣੀ ਦਾ ਚਸ਼ਮਾ ਫੁੱਟ ਗਿਆ। (ਬਾਕੀ ਸਫ਼ਾ 34 'ਤੇ)

# ਕੇਜਰੀਵਾਲ ਦੀ ਰਾਜਨੀਤੀ ਹਿੰਦੂ ਰਾਸ਼ਟਰਵਾਦ ਵੱਲ ਝੁਕੀ

## ➢ ਮੋਦੀ ਨੂੰ ਪੱਤਰ ਲਿਖ ਕੇ ਨੋਟਾਂ 'ਤੇ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਬਾਰੇ ਰੱਖੀ ਮੰਗ ➢ ਪੰਜਾਬ ਇਕਾਈ ਹੈਰਾਨ-ਪ੍ਰੇਸ਼ਾਨ

**ਕਵਰ ਸਟੋਰੀ**

**ਬਘੇਲ ਸਿੰਘ ਧਾਲੀਵਾਲ**

*ਉਨ੍ਹਾਂ ਦਲੀਲ ਇਹ ਦਿੱਤੀ ਹੈ ਕਿ ਭਾਰਤ ਦੀ ਆਰਥਿਕਤਾ ਲੜਖੜਾ ਰਹੀ ਹੈ ਤੇ ਦੇਵੀ-ਦੇਵਤਿਆਂ ਦਾ ਅਸ਼ੀਰਵਾਦ ਇਸ ਨੂੰ ਸੰਭਾਲਣ ਲਈ ਜ਼ਰੂਰੀ ਹੈ। ਇਸ ਲਈ ਨੋਟਾਂ 'ਤੇ ਮਹਾਤਮਾ ਗਾਂਧੀ ਦੇ ਨਾਲ-ਨਾਲ ਸ੍ਰੀ ਗਣੇਸ਼ ਤੇ ਦੇਵੀ ਲੱਛਮੀ ਦੀਆਂ ਤਸਵੀਰਾਂ ਛਾਪੀਆਂ ਜਾਣੀਆਂ ਚਾਹੀਦੀਆਂ ਹਨ। ਕੇਜਰੀਵਾਲ ਇਹ ਦਲੀਲ ਵੀ ਦੇ ਰਹੇ ਹਨ ਕਿ ਜੇ ਇੰਡੋਨੇਸ਼ੀਆ ਵਰਗਾ ਮੁਸਲਿਮ ਦੇਸ਼ ਆਪਣੇ ਨੋਟਾਂ 'ਤੇ ਇਕ ਹਿੰਦੂ ਦੇਵਤੇ ਸ੍ਰੀ ਗਣੇਸ਼ ਦੀ ਤਸਵੀਰ ਲਾ ਸਕਦਾ ਹੈ ਤਾਂ ਅਸੀਂ ਕਿਉਂ ਨਹੀਂ? ਉਧਰ ਭਾਜਪਾ ਨੇ ਕੇਜਰੀਵਾਲ ਨੂੰ ਘੇਰਦਿਆਂ ਕਿਹਾ ਸੀ ਕਿ ਅਗਾਮੀ ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਚੋਣਾਂ ਦੇ ਮੱਦੇਨਜ਼ਰ 'ਆਪ' ਸੁਪਰੀਮੋ ਆਪਣੇ 'ਹਿੰਦੂ ਵਿਰੋਧੀ ਭੱਦੇ ਚਿਹਰੇ' ਨੂੰ ਲੁਕਾਉਣ ਦੀ ਨਾਕਾਮ ਕੋਸ਼ਿਸ਼ ਵਜੋਂ ਅਜਿਹੀ ਮੰਗ ਕਰ ਰਿਹਾ ਹੈ।*




ਭਾਰਤ ਵਿਚ ਹਾਲਾਤ ਹੁਣ ਹੌਲੀ-ਹੌਲੀ ਨਹੀਂ, ਸਗੋਂ ਤੇਜ਼ੀ ਨਾਲ 'ਹਿੰਦੂ ਰਾਸ਼ਟਰ' ਵੱਲ ਵਧਦੇ ਜਾਪ ਰਹੇ ਹਨ। ਇਹ ਸਪੱਸ਼ਟ ਹੈ ਕਿ ਆਰ.ਐਸ.ਐਸ. ਦੇ ਇਰਾਦੇ ਭਾਰਤ ਨੂੰ ਇਕ ਹਿੰਦੂ ਰਾਸ਼ਟਰ ਬਣਾਉਣ ਦੇ ਹਨ। ਭਾਜਪਾ, ਆਰ.ਐਸ.ਐਸ. ਦੀ ਰਾਜਸੀ ਜਮਾਤ ਹੈ ਪਰ ਇਹ ਚਰਚਾ ਵੀ ਬਹੁਤ ਵਾਰ ਹੋ ਚੁੱਕੀ ਹੈ ਕਿ ਆਮ ਆਦਮੀ ਪਾਰਟੀ ਵੀ ਲੁਕੇ ਰੂਪ ਵਿਚ ਆਰ.ਐਸ.ਐਸ. ਦੀ ਹੀ 'ਬੀ' ਟੀਮ ਹੈ। ਭਾਵੇਂ 'ਆਪ' ਮੁਖੀ ਅਰਵਿੰਦ ਕੇਜਰੀਵਾਲ ਬਾਹਰਮੁਖੀ ਤੌਰ 'ਤੇ ਭਾਜਪਾ ਦੇ ਸਖ਼ਤ ਵਿਰੋਧੀ



ਨਜ਼ਰ ਆਉਂਦੇ ਹਨ। ਪਰ ਉਨ੍ਹਾਂ ਦੀ ਕਾਰਗੁਜ਼ਾਰੀ ਹਮੇਸ਼ਾ ਹੀ ਭਾਜਪਾ ਦੇ ਹਿੰਦੂ ਰਾਸ਼ਟਰ ਵੱਲ ਵਧਦੇ ਮਨਸੂਬਿਆਂ ਨੂੰ ਉਤਸ਼ਾਹਿਤ ਕਰਨ ਵਾਲੀ ਹੁੰਦੀ ਹੈ। ਹੁਣ ਉਨ੍ਹਾਂ ਨੇ ਭਾਜਪਾ ਤੋਂ ਵੀ ਅੱਗੇ ਵਧ ਕੇ ਭਾਰਤ ਦੇ ਕਰੰਸੀ ਨੋਟਾਂ ਉੱਪਰ ਹਿੰਦੂ ਧਰਮ ਦੇ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਛਾਪਣ ਦੀ ਮੰਗ ਕਰ ਦਿੱਤੀ ਹੈ। ਉਨ੍ਹਾਂ ਦਲੀਲ ਇਹ ਦਿੱਤੀ ਹੈ ਕਿ ਭਾਰਤ ਦੀ ਆਰਥਿਕਤਾ ਲੜਖੜਾ ਰਹੀ ਹੈ ਤੇ ਦੇਵੀ-ਦੇਵਤਿਆਂ ਦਾ ਅਸ਼ੀਰਵਾਦ ਇਸ ਨੂੰ ਸੰਭਾਲਣ ਲਈ ਜ਼ਰੂਰੀ ਹੈ। ਇਸ ਲਈ ਨੋਟਾਂ 'ਤੇ ਮਹਾਤਮਾ ਗਾਂਧੀ ਦੇ ਨਾਲ-ਨਾਲ ਸ੍ਰੀ ਗਣੇਸ਼ ਤੇ ਦੇਵੀ ਲੱਛਮੀ ਦੀਆਂ ਤਸਵੀਰਾਂ ਛਾਪੀਆਂ ਜਾਣੀਆਂ ਚਾਹੀਦੀਆਂ ਹਨ। ਕੇਜਰੀਵਾਲ ਇਹ ਦਲੀਲ ਵੀ ਦੇ ਰਹੇ ਹਨ ਕਿ ਜੇ ਇੰਡੋਨੇਸ਼ੀਆ ਵਰਗਾ ਮੁਸਲਿਮ ਦੇਸ਼ ਆਪਣੇ ਨੋਟਾਂ 'ਤੇ ਇਕ ਹਿੰਦੂ ਦੇਵਤੇ ਸ੍ਰੀ ਗਣੇਸ਼ ਦੀ ਤਸਵੀਰ ਲਾ ਸਕਦਾ ਹੈ ਤਾਂ ਅਸੀਂ ਕਿਉਂ ਨਹੀਂ? ਉਧਰ ਭਾਜਪਾ ਨੇ ਕੇਜਰੀਵਾਲ ਨੂੰ ਘੇਰਦਿਆਂ ਕਿਹਾ ਸੀ ਕਿ ਅਗਾਮੀ ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਚੋਣਾਂ ਦੇ ਮੱਦੇਨਜ਼ਰ 'ਆਪ' ਸੁਪਰੀਮੋ ਆਪਣੇ 'ਹਿੰਦੂ ਵਿਰੋਧੀ ਭੱਦੇ ਚਿਹਰੇ' ਨੂੰ ਲੁਕਾਉਣ ਦੀ ਨਾਕਾਮ ਕੋਸ਼ਿਸ਼ ਵਜੋਂ ਅਜਿਹੀ ਮੰਗ ਕਰ ਰਿਹਾ ਹੈ।

ਜੇਕਰ ਇਸ ਸਾਰੀ ਖਬਰ ਦੀ ਚੀਰ ਫਾੜ ਕਰੀਏ ਤਾਂ ਅਸਲ ਗੱਲ ਤਾਂ ਇਹ ਜਾਪਦੀ ਹੈ ਕਿ ਆਰਐਸਐਸ ਦੀ ਕੋਸ਼ਿਸ਼ ਇਹ ਹੈ ਕਿ ਭਾਰਤ 'ਤੇ ਰਾਜ ਕਰਨ ਵਾਲੀ ਪਾਰਟੀ ਦੇ ਨਾਲ-ਨਾਲ ਪ੍ਰਮੁੱਖ ਵਿਰੋਧੀ ਧਿਰ ਵੀ ਉਸ ਦੀ ਹੀ ਹੋਵੇ ਤਾਂ ਜੋ ਹਿੰਦੂ ਰਾਸ਼ਟਰ ਐਲਾਨਣ ਵਿਚ ਰੁਕਾਵਟ ਨਾ ਆਵੇ । ਇਹੀ ਕਾਰਨ ਜਾਪਦਾ ਹੈ ਕਿ ਕਾਂਗਰਸ ਤੋਂ ਮੁੱਖ ਵਿਰੋਧੀ ਪਾਰਟੀ ਦਾ ਰੁਤਬਾ ਖੋਹਣ ਲਈ ਹੀ ਭਾਜਪਾ ਸਰਕਾਰ ਕਾਂਗਰਸੀ ਨੇਤਾਵਾਂ ਦੇ ਨਾਲ-ਨਾਲ ਕੁਝ 'ਆਪ' ਨੇਤਾਵਾਂ ਨੂੰ ਵੀ ਈ.ਡੀ. ਤੇ ਹੋਰ ਕੇਂਦਰੀ ਏਜੰਸੀਆਂ ਦਾ ਨਿਸ਼ਾਨਾ ਤਾਂ ਬਣਾ ਰਹੀ ਹੈ ਪਰ 'ਆਪ' ਦੇ ਨੇਤਾਵਾਂ ਖਿਲਾਫ਼ ਕੀਤੀ ਗਈ ਕਾਰਵਾਈ ਉਨ੍ਹਾਂ ਨੂੰ ਹੋਰ ਉਭਾਰਦੀ ਹੈ, ਬਦਨਾਮ ਨਹੀਂ ਕਰਦੀ। ਕਈ ਸਿਆਸੀ ਮਾਹਿਰ ਇਲਜ਼ਾਮ ਲਾਉਂਦੇ ਹਨ ਕਿ 'ਆਪ' ਤੇ ਭਾਜਪਾ ਦੀ ਲੜਾਈ ਇਕ ਤਰ੍ਹਾਂ ਦੀ 'ਨੂਰਾ ਕੁਸ਼ਤੀ' (ਵਿਖਾਵੇ ਦੀ ਨਕਲੀ ਲੜਾਈ) ਹੈ, ਕਿਉਂਕਿ ਹਰ ਥਾਂ 'ਆਪ' ਕੇਂਦਰ ਨਾਲ ਲੜਾਈ ਤਾਂ ਸ਼ੁਰੂ ਕਰਦੀ ਹੈ ਪਰ ਕੇਂਦਰ ਅੱਗੇ ਹਾਰ ਕੇ ਉਸ ਦੇ ਹੱਥ ਹੋਰ ਮਜ਼ਬੂਤ ਕਰਕੇ ਚੁੱਪ ਕਰਕੇ ਬੈਠ ਜਾਂਦੀ ਹੈ ਤੇ ਨਤੀਜੇ ਵਜੋਂ ਸੰਘਵਾਦ ਕਮਜ਼ੋਰ ਹੁੰਦਾ ਜਾਂਦਾ ਹੈ ਤੇ ਕੇਂਦਰੀਵਾਦ ਮਜ਼ਬੂਤ। ਉਦਾਹਰਨ ਵਜੋਂ 'ਆਪ' ਨੇ ਦਿੱਲੀ ਨੂੰ ਸੰਪੂਰਨ ਰਾਜ ਦਾ ਦਰਜਾ ਦਿਵਾਉਣ ਦੇ ਦਮਗਜੇ ਮਾਰੇ ਹਨ। ਪਰ ਅਖੀਰ ਦਿੱਲੀ ਦੇ ਲੈਫਟੀਨੈਂਟ ਗਵਰਨਰ (ਉਪ-ਰਾਜਪਾਲ) ਨੂੰ ਦਿੱਲੀ ਦੀ ਅਸਲ ਸਰਕਾਰ ਮੰਨ ਲਿਆ ਗਿਆ। ਹੁਣ ਵੀ ਉਪ-ਕੁਲਪਤੀਆਂ ਦੀਆਂ ਨਿਯੁਕਤੀਆਂ ਦੇ ਮਾਮਲੇ ਵਿਚ ਅਜਿਹਾ ਹੀ ਹੋਣ ਦੇ ਆਸਾਰ ਹਨ, ਜਿਸ ਨਾਲ ਕੇਂਦਰੀਕਰਨ ਅਤੇ ਇਕ ਦੇਸ਼ ਤੇ ਇਕ ਹੀ ਸਰਕਾਰ ਦੀ ਕੇਂਦਰੀਕਰਨ ਦੀ ਨੀਤੀ ਨੂੰ ਬਲ ਮਿਲੇਗਾ। 'ਆਪ' ਨੇ ਸੀ.ਏ.ਏ., ਧਾਰਾ 370 ਖਤਮ ਕਰਨ, ਜੰਮੂ-ਕਸ਼ਮੀਰ ਨੂੰ ਦੋ ਕੇਂਦਰ ਸ਼ਾਸਿਤ ਰਾਜਾਂ ਵਿਚ ਵੰਡਣ, ਦੇਸ਼ ਭਰ ਵਿਚ ਹਿੰਦੀ ਨੂੰ ਪਹਿਲੇ ਦਰਜੇ ਦੀ ਭਾਸ਼ਾ ਬਣਾਉਣ ਅਤੇ ਅਜਿਹੀਆਂ ਕਈ ਹੋਰ ਸੰਘੀ ਢਾਂਚੇ ਵਿਰੋਧੀ ਗੱਲਾਂ ਦਾ ਵਿਰੋਧ ਕਰਨਾ ਤਾਂ ਦੂਰ ਅਜੇ ਤੱਕ ਇਨ੍ਹਾਂ ਮੁੱਦਿਆਂ ਸੰਬੰਧੀ ਆਪਣਾ ਨਜ਼ਰੀਆ ਹੀ ਸਪੱਸ਼ਟ ਨਹੀਂ ਕੀਤਾ। ਹਰ ਵਾਰ ਇੰਜ ਜਾਪਦਾ ਹੈ ਕਿ ਭਾਜਪਾ 'ਆਪ' 'ਤੇ ਹਮਲਾ ਹੀ ਇਸ ਲਈ ਕਰਦੀ ਹੈ ਤਾਂ ਕਿ ਉਹ ਕਾਂਗਰਸ ਦੀ ਥਾਂ ਭਾਜਪਾ ਦੀ ਪ੍ਰਮੁੱਖ ਵਿਰੋਧੀ ਪਾਰਟੀ ਨਜ਼ਰ ਆਵੇ ਤੇ ਭਾਜਪਾ ਵਿਰੋਧੀ ਕਾਂਗਰਸ ਨੂੰ ਛੱਡ ਕੇ 'ਆਪ' ਪਿਛੇ ਜਾ ਲੱਗਣ। ਉਂਜ ਅਜਿਹੇ ਇਲਜ਼ਾਮ ਵੀ ਲਗਦੇ ਰਹੇ ਹਨ ਕਿ ਆਮ ਆਦਮੀ ਪਾਰਟੀ ਵੀ ਉਥੇ ਹੀ ਜ਼ਿਆਦਾਤਰ ਜ਼ੋਰ ਲਾਉਂਦੀ ਹੈ, ਜਿਥੇ ਉਹ ਭਾਜਪਾ ਵਿਰੋਧੀ ਕਾਂਗਰਸ ਜਾਂ ਦੂਸਰੀਆਂ ਪਾਰਟੀਆਂ ਦੀਆਂ ਵੋਟਾਂ ਵੰਡ ਕੇ ਉਨ੍ਹਾਂ ਨੂੰ ਨੁਕਸਾਨ ਪਹੁੰਚਾ ਸਕੇ। 'ਆਪ' ਵਲੋਂ ਹਿਮਾਚਲ ਚੋਣਾਂ ਤੋਂ ਧਿਆਨ ਘਟਾ ਕੇ ਗੁਜਰਾਤ ਵਿਚ ਜ਼ਿਆਦਾ ਜ਼ੋਰ ਲਾਉਣ ਨੂੰ ਵੀ ਇਸੇ ਨਜ਼ਰੀਏ ਨਾਲ ਦੇਖਿਆ ਜਾ ਰਿਹਾ ਹੈ।

**ਪੰਜਾਬ ਇਕਾਈ ਕੇਜਰੀਵਾਲ ਤੋਂ ਹੈਰਾਨ**

ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵਲੋਂ ਦੇਸ਼ ਦੀ ਕਰੰਸੀ 'ਤੇ ਦੇਵੀ ਲਕਸ਼ਮੀ ਤੇ ਭਗਵਾਨ ਗਣੇਸ਼ ਦੀਆਂ ਫ਼ੋਟੋਆਂ ਲਗਾਉਣ ਦੀ ਉਠਾਈ ਮੰਗ ਕਾਰਨ ਪਾਰਟੀ ਦੀ ਪੰਜਾਬ ਇਕਾਈ ਕਾਫ਼ੀ ਹੈਰਾਨ ਪ੍ਰੇਸ਼ਾਨ ਨਜ਼ਰ ਆ ਰਹੀ ਹੈ ।ਹਾਲਾਂਕਿ ਕੇਜਰੀਵਾਲ ਦੇ ਕਿਸੇ ਕਥਨ ਦੀ ਵਿਰੋਧਤਾ ਲਈ ਕਿਸੇ ਮੰਤਰੀ ਜਾਂ ਆਗੂ ਵਿਚ ਹੌਸਲਾ ਤਾਂ ਨਹੀਂ ਪ੍ਰੰਤੂ ਬਦਲਾਅ ਤੇ ਇਨਕਲਾਬ ਦੇ ਨਾਅਰੇ ਲਗਾਉਣ ਵਾਲੀ ਪਾਰਟੀ, ਜਿਸ ਦੇ ਬਹੁਤੇ ਵਿਧਾਇਕ ਤੇ ਆਗੂ ਪਹਿਲਾਂ ਕਮਿਊਨਿਸਟ ਲਹਿਰ ਦਾ ਹਿੱਸਾ ਵੀ ਰਹਿ ਚੁੱਕੇ ਹਨ ਅਤੇ ਖ਼ਾਸਕਰ ਮਾਲਵਾ ਖੇਤਰ ਜੋ ਤਰਕਸ਼ੀਲ ਸੋਚ ਤੇ ਵਿਚਾਰਧਾਰਾ ਲਈ ਜਾਣਿਆ ਜਾਂਦਾ ਹੈ ਅਤੇ ਜਿਥੋਂ ਪਾਰਟੀ ਨੂੰ ਵੱਡਾ ਹੁੰਗਾਰਾ ਵੀ ਮਿਲਿਆ, ਨਾਲ ਸੰਬੰਧਿਤ ਆਗੂਆਂ ਨੂੰ ਪਾਰਟੀ ਸੁਪਰੀਮੋ ਦਾ ਇਹ ਨਵਾਂ ਪੈਂਤੜਾ ਹਜ਼ਮ ਨਹੀਂ ਹੋ ਰਿਹਾ। ਕੇਜਰੀਵਾਲ, ਜੋ ਆਪਣੀ ਗੁਜਰਾਤ ਚੋਣ ਮੁਹਿੰਮ ਦੌਰਾਨ ਕੁਝ ਦਿਨ ਪਹਿਲਾਂ ਇਹ ਵੀ ਕਹਿ ਚੁੱਕੇ ਹਨ ਕਿ ਮੇਰਾ ਪਰਿਵਾਰ ਹਮੇਸ਼ਾ ਜਨ ਸੰਘ ਨਾਲ ਜੁੜਿਆ ਰਿਹਾ, ਵਲੋਂ ਸ਼ਾਇਦ ਹੁਣ ਦੇਸ਼ ਦੇ ਸੂਬਿਆਂ ਵਿਚ ਪੈਰ ਪਸਾਰਨ ਲਈ ਭਾਜਪਾ ਵਾਲੇ ਹਥਕੰਡੇ ਅਪਣਾਉਂਦਿਆਂ ਬਹੁ-ਗਿਣਤੀ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪਰ ਪੰਜਾਬ 'ਵਿਚ ਉਨ੍ਹਾਂ ਦੀ ਇਹ ਰਣਨੀਤੀ ਪਾਰਟੀ ਦੇ ਆਧਾਰ ਨੂੰ ਵੱਡੀ ਸੱਟ ਮਾਰ ਸਕਦੀ ਹੈ। ਵਿਸ਼ੇਸ਼ ਕਰ ਕੇਜਰੀਵਾਲ ਦੀ ਇਹ ਰਣਨੀਤੀ ਘੱਟ ਗਿਣਤੀਆਂ ਨੂੰ ਵੀ ਪਾਰਟੀ ਤੋਂ ਦੂਰ ਕਰ ਸਕਦੀ ਹੈ। ਦਿਲਚਸਪ ਗੱਲ ਇਹ ਹੈ ਕਿ ਕੇਜਰੀਵਾਲ, ਜਿਨ੍ਹਾਂ ਸ਼ੁਰੂ ਵਿਚ ਮਹਾਤਮਾ ਗਾਂਧੀ ਨੂੰ ਆਪਣਾ ਆਦਰਸ਼ ਦੱਸਿਆ ਸੀ, ਵਲੋਂ ਬਾਅਦ ਵਿਚ ਪੰਜਾਬ ਦੀ ਚੋਣ ਮੁਹਿੰਮ ਦੌਰਾਨ ਡਾ. ਭੀਮ ਰਾਓ ਅੰਬੇਡਕਰ ਤੇ ਸ਼ਹੀਦ ਭਗਤ ਸਿੰਘ ਨੂੰ ਆਪਣਾ ਆਦਰਸ਼ ਬਣਾਇਆ, ਪਰ ਹੁਣ ਉਨ੍ਹਾਂ ਵੀ ਫ਼ਿਰਕੂ ਏਜੰਡੇ ਵੱਲ ਵਧਣਾ ਸ਼ੁਰੂ ਕਰ ਦਿੱਤਾ ਹੈ ।

## ਭਾਰਤ ਵਿੱਚ ਕਰੰਸੀ ਨੋਟ ਕਿਵੇਂ ਡਿਜ਼ਾਈਨ ਕੀਤੇ ਜਾਂਦੇ ਹਨ ?

ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੇ ਭਾਰਤ ਦੇ ਕਰੰਸੀ ਨੋਟਾਂ 'ਤੇ ਦੇਵੀ ਲਕਸ਼ਮੀ ਅਤੇ ਗਣਪਤੀ ਦੀਆਂ ਫੋਟੋਆਂ ਛਾਪਣ ਦੀ ਮੰਗ ਕਰ ਕੇ ਹਲਚਲ ਮਚਾ ਦਿੱਤੀ ਹੈ।ਕਰੰਸੀ ਨੋਟਾਂ 'ਤੇ ਉੱਘੀਆਂ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਛਾਪਣ ਦੀਆਂ ਪਹਿਲਾਂ ਵੀ ਕਈ ਵਾਰ ਮੰਗਾਂ ਉੱਠਦੀਆਂ ਰਹੀਆਂ ਹਨ।

ਇਸ ਦੇ ਤਹਿਤ ਰਾਜਾ ਸ਼ਿਵਾਜੀ, ਬਾਬਾ ਸਾਹਿਬ ਅੰਬੇਡਕਰ ਤੋਂ ਲੈ ਕੇ ਵਿਨਾਇਕ ਸਾਵਰਕਰ, ਬਾਲਾ ਸਾਹਿਬ ਠਾਕਰੇ, ਨਰਿੰਦਰ ਮੋਦੀ ਦੀਆਂ ਤਸਵੀਰਾਂ ਵਾਲੇ ਕਰੰਸੀ ਨੋਟ ਛਾਪਣ ਦੀ ਮੰਗ ਕੀਤੀ ਜਾ ਰਹੀ ਹੈ।

ਫਿਲਹਾਲ ਭਾਰਤੀ ਕਰੰਸੀ ਨੋਟਾਂ 'ਤੇ ਮਹਾਤਮਾ ਗਾਂਧੀ ਦੀ ਫੋਟੋ ਲੱਗੀ ਹੋਈ ਹੈ। ਹਾਲਾਂਕਿ, ਰਿਜ਼ਰਵ ਬੈਂਕ ਨੇ ਇਹ ਕਹਿ ਕੇ ਇਸ ਚਰਚਾ ਨੂੰ ਖ਼ਤਮ ਕਰ ਦਿੱਤਾ ਸੀ ਕਿ ਮਹਾਤਮਾ ਗਾਂਧੀ ਦੀ ਫੋਟੋ ਨੂੰ ਬਦਲਣ ਦਾ ਕੋਈ ਇਰਾਦਾ ਨਹੀਂ ਹੈ।

ਯਾਦ ਰਹੇ ਕਿ ਰਿਜ਼ਰਵ ਬੈਂਕ ਦਾ ਕੇਂਦਰੀ ਬੋਰਡ ਕਰੰਸੀ ਨੋਟਾਂ ਨਾਲ ਜੁੜੇ ਸਾਰੇ ਮਾਮਲਿਆਂ ਨੂੰ ਦੇਖਦਾ ਹੈ। ਸਿੱਕਿਆਂ ਨਾਲ ਸਬੰਧਤ ਕੰਮ ਕੇਂਦਰ ਸਰਕਾਰ ਖ਼ੁਦ ਦੇਖਦੀ ਹੈ। ਦੁਨੀਆ ਭਰ ਦੇ ਹੋਰ ਕੇਂਦਰੀ ਬੈਂਕਾਂ ਵਾਂਗ, ਆਰਬੀਆਈ ਨੂੰ ਮੁਦਰਾ ਨੋਟਾਂ ਦੀ ਰਚਨਾ ਜਾਂ ਡਿਜ਼ਾਈਨ ਨੂੰ ਬਦਲਣ ਦਾ ਅਧਿਕਾਰ ਹੈ।ਕਿਸੇ ਵੀ ਨੋਟ ਦੇ ਡਿਜ਼ਾਈਨ ਵਿੱਚ ਕਿਸੇ ਵੀ ਬਦਲਾਅ ਲਈ ਆਰਬੀਆਈ ਦੇ ਕੇਂਦਰੀ ਬੋਰਡ ਅਤੇ ਕੇਂਦਰ ਸਰਕਾਰ ਦੋਵਾਂ ਦੀ ਮਨਜ਼ੂਰੀ ਦੀ ਲੋੜ ਹੁੰਦੀ ਹੈ।ਪਰ ਸਿੱਕੇ 'ਤੇ ਡਿਜ਼ਾਈਨ ਬਦਲਣ ਦਾ ਫ਼ੈਸਲਾ ਕੇਂਦਰ ਸਰਕਾਰ ਦੇ ਅਧਿਕਾਰ ਅਧੀਨ ਆਉਂਦਾ ਹੈ।

ਭਾਰਤੀ ਰਿਜ਼ਰਵ ਬੈਂਕ ਐਕਟ, 1934 ਦੀ ਧਾਰਾ 22 ਇਹ ਦੱਸਦੀ ਹੈ। ਰਿਜ਼ਰਵ ਬੈਂਕ ਪਹਿਲਾਂ ਨੋਟਾਂ ਨੂੰ ਡਿਜ਼ਾਈਨ ਕਰਦਾ ਹੈ। ਫਿਰ ਇਸ ਨੂੰ ਆਰਬੀਆਈ ਸੈਂਟਰਲ ਬੋਰਡ ਨੂੰ ਭੇਜਿਆ ਜਾਂਦਾ ਹੈ। ਇਸ ਤੋਂ ਬਾਅਦ ਡਿਜ਼ਾਈਨ ਨੂੰ ਅੰਤਿਮ ਮਨਜ਼ੂਰੀ ਲਈ ਕੇਂਦਰ ਸਰਕਾਰ ਕੋਲ ਭੇਜਿਆ ਜਾਂਦਾ ਹੈ। ਸਿੱਕਾ ਐਕਟ, 2011 ਮੁਤਾਬਕ, ਭਾਰਤ ਸਰਕਾਰ ਕੋਲ ਸਿੱਕਿਆਂ ਸਬੰਧੀ ਮੁਕੰਮਲ ਅਧਿਕਾਰ ਹੈ।

## ਫਿਰਕੂ ਸਿਆਸਤ ਤੋਂ ਗੁਰੇਜ਼ ਕਰਨ ਕੇਜਰੀਵਾਲ: ਅਕਾਲੀ ਦਲ

### ਮਜੀਠੀਆ ਵੱਲੋਂ ਕੇਜਰੀਵਾਲ ਦਾ ਕਰੰਸੀ ਨੋਟਾਂ ਬਾਰੇ ਬਿਆਨ ਫਿਰਕਾਪ੍ਰਸਤੀ ਫੈਲਾਉਣ ਵਾਲਾ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਨੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਕਰੰਸੀ ਨੋਟਾਂ 'ਤੇ ਦੇਵੀ ਦੇਵਤਿਆਂ ਦੀਆਂ ਤਸਵੀਰਾਂ ਛਪਵਾਉਣ ਦੀ ਮੰਗ ਨੂੰ ਗੈਰ ਜ਼ਿੰਮੇਵਾਰਾਨਾ ਅਤੇ ਦੇਸ਼ ਵਿੱਚ ਫਿਰਕੂ ਸਦਭਾਵਨਾ ਨੂੰ ਸੱਟ ਮਾਰਨ ਵਾਲਾ ਕਰਾਰ ਦਿੱਤਾ ਹੈ। ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਕੇਜਰੀਵਾਲ ਦਾ ਬਿਆਨ ਦੇਸ਼ ਦੇ ਧਰਮ ਨਿਰਪੱਖ ਸਰੂਪ ਦੇ ਖ਼ਿਲਾਫ਼ ਹੈ। ਉਨ੍ਹਾਂ ਕਿਹਾ ਕਿ ਭਾਰਤ ਇਕ ਬਹੁ-ਸਭਿਆਚਾਰਕ ਤੇ ਬਹੁ-ਭਾਸ਼ਾਈ ਮੁਲਕ ਹੈ ਅਤੇ ਦੇਸ਼ ਦੇ ਸੰਵਿਧਾਨ ਦਾ ਸਾਰੇ ਧਰਮ ਤੇ ਸੱਭਿਆਚਾਰ ਸਨਮਾਨ ਕਰਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਹਾਲਾਤ ਵਿੱਚ ਕਿਸੇ ਨੂੰ ਵੀ ਧਰਮ ਦੇ



ਨਾਂ 'ਤੇ ਵੋਟਰਾਂ ਨੂੰ ਲੁਭਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਹੈ।

### ਮੂਸੇਵਾਲਾ ਦੇ ਪਿਤਾ ਨੇ ਸਰਕਾਰ ਨੂੰ ਦਿਤਾ ਅਲਟੀਮੇਟਮ

# ਇਨਸਾਫ਼ ਨਾ ਮਿਲਿਆ ਤਾਂ ਕੇਸ ਵਾਪਸ ਲੈ ਕੇ ਛੱਡਾਂਗਾ ਦੇਸ਼

## ਕਿਹਾ ਕਿ ਸਿੱਧੂ ਦੇ ਕਤਲ ਨਾਲ ਸਬੰਧਿਤ ਲੋਕਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਸਰਕਾਰ ਨੇ

ਮਾਨਸਾ/ਏ.ਟੀ.ਨਿਊਜ਼ :- ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕਾਂਡ ਨੂੰ 5 ਮਹੀਨਿਆਂ ਦਾ ਸਮਾਂ ਬੀਤ ਚੁੱਕਿਆ ਹੈ ਪਰ ਪਰਿਵਾਰ ਨੂੰ ਹੁਣ ਤੱਕ ਵੀ ਇਨਸਾਫ਼ ਨਹੀਂ ਮਿਲਿਆ। ਇਸ ਸਬੰਧੀ ਗੱਲ ਕਰਦਿਆਂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਸਰਕਾਰ ਅਤੇ ਸਿਸਟਮ 'ਤੇ ਵੱਡਾ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਉਸ ਨੇ ਦੇਸ਼ ਦੀ ਸੇਵਾ ਕੀਤੀ ਹੈ ਅਤੇ ਉਹ ਸੇਵਾਮੁਕਤ ਫੌਜੀ ਹਨ। ਉਨ੍ਹਾਂ ਵੱਲੋਂ ਲਗਾਤਾਰ ਇਨਸਾਫ਼ ਦੀ ਮੰਗ ਕੀਤੀ ਜਾ ਰਹੀ ਹੈ ਪਰ ਇਨਸਾਫ਼ ਦੇਣ ਦੀ ਬਜਾਏ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਸਿੱਧੂ ਦੇ ਪਿਤਾ ਨੇ ਸਰਕਾਰ ਨੂੰ ਇਕ ਮਹੀਨੇ ਦਾ ਅਲਟੀਮੇਟਮ ਦਿੰਦਿਆਂ ਕਿਹਾ ਕਿ 25 ਨਵੰਬਰ ਤੱਕ ਇੰਤਜ਼ਾਰ ਕਰਾਂਗਾ। ਉਸ ਤੋਂ ਬਾਅਦ ਜੇਕਰ ਸਾਨੂੰ ਇਨਸਾਫ਼ ਨਹੀਂ ਮਿਲਦਾ ਤਾਂ ਅਸੀਂ ਦੇਸ਼ ਛੱਡ ਕੇ ਚੱਲ ਜਾਵਾਂਗੇ ਅਤੇ ਕਤਲ ਦੀ ਐਫ ਆਈ ਆਰ ਵੀ ਵਾਪਸ ਲੈ ਲੈਣਗੇ। ਇਸ ਤੋਂ ਇਲਾਵਾ ਉਨ੍ਹਾਂ ਪੁਲਿਸ ਸੁਰੱਖਿਆ ਛੱਡਣ ਦੀ ਵੀ ਗੱਲ ਆਖੀ ਹੈ। ਪੰਜਾਬ ਦਾ ਮਾਹੌਲ ਅਜਿਹਾ ਹੋ ਗਿਆ ਹੈ ਕਿ ਗੈਂਗਸਟਰ ਫਿਰੌਤੀ ਮੰਗ ਰਹੇ ਹਨ, 5 ਮਹੀਨੇ ਬੀਤ ਜਾਣ ਤੋਂ ਬਾਅਦ ਵੀ ਇਨਸਾਫ਼ ਨਹੀਂ ਮਿਲ ਰਿਹਾ ਅਤੇ ਹੁਣ ਤਾਂ ਐਨ ਆਈ ਏ ਕੁੜੀਆਂ ਨੂੰ ਵੀ ਤੰਗ ਕਰਨ ਲੱਗ ਗਈ ਹੈ। ਪਿਤਾ ਬਲਕੌਰ ਨੇ ਕਿਹਾ ਕਿ



ਸਰਕਾਰ ਨੂੰ ਇੰਨਾ ਸਮਾਂ ਦੇ ਦਿੱਤਾ ਗਿਆ ਹੈ ਪਰ ਇਨਸਾਫ਼ ਨਾ ਦੇ ਕੇ ਉਸਦਾ ਨਾਜਾਇਜ਼ ਫਾਇਦਾ ਚੁੱਕਿਆ ਜਾ ਰਿਹਾ ਹੈ। ਬਲਕੌਰ ਸਿੰਘ ਨੇ ਕਿਹਾ ਕਿ ਉਨ੍ਹਾਂ ਇਸ ਮਾਮਲੇ ਦੀ ਜਾਂਚ ਵਿਚ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਹੈ ਪਰ ਸਰਕਾਰ ਦਾ ਸਿਸਟਮ ਖ਼ਰਾਬ ਹੋਣ ਕਾਰਨ ਪੰਜਾਬ ਦੇ ਨੌਜਵਾਨ ਲਗਾਤਾਰ ਵਿਦੇਸ਼ ਵੱਲ੍ਹ ਭੱਜ ਰਹੇ ਹਨ ਅਤੇ ਉਨ੍ਹਾਂ ਦੇ ਪੁੱਤਰ ਦਾ ਕਤਲ ਕਰ ਦਿੱਤਾ ਗਿਆ ਪਰ ਹੁਣ ਤੱਕ ਵੀ ਇਨਸਾਫ਼ ਨਹੀਂ ਮਿਲਿਆ।

ਉਨ੍ਹਾਂ ਕਿਹਾ ਕਿ ਸਿੱਧੂ ਨਾਲ ਹਮਦਰਦੀ ਰੱਖਣ ਵਾਲਿਆਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਗਾਇਕ ਜੈਨੀ ਜੌਹਲ ਨੂੰ ਵੀ ਨੋਟਿਸ ਭੇਜਿਆ ਗਿਆ ਹੈ। ਜੇਕਰ ਐਨ.ਆਈ.ਏ. ਜਾਂ ਸਰਕਾਰ ਕੋਈ ਸਵਾਲ ਪੁੱਛਣਾ ਚਾਹੁੰਦੇ ਹਨ ਤਾਂ ਉਹ ਸਾਨੂੰ ਪੁੱਛਣ , ਅਸੀਂ ਸਿੱਧੂ ਬਾਰੇ ਸਭ ਕੁਝ ਦੱਸਾਂਗੇ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਸਿੱਧੂ ਨਾਲ ਸਬੰਧਿਤ ਹਰ ਚੀਜ਼ ਜਿਵੇਂ ਕੀ ਮੋਬਾਇਲ, ਪਿਸਤੌਲ ਅਤੇ ਕਾਰ ਪੁਲਸ ਦੇ ਕਬਜ਼ੇ ਵਿਚ ਹਨ। ਸਰਕਾਰ 'ਤੇ ਨਿਸ਼ਾਨਾ ਵਿੰਨ੍ਹਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਨੂੰ ਕੋਈ ਪ੍ਰਵਾਹ ਨਹੀਂ ਕਿ ਕਿਸੇ ਦੇ ਪੁੱਤ ਦਾ ਕਤਲ ਹੋਇਆ ਹੈ, ਉਨ੍ਹਾਂ ਨੂੰ ਸਿਰਫ਼ ਚੋਣਾਂ ਦੀ ਫਿਕਰ ਹੈ। ਪਿਤਾ ਬਲਕੌਰ ਨੇ ਕਿਹਾ ਕਿ ਸਿੱਧੂ ਦੇ ਕਤਲ ਨਾਲ ਸਬੰਧਿਤ ਜੋ ਲੋਕ ਹਨ ਉਨ੍ਹਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਇਸ ਦੀ ਜਾਂਚ ਹੋਣੀ ਚਾਹੀਦੀ ਹੈ।

# ਖੜਗੇ ਦੇ ਸਹੁੰ ਚੁੱਕ ਸਮਾਗਮ 'ਚ ਟਾਈਟਲਰ ਸ਼ਾਮਲ

## ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਕਾਂਗਰਸ ਸਿੱਖ ਵਿਰੋਧੀ ਪਾਰਟੀ

ਨਵੀਂ ਦਿੱਲੀ/ਏ.ਟੀ.ਨਿਊਜ਼ :- ਕਾਂਗਰਸ ਪ੍ਰਧਾਨ ਮਲਿਕਅਰੁਜਨ ਖੜਗੇ ਦੇ ਸਹੁੰ ਚੁੱਕ ਸਮਾਗਮ ਮੌਕੇ ਜਗਦੀਸ਼ ਟਾਈਟਲਰ ਦੀ ਸ਼ਮੂਲੀਅਤ 'ਤੇ ਭਾਜਪਾ ਨੇ ਸਵਾਲ ਉਠਾਉਂਦਿਆਂ ਕਾਂਗਰਸ ਨੂੰ ਸਿੱਖ ਵਿਰੋਧੀ ਪਾਰਟੀ ਕਰਾਰ ਦਿੱਤਾ ਹੈ । ਭਾਜਪਾ ਨੇਤਾ ਮਨਜਿੰਦਰ ਸਿੰਘ ਸਿਰਸਾ ਨੇ ਟਵਿੱਟਰ 'ਤੇ ਪਾਏ ਸੰਦੇਸ਼ ਵਿਚ ਕਾਂਗਰਸ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਗਾਂਧੀ ਪਰਿਵਾਰ ਨੇ ਸਿੱਖਾਂ ਦੇ ਕਾਤਲ ਟਾਈਟਲਰ ਨੂੰ ਖੜਗੇ ਦੇ ਸਹੁੰ ਚੁੱਕ ਸਮਾਗਮ ਵਿਚ ਬੁਲਾ ਕੇ ਇਕ ਵਾਰ ਫਿਰ ਇਹ ਦਿਖਾ ਦਿੱਤਾ ਹੈ ਕਿ ਇਨ੍ਹਾਂ ਨੂੰ ਟਾਈਟਲਰ ਅਤੇ ਕਮਲਨਾਥ ਜਿਹੇ ਲੋਕ ਕਿੰਨੇ ਪਿਆਰੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕਾਤਲਾਂ ਦੀ



ਮਦਦ ਨਾਲ ਗਾਂਧੀ ਪਰਿਵਾਰ ਨੇ ਸਿੱਖ ਕਤਲੇਆਮ ਨੂੰ ਅੰਜ਼ਾਮ ਦਿੱਤਾ ਸੀ, ਜਿਸ ਦੇ ਇਨਾਮ ਵਜੋਂ ਅੱਜ ਤੱਕ ਇਨ੍ਹਾਂ ਨਾਲ ਵਿਸ਼ੇਸ਼ ਸਲੂਕ ਕੀਤਾ ਜਾ ਰਿਹਾ ਹੈ । ਸਿਰਸਾ ਨੇ ਇਸ ਸੰਬੰਧ ਵਿਚ ਵੀਡਿਓ ਵੀ ਸ਼ੇਅਰ ਕੀਤੀ ਜਿਸ ਵਿਚ ਖੜਗੇ ਅਤੇ ਸੋਨੀਆ ਗਾਂਧੀ ਦੇ ਪਿੱਛੇ ਟਾਈਟਲਰ ਖੜ੍ਹਾ ਨਜ਼ਰ ਆ ਰਿਹਾ ਹੈ।

## 'ਦਿ ਵਾਇਰ' ਦੇ ਸੰਪਾਦਕਾਂ ਘਰ ਦਿੱਲੀ ਪੁਲਿਸ ਨੇ ਮਾਰੇ ਛਾਪੇ

ਨਵੀਂ ਦਿੱਲੀ/ਏ.ਟੀ.ਨਿਊਜ :- ਭਾਜਪਾ ਦੇ ਆਈਟੀ ਸੈੱਲ ਮੁਖੀ ਅਮਿਤ ਮਾਲਵੀਆ ਵੱਲੋਂ ਦਰਜ ਕਰਵਾਈ ਐਫਆਈਆਰ ਦੇ ਮਾਮਲੇ ਵਿਚ ਦਿੱਲੀ ਪੁਲਿਸ ਨੇ ਨਿਊਜ਼ ਪੋਰਟਲ 'ਦਿ ਵਾਇਰ' ਦੇ ਸੰਪਾਦਕਾਂ ਦੇ ਘਰਾਂ ਉਤੇ ਛਾਪੇ ਮਾਰੇ ਹਨ। ਮਾਲਵੀਆ ਨੇ ਪੋਰਟਲ 'ਤੇ ਉਨ੍ਹਾਂ ਬਾਰੇ ਮਨਘੜਤ ਰਿਪੋਰਟ ਚਲਾਉਣ ਦਾ ਦੋਸ਼ ਲਾਇਆ ਸੀ। ਪੁਲਿਸ ਨੇ ਐਮ.ਕੇ. ਵੇਨੂ, ਜਾਹਨਵੀ ਸੇਨ ਤੇ ਸਿਧਾਰਥ ਵਰਦਰਾਜਨ ਦੇ ਘਰਾਂ ਦੀ ਤਲਾਸ਼ੀ ਲਈ। ਵੇਰਵਿਆਂ ਮੁਤਾਬਕ ਪੁਲਿਸ ਨੇ ਇਲੈਕਟ੍ਰਾਨਿਕ ਉਪਕਰਨ ਜ਼ਬਤ ਕੀਤੇ ਹਨ। ਸੂਤਰਾਂ ਮੁਤਾਬਕ ਸਾਰੇ ਮੁਲਜ਼ਮਾਂ ਨੂੰ ਜਾਂਚ ਵਿਚ ਸ਼ਾਮਲ ਹੋਣ ਲਈ ਜਲਦੀ ਸੰਮਨ ਭੇਜੇ ਜਾਣਗੇ। ਸ਼ਿਕਾਇਤ ਪਹਿਲੇ ਸੰਪਾਦਕ ਸਿਧਾਰਥ ਭਾਟੀਆ ਖ਼ਿਲਾਫ਼ ਵੀ ਦਰਜ ਕਰਵਾਈ ਗਈ ਹੈ। ਮਾਲਵੀਆ ਨੇ ਕਿਹਾ ਸੀ ਕਿ ਪੋਰਟਲ ਨੇ ਧੋਖੇ ਨਾਲ, ਗਲਤ ਦਸਤਾਵੇਜ਼ਾਂ ਸਹਾਰੇ ਰਿਪੋਰਟ ਪ੍ਰਕਾਸ਼ਿਤ ਕੀਤੀ। ਇਸ ਨਾਲ ਉਨ੍ਹਾਂ ਦੀ ਸਾਖ਼ ਨੂੰ ਸੱਟ ਵੱਜੀ ਹੈ।

# ਮੂਸੇਵਾਲਾ ਦੇ ਕਾਤਲਾਂ ਨੂੰ ਮਿਲੇਗੀ ਸਖਤ ਸਜ਼ਾ

## ਮੁੱਖ ਮੰਤਰੀ ਨੇ ਪਰਿਵਾਰ ਨੂੰ ਇਨਸਾਫ਼ ਦਿਵਾਉਣ ਦੀ ਵਚਨਬੱਧਤਾ ਦੁਹਰਾਈ

ਪਠਾਨਕੋਟ/ਏ.ਟੀ.ਨਿਊਜ਼ :- ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦਾ ਮਾਮਲਾ ਬਹੁਤ ਗੰਭੀਰ ਹੈ ਅਤੇ ਉਸ ਦੇ ਕਾਤਲਾਂ ਨੂੰ ਸਜ਼ਾ ਦਿਵਾਉਣ ਲਈ ਸਰਕਾਰ ਵਚਨਬੱਧ ਹੈ। ਉਹ ਸਿੱਧੂ ਮੂਸੇਵਾਲ ਦੇ ਪਿਤਾ ਬਲਕੌਰ ਸਿੰਘ ਵੱਲੋਂ ਬੀਤੇ ਦਿਨ ਪੰਜਾਬ ਸਰਕਾਰ ਨੂੰ 25 ਨਵੰਬਰ ਤੱਕ ਦੇ ਦਿੱਤੇ ਗਏ ਅਲਟੀਮੇਟਮ ਬਾਰੇ ਪੁੱਛੇ ਪੱਤਰਕਾਰਾਂ ਵਲੋਂ ਸਵਾਲ ਦਾ ਜਵਾਬ ਦੇ ਰਹੇ ਸਨ। ਉਨ੍ਹਾਂ ਕਿਹਾ ਕਿ ਇਸ ਹਮਲੇ ਵਿੱਚ ਜਿੰਨੇ ਵੀ ਗੈਂਗਸਟਰ ਸ਼ਾਮਲ ਸਨ ਜਾਂ ਉਨ੍ਹਾਂ ਨਾਲ ਜੋ ਸਾਜ਼ਿਸ਼ਘਾੜੇ ਜੁੜੇ ਹੋਏ ਸਨ, ਉਹ ਸਾਰੇ ਪਹਿਲਾਂ ਹੀ ਫੜੇ ਜਾ ਚੁੱਕੇ ਹਨ ਅਤੇ ਉਨ੍ਹਾਂ ਦਾ ਚਲਾਨ ਵੀ ਅਦਾਲਤ ਵਿੱਚ ਪੇਸ਼ ਕਰ ਦਿੱਤਾ ਹੈ। 1-2 ਸਾਜ਼ਿਸ਼ਘਾੜੇ ਕੈਨੇਡਾ ਵਿੱਚ ਪਨਾਹ ਲਈ ਬੈਠੇ ਹਨ, ਜਿਨ੍ਹਾਂ ਬਾਰੇ ਰੈੱਡ ਕਾਰਨਰ ਨੋਟਿਸ ਜਾਰੀ ਕਰਵਾਉਣ ਲਈ ਸੂਬਾ ਸਰਕਾਰ ਨੇ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਹੈ ਤਾਂ ਜੋ ਉਨ੍ਹਾਂ ਨੂੰ ਇੱਥੇ ਲਿਜਾਂਦਾ ਜਾ ਸਕੇ। ਇਸ ਕਰਕੇ ਸਰਕਾਰ ਵੱਲੋਂ ਕੋਈ ਵੀ ਕਮੀ ਨਹੀਂ ਹੈ ਤੇ ਨਾ ਹੀ ਉਹ ਇਨਸਾਫ ਦੇਣ ਲਈ ਕਿਸੇ ਪੱਖ ਤੋਂ ਕੋਈ ਦੇਰੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਿੱਥੇ ਵੀ ਕੋਈ ਸੁਰਾਗ਼ ਮਿਲਦਾ ਹੈ, ਉਥੇ ਹੀ ਤੁਰੰਤ ਕਾਰਵਾਈ ਕੀਤੀ ਜਾਂਦੀ ਹੈ ਅਤੇ ਗ੍ਰਿਫ਼ਤਾਰੀ ਕੀਤੀ ਜਾਂਦੀ ਹੈ।

**ਆਈਜੀ ਵੱਲੋਂ ਸਿੱਧੂ ਮੂਸੇਵਾਲਾ ਦੇ ਪਰਿਵਾਰ ਨਾਲ ਮੁਲਾਕਾਤ**

ਪੰਜਾਬ ਸਰਕਾਰ ਵੱਲੋਂ ਆਈਜੀ ਜਸਕਰਨ ਸਿੰਘ ਨੇ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨਾਲ ਉਨ੍ਹਾਂ ਦੇ ਘਰ ਜਾ ਕੇ ਮੁਲਾਕਾਤ ਕੀਤੀ ਤੇ ਗਾਇਕ ਦੇ ਕਤਲ ਕੇਸ ਵਿਚ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਹਰ ਤਰ੍ਹਾਂ ਦਾ ਭਰੋਸਾ ਦਿੱਤਾ। ਇਸ ਦੀ ਪੁਸ਼ਟੀ ਕਰਦਿਆਂ ਸਿੱਧੂ ਮੂਸੇਵਾਲਾ ਦੇ ਪਿਤਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੁਲਿਸ



ਅਧਿਕਾਰੀ ਵੱਲੋਂ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਤਸੱਲੀ ਦਿਵਾਉਣ ਦਾ ਉਪਰਾਲਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਡੀਜੀਪੀ ਨਾਲ ਵੀ ਗੱਲ ਕਰਵਾਉਣ ਦਾ ਜ਼ਿਕਰ ਕੀਤਾ ਗਿਆ, ਪਰ ਗੱਲ ਹੋ ਨਹੀਂ ਸਕੀ। ਮੂਸੇਵਾਲਾ ਕਤਲ ਕੇਸ ਦੀ ਜਾਂਚ ਲਈ ਬਣੀ ਸਿਟ ਦੇ ਚੇਅਰਮੈਨ ਆਈਜੀ ਜਸਕਰਨ ਸਿੰਘ ਨੇ ਲਗਭਗ 6 ਘੰਟੇ ਉਨ੍ਹਾਂ ਦੇ ਘਰ ਬਿਤਾਏ। ਸਿੱਧੂ ਮੂਸੇਵਾਲਾ ਦੇ ਪਿਤਾ ਨੇ ਕਿਹਾ ਕਿ ਅਜੇ ਤੱਕ ਉਨ੍ਹਾਂ ਦੇ ਪੁੱਤ ਦੇ ਕਤਲ ਦਾ ਮੁੱਖ ਸਾਜ਼ਿਸ਼ਘਾੜਾ ਨਹੀਂ ਫੜਿਆ ਗਿਆ। ਉਨ੍ਹਾਂ ਕਿਹਾ ਕਿ ਭਾਵੇਂ ਪੰਜਾਬ ਦੇ ਮੁੱਖ ਮੰਤਰੀ ਨੇ ਇਸ ਕੇਸ ਦੇ ਸਾਰੇ ਮੁਲਜ਼ਮ ਫੜਨ ਦਾ ਦਾਅਵਾ ਕੀਤਾ ਗਿਆ ਹੈ, ਪਰ ਅਸਲ ਮੁਲਜ਼ਮ ਪੁਲਿਸ ਦੀ ਗ੍ਰਿਫ਼ਤ ਤੋਂ ਦੂਰ ਬੈਠਾ ਹੈ। ਪੱਤਰਕਾਰਾਂ ਨੇ ਜਦੋਂ ਆਈਜੀ ਵੱਲੋਂ ਦਿੱਤੇ ਭਰੋਸਾ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਜਦੋਂ ਵੀ ਕੋਈ ਵਿਸ਼ਵਾਸ਼ ਦਿੰਦਾ ਹੈ ਤਾਂ ਉਹ ਉਸ ਨਾਲ ਸਹਿਮਤ ਹੋ ਜਾਂਦੇ ਹਨ, ਪਰ ਕਾਰਵਾਈ ਉਥੇ ਹੀ ਖੜ੍ਹੀ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਪੁਲਿਸ ਇਨਸਾਫ਼ ਦੇਣ ਤੋਂ ਭੱਜੇਗੀ ਤਾਂ ਉਹ ਧਰਨੇ-ਮੁਜ਼ਾਹਰੇ ਵੀ ਕਰਨਗੇ।

### ਮਾਮਲਾ ਸੰਦੀਪ ਨੰਗਲ ਅੰਬੀਆ ਦੇ ਕਤਲ ਦਾ

# ਪਤਨੀ ਨੇ ਪੁਲਿਸ 'ਤੇ ਕਾਰਵਾਈ ਨਾ ਕਰਨ ਦਾ ਦੋਸ਼ ਲਾਇਆ

ਜਲੰਧਰ/ਏ.ਟੀ.ਨਿਊਜ਼ :- ਪੰਜਾਬ ਦੇ ਮਰਹੂਮ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆ ਦੀ ਪਤਨੀ ਰੁਪਿੰਦਰ ਕੌਰ ਸੋਸ਼ਲ ਮੀਡੀਆ 'ਤੇ ਲਾਈਵ ਹੋਈ। ਇਸ ਦੌਰਾਨ ਰੁਪਿੰਦਰ ਕੌਰ ਨੇ ਪੁਲਿਸ 'ਤੇ ਕਾਰਵਾਈ ਨਾ ਕਰਨ ਦਾ ਦੋਸ਼ ਲਾਇਆ। ਰੁਪਿੰਦਰ ਕੌਰ ਨੇ ਦੱਸਿਆ ਕਿ ਉਸ ਨੇ ਐਸਐਸਪੀ ਨੂੰ ਦੱਸਿਆ ਕਿ ਸੰਦੀਪ ਨੰਗਲ ਦੇ ਕੇਸ ਦਾ ਮੁਲਜ਼ਮ ਸੁਰਜਨਜੀਤ ਸਿੰਘ ਚੱਠਾ ਜਲੰਧਰ ਦੇ ਕਰਤਾਰ ਪੈਲੇਸ ਵਿੱਚ ਬੈਠਾ ਹੈ। ਸੰਦੀਪ ਦਾ ਕੇਸ ਵੀ ਉਥੇ ਹੀ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇ ਸੁਰਜਨਜੀਤ ਸਿੰਘ ਚੱਠਾ ਮਾਮਲੇ ਵਿੱਚ ਮੁਲਜ਼ਮ ਹੈ ਤਾਂ ਉਸ ਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਰੁਪਿੰਦਰ ਨੇ ਦੱਸਿਆ ਕਿ ਉਸ ਨੇ ਐਸਐਸਪੀ ਨੂੰ ਵੌਇਸ ਮੈਸੇਜ ਵੀ ਭੇਜਿਆ ਸੀ ਅਤੇ ਫੋਨ ਵੀ ਕੀਤਾ ਸੀ। ਰੁਪਿੰਦਰ ਅਨੁਸਾਰ ਪਹਿਲਾਂ ਜਦੋਂ ਵੀ ਉਹ ਆਪਣੇ ਪਰਿਵਾਰ ਨਾਲ ਇਸ ਕਤਲ ਮਾਮਲੇ ਬਾਰੇ ਪੁੱਛਦੀ ਸੀ ਤਾਂ ਉਹ ਇਹੀ ਕਹਿੰਦੇ ਸੀ ਕਿ ਪੁਲਿਸ ਸੁਰਜਨਜੀਤ ਸਿੰਘ ਚੱਠਾ ਦੀ ਤਾਲਾਸ਼ ਕਰ ਰਹੀ ਹੈ।

ਐਸਐਸਪੀ ਨੂੰ ਫੋਨ ਕਰਕੇ ਉਨ੍ਹਾਂ ਦੱਸਿਆ ਕਿ ਤਿੰਨ-ਚਾਰ ਮਿੰਟ ਗੱਡੀ ਚਲਾਉਣ ਤੋਂ ਬਾਅਦ ਮੁਲਜ਼ਮਾਂ ਨੂੰ ਫੜਿਆ ਜਾ ਸਕਦਾ ਹੈ। ਰੁਪਿੰਦਰ ਨੇ ਕਿਹਾ ਕਿ ਐਸਐਸਪੀ ਨੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਦੀ ਬਜਾਏ ਉਸ ਨੂੰ ਇਹ ਕਿਹਾ ਕਿ ਸਾਨੂੰ ਸਬੂਤ ਦਿਓ। ਰੁਪਿੰਦਰ ਨੇ ਕਿਹਾ ਕਿ ਸਬੂਤ ਦੇਖਣਾ ਅਦਾਲਤ ਦਾ ਕੰਮ ਹੈ। ਬਾਕੀ ਪੁਲਿਸ ਨੇ ਜੇ ਇਸ ਮਾਮਲੇ ਵਿੱਚ ਸੁਰਜਨਜੀਤ ਸਿੰਘ ਦਾ ਨਾਮ ਲਿਆ ਹੈ ਤਾਂ ਉਨ੍ਹਾਂ ਨੇ ਕੋਈ



ਆਧਾਰ ਜਾਂ ਸਬੂਤ ਦੇਖ ਕੇ ਹੀ ਅਜਿਹਾ ਕੀਤਾ ਹੈ। ਜੇ ਉਸ ਨੂੰ ਬਿਨਾਂ ਕਿਸੇ ਸਬੂਤ ਦੇ ਨਾਮਜ਼ਦ ਕੀਤਾ ਗਿਆ ਹੈ, ਤਾਂ ਇਹ ਸਿਰਫ਼ ਇਕ ਵਾਹਵਾਹੀ ਖੱਟਣ ਵਾਲਾ ਕੰਮ ਹੈ।

ਰੁਪਿੰਦਰ ਨੇ ਕਿਹਾ ਕਿ ਜੇ ਪਰਿਵਾਰ ਨੇ ਸਬੂਤ ਵੀ ਇਕੱਠੇ ਕਰਨੇ ਹਨ ਤਾਂ ਪੁਲਿਸ ਨੇ ਕੀ ਕੰਮ ਕਰਨਾ ਹੈ। ਉਨ੍ਹਾਂ ਕਿਹਾ ਕਿ ਚੱਠਾ ਦਾ ਵੀ ਕਾਨੂੰਨੀ ਹੱਕ ਹੈ ਕਿ ਉਹ ਖ਼ੁਦ ਨੂੰ ਬੇਕਸੂਰ ਸਾਬਤ ਕਰਕੇ ਰਿਹਾਅ ਹੋ ਜਾਵੇ ਉਹਨਾਂ ਨੂੰ ਕੋਈ ਦਿੱਕਤ ਨਹੀਂ ਹੈ। ਪੁਲਿਸ ਨੂੰ ਚਾਹੀਦਾ ਹੈ ਕਿ ਉਹ ਚੱਠਾ ਨੂੰ ਇੱਕ ਵਾਰ ਗ੍ਰਿਫ਼ਤਾਰ ਕਰਕੇ ਟ੍ਰਾਇਲ 'ਤੇ ਲੈ ਜਾਵੇ ਤਾਂ ਜੋ ਮਾਮਲੇ 'ਵਿਚ ਖੁਲਾਸੇ ਹੋ ਸਕਣ। ਰੁਪਿੰਦਰ ਨੇ ਪੰਜਾਬ ਸਰਕਾਰ ਨੂੰ ਇਨਸਾਫ ਦੀ ਗੁਹਾਰ ਲਾਈ ਹੈ।

# ਸਿੱਖ ਨਸਲਕੁਸ਼ੀ-ਨਵੰਬਰ 1984 ਬਾਰੇ ਅਹਿਮ ਦਸਤਾਵੇਜ਼ 'ਸਿੱਖ ਨਸਲਕੁਸ਼ੀ ਦਾ ਖੁਰਾ ਖੋਜ' ਕਿਤਾਬ ਜਾਰੀ

ਚੰਡੀਗੜ੍ਹ/ਏ.ਟੀ.ਨਿਊਜ਼ :- 31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸੋਧੇ ਤੋਂ ਬਾਅਦ ਸਟੇਟ ਵੱਲੋਂ ਕੀਤੀ ਗਈ ਸਿੱਖ ਨਸਲਕੁਸ਼ੀ ਬਾਰੇ ਆਮ ਲੋਕਾਂ, ਸਿੱਖਾਂ, ਸਿੱਖ ਆਗੂਆਂ ਅਤੇ ਪ੍ਰਚਾਰਕਾਂ ਦੀ ਜਾਣਕਾਰੀ ਦਿੱਲੀ, ਬੁਕਾਰੋ, ਕਾਨਪੁਰ ਅਤੇ ਹੋਂਦ ਚਿੱਲੜ ਤੱਕ ਹੀ ਸੀਮਤ ਹੈ। ਪਰ ਇਹ ਵਰਤਾਰਾ ਇਸ ਤੋਂ ਕਿਤੇ ਵੱਡੇ ਪੱਧਰ ਤੇ ਵਾਪਰਿਆ। ਇਸ ਦੌਰਾਨ ਭਾਰਤ 6 ਰਾਜਾਂ ਮੱਧ ਪ੍ਰਦੇਸ਼, ਛੱਤੀਸਗੜ੍ਹ, ਤਾਮਿਲਨਾਡੂ, ਉੜੀਸਾ, ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ 'ਚ ਹੋਈਆਂ ਘਟਨਾਵਾਂ ਦਾ ਵਿਸਥਾਰਪੂਰਵਕ ਜ਼ਿਕਰ ਕਿਤਾਬ ਸਿੱਖ ਨਸਲਕੁਸ਼ੀ ਦਾ ਖੁਰਾ ਖੋਜ 'ਚ ਕੀਤਾ ਗਿਆ ਹੈ। ਕਿਤਾਬ ਵਿਚ ਦਿੱਤੀ ਗਈ ਜਾਣਕਾਰੀ ਚਸ਼ਮਦੀਦਾਂ ਅਤੇ ਸਬੂਤਾਂ ਦੇ ਹਵਾਲੇ ਨਾਲ ਲਿਖੀ ਗਈ ਹੈ। ਜ਼ਿਕਰਯੋਗ ਹੈ ਕਿ ਕਿਤਾਬ ਵਿਚ ਸਿੱਖ ਨਸਲਕੁਸ਼ੀ ਦੀ ਪ੍ਰੋੜ੍ਹਤਾ ਕਰਦੇ 42 ਸਰਕਾਰੀ ਅਤੇ ਗੈਰ-ਸਰਕਾਰੀ ਦਸਤਾਵੇਜ਼ ਲਗਾਏ ਗਏ ਹਨ। ਸਿੱਖ ਨਸਲਕੁਸ਼ੀ ਉੱਪਰ ਇਹ ਕਿਤਾਬ ਆਪਣੀ ਤਰ੍ਹਾਂ ਦਾ ਪਹਿਲਾ ਅਤੇ ਬੜਾ ਅਹਿਮ ਦਸਤਾਵੇਜ਼ ਹੈ, ਕਿਉਂਕਿ ਕਿਤਾਬ ਸਿੱਖ



ਨਸਲਕੁਸ਼ੀ ਬਾਰੇ ਆਮ ਲੋਕਾਂ ਦੀ ਸਮਝ ਤੋਂ ਪਰੇ ਇਸ ਵਰਤਾਰੇ ਦੀ ਵਿਸ਼ਾਲਤਾ ਦੇ ਘੇਰੇ ਨੂੰ ਦਰਸਾਉਂਦੀ ਹੈ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਕੋਲ ਗੁਰਦੁਆਰਾ ਝੰਡਾ ਬੁੰਗਾ ਸਾਹਿਬ ਵਿਖੇ ਭਾਈ ਸਤਵੰਤ ਸਿੰਘ, ਭਾਈ ਬੇਅੰਤ ਸਿੰਘ ਅਤੇ ਭਾਈ ਕੇਹਰ ਸਿੰਘ ਨਮਿਤ ਅਰਦਾਸ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਕੋਲ ਇਹ ਕਿਤਾਬ ਜਾਰੀ ਕੀਤੀ ਗਈ। ਕਿਤਾਬ ਜਾਰੀ ਕਰਨ ਮੌਕੇ ਸ਼ਹੀਦ ਸਿੰਘਾਂ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਭਾਈ ਦਲਜੀਤ ਸਿੰਘ ਬਿੱਟੂ, ਭਾਈ ਨਰਾਇਣ ਸਿੰਘ ਚੌੜਾ, ਭਾਈ ਰਜਿੰਦਰ ਸਿੰਘ ਇੰਗਲੈਂਡ, ਭਾਈ ਮਨਧੀਰ ਸਿੰਘ, ਪਰਮਜੀਤ ਸਿੰਘ ਗਾਜ਼ੀ, ਸਤਨਾਮ ਸਿੰਘ ਖੰਡਾ, ਪ੍ਰਿੰਸੀਪਲ ਕੰਵਲਜੀਤ ਸਿੰਘ, ਭਗਵੰਤ ਸਿੰਘ ਸਿਆਲਕਾ, ਕੰਵਰਪਾਲ ਸਿੰਘ ਦਲ ਖਾਲਸਾ, ਸਰਬਜੀਤ ਸਿੰਘ ਘੁਮਾਣ, ਗੁਰਚਰਨ ਸਿੰਘ ਗਰੇਵਾਲ, ਪਰਮਿੰਦਰ ਸਿੰਘ ਸ਼ਤਰਾਣਾ ਅਤੇ ਪਰਮਜੀਤ ਸਿੰਘ ਮੰਡ ਹਾਜ਼ਰ ਸਨ।

## ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ’ਤੇ ਵਿਸ਼ੇਸ਼

**ਸ਼੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਪ੍ਰਕਾਸ਼ ਪੁਰਬ ’ਤੇ ਉਹਨਾਂ ਦੇ ਜੀਵਨ, ਬਾਣੀ ਅਤੇ ਕੁਲ ਕਾਇਨਾਤ ਦੀ ਰੂਹਾਨੀਅਤ ਨੂੰ ਪ੍ਰਗਟ ਕਰਦੇ ਵੱਖ-ਵੱਖ ਲੇਖਕਾਂ ਦੇ ਵਿਸ਼ੇਸ ਲੇਖ**

# ਬ੍ਰਹਿਮੰਡੀ ਅਕਾਲ ਰੂਪ : ਗੁਰੂ ਨਾਨਕ ਪਾਤਿਸ਼ਾਹ ਜੀ

## ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ ।
## ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ ।



ਡਾ. ਜਗਜੀਤ ਸਿੰਘ
ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ,
ਪਟਿਆਲਾ

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦਾ ਪ੍ਰਕਾਸ਼ 1469 ਈਸਵੀ ਨੂੰ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਜ਼ਿਲ੍ਹਾ ਸੇਖੂਪੁਰ (ਮੌਜੂਦਾ ਪਾਕਿਸਤਾਨ) ਵਿੱਚ ਹੋਇਆ। ਆਪ ਜੀ ਦੇ ਪਿਤਾ ਮਹਿਤਾ ਕਾਲੂ ਰਾਮ ਜੀ ਸਨ ਜੋ ਕਿੱਤੇ ਵਜੋਂ ਪਟਵਾਰੀ ਸਨ ਅਤੇ ਆਪ ਜੀ ਦੀ ਮਾਤਾ ਦਾ ਨਾਮ ਤ੍ਰਿਪਤਾ ਦੇਵੀ ਸੀ। ਆਪ ਦੀ ਇਕਲੌਤੀ ਭੈਣ ਦਾ ਨਾਮ ਨਾਨਕੀ ਸੀ, ਜੋ ਆਪ ਜੀ ਤੋਂ ਉਮਰ ਵਿੱਚ ਪੰਜ ਸਾਲ ਵੱਡੇ ਸਨ।

ਗੁਰੂ ਨਾਨਕ ਦੇਵ ਜੀ ਦਾ ਬਚਪਨ ਤਲਵੰਡੀ ਵਿੱਚ ਹੀ ਬੀਤਿਆ। ਗੁਰੂ ਜੀ ਬਚਪਨ ਵਿਚ ਸਧਾਰਨ ਬੱਚਿਆਂ ਵਾਂਗ ਨਹੀਂ ਸਨ। ਉਨ੍ਹਾਂ ਦੀ ਬੁੱਧੀ ਬਹੁਤ ਹੀ ਤੇਜ਼, ਬਹੁਤ ਘੱਟ ਖਾਂਦੇ, ਬਹੁਤ ਘੱਟ ਸੌਂਦੇ, ਸਦਾ ਹੀ ਆਤਮ-ਚਿੰਤਨ ਵਿਚ ਮਗਨ ਰਹਿੰਦੇ ਸਨ। ਪ੍ਰਬੁੱਧ ਸਿੱਖ ਚਿੰਤਕ ਡਾ. ਸਰਬਜਿੰਦਰ ਸਿੰਘ ਜੀ ਲਿਖਦੇ ਹਨ, ਸੱਤ ਸਾਲ ਦੀ ਉਮਰ ਵਿੱਚ ਆਪ ਨੂੰ ਪਿੰਡ ਦੇ ਦੂਸਰੇ ਬਾਲਕਾਂ ਨਾਲ ਸਕੂਲ ਭੇਜਿਆ ਗਿਆ ਜਿਥੇ ਪੰਡਤ ਗੋਪਾਲ ਕੋਲੋਂ ਹਿੰਦੀ, ਪੰਡਤ ਬ੍ਰਿਜ ਲਾਲ ਕਲੋਂ ਸੰਸਕ੍ਰਿਤ ਅਤੇ ਮਦਰੱਸੇ ਦੇ ਮੌਲਵੀ ਜੀ ਕੋਲੋਂ ਫਾਰਸੀ ਦੀ ਸਿੱਖਿਆ ਗ੍ਰਹਿਣ ਕਰਨ ਲੱਗੇ ਪਰ ਇਹ ਬਾਲਕ ਸਧਾਰਨ ਨਹੀਂ ਸੀ ਉਹ ਤਾਂ ਪ੍ਰਮਾਤਮਾ ਦਾ ਰੂਪ ਸੀ। ਉਨ੍ਹਾਂ ਨੇ ਆਪਣੀ ਤਰਕ ਅਤੇ ਸੂਝ ਨਾਲ, ਸਭ ਅਧਿਆਪਕ ਹੈਰਾਨ ਕਰ ਦਿੱਤੇ। ਇਸ ਸਬੰਧੀ ਅਨੇਕਾਂ ਘਟਨਾਵਾਂ ਦਾ ਵਰਨਣ ਮਿਲਦਾ ਹੈ, ਜਿਨ੍ਹਾਂ ਵਿੱਚੋਂ ਇਕ ਮਹੱਤਵਪੂਰਨ ਘਟਨਾ ਅਧਿਆਪਕਾਂ ਦੇ ਸਾਹਮਣੇ ਪੈਂਤੀ ਦਾ ਨਵਾਂ ਵਿਆਖਿਆ ਸ਼ਾਸਤਰ ਖੜ੍ਹਾ ਕਰਨਾ ਸੀ। ਗੁਰੂ ਜੀ ਦਾ ਕੇਵਲ ਦਿਮਾਗ ਹੀ ਰੌਸ਼ਨ ਨਹੀਂ ਸੀ, ਸਗੋਂ ਉਨ੍ਹਾਂ ਨੂੰ ਆਤਮਿਕ ਜੀਵਨ ਦੀ ਬੜੀ ਸੂਝ ਸੀ। ਸਭ ਤੋਂ ਪਹਿਲਾਂ ਗੁਰੂ ਜੀ ਨੂੰ ਭੈਣ ਨਾਨਕੀ ਹੀ ਸਮਝ ਸਕੀ। ਰਾਇ ਬੁਲਾਰ ਦਾ ਇਹ ਅਟੁੱਟ ਵਿਸ਼ਵਾਸ ਸੀ ਕਿ ਗੁਰੂ ਜੀ ਉੱਤੇ ਅੱਲਾ ਦੀ ਖਾਸ ਰਹਿਮਤ ਹੈ।ਧਾਰਮਿਕ ਰਵਾਇਤਾਂ ਅਨੁਸਾਰ ਜਦ ਆਪ ਨੌਵੇਂ ਸਾਲ ਵਿੱਚ ਦਾਖਲ ਹੋਏ ਤਾਂ ਘਰ ਵਿੱਚ ਰਿਸ਼ਤੇਦਾਰਾਂ ਅਤੇ ਭਾਈਚਾਰੇ ਦਾ ਵੱਡਾ ਇਕੱਠ ਕੀਤਾ ਗਿਆ। ਬਾਲ ਨਾਨਕ ਵੱਡਾ ਹੋ ਗਿਆ ਸੀ ਇਸ ਲਈ ਜਨੇਊ ਦੀ ਪਵਿੱਤਰ ਰਸਮ ਦੀ ਪੂਰਤੀ ਕਰ ਲਈ ਜਾਵੇ। ਸੂਤਰ ਨੂੰ ਵੱਟ ਕੇ, ਤੀਹਰਾ ਕਰਕੇ ਇਕ ਡੋਰ (ਜਨੇਊ) ਵੱਟਣੀ ਹੁੰਦੀ ਹੈ ਅਤੇ ਇਸ ਡੋਰ ਨੂੰ ਗੱਲ ਵਿਚ ਪਾ ਕੇ ਖੱਬੇ ਮੋਢੇ ਤੋਂ ਪਹਿਨ ਕੇ ਸੱਜੀ ਵੱਖੀ ਵੱਲ ਲਟਕਾਇਆ ਜਾਂਦਾ ਹੈ। ਇਸ ਰਸਮ ਤੋਂ ਬਾਅਦ ਉਸ ਦਾ ਆਪਣੇ ਪਿਤਰੀ ਧਰਮ ਵਿਚ ਪ੍ਰਵੇਸ਼ ਮੰਨਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੂੰ ਮਰਿਆਦਾ ਅਨੁਸਾਰ ਜਨੇਊ ਪਾਉਣ ਲਈ ਪੰਡਿਤ ਹਰਦਿਆਲ ਨੂੰ ਸੱਦਿਆ ਗਿਆ। ਜਦੋਂ ਇਹ ਰਸਮ ਕਰਨੀ ਹੁੰਦੀ ਹੈ ਤਾਂ ਘਰ ਵਿਚ ਬਹੁਤ ਖੁਸ਼ੀਆਂ ਕੀਤੀਆਂ ਜਾਂਦੀਆਂ ਹਨ। ਸਾਰੇ ਹੀ ਅੰਗਾਂ ਸਾਕਾਂ ਨੂੰ ਬੁਲਾਇਆ ਜਾਂਦਾ ਹੈ। ਬਾਬਾ ਕਾਲੂ ਜੀ ਨੇ ਵੀ ਬਹੁਤ ਸਾਰੇ ਰਿਸ਼ਤੇਦਾਰ ਬੁਲਾਏ। ਪੂਰੀਆਂ ਖੁਸ਼ੀਆਂ ਕੀਤੀਆਂ ਗਈਆਂ ਪਰ ਜਦੋਂ ਹਰਦਿਆਲ ਪੰਡਿਤ ਅੱਗੇ ਹੋ ਕੇ ਜਨੇਊ ਗਲ ਵਿਚ ਪਾਉਣ ਲੱਗਾ ਤਾਂ ਗੁਰੂ ਜੀ ਨੇ ਨਾਂਹ ਕਰ ਦਿੱਤੀ। ਗੁਰੂ ਜੀ ਬੋਲੇ, ਜਨੇਊ ਨੂੰ ਤੁਸੀਂ ਪਵਿੱਤਰ ਧਾਰਮਿਕ ਰਸਮ ਕਹਿੰਦੇ ਹੋ ਪਰ ਜਨੇਊ ਪਾਉਣ ਵੇਲੇ ਜਾਤੀ ਆਧਾਰ ’ਤੇ ਵਿਤਕਰਾ ਕਰਕੇ ਤੁਸੀਂ ਪਰਮੇਸ਼ਰ ਦੀ ਸਾਜੀ ਇਸ ਸ੍ਰਿਸ਼ਟੀ ਦਾ ਅਪਮਾਨ ਕਰ ਰਹੇ ਹੋ, ਤੁਹਾਨੂੰ ਇਸ ਦਾ ਕੋਈ ਅਧਿਕਾਰ ਨਹੀਂ ਹੈ ਕਿਉਂਕਿ ਉਸ ਸਮੇ ਰਿਵਾਜ ਸੀ ਕਿ ਬ੍ਰਾਹਮਣਾ ਨੂੰ ਤਿੰਨ ਧਾਗਿਆਂ ਦਾ ਜਨੇਊ ਪਾਇਆ ਜਾਂਦਾ ਸੀ, ਖੱਤਰੀਆਂ ਨੂੰ ਦੋ ਧਾਗਿਆਂ ਦਾ, ਵੈਸ਼ਾਂ ਨੂੰ ਇਕ ਧਾਗੇ ਦਾ ਅਤੇ ਸ਼ੂਦਰਾਂ ਨੂੰ ਜਨੇਊ ਪਾਉਣ ਦਾ ਕੋਈ ਹੱਕ ਨਹੀਂ ਸੀ। ਸਾਰੀ ਲੋਕਾਈ ਮੂੰਹ ਵਿੱਚ ਉਂਗਲਾਂ ਪਾਉਣ ਲੱਗੀ। ਨਾਨਕ ਪਾਤਸ਼ਾਹ ਮੁਸਕਰਾਏ ਤੇ ਪਾਂਧੇ ਨੂੰ ਸੰਬੋਧਿਤ ਹੋ ਕੇ ਫੁਰਮਾਇਆ ਕਿ ਜਿਹੜਾ ਜਨੇਊ ਤੁਸੀਂ ਮੈਨੂੰ ਦੇ ਰਹੇ ਹੋ, ਇਹ ਤਾਂ ਕਪਾਹ ਦੇ ਧਾਗੇ ਦਾ ਹੈ। ਇਹ ਮੈਲਾ ਵੀ ਹੋ ਜਾਏਗਾ, ਇਹ ਟੁੱਟ ਵੀ ਜਾਏਗਾ। ਪੰਡਿਤ ਜੀ ਨੇ ਬਹੁਤ ਸਮਝਾਇਆ। ਪਿਤਾ ਜੀ ਨੇ ਪਿਆਰ ਵੀ ਕੀਤਾ ਤੇ ਡਰਾਵੇ ਵੀ ਦਿੱਤੇ ਪਰ ਗੁਰੂ ਜੀ ਕਹਿਣ ਕਿ ਆਤਮਿਕ ਜਨਮ ਲਈ ਆਤਮਿਕ ਜਨੇਊ ਦੀ ਲੋੜ ਹੈ। ਜੇ ਪੰਡਿਤ ਜੀ ਕੋਲ ਉਹ ਜਨੇਊ ਹੈ ਤਾਂ ਅਸੀਂ ਪਾ ਲੈਂਦੇ ਹਾਂ। ਸਾਕ ਸਕੀਰੀ, ਭਾਈਚਾਰਾ ਸਮੇਤ ਪੰਡਿਤ ਹਰਦਿਆਲ ਦੇ ਸਾਰੇ ਲੋਕ ਬੁੜ-ਬੁੜ ਕਰਦੇ ਘਰਾਂ ਨੂੰ ਮੁੜ ਗਏ। ਕਰਮ-ਕਾਂਡ ਦੇ ਕਈ ਸਦੀਆਂ ਦੇ ਬਣੇ ਪੱਕੇ ਭਰਮ-ਗੜ੍ਹ ਉੱਤੇ ਦਸ ਸਾਲਾਂ ਦੇ ਬਾਲਕ (ਗੁਰੂ ਨਾਨਕ ਦੇਵ ਜੀ) ਦੀ ਇਹ ਪਹਿਲੀ ਕਰਾਰੀ ਚੋਟ ਸੀ। ਸਮਾਜ ਸੁਧਾਰ ਵਿੱਚ ਇਹ ਉਨ੍ਹਾਂ ਦੀ ਪਹਿਲੀ ਜਿੱਤ ਸੀ।



ਗੁਰੂ ਨਾਨਕ ਦੇਵ ਜੀ ਦਾ ਬਚਪਨ ਤਲਵੰਡੀ ਵਿੱਚ ਹੀ ਬੀਤਿਆ। ਗੁਰੂ ਜੀ ਬਚਪਨ ਵਿਚ ਸਧਾਰਨ ਬੱਚਿਆਂ ਵਾਂਗ ਨਹੀਂ ਸਨ। ਉਨ੍ਹਾਂ ਦੀ ਬੁੱਧੀ ਬਹੁਤ ਹੀ ਤੇਜ਼, ਬਹੁਤ ਘੱਟ ਖਾਂਦੇ, ਬਹੁਤ ਘੱਟ ਸੌਂਦੇ, ਸਦਾ ਹੀ ਆਤਮ-ਚਿੰਤਨ ਵਿਚ ਮਗਨ ਰਹਿੰਦੇ ਸਨ। ਪ੍ਰਬੁੱਧ ਸਿੱਖ ਚਿੰਤਕ ਡਾ. ਸਰਬਜਿੰਦਰ ਸਿੰਘ ਜੀ ਲਿਖਦੇ ਹਨ, ਸੱਤ ਸਾਲ ਦੀ ਉਮਰ ਵਿੱਚ ਆਪ ਨੂੰ ਪਿੰਡ ਦੇ ਦੂਸਰੇ ਬਾਲਕਾਂ ਨਾਲ ਸਕੂਲ ਭੇਜਿਆ ਗਿਆ ਜਿਥੇ ਪੰਡਤ ਗੋਪਾਲ ਕੋਲੋਂ ਹਿੰਦੀ, ਪੰਡਤ ਬ੍ਰਿਜ ਲਾਲ ਕਲੋਂ ਸੰਸਕ੍ਰਿਤ ਅਤੇ ਮਦਰੱਸੇ ਦੇ ਮੌਲਵੀ ਜੀ ਕੋਲੋਂ ਫਾਰਸੀ ਦੀ ਸਿੱਖਿਆ ਗ੍ਰਹਿਣ ਕਰਨ ਲੱਗੇ ਪਰ ਇਹ ਬਾਲਕ ਸਧਾਰਨ ਨਹੀਂ ਸੀ ਉਹ ਤਾਂ ਪ੍ਰਮਾਤਮਾ ਦਾ ਰੂਪ ਸੀ। ਉਨ੍ਹਾਂ ਨੇ ਆਪਣੀ ਤਰਕ ਅਤੇ ਸੂਝ ਨਾਲ, ਸਭ ਅਧਿਆਪਕ ਹੈਰਾਨ ਕਰ ਦਿੱਤੇ।

ਬਾਬਾ ਮਹਿਤਾ ਕਾਲੂ ਜੀ ਦੀ ਆਪਣੀ ਵੀ ਕੁੱਝ ਜ਼ਮੀਨ ਸੀ ਪਰ ਉਹ ਜ਼ਿਆਦਾਤਰ ਆਪ ਖੇਤੀ ਕਰਨ ਨਾਲੋਂ ਪਟਵਾਰ ਵੱਲ ਹੀ ਵਧੇਰੇ ਧਿਆਨ ਦਿੰਦੇ ਸਨ। ਉਨ੍ਹਾਂ ਨੂੰ ਰਾਇ ਬੁਲਾਰ ਦੇ ਦਸ ਪਿੰਡਾਂ ਦੀ ਪਟਵਾਰ ਕਰਨੀ ਪੈਂਦੀ ਸੀ। ਖੇਤੀ ਦਾ ਕੰਮ ਜ਼ਿਆਦਾਤਰ ਗਰੀਬ ਕਿਸਾਨਾਂ ਤੋਂ ਹੀ ਕਰਵਾਉਂਦੇ ਸਨ। ਗੁਰੂ ਜੀ ਵੀ ਆਪਣੀ ਜ਼ਮੀਨ ਵੱਲ ਫੇਰਾ ਤੋਰਾ ਰੱਖਦੇ ਸਨ। ਇਕ ਦਿਨ ਮੱਝਾਂ ਚਰਾਉਣ ਚਲੇ ਗਏ। ਉੱਥੇ ਜਾ ਕੇ ਧਿਆਨ ਵਾਹਿਗੁਰੂ ਜੀ ਦੀ ਭਗਤੀ ਵੱਲ ਲੱਗ ਗਿਆ। ਕਿਸੇ ਠੰਡੀ ਜਿਹੀ ਛਾਂ ਥੱਲੇ ਲੇਟ ਗਏ ਨੀਂਦ ਆ ਗਈ। ਮੱਝਾਂ ਰੋਜ਼ ਦਾ ਘਾਹ ਚੁੱਗ-ਚੁੱਗ ਕੇ ਥੱਕ ਗਈਆਂ ਸਨ। ਉਹ ਨਾਲ ਲੱਗਦੀ ਕਿਸੇ ਕਿਸਾਨ ਦੀ ਹਰੀ ਭਰੀ ਫਸਲ ਵਿਚ ਵੜ ਗਈਆਂ। ਉੱਧਰ ਕਿਸਾਨ ਵੀ ਖੇਤਾਂ ਵੱਲ ਫੇਰਾ ਮਾਰਨ ਆ ਗਿਆ। ਉਸਨੇ ਮੱਝਾਂ ਨੂੰ ਫਸਲ ਉਜਾੜਦਿਆਂ ਵੇਖਿਆ। ਗੁਰੂ ਜੀ ਨੂੰ ਰਾਇ ਬੁਲਾਰ ਕੋਲ ਫੜਕੇ ਲੈ ਗਿਆ। ਜਾਂਦੇ-ਜਾਂਦੇ ਗੁਰੂ ਜੀ ਪਿਆਰ ਭਰੀ ਇਕ ਨਜ਼ਰ ਖੇਤਾਂ ਵੱਲ ਮਾਰ ਗਏ। ਖੇਤ ਦੇ ਭਾਗ ਜਾਗ ਗਏ। ਰਾਇ ਬੁਲਾਰ ਨੇ ਬੰਦਾ ਵੇਖਣ ਲਈ ਭੇਜਿਆ। ਉੱਥੇ ਕੋਈ ਨੁਕਸਾਨ ਹੀ ਨਹੀਂ ਹੋਇਆ ਸੀ। ਬਾਲ ਗੁਰੂ ਜੀ ਜਵਾਨ ਹੋਏ। ਵਿਆਹ ਦੀ ਗੱਲ ਚੱਲਣੀ ਸੁਭਾਵਿਕ ਸੀ। ਗੁਰੂ ਜੀ ਦੀ ਮੰਗਣੀ 1485 ਈ. ਨੂੰ ਹੋਈ, ਉਸ ਵੇਲੇ ਉਨ੍ਹਾਂ ਦੀ ਉਮਰ 16 ਸਾਲ ਦੀ ਸੀ ਅਤੇ ਵਿਆਹ 18 ਸਾਲ ਦੀ ਉਮਰ ਵਿਚ 1487 ਈ. ਨੂੰ ਹੋਇਆ ਸੀ। ਨਗਰ ਵਟਾਲੇ ਦੇ ਰਹਿਣ ਵਾਲੇ ਮੂਲ ਚੰਦ ਜੀ ਨੇ ਆਪਣੀ ਲੜਕੀ ਦਾ ਸਾਕ ਦਿੱਤਾ ਸੀ। ਗੁਰੂ ਪਤਨੀ ਦਾ ਮੂਲ ਨਾਮ ਸੁਲੱਖਣੀ ਸੀ। ਧੂਮ-ਧਾਮ ਨਾਲ ਵਿਆਹ ਹੋਇਆ। ਇਸ ਵਿਆਹ ਵਿੱਚ ਵਿਚੋਲੇ ਦੀ ਭੂਮਿਕਾ ਭਾਈ ਜੈ ਰਾਮ ਨੇ ਨਿਭਾਈ। ਭਾਈ ਜੈ ਰਾਮ ਨਾਨਕੀ ਜੀ ਦੇ ਪਤੀ ਸਨ ਅਤੇ ਮਹਿਕਮਾ ਮਾਲ ਦੇ ਕੰਮ ਦੇ ਸੰਬੰਧ ਵਿੱਚ ਇਸ ਪਿੰਡ ਵਿੱਚ ਉਹ ਅਕਸਰ ਆਉਂਦੇ ਜਾਂਦੇ ਰਹਿੰਦੇ ਸਨ। ਗੁਰੂ ਜੀ ਦੇ ਘਰ ਦੋ ਪੁੱਤਰਾਂ ਸ੍ਰੀ ਚੰਦ ਅਤੇ ਲਖਮੀ ਚੰਦ ਨੇ ਜਨਮ ਲਿਆ। ਹੋਰਨਾ ਕਾਰਜਾਂ ਵਾਂਗ ਵਿਆਹ ਨੇ ਵੀ ਉਨ੍ਹਾਂ ਦੇ ਕਾਰ-ਵਿਹਾਰ ਵਿੱਚ ਕੋਈ ਤਬਦੀਲੀ ਨਾ ਲਿਆਂਦੀ।

ਪਰਿਵਾਰ ਦੇ ਮੈਂਬਰਾਂ ਨਾਲ ਸੋਚ ਵਿਚਾਰ ਤੋਂ ਬਾਅਦ ਮਹਿਤਾ ਕਾਲੂ ਜੀ ਨੂੰ ਇਕ ਤਰਕੀਬ ਸੁੱਝੀ ਕਿ ਕਿਉਂ ਨਾ ਨਾਨਕ ਨੂੰ ਵਪਾਰ ਵਿੱਚ ਪਾ ਦਿੱਤਾ ਜਾਵੇ। ਸ਼ਾਇਦ ਇਸ ਨੂੰ ਕੋਈ ਦੁਨੀਆਂਦਾਰੀ ਦੀ ਸਮਝ ਲੱਗੇ। ਗੁਰੂ ਜੀ ਨੂੰ ਬਾਬਾ ਕਾਲੂ ਜੀ ਨੇ 20 ਰੁਪਏ ਦੇ ਕੇ ਵਪਾਰ ਕਰਨ ਲਈ ਆਖਿਆ। ਉਦੋਂ ਤਲਵੰਡੀ ਦੇ ਲਾਗੇ ਤਿੰਨ ਹੀ ਵੱਡੇ ਨਗਰ ਲੱਗਦੇ ਸਨ ਚੂਹੜਕਾਣਾ, ਸੈਦਪੁਰ, ਲਾਹੌਰ। ਇਹ ਸੰਨ 1503 ਦੀ ਗੱਲ ਹੈ। ਦੇਸ਼ ਵਿਚ ਕਾਲ ਪਿਆ ਹੋਇਆ ਸੀ। ਗੁਰੂ ਜੀ ਦੇ ਨਾਲ ਭਾਈ ਮਰਦਾਨਾ ਵੀ ਸੀ। ਜਦੋਂ ਗੁਰੂ ਜੀ ਚੂਹੜਕਾਣੇ ਗਏ ਤਾਂ ਉੱਥੇ ਕਈ ਭੁੱਖੇ ਸਾਧੂ ਮਿਲ ਗਏ। ਗੁਰੂ ਜੀ ਨੇ ਸਾਰੇ ਹੀ ਪੈਸੇ ਭੁੱਖਿਆਂ ਸਾਧੂਆਂ ਨੂੰ ਖੁਆ ਕੇ, ਕੱਪੜੇ ਲੀੜੇ ਦੁਆ ਕੇ ਸੱਚਾ ਸੌਦਾ ਕਰ ਘਰ ਨੂੰ ਆ ਗਏ। ਜਿਸ ਕਰਕੇ ਪਿਤਾ ਕਾਲੂ ਬਹੁਤ ਨਰਾਜ਼ ਹੋਏ। ਰਾਏ ਬੁਲਾਰ ਜੋ ਉਥੋਂ ਦਾ ਚੌਧਰੀ ਸੀ ਅਤੇ ਹਮੇਸ਼ਾ ਬਾਲ ਗੁਰੂ ਵਿੱਚ ਅੱਲਾ ਦੇ ਦਰਸ਼ਨ ਕਰਦਾ ਸੀ, ਇਸ ਗੱਲ ਨਾਲ ਮਹਿਤਾ ਕਾਲੂ ਜੀ ’ਤੇ ਬਹੁਤ ਨਾਰਾਜ਼ ਹੋਇਆ। ਨਾਨਕ ਵੱਲੋਂ ਖਰਚੇ ਵੀਹ ਰੁਪਏ ਦੇ ਕੇ ਆਖਿਆ ਅੱਗੇ ਤੋਂ ਇਸ ਇਲਾਹੀ ਬਾਲ ਨੂੰ ਕੁਝ ਨਾ ਕਿਹਾ ਜਾਵੇ। ਇਹ ਅਸਾਡਾ ਹੁਕਮ ਹੈ। ਕਾਲੂ ਜੀ, ਤੁਹਾਨੂੰ ਪਤਾ ਨਹੀਂ ਨਾਨਕ ਕਰਕੇ ਹੀ ਤਲਵੰਡੀ ਹਰੀ ਭਰੀ ਹੈ, ਨਹੀਂ ਤੇ ਕਦ ਦੀ ਉਜੜ ਜਾਂਦੀ।

ਬਾਲ ਗੁਰੂ ਖੇਤਾਂ ਵਿੱਚ ਘੁੰਮ ਰਹੇ ਸਨ। ਇਤਫ਼ਾਕ ਵਸ ਰਾਏ ਬੁਲਾਰ ਵੀ ਆਪਣੇ ਅਹਿਲਕਾਰਾਂ ਨਾਲ ਘੋੜੀ ’ਤੇ ਚੜ੍ਹਕੇ ਉਧਰ ਨਿਕਲ ਆਇਆ। ਨਾਨਕ ਪਾਤਸ਼ਾਹ ਨੂੰ ਵੇਖਦੇ ਹੀ ਘੋੜੀ ਤੋਂ ਹੇਠਾਂ ਉਤਰਿਆ, ਪੈਰਾਂ ਤੋਂ ਜੁੱਤੀ ਲਾਹੀ ਤੇ ਸਿਜਦਾ ਕੀਤਾ। ਨੰਗੇ ਪੈਰ ਬਾਲ ਗੁਰੂ ਤੱਕ ਗਿਆ, ਫਿਰ ਝੁਕਿਆ ਅਤੇ ਕਿਹਾ ‘ਅਰਦਾਸ ਕਬੂਲ ਕਰ।’ ਬਾਲ ਗੁਰੂ ਮੁਸਕਾਏ ਅਤੇ ਬੋਲੇ ‘ਅਰਦਾਸ ਕਬੂਲ ਭਈ’ ਮੰਨਿਆ ਜਾਂਦਾ ਹੈ ਕਿ ਇਹ ਅਰਦਾਸ ਕਬੂਲ ਭਈ ਤੋਂ ਬਾਅਦ ਹੀ ਰਾਏ ਬੁਲਾਰ ਦੇ ਘਰ ਬੇਟਾ ਪੈਦਾ ਹੋਇਆ। ਬੇਟਾ ਪੈਦਾ ਹੋਣ ਤੋਂ ਬਾਅਦ ਰਾਏ ਬੁਲਾਰ ਨੇ ਅੱਧੀ ਜ਼ਮੀਨ ਆਪਣੇ ਬੇਟੇ ਦੇ ਨਾਮ ਅਤੇ ਅੱਧੀ ਬਾਲ ਗੁਰੂ ਦੇ ਨਾਮ ਕਰ ਦਿੱਤੀ।

ਮਾਤਾ ਪਿਤਾ ਦੀ ਚਿੰਤਾ ਤੇ ਪ੍ਰੇਸ਼ਾਨੀ ਨੂੰ ਵੇਖਦੇ ਹੋਏ ਭੈਣ ਨਾਨਕੀ ਨੇ ਆਪ ਨੂੰ ਸੁਲਤਾਨਪੁਰ ਬੁਲਾ ਲਿਆ। ਭਾਈਆ ਜੈ ਰਾਮ ਜੀ ਉੱਥੇ ਨਵਾਬ ਦਾ ਨੌਕਰ ਸੀ। ਉਸ ਨੇ ਨਵਾਬ ਨੂੰ ਕਹਿ ਕੇ ਗੁਰੂ ਜੀ ਨੂੰ ਮੋਦੀ ਖਾਨੇ ਵਿਚ ਨੌਕਰੀ ਦੁਆ ਦਿੱਤੀ। ਇਹ ਉਸ ਵੇਲੇ ਦੀ ਬਹੁਤ ਇੱਜ਼ਤ ਵਾਲੀ ਨੌਕਰੀ ਸੀ। ਉਹ ਪੂਰਾ ਤੋਲਦੇ ਸਨ। ਕਿਸੇ ਨਾਲ ਬੇਈਮਾਨੀ ਨਹੀਂ ਕਰਦੇ ਮਿੱਠਾ ਬੋਲਦੇ ਸਨ। ਆਪ ਆਪਣੀ ਕਮਾਈ ਗਰੀਬਾਂ ਨੂੰ ਦਾਨ ਪੁੰਨ ਵਿੱਚ ਦੇ ਦਿੰਦੇ ਅਤੇ ਅਨਾਜ ਤੋਲਦੇ ਤੇਰਾਂ ’ਤੇ ਆ ਰੁਕ ਜਾਂਦਾ ਅਤੇ ਫਿਰ ਤੇਰਾ ਤੇਰਾ ਕਰਦਿਆਂ ਪੰਡ ਚੁਕਾ ਦਿੰਦੇ। ਮੋਦੀਖਾਨੇ ਦੇ ਮਾਲਕ ਕੋਲ ਸ਼ਿਕਾਇਤਾਂ ਦੀ ਝੜੀ ਲੱਗ ਗਈ। ਮਾਲਕ ਕ੍ਰੋਧਿਤ ਹੋਇਆ, ਉਸਨੇ ਸੋਚਿਆ ਨਾਨਕ ਨੇ ਮੋਦੀਖਾਨਾ ਤਾਂ ਲੁਟਾ ਹੀ ਦਿੱਤਾ ਹੋਣਾ। ਪੜਤਾਲੀਆ ਕਮੇਟੀ ਬੈਠ ਗਈ। ਪੁੱਛ-ਪੜਤਾਲ ਹੋਈ, ਸਾਰਾ ਹਿਸਾਬ ਕਿਤਾਬ ਠੀਕ ਨਿਕਲਿਆ। ਸ਼ਿਕਾਇਤੀ ਸ਼ਰਮਸਾਰ ਹੋਏ। ਮਾਲਕ ਨੇ ਪਸ਼ਚਾਤਾਪ ਕੀਤਾ।

ਗੁਰੂ ਜੀ ਰੋਜ਼ ਦੀ ਤਰ੍ਹਾਂ ਵੇਈ ਨਦੀ, ਸੁਲਤਾਨਪੁਰ ਵਿਚ ਇਸ਼ਨਾਨ ਕਰਨ ਗਏ ਪਰ ਨਦੀ ਵਿਚੋਂ ਬਾਹਰ ਨਹੀਂ ਨਿਕਲੇ। ਬੇਬੇ ਨਾਨਕੀ ਸਮੇਤ ਸਾਰਿਆਂ ਨੇ ਸੋਚਿਆ ਕਿ ਗੁਰੂ ਜੀ ਡੁੱਬ ਗਏ ਹਨ ਪਰ ਫਿਰ ਬੇਬੇ ਨਾਨਕੀ ਨੇ ਸੋਚਿਆ ਕਿ ਉਹ ਦੁਨੀਆਂ ਨੂੰ ਤਾਰਨ ਵਾਲਾ ਹੈ, ਆਪ ਕਿਵੇਂ ਡੁੱਬ ਸਕਦਾ ਹੈ। ਉਨ੍ਹਾਂ ਸੋਚਿਆ ਕਿ ਉਹ ਕੋਈ ਕੌਤਕ ਰਚਾ ਰਹੇ ਹਨ। ਸਾਰੇ ਪਾਸੇ ਉਦਾਸੀ ਦਾ ਆਲਮ ਛਾ ਗਿਆ। ਮਾਂ-ਬਾਪ ਨੂੰ ਖ਼ਬਰ ਕਰ ਦਿੱਤੀ ਗਈ। ਕੀ ਮੁਸਲਮਾਨ, ਕੀ ਹਿੰਦੂ, ਸਭ ਦੀ ਅੱਖਾਂ ਵਿੱਚ ਅੱਥਰੂ ਸਨ। ਲੋਕ ਅਜੇ ਉਦਾਸੀ ਦੇ ਆਲਮ ਵਿੱਚ ਹੀ ਸਨ ਕਿ ਖਬਰ ਮਿਲੀ ਕਿ ਨਾਨਕ ਤਾਂ ਸ਼ਮਸ਼ਾਨ ਘਾਟ ਵਿੱਚ ਬੈਠਾ ‘ਨਾ ਕੋ ਹਿੰਦੂ ਨਾ ਮੁਸਲਮਾਨ’ ਦਾ ਹੋਕਾ ਦੇ ਰਿਹਾ ਹੈ। ਸਾਰੇ ਹੀ ਸ਼ਹਿਰ ਦੇ ਲੋਕ, ਨਵਾਬ ਤੇ ਕਾਜ਼ੀ ਵੀ ਗੁਰੂ ਜੀ ਕੋਲ ਗਏ। ਬਾਬਾ ਨਿਰੰਤਰ ‘ ਨਾ ਕੋ ਹਿੰਦੂ ਨਾ ਮੁਸਲਮਾਨ’ ਦਾ ਹੋਕਾ ਦੇ ਰਹੇ ਸਨ।

**ਉਦਾਸੀਆਂ/ਯਾਤਰਾਵਾਂ :**

ਗੁਰੂ ਜੀ ਨੇ ਮੋਦੀਖਾਨੇ ਦੀ ਨੌਕਰੀ ਛੱਡ ਦਿੱਤੀ ਅਤੇ ਬਾਲ ਬੱਚਿਆਂ ਨੂੰ ਬੇਬੇ ਨਾਨਕੀ ਜੀ ਕੋਲ ਛੱਡ ਦਿੱਤਾ ਅਤੇ ਮਰਦਾਨੇ ਨੂੰ ਨਾਲ ਲੈ ਕੇ 1507 ਈ: ਨੂੰ ਸੁਲਤਾਨਪੁਰ ਤੋਂ ਦੁਨੀਆਂ ਦਾ

(ਬਾਕੀ ਸਫ਼ਾ 33 ’ਤੇ)

# ਤਾਂਤਰਿਕਾਂ ਤੇ ਪਖੰਡਵਾਦ ਵਿਰੁਧ ਸਤਿਗੁਰੂ ਨਾਨਕ ਦਾ ਧਰਮ ਯੁੱਧ



ਡਾ. ਇੰਦਰਜੀਤ ਸਿੰਘ ਗੋਗੋਆਣੀ
ਪ੍ਰਿੰਸੀਪਲ, ਖ਼ਾਲਸਾ ਕਾਲਜ ਸੀ: ਸੈ: ਸਕੂਲ, ਅੰਮ੍ਰਿਤਸਰ

ਯੁੱਗ ਕੋਈ ਵੀ ਹੋਵੇ ਵਹਿਮਾਂ-ਭਰਮਾਂ ਦੀ ਧੁੰਦ ਕਿਸੇ ਸਮਾਜ ਲਈ ਸਭ ਤੋਂ ਵਧ ਖ਼ਤਰਨਾਕ ਤੇ ਸ਼ੋਸ਼ਣਕਾਰੀ ਹੁੰਦੀ ਹੈ। ਗੁਰਬਾਣੀ ਦੇ ਸਰਬਕਾਲੀ ਅਰਥ ਆਪ ਹੀ ਸਪੱਸ਼ਟ ਹੋ ਜਾਣਗੇ ਜੇ ਕਰ 'ਮਹੱਲਾ ਪਹਿਲਾ' ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਨੁਸਾਰ ਹੀ ਲੋਕ ਭਰਮਾਂ ਦੇ ਵਿਸ਼ੇ ਦੀ ਗੱਲ ਕਰੀਏ। ਇਹ ਗੁਰੂ ਨਾਨਕ ਬਾਣੀ ਰੂਪੀ ਅਮੁੱਲ ਖ਼ਜ਼ਾਨਾ ਸਮੁੱਚੇ ਸਮਾਜ ਨੂੰ ਭਰਮ ਮੁਕਤ ਕਰਦਾ ਹੈ। ਭਾਰਤੀ ਸਮਾਜ ਵਿਚ ਬੁਰੇ ਕਾਰਜ ਦੀ ਸਿੱਧੀ ਲਈ ਕੀਤਾ ਜਾਂਦਾ ਕਾਰਜ 'ਕਾਲਾ ਇਲਮ' ਤੇ ਭਲੇ ਕਾਰਜ ਦੀ ਸਿੱਧੀ ਲਈ ਕੀਤੇ ਜਾਂਦੇ ਕਾਰਜ ਲਈ 'ਚਿੱਟਾ ਇਲਮ' ਸ਼ਬਦ ਪ੍ਰਚਲਤ ਹੈ। ਕਾਲੇ ਇਲਮ ਵਿਚ ਤਿੰਨ ਪ੍ਰਕਾਰ ਦੀ ਵਿੱਦਿਆ ਹੈ, 'ਜੰਤਰ, ਮੰਤਰ ਤੇ ਤੰਤਰ'। ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪਣੀ ਬਾਣੀ ਵਿਚ ਇਸ ਭਰਮ ਭਰਪੂਰ ਲੋਕ ਮਨਾਉਤ ਨੂੰ ਇਸ ਤਰ੍ਹਾਂ ਵਰਣਨ ਕੀਤਾ ਹੈ ਕਿ ਮੈਂ ਤੰਤਰ-ਮੰਤਰ ਆਦਿ ਪਾਖੰਡ ਨੂੰ ਕੁਝ ਨਹੀਂ ਜਾਣਦਾ, ਕਿਉਂਕਿ ਪ੍ਰਭੂ ਦਾ ਨਾਮ ਮੇਰੇ ਹਿਰਦੇ ਵਿਚ ਹੈ। ਫ਼ੁਰਮਾਣ ਹੈ :

ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ॥
ਅੰਜਨੁ ਨਾਮੁ ਤਿਸੈ ਤੇ ਸੂਝੈ ਗੁਰ ਸਬਦੀ ਸਚੁ ਜਾਨਿਆ॥
(ਸੂਹੀ ਮਹਲਾ ੧, ਅੰਗ : ੭੬੬)

ਇਸ ਭਰਮ ਦੇ ਨਾਲ ਇਕ ਹੋਰ ਵੱਡਾ ਭਰਮ ਲੋਕ ਮਾਨਸਿਕਤਾ ਵਿਚ ਹੈ ਕਿ ਕਬਰਾਂ-ਮੜ੍ਹੀਆਂ ਦੇ ਨਾਉਂ ਉਤੇ ਮੁਰਦਿਆਂ ਦੀ ਪੂਜਾ ਹੁੰਦੀ ਹੈ। ਮੁਰਦੇ ਖ਼ਿਆਲਾਂ ਵਿਚ ਮੁਰਦੇ ਪੂਜਣ ਦੀ ਭਾਵਨਾ ਕਿਸੇ ਸਮਾਜ ਦੇ ਵਿਕਾਸ ਵਿਚ ਵੱਡੀ ਰੁਕਾਵਟ ਹੁੰਦੀ ਹੈ। ਇਸ ਤਰ੍ਹਾਂ ਮਨੁੱਖ ਅਨੇਕ ਪ੍ਰਕਾਰ ਦੇ ਕਈ ਭਰਮ ਸਿਰਜ ਕੇ ਡਰੂ ਬਿਰਤੀ ਵਾਲਾ ਹੋ ਕੇ ਰਹਿ ਜਾਂਦਾ ਹੈ। ਗੁਰੂ ਜੀ ਨੇ ਇਸ ਤਰ੍ਹਾਂ ਦੀ ਮੰਨਤਾ ਵਾਲੇ ਭਰਮੀਆਂ ਪ੍ਰਤੀ ਉਪਦੇਸ਼ ਦਿੱਤਾ ਹੈ :

ਦੁਬਿਧਾ ਨ ਪੜਉ ਹਰਿ ਬਿਨੁ ਹੋਰੁ।
ਨ ਪੂਜਉ ਮੜੈ ਮਸਾਣਿ ਨ ਜਾਈ॥
ਤ੍ਰਿਸਨਾ ਰਾਚਿ ਨ ਪਰ ਘਰਿ।
ਜਾਵਾ ਤ੍ਰਿਸਨਾ ਨਾਮਿ ਬੁਝਾਈ॥
(ਸੋਰਠਿ ਮਹਲਾ ੧, ਅੰਗ : ੬੩੪)

ਇਸ ਤਰ੍ਹਾਂ ਭਰਮੀ ਮਾਨਸਿਕਤਾ ਵਾਲੇ ਸਮਾਜ ਪ੍ਰਤੀ ਸਪੱਸ਼ਟ ਹੈ ਕਿ ਉਹ ਕਬਰਾਂ, ਮੜ੍ਹੀਆਂ, ਮਸਾਣਾਂ 'ਤੇ ਦੁੱਧ-ਖੀਰ ਜਾਂ ਸ਼ਰਾਬ ਦੇ ਚੜ੍ਹਾਵੇ ਚੜ੍ਹਾਉਂਦਾ ਹੈ। ਜੀਵ-ਜੰਤੂਆਂ ਦੀ ਬਲੀ ਤੋਂ ਲੈ ਕੇ ਮਨੁੱਖੀ ਬੱਚਿਆਂ ਦੀ ਬਲੀ ਦੇਣ ਤੱਕ ਦੀਆਂ ਖ਼ਬਰਾਂ ਵੀ ਭਰਮੀ ਸਮਾਜ ਵਿਚੋਂ ਮਿਲ ਜਾਂਦੀਆਂ ਹਨ। ਐਸੇ ਸਮਾਜ ਦੀ ਤਸਵੀਰ ਪੇਸ਼ ਕਰਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ :

ਗਿਆਨ ਹੀਣੰ ਅਗਿਆਨ ਪੂਜਾ॥
ਅੰਧ ਵਰਤਾਵਾ ਭਾਉ ਦੂਜਾ॥
(ਸਲੋਕ ਵਾਰਾਂ ਤੇ ਵਧੀਕ, ਮ: ੧, ਅੰਗ : ੧੪੧੨)

ਦੂਜਾ ਭਾਉ ਹਮੇਸ਼ਾ ਦੁਬਿਧਾ ਨੂੰ ਜਨਮ ਦਿੰਦਾ ਹੈ ਤੇ ਦੋ ਵਿਚਾਰਾਂ ਰੱਖਣ ਵਾਲਾ ਮਨੁੱਖ ਕਦੇ ਵੀ ਸਿਧਾਂਤਕ ਤੌਰ 'ਤੇ ਸਪੱਸ਼ਟ ਨਹੀਂ ਹੁੰਦਾ। ਜੋ ਸਪੱਸ਼ਟ ਨਹੀਂ, ਉਸ ਦਾ ਫ਼ੈਸਲਾ ਤੇ ਮੰਨਤਾ-ਮਨਾਉਤ ਵੀ ਦੋਧਾਰੀ ਹੋਵੇਗੀ। ਦੋ ਵਿਚਾਰ ਟਕਰਾਉਂਦੇ ਹੋਏ ਕੇਵਲ ਮਾਨਸਿਕ ਚਿੰਤਾ ਨੂੰ ਜਨਮ ਦੇਣਗੇ। ਰਾਗ ਬਸੰਤ ਵਿਚ ਗੁਰੂ ਜੀ ਫ਼ੁਰਮਾਉਂਦੇ ਹਨ ਕਿ ਦੁਬਿਧਾ ਦੁਰਮਤ ਹੈ ਤੇ ਇਸ ਵਿਚ ਕੀਤੀ ਹੋਈ ਕਾਰ ਕੇਵਲ ਅਗਿਆਨਤਾ ਵਾਲੀ ਹੁੰਦੀ ਹੈ।

ਇਸ ਤਰ੍ਹਾਂ ਮਨਮੁਖ ਸਦਾ ਹਨੇਰੇ ਵਿਚ ਹੀ ਭਟਕਦਾ ਹੈ :

ਦੁਬਿਧਾ ਦੁਰਮਤਿ ਅਧੁਲੀ ਕਾਰ॥
ਮਨਮੁਖਿ ਭਰਮੈ ਮਝਿ ਗੁਬਾਰ॥
(ਬਸੰਤ ਮਹਲਾ ੧, ਅੰਗ : ੧੧੯੦)

ਭਰਮੀ ਸਮਾਜ ਨੂੰ ਸ਼ੈਤਾਨ ਲੋਕ ਹਮੇਸ਼ਾ ਲੁੱਟਦੇ ਹਨ, ਕਿਉਂਕਿ ਭਰਮੀ ਮਨੁੱਖ ਨੂੰ ਹੋਰ ਭਰਮਾਂ ਵਿਚ ਪਾਉਣਾ ਬਹੁਤ ਸੌਖਾ ਹੁੰਦਾ ਹੈ, ਜਿਵੇਂ ਡਰੇ ਹੋਏ ਨੂੰ ਡਰਾਉਣਾ ਸੁਖਾਲਾ ਹੁੰਦਾ ਹੈ। ਦਿਨਾਂ-ਦਿਹਾਰਾਂ ਦੇ ਭਰਮ, ਥਿਤਾਂ-ਵਾਰਾਂ ਦੀਆਂ ਵੀਚਾਰਾਂ, ਸੂਰਜ-ਚੰਦ ਗ੍ਰਹਿਣ ਦਾ ਡਰ, ਧਾਗੇ-ਤਵੀਤਾਂ ਦਾ ਹਊਆ ਵਹਿਮੀ ਸਮਾਜ ਦੇ ਮਨਾਂ ਉੱਪਰ ਬੇਲੋੜਾ ਬੋਝ ਹੈ। ਗੁਰੂ ਜੀ ਜਗਤ ਗੁਰੂ ਬਾਬਾ ਸਨ ਤੇ ਉਹਨਾਂ ਨੇ 'ਨਿਰਭਉ ਤੇ ਨਿਰਵੈਰੁ' ਪ੍ਰਭੂ ਦਾ ਸਿਮਰਨ ਕਰਨ ਦਾ ਉਪਦੇਸ਼ ਦੇ ਕੇ ਸੰਸਾਰ ਨੂੰ ਵੀ ਨਿਰਭਉ ਤੇ ਨਿਰਵੈਰ ਹੋਣ ਦੀ ਪ੍ਰੇਰਨਾ ਦਿੱਤੀ। ਪੱਤਰੀਆਂ ਵਾਚਕੇ ਸਮਾਜ ਨੂੰ ਗੁੰਮਰਾਹ ਕਰਨ ਵਾਲਿਆਂ ਪ੍ਰਤੀ ਗੁਰੂ ਜੀ ਨੇ ਫ਼ੁਰਮਾਇਆ ਹੈ :

ਗਣਿ ਗਣਿ ਜੋਤਕੁ ਕਾਂਡੀ ਕੀਨੀ॥
ਪੜੈ ਸੁਣਾਵੈ ਤਤੁ ਨ ਚੀਨੀ॥
ਸਭਸੈ ਊਪਰਿ ਗੁਰ ਸਬਦੁ ਬੀਚਾਰੁ॥
ਹੋਰ ਕਥਨੀ ਬਦਉ ਨ ਸਗਲੀ ਛਾਰੁ॥
(ਰਾਮਕਲੀ ਮਹਲਾ ੧, ਅੰਗ : ੯੦੪)

ਭਾਵ ਗੁਰੂ ਦੇ ਸ਼ਬਦ ਦੀ ਵੀਚਾਰ ਸਭ ਤੋਂ ਉਪਰ ਹੈ, ਬਾਕੀ ਗੱਲਾਂ ਵਿਅਰਥ ਹਨ ਅਤੇ ਜੋ ਗਿਣਤੀਆਂ ਗਿਣ-ਗਿਣ ਕੇ ਜਨਮ-ਪੱਤਰੀ ਬਣਾਉਂਦਾ ਹੈ, ਉਹ ਸੱਚ ਨੂੰ ਨਹੀਂ ਸਮਝਦਾ। ਭਰਮੀ ਤੇ ਅੰਧ-ਵਿਸ਼ਵਾਸੀ ਸਮਾਜ ਵਿਚ ਮੱਕਰ ਫ਼ਰੇਬ ਨਾਲ ਲੋਕਾਈ ਦਾ ਸ਼ੋਸ਼ਣ ਕਰਨ ਵਾਲਿਆਂ ਦੇ ਗਰੋਹ ਬਣਦੇ



ਹਨ। ਗੁਰੂ ਜੀ ਨੇ ਇਕ ਤਸਵੀਰ ਪੇਸ਼ ਕੀਤੀ ਹੈ :

ਗਿਆਨ ਵਿਹੂਣਾ ਗਾਵੈ ਗੀਤ॥
ਭੁਖੇ ਮੁਲਾਂ ਘਰੇ ਮਸੀਤਿ॥
ਮਖਟੂ ਹੋਇ ਕੈ ਕੰਨ ਪੜਾਏ॥
ਫਕਰੁ ਕਰੇ ਹੋਰੁ ਜਾਤਿ ਸਦਾਏ॥
(ਅੰਗ : ੧੨੪੫)

ਇੱਥੇ ਗਿਆਨ ਤੋਂ ਸੱਖਣਾ ਦੂਜਿਆਂ ਨੂੰ ਭਜਨ ਗਾ-ਗਾ ਕੇ ਸੁਣਾਉਂਦਾ ਅਤੇ ਭੁੱਖੇ ਮੁੱਲ੍ਹਾਂ ਨੇ ਰੋਟੀ-ਰੋਜ਼ੀ ਲਈ ਘਰ ਵਿਚ ਹੀ ਅਡੰਬਰ ਰਚ ਲਿਆ। ਵਿਹਲੜ ਬੰਦਾ ਕੰਨ ਪੜਵਾ ਕੇ ਫ਼ਕੀਰ ਬਣਿਆਂ ਰੋਟੀ ਦਾ ਜੁਗਾੜ ਬਣਾਈ ਬੈਠਾ ਹੈ। ਅੱਗੇ ਗੁਰੂ ਜੀ ਨੇ ਕਿਰਤ ਵਿਹੂਣੇ ਗੁਰੂ-ਪੀਰਾਂ ਤੋਂ ਸਮਾਜ ਨੂੰ ਜਾਗ੍ਰਤ ਕੀਤਾ :

ਗੁਰੁ ਪੀਰੁ ਸਦਾਏ ਮੰਗਣ ਜਾਇ॥
ਤਾ ਕੈ ਮੂਲਿ ਨ ਲਗੀਐ ਪਾਇ॥
(ਅੰਗ : ੧੨੪੫)

ਇਸ ਸ਼ਬਦ ਦੇ ਅੰਤ ਵਿਚ ਸਿੱਟਾ ਕੱਢਿਆ ਹੈ ਕਿ ਜੋ ਮਿਹਨਤ ਨਾਲ ਕਮਾ ਕੇ ਖਾਂਦੇ ਹਨ, ਐਸੇ ਮਨੁੱਖ ਜੀਵਨ ਦੀ ਜੁਗਤ ਨੂੰ ਪਹਿਚਾਣਦੇ ਹਨ :

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥ (ਅੰਗ : ੧੨੪੫)

ਦਰਅਸਲ ਕਿਰਤ ਵਿਹੂਣਾ ਨਿਖੱਟੂ ਵਰਗ ਕਈ ਵਾਰੀ ਅੰਧ-ਵਿਸ਼ਵਾਸ ਤੇ ਝੂਠੀਆਂ ਅਫ਼ਵਾਹਾਂ ਫੈਲਾ ਕੇ ਭੋਲੇ ਭਾਲੇ ਸਮਾਜ ਨੂੰ ਆਪਣੇ ਵੱਲ ਆਕਰਸ਼ਤ ਕਰ ਲੈਂਦਾ ਹੈ। ਫਿਰ ਇਨ੍ਹਾਂ ਦੇ ਚੁੰਗਲ ਵਿਚ ਫਸਿਆ ਹੋਇਆ ਸਮਾਜ ਗਿਆਨ ਪ੍ਰਾਪਤੀ ਤੋਂ ਬਿਨਾਂ ਛੁਟਕਾਰਾ ਨਹੀਂ ਪਾ ਸਕਦਾ। ਇਸ ਤਰ੍ਹਾਂ ਦੇ ਲੋਕਾਂ ਦੀ ਦਸ਼ਾ ਦਾ ਵਰਣਨ ਹੈ :

ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ॥
(ਵਾਰ ਮਲਾਰ ਕੀ, ਮਹਲਾ ੧, ਅੰਗ : ੧੨੮੭)

ਅੱਜ ਵੀ ਭ੍ਰਿਸ਼ਟਾਚਾਰ ਤੋਂ ਲੈ ਕੇ ਸਾਧਾਰਨ ਰਿਸ਼ਵਤਖੋਰੀ, ਮਿਲਾਵਟਖੋਰੀ ਤੇ ਹਰ ਕਿਸਮ ਦੀ ਲੁੱਟ-ਖੋਹ ਆਮ ਜਨਤਾ ਦੀ ਰੱਤ ਪੀਣ ਸਮਾਨ ਹੈ। ਸਾਡੇ ਸਮਾਜ ਦਾ ਇਹ ਵੀ ਇਕ ਭਰਮ ਹੈ ਕਿ ਕੱਪੜਿਆਂ ਨੂੰ ਰੱਤ ਲੱਗ ਜਾਵੇ ਤਾਂ ਅਸੀਂ ਜਾਮਾ ਪਲੀਤ ਹੋਇਆ ਸਮਝਦੇ ਹਾਂ, ਪਰ ਜਿਹੜੇ ਲੋਕ ਮਾਨਵਤਾ ਦੀ ਰੱਤ ਪੀਂਦੇ ਜਾਂ ਸ਼ੋਸ਼ਣ ਕਰਦੇ ਹਨ ਤਾਂ ਫਿਰ ਉਹ ਨਿਰਮਲ ਜਾਂ ਪਵਿੱਤਰ ਕਿਵੇਂ ਹੋ ਸਕਦੇ ਹਨ? ਗੁਰੂ ਜੀ ਦਾ ਸੰਦੇਸ਼ ਐਸੀ ਵਹਿਮੀ ਮਾਨਸਿਕਤਾ ਵਾਲੇ ਸਮਾਜ ਨੂੰ ਪ੍ਰੇਰਦਾ ਹੈ :

(ਬਾਕੀ ਸਫ਼ਾ 33 'ਤੇ)

# ਮੁਸਲਿਮ ਇਤਿਹਾਸਕਾਰਾਂ ਦੇ ਸਾਹਿਤ ਵਿਚ ਗੁਰੂ ਨਾਨਕ ਦੇਵ ਜੀ

ਮੁਹੰਮਦ ਇੰਦਰੀਸ ਇਤਿਹਾਸਕਾਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਅਤੇ ਮੁਗ਼ਲ ਵੰਸ਼ ਦੇ ਸੰਸਥਾਪਕ ਬਾਦਸ਼ਾਹ ਜ਼ਹੀਰਊਦਦੀਨ ਮੁਹੰਮਦ ਬਾਬਰ ਸਮਕਾਲੀ ਸਨ। ਬਾਬਰ ਦੁਆਰਾ ਭਾਰਤ ਨੂੰ ਜਿੱਤਣ ਤੋਂ ਪਹਿਲਾਂ ਪੰਜਾਬ ਦੇ ਲੋਧੀ ਅਫ਼ਗਾਨਾਂ 'ਤੇ ਹਮਲੇ ਕੀਤੇ ਗਏ। ਲੋਧੀ ਅਤੇ ਮੁਗ਼ਲ ਦੋਵੇਂ ਹੀ ਇਸਲਾਮ ਧਰਮ ਦੇ ਪੈਰੋਕਾਰ ਸਨ। ਜਿਸ ਸਮੇਂ ਬਾਬਰ ਪੰਜਾਬ 'ਤੇ ਹਮਲੇ ਕਰ ਰਿਹਾ ਸੀ, ਗੁਰੂ ਨਾਨਕ ਦੇਵ ਉਸ ਸਮੇਂ ਆਪਣੀਆਂ ਯਾਤਰਾਵਾਂ ਦੌਰਾਨ ਝੂਠੇ ਸਮਾਜਿਕ ਰੀਤੀ-ਰਿਵਾਜਾਂ, ਮੂਰਤੀ ਪੂਜਾ, ਅਤੇ ਗ਼ੈਰ-ਧਾਰਮਿਕ ਪ੍ਰਥਾਵਾਂ ਵਿਰੁੱਧ ਆਵਾਜ਼ ਬੁਲੰਦ ਕਰ ਰਹੇ ਸਨ। 1524 ਈਸਵੀ ਵਿਚ ਜਦੋਂ ਬਾਬਰ ਦੀਆਂ ਫ਼ੌਜਾਂ ਦੁਆਰਾ ਐਮਨਾਬਾਦ (ਸੱਯਦਪੁਰ) 'ਤੇ ਹਮਲਾ ਕਰਕੇ ਅਣਗਿਣਤ ਬੇਦੋਸ਼ਿਆਂ ਨੂੰ ਮਾਰਿਆ ਗਿਆ ਤਾਂ ਸੱਯਦਪੁਰ ਨੂੰ ਤਹਿਸ-ਨਹਿਸ ਕਰਨ ਸਮੇਂ ਗੁਰੂ ਨਾਨਕ ਦੇਵ ਨੇ ਅੱਤਿਆਚਾਰ ਅਤੇ ਜ਼ੁਲਮਾਂ ਦੀ ਆਲੋਚਨਾ ਕੀਤੀ। ਬਾਬਰ ਬਾਣੀ ਅਨੁਸਾਰ :

ਏਤੀ ਮਾਰ ਪਈ ਕਰਲਾਣੈ
ਤੈਂ ਕੀ ਦਰਦੁ ਨ ਆਇਆ॥

ਗੁਰੂ ਨਾਨਕ ਦੇਵ ਜੀ ਦੇ ਕਾਲ ਦੌਰਾਨ ਭਾਰਤੀ ਸਮਾਜਿਕ ਢਾਂਚਾ ਮੁੱਢਲੇ ਰੂਪ ਵਿਚ ਦੋ ਧਰਮਾਂ ਹਿੰਦੂ ਤੇ ਮੁਸਲਿਮ 'ਤੇ ਅਧਾਰਿਤ ਸੀ। ਦੋਵੇਂ ਧਰਮਾਂ ਦੇ ਪੈਰੋਕਾਰ ਧਾਰਮਿਕ ਵਿਖਾਵੇ, ਛੂਆ-ਛਾਤ, ਜਾਤੀ ਪ੍ਰਥਾ, ਅੰਧ-ਵਿਸ਼ਵਾਸ, ਰੂੜੀਵਾਦ ਆਦਿ ਅਨੇਕਾਂ ਸਮਾਜਿਕ ਕੁਰੀਤੀਆਂ ਵਿਚ ਉਲਝੇ ਹੋਏ ਸਨ। ਗੁਰੂ ਨਾਨਕ ਦੇਵ ਦੁਆਰਾ ਸੁਲਤਾਨਪੁਰ ਲੋਧੀ ਵਿਖੇ ਵੇਈਂ ਨਦੀ ਵਿਚ ਰੱਬੀ ਗਿਆਨ ਪ੍ਰਾਪਤੀ ਉਪਰੰਤ 'ਨਾ ਕੋ ਹਿੰਦੂ ਨਾ ਕੋ ਮੁਸਲਮਾਨ' ਦੀ ਆਵਾਜ਼ ਬੁਲੰਦ ਕੀਤੀ ਗਈ।

ਗੁਰੂ ਨਾਨਕ ਦੀ ਇਸ ਅਧਿਆਤਮਿਕ ਆਵਾਜ਼ ਦਾ ਮਤਲਬ ਦੋਵੇਂ ਧਰਮਾਂ ਦੇ ਪੈਰੋਕਾਰ ਸ਼ੁੱਧ ਧਾਰਮਿਕ ਕੰਮਾਂ ਤੋਂ ਦੂਰ ਹੋ ਚੁੱਕੇ ਸਨ। ਇਸ ਦੇ ਨਾਲ ਹੀ ਗੁਰੂ ਨਾਨਕ ਦੇਵ ਦਾ ਮੰਤਵ ਹਿੰਦੂ-ਮੁਸਲਮਾਨ ਦੀਆਂ ਧਾਰਮਿਕ



ਵੰਡਾਂ ਤੋਂ ਵੀ ਉੱਪਰ ਮਨੁੱਖਤਾ ਨੂੰ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਦੇਣਾ ਸੀ। ਗੁਰੂ ਨਾਨਕ ਦੇਵ ਦੇ ਇਸ ਸੁਨੇਹੇ ਉਪੰਰਤ ਮੁਗ਼ਲ-ਸਿੱਖ ਸਬੰਧਾਂ ਵਿਚ ਭਾਵੇਂ ਕਈ ਤਰ੍ਹਾਂ ਦੇ ਪਰਿਵਰਤਨ ਆਏ, ਪਰੰਤੂ ਮੁਸਲਿਮ-ਸਿੱਖ ਸਬੰਧ ਵਧੇਰੇ ਸਮਾਂ ਸਾਰਥਿਕ, ਅਤੇ ਸਕਾਰਾਤਮਕ ਰਹੇ। ਸਿੱਖ ਗੁਰੂ ਸਾਹਿਬਾਨ ਦੀਆਂ ਫ਼ੌਜਾਂ ਵਿਚ ਅਨੇਕਾਂ ਮੁਸਲਿਮ ਨੌਕਰਾਂ, ਫ਼ੌਜੀਆਂ ਅਤੇ ਅਫ਼ਸਰਾਂ ਦੀਆਂ ਸੇਵਾਵਾਂ ਦਾ ਜ਼ਿਕਰ ਆਉਂਦਾ ਹੈ। ਕਈ ਮਹੱਤਵਪੂਰਨ ਇਤਿਹਾਸਕ ਸੂਫ਼ੀਆਂ, ਸੰਤਾਂ ਅਤੇ ਭਗਤਾਂ ਦੀ ਗੁਰੂ ਸਾਹਿਬਾਨ ਪ੍ਰਤੀ ਸ਼ਰਧਾ ਦਾ ਵੀ ਇਤਿਹਾਸ ਗਵਾਹ ਹੈ।

ਰਾਏ ਬੁਲਾਰ ਖ਼ਾਨ, ਭਾਈ ਮਰਦਾਨਾ, ਰਾਏ ਕੱਲ੍ਹਾ, ਨਬੀ ਖ਼ਾਨ, ਗ਼ਨੀ ਖ਼ਾਨ, ਬੁੱਢਣ ਸ਼ਾਹ, ਬੁੱਧੂ ਸ਼ਾਹ ਸਾਢੌਰਾ, ਭੀਖਣ ਸ਼ਾਹ ਆਦਿ ਮਹੱਤਵਪੂਰਨ ਸੂਫ਼ੀਆਂ ਅਤੇ ਗੁਰੂ ਸਾਹਿਬਾਨ ਦੇ ਸਾਥੀਆਂ ਦੇ ਨਾਮ ਜ਼ਿਕਰਯੋਗ ਹਨ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਿਰੁੱਧ ਮਾਲੇਰ-ਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖ਼ਾਨ ਵਲੋਂ 'ਹਾਅ ਦਾ ਨਾਅਰਾ' ਮਾਰਿਆ ਗਿਆ ਸੀ।

ਭਾਰਤ ਵਿਚ ਮੁਸਲਿਮ ਰਾਜ ਦੀ ਸਥਾਪਨਾ ਨਾਲ ਇਤਿਹਾਸ ਲੇਖਣ ਕਲਾ ਨੂੰ ਵੀ ਨਵੀਂ ਸੇਧ ਪ੍ਰਾਪਤ ਹੋਈ। ਅਬੂ-ਰਿਹਾਨ ਮੁਹੰਮਦ ਬਿਨ ਅਹਿਮਦ ਅਲਬੈਰੂਨੀ ਦੀ ਕਿਤਾਬ ਉੱਲ-ਹਿੰਦ ਤੋਂ ਸ਼ੁਰੂ ਹੋ ਕੇ ਵਧੇਰੇ ਮੁਸਲਿਮ ਇਤਿਹਾਸਕਾਰਾਂ ਦੁਆਰਾ ਇਤਿਹਾਸਕ ਤੱਥਾਂ ਦੀ ਪੜਚੋਲ ਉਪਰੰਤ ਸਹੀ ਅਤੇ ਸੱਚਾਈ ਦੇ ਨੇੜੇ-ਤੇੜੇ ਲਿਖਣ ਦਾ ਯਤਨ ਕੀਤਾ ਗਿਆ ਸੀ। ਇਤਿਹਾਸਕ ਊਣਤਾਈਆਂ ਵੀ ਬਹੁਤ ਹਨ, ਉਨ੍ਹਾਂ ਦਾ ਕਾਰਨ ਪੇਸ਼ੇਵਾਰ ਇਤਿਹਾਸਕਾਰੀ ਦੀ ਅਣਹੋਂਦ, ਸਮਾਜਿਕ ਤੇ ਧਾਰਮਿਕ ਪਿਛੋਕੜ ਦਾ ਅਲੱਗ ਹੋਣਾ, ਭਾਸ਼ਾ ਅਤੇ ਭੂਗੋਲਿਕ ਵਖਰੇਵਾਂ ਜਾਂ ਪਹਿਲਾਂ ਤੋਂ ਨਿਰਧਾਰਤ ਟੀਚਿਆਂ ਅਨੁਸਾਰ ਲਿਖਣਾ ਆਦਿ ਕਰਕੇ ਹਨ।

ਗੁਰੂ ਨਾਨਕ ਦੇਵ ਜੀ ਦੇ ਜੀਵਨ, ਮਾਤਾ-ਪਿਤਾ, ਪਰਿਵਾਰਕ ਪਿਛੋਕੜ, ਯਾਤਰਾਵਾਂ, ਜੀਵਨ ਉਦੇਸ਼, ਸਿੱਖਿਆਵਾਂ, ਵੱਖ-ਵੱਖ ਸੰਪਰਦਾਵਾਂ ਦੇ ਧਾਰਮਿਕ ਸਥਾਨਾਂ 'ਤੇ ਵਿਚਰਨਾਂ, ਧਾਰਮਿਕ ਨੇਤਾਵਾਂ, ਰਿਸ਼ੀਆਂ, ਮੁਨੀਆਂ, ਸੂਫ਼ੀ, ਸੰਤਾਂ ਨਾਲ ਮੁਲਾਕਾਤਾਂ ਬਾਰੇ ਇਤਿਹਾਸ ਦੇ ਵੱਖ-ਵੱਖ ਸਮਿਆਂ ਦੌਰਾਨ ਮੁਸਲਿਮ ਇਤਿਹਾਸਕਾਰਾਂ ਵਲੋਂ ਗਹਿਰ-ਗੰਭੀਰ ਅਤੇ ਸੋਮਿਆਂ 'ਤੇ ਆਧਾਰਿਤ ਲਿਖਿਆ ਗਿਆ ਹੈ। ਉਨ੍ਹਾਂ ਦੀਆਂ ਲਿਖਤਾਂ ਦੀ ਭਾਸ਼ਾ ਵਧੇਰੇ ਕਰਕੇ ਫ਼ਾਰਸੀ ਹੈ। ਉਨ੍ਹਾਂ ਵਿਚੋਂ ਕੁਝ ਮਹੱਤਵਪੂਰਨ ਲਿਖਤਾਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿੱਖਿਆਵਾਂ ਨਾਲ ਸਬੰਧਿਤ ਸੰਖੇਪ ਰੂਪ ਵਿਚ ਸਾਂਝੀਆਂ ਹਨ। ਵਧੇਰੇ ਇਤਿਹਾਸਕਾਰਾਂ ਵਲੋਂ ਗੁਰੂ ਨਾਨਕ ਦੇਵ ਜੀ ਦਾ ਨਾਂ ਕੇਵਲ ਨਾਨਕ ਹੀ ਲਿਖਿਆ ਗਿਆ ਹੈ।

1655 ਈਸਵੀ ਦੇ ਲਗਪਗ ਫ਼ਾਰਸੀ ਭਾਸ਼ਾ ਵਿਚ ਦਾਬਿਸਤਾਨ-ਏ-ਮਜ਼ਾਹਿਬ ਕਿਤਾਬ ਜ਼ੁਲਫ਼ੀਕਾਰ ਅਰਦਿਸਤਾਨੀ ਅਜ਼ੂਰ ਸਾਸਾਨੀ ਜੋ ਕਿ ਪ੍ਰਚੱਲਿਤ ਤੌਰ 'ਤੇ ਮੁਅਬਿਦ ਦੇ ਤੌਰ 'ਤੇ ਜਾਣਿਆ ਜਾਂਦਾ ਹੈ, ਵਲੋਂ ਲਿਖੀ ਗਈ। ਡਾ. ਗੰਡਾ ਸਿੰਘ ਅਨੁਸਾਰ ਉਸ ਦਾ ਨਾਂਅ ਗ਼ਲਤੀ ਨਾਲ ਮੋਹਸਿਨ ਫ਼ਾਨੀ ਲਿਖਿਆ ਗਿਆ ਹੈ। ਦਾਬਿਸਤਾਨ-ਏ-ਮਜ਼ਾਹਿਬ ਤੋਂ ਭਾਵ ਹੈ 'ਧਰਮਾਂ ਦਾ ਸਕੂਲ'। ਇਸ ਨੂੰ 1877 ਈਸਵੀ ਵਿਚ ਮੁਨਸ਼ੀ ਨਵਲ ਕਿਸ਼ੋਰ ਵਲੋਂ ਲਖਨਊ ਤੋਂ ਪ੍ਰਕਾਸ਼ਿਤ ਕੀਤਾ ਗਿਆ ਸੀ। ਇਸ ਦਾ ਲੇਖਕ ਛੇਵੇਂ ਸਿੱਖ ਗੁਰੂ ਹਰਿਗੋਬਿੰਦ (1606-1645 ਈਸਵੀ) ਅਤੇ ਸੱਤਵੇਂ ਗੁਰੂ ਹਰਿਰਾਇ (1645-1661 ਈਸਵੀ) ਦਾ ਸਮਕਾਲੀ ਸੀ। ਲੇਖਕ ਵਲੋਂ ਗੁਰੂ ਨਾਨਕ ਦੇਵ ਅਤੇ ਨਾਨਕ ਪੰਥੀਆਂ ਬਾਰੇ ਲਿਖਿਆ ਗਿਆ ਹੈ।

ਲੇਖਕ ਅਨੁਸਾਰ ਨਾਨਕ ਪੰਥੀ ਗੁਰੂ-ਸਿੱਖ ਜਾਂ ਗੁਰੂ ਨਾਨਕ ਅਤੇ ਹੋਰ ਗੁਰੂਆਂ ਦੇ ਸ਼ਰਧਾਲੂਆਂ ਦੇ ਤੌਰ 'ਤੇ ਜਾਣੇ ਜਾਂਦੇ ਹਨ। ਉਨ੍ਹਾਂ ਦਾ ਵਿਸ਼ਵਾਸ ਮੂਰਤੀਆਂ ਅਤੇ ਮੂਰਤੀ ਮੰਦਰਾਂ ਵਿਚ ਨਹੀਂ ਹੈ। ਗੁਰੂ ਨਾਨਕ ਬੇਦੀਆਂ ਵਿਚੋਂ ਹਨ। ਬੇਦੀ ਖ਼ੱਤਰੀਆਂ ਦੀ ਇਕ ਉਪ-ਜਾਤੀ ਹੈ। ਗੁਰੂ ਨਾਨਕ ਦੀ ਪ੍ਰਸਿੱਧਤਾ ਬਾਦਸ਼ਾਹ ਜ਼ਹੀਰਊਦਦੀਨ ਮੁਹੰਮਦ ਬਾਬਰ (ਰੱਬ ਉਸ 'ਤੇ ਸਲਾਮਤੀ ਰੱਖੇ) ਦੇ ਕਾਲ ਦੌਰਾਨ ਹੋਈ। ਗੁਰੂ ਨਾਨਕ ਦੇ ਸ਼ਰਧਾਲੂ ਮੂਰਤੀ ਪੂਜਾ ਵਿਚ ਯਕੀਨ ਨਹੀਂ ਰੱਖਦੇ। ਉਨ੍ਹਾਂ ਦਾ ਯਕੀਨ ਹੈ ਕਿ ਸਾਰੇ ਗੁਰੂ ਹੀ ਨਾਨਕ ਹਨ। ਉਹ ਕੋਈ ਮੰਤਰ ਨਹੀਂ ਪੜ੍ਹਦੇ ਅਤੇ ਨਾ ਹੀ ਮੂਰਤੀ ਪੂਜਾ ਲਈ ਮੰਦਰਾਂ ਦਾ ਨਿਰਮਾਣ ਕਰਦੇ ਹਨ। ਉਨ੍ਹਾਂ ਦਾ ਅਵਤਾਰਵਾਦ ਵਿਚ ਵੀ ਵਿਸ਼ਵਾਸ ਨਹੀਂ ਹੈ। ਉਨ੍ਹਾਂ ਦਾ ਸੰਸਕ੍ਰਿਤ ਭਾਸ਼ਾ ਪ੍ਰਤੀ ਕੋਈ ਸੁਨੇਹਪੂਰਨ ਰਵੱਈਆ ਨਹੀਂ ਹੈ, ਭਾਵੇਂ ਕਿ ਹਿੰਦੂਆਂ ਦਾ ਵਿਸ਼ਵਾਸ ਹੈ ਕਿ ਸੰਸਕ੍ਰਿਤ ਦੇਵਤਿਆਂ ਦੀ ਭਾਸ਼ਾ ਹੈ।

ਗ਼ੁਲਾਮ ਮੁਹੀਊਦਦੀਨ ਉਰਫ ਬੂਟੇ ਸ਼ਾਹ ਦੁਆਰਾ ਫ਼ਾਰਸੀ ਭਾਸ਼ਾ ਵਿਚ ਤਾਰੀਖ਼-ਏ-ਪੰਜਾਬ ਲਿਖੀ ਗਈ। ਡਾ. ਭਗਤ ਸਿੰਘ ਅਨੁਸਾਰ ਇਹ ਕਿਤਾਬ ਜਨਮ ਸਾਖੀਆਂ ਅਤੇ ਫ਼ਾਰਸੀ ਸੋਮਿਆਂ ਦੇ ਆਧਾਰ 'ਤੇ ਲਿਖੀ ਗਈ ਸੀ। ਸਮਕਾਲੀ ਸਿੱਖਾਂ ਅਤੇ ਗ੍ਰੰਥੀਆਂ ਨਾਲ ਵੀ ਲੇਖਕ ਵਲੋਂ ਮੁਲਾਕਾਤਾਂ ਕੀਤੀਆਂ ਗਈਆਂ ਸਨ। ਗੁਰੂ ਨਾਨਕ ਦੇਵ ਦੇ ਜਨਮ,

(ਬਾਕੀ ਸਫ਼ਾ 33 'ਤੇ)

# ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਨਵੇਂ ਸਮਾਜ ਦੀ ਸਿਰਜਣਾ

## 'ਤਵਾਰੀਖ਼ ਗੁਰੂ ਖ਼ਾਲਸਾ' ਵਿਚ ਸਤਿਗੁਰੂ ਨਾਨਕ ਸਾਹਿਬ ਦੀ ਸ਼ਖ਼ਸੀਅਤ

ਡਾ. ਪਰਮਵੀਰ ਸਿੰਘ

ਗਿਆਨੀ ਗਿਆਨ ਸਿੰਘ ਉੱਘੇ ਸਿੱਖ ਵਿਦਵਾਨ ਸਨ ਜਿਨ੍ਹਾਂ ਨੇ ਆਪਣਾ ਵਧੇਰੇ ਜੀਵਨ ਸਿੱਖ ਇਤਿਹਾਸ ਦੀ ਖੋਜ ਨੂੰ ਸਮਰਪਿਤ ਕੀਤਾ ਹੋਇਆ ਸੀ। ਪੰਥ ਪ੍ਰਕਾਸ਼ ਇਨ੍ਹਾਂ ਦੀ ਮਹੱਤਵਪੂਰਨ ਰਚਨਾ ਹੈ 'ਤਵਾਰੀਖ਼ ਗੁਰੂ ਖ਼ਾਲਸਾ' ਇਨ੍ਹਾਂ ਦੀ ਵਾਰਤਕ ਰਚਨਾ ਹੈ। ਇਸ ਵਿਚ ਦਸ ਗੁਰੂ ਸਾਹਿਬਾਨ ਦਾ ਜੀਵਨ ਅਤੇ ਸਿੱਖਿਆਵਾਂ ਦਰਜ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਸਨ ਇਸ ਕਰਕੇ ਹਰ ਇਕ ਸਿੱਖ ਤਵਾਰੀਖ਼ ਦਾ ਪਹਿਲਾ ਪੰਨਾ ਇਨ੍ਹਾਂ ਦੇ ਜੀਵਨ ਕਾਲ ਤੋਂ ਆਰੰਭ ਹੁੰਦਾ ਹੈ। ਗਿਆਨੀ ਜੀ ਨੇ ਇਸ ਰਚਨਾ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਵਿਸਤਾਰ ਵਰਣਨ ਕੀਤਾ ਹੈ। ਗੁਰੂ ਸਾਹਿਬ ਦੇ ਆਗਮਨ ਸਮੇਂ ਭਾਰਤ ਦੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਹਾਲਾਤ ਦਾ ਵਰਣਨ ਕਰਦੇ ਹੋਏ ਉਹ ਕਹਿੰਦੇ ਹਨ ਕਿ ਭਾਰਤ ਵਿਚ ਵਸਦੇ ਆਮ ਲੋਕ ਹਕੂਮਤ ਦੇ ਰਹਿਮੋ-ਕਰਮ 'ਤੇ ਸਨ। ਅਧਰਮ ਅਤੇ ਅਨਿਆਂ ਦੀ ਹਨੇਰ-ਗਰਦੀ ਵਿਚ ਲੋਕਾਈ ਕਿਸੇ ਦੈਵੀ ਪੁਰਖ ਲਈ ਅਰਦਾਸਾਂ ਕਰ ਰਹੀ ਸੀ ਜਿਹੜੀ ਕਿ ਉਨ੍ਹਾਂ ਨੂੰ ਅਜਿਹੀ ਜ਼ਲਾਲਤ ਭਰੀ ਜ਼ਿੰਦਗੀ ਤੋਂ ਨਿਜਾਤ ਦਿਵਾ ਸਕੇ। ਗੁਰੂ ਨਾਨਕ ਦੇਵ ਜੀ ਦਾ ਆਗਮਨ ਇਸ ਸਮੇਂ ਇਕ ਸ਼ੁਭ ਘੜੀ ਵਾਂਗ ਸੀ ਜਿਸ ਨੇ ਲੋਕਾਈ ਨੂੰ ਧਰਮ ਦੇ ਮਾਰਗ ਨਾਲ ਜੋੜ ਕੇ ਸਮਾਜ ਵਿਚ ਸੱਚਾਈ ਅਤੇ ਪਰਉਪਕਾਰ ਦੀ ਭਾਵਨਾ ਨੂੰ ਪ੍ਰਫੁਲਿਤ ਕਰਨ ਦਾ ਕਾਰਜ ਕੀਤਾ। ਲੇਖਕ ਕਹਿੰਦਾ ਹੈ ਕਿ 'ਜੈਸੇ ਬਰਖਾ ਹੋਣੇ 'ਤੇ ਤਪਸ਼ ਘਟ ਜਾਂਦੀ ਹੈ ਤੈਸੇ ਏਨ੍ਹਾਂ (ਗੁਰੂ ਨਾਨਕ ਦੇਵ ਜੀ) ਦੇ ਪ੍ਰਗਟ ਹੋਣ ਨਾਲ ਸਹਿਜੇ ਹੀ ਆਮ ਤੋਂ ਆਮ ਲੋਕਾਂ ਦੇ ਦਿਲਾਂ ਵਿਚ ਦਯਾ, ਧਰਮ, ਖਿਮਾ, ਪ੍ਰੇਮ ਆਦਿਕ ਗੁਣ ਪ੍ਰਗਟ ਹੋ ਪਏ।' ਪਿਤਾ ਮਹਿਤਾ ਕਾਲੂ ਚੰਦ ਅਤੇ ਮਾਤਾ ਤ੍ਰਿਪਤਾ ਦੇ ਘਰ ਤਲਵੰਡੀ ਰਾਇ ਭੋਏ ਵਿਖੇ 1469 ਈਸਵੀ ਨੂੰ ਪ੍ਰਕਾਸ਼ਮਾਨ ਹੋਏ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਬਹੁਤ ਸਾਰੀਆਂ ਕਰਾਮਾਤਾਂ ਜੋੜ ਕੇ ਦੱਸੀਆਂ ਜਾਂਦੀਆਂ ਹਨ, ਜਿਵੇਂ ਖੇਤ ਹਰਿਆ ਹੋ ਜਾਣਾ, ਸੱਪ ਨੇ ਛਾਂ ਕਰਨੀ, ਦਰੱਖਤ ਦਾ ਪ੍ਰਛਾਵਾਂ ਨਾ ਢਲਣਾ ਆਦਿ ਪ੍ਰਸਿੱਧ ਹਨ। ਇਨ੍ਹਾਂ ਘਟਨਾਵਾਂ ਦਾ ਵਰਨਣ ਕਰਦੇ ਹੋਏ ਗੁਰੂ ਜੀ ਨੂੰ ਬਚਪਨ ਤੋਂ ਹੀ ਦੈਵੀ ਪੁਰਖ ਵੱਜੋਂ ਪੇਸ਼ ਕੀਤਾ ਗਿਆ ਹੈ।

ਗੁਰੂ ਜੀ ਹਮੇਸ਼ਾ ਅਕਾਲ ਪੁਰਖ ਦੀ ਬੰਦਗੀ ਕਰਨ 'ਤੇ ਜ਼ੋਰ ਦਿੰਦੇ ਸਨ। ਉਹ ਅਕਾਲ ਪੁਰਖ ਨੂੰ ਸਰਬ-ਕਰਤਾ, ਸਰਬ-ਹਰਤਾ ਅਤੇ ਸਰਬ-ਗਿਆਤਾ ਮੰਨਦੇ ਸਨ ਜਿਹੜਾ ਲੋਕ ਅਤੇ ਪ੍ਰਲੋਕ ਦੇ ਸਮੂਹ ਦੁੱਖਾਂ ਦਾ ਦਾਰੂ ਹੈ। ਉਹ ਦੁਨਿਆਵੀ ਸਿੱਖਿਆ ਗ੍ਰਹਿਣ ਕਰਨ ਦੇ ਵਿਰੁੱਧ ਨਹੀਂ ਸਨ ਪਰ ਉਹ ਚਾਹੁੰਦੇ ਸਨ ਕਿ ਦੁਨਿਆਵੀ ਵਿੱਦਿਆ ਦਾ ਸਾਰ ਪ੍ਰਭੂ-ਮੁਖੀ ਹੋਣਾ ਚਾਹੀਦਾ ਹੈ। ਪੰਡਿਤ ਅਤੇ ਮੁੱਲਾਂ ਕੋਲ ਪੜ੍ਹਨ ਜਾਣ ਵਾਲੀਆਂ ਸਾਖੀਆਂ ਗੁਰੂ ਜੀ ਦੇ ਅਜਿਹੇ ਭਾਵਾਂ ਨੂੰ ਹੀ ਉਜਾਗਰ ਕਰਦੀਆਂ ਹਨ। ਦੁਨਿਆਵੀ ਕਰਮਕਾਂਡ ਵਿਚ ਗ੍ਰਸਤ ਜੀਵਨ ਨੂੰ ਉਹ ਪ੍ਰਭੂ ਪ੍ਰਾਪਤੀ ਵਿਚ ਰੁਕਾਵਟ ਮੰਨਦੇ ਸਨ ਕਿਉਂਕਿ ਅਜਿਹਾ ਜੀਵਨ ਮਨੁੱਖ ਨੂੰ ਸਚਾਈ ਅਤੇ ਸਦਾਚਾਰ ਤੋਂ ਦੂਰ ਲੈ ਜਾਂਦਾ ਹੈ।

ਗੁਰੂ ਜੀ ਨੇ ਪ੍ਰਮਾਤਮਾ ਦਾ ਸੰਦੇਸ਼ ਲੋਕਾਈ ਤੱਕ ਪਹੁੰਚਾਉਣ ਲਈ ਉਦਾਸੀਆਂ ਕੀਤੀਆਂ ਸਨ। ਇਨ੍ਹਾਂ ਉਦਾਸੀਆਂ ਦੌਰਾਨ ਉਹ ਜਿਨ੍ਹਾਂ ਜੰਗਲਾਂ, ਪਹਾੜਾਂ, ਮਾਰੂਥਲਾਂ, ਨਦੀਆਂ, ਨਗਰਾਂ, ਕਸਬਿਆਂ ਆਦਿ ਵਿਚੋਂ ਦੀ ਲੰਘੇ, ਉਨ੍ਹਾਂ ਦੇ ਨਾਂਅ ਅਤੇ ਰਸਤੇ ਦੀ ਜਾਣਕਾਰੀ ਵੀ ਸਾਨੂੰ ਗਿਆਨੀ ਜੀ ਦੀ ਤਵਾਰੀਖ਼ ਵਿਚੋਂ ਮਿਲਦੀ ਹੈ। ਜਿਥੇ ਵੀ ਉਹ ਨਿਵਾਸ ਕਰਦੇ ਆਪਣੀ ਗੱਲ ਲੋਕਾਂ ਤੱਕ ਪਹੁੰਚਾਉਂਦੇ ਸਨ। ਉਨ੍ਹਾਂ ਦਾ ਲੋਕਾਂ ਤੱਕ ਆਪਣੀ ਗੱਲ ਪਹੁੰਚਾਉਣ ਦਾ ਨਿਵੇਕਲਾ ਹੀ ਤਰੀਕਾ ਸੀ। ਉਹ ਪਹਿਲਾਂ ਅਜਿਹਾ ਕਾਰਜ ਕਰਦੇ ਜਿਸ ਨਾਲ ਲੋਕਾਂ ਦਾ ਧਿਆਨ ਉਨ੍ਹਾਂ ਵੱਲ ਖਿੱਚਿਆ ਜਾਂਦਾ ਸੀ ਕਿਉਂਕਿ ਉਹ ਸਮਝਦੇ ਸਨ ਕਿ ਜਦੋਂ ਤੱਕ ਮਨ ਵਿਚ ਜਗਿਆਸਾ ਪੈਦਾ ਨਾ ਹੋਵੇ ਉਸ ਸਮੇਂ ਤੱਕ ਆਪਣੀ ਗੱਲ ਕਹਿਣ ਦਾ ਕੋਈ ਫ਼ਾਇਦਾ ਨਹੀਂ ਹੁੰਦਾ। ਜਦੋਂ ਲੋਕ ਉਨ੍ਹਾਂ ਵੱਲ ਕੇਂਦਰਿਤ ਹੁੰਦੇ ਤਾਂ ਸਹਿਜੇ ਹੀ ਉਹ ਆਪਣੀ ਗੱਲ ਕਰ ਦਿੰਦੇ ਸਨ ਜਿਹੜੀ ਲੋਕਾਈ ਨੂੰ ਵਹਿਮਾਂ, ਭਰਮਾਂ, ਪਖੰਡਾਂ ਆਦਿ ਤੋਂ ਮੁਕਤ ਕਰ ਕੇ ਪਰਮਾਤਮਾ ਨਾਲ ਜੋੜਨ, ਦਸਾਂ ਨੌਹਾਂ ਦੀ ਕਿਰਤ ਕਮਾਈ ਕਰਨ ਅਤੇ ਵੰਡ ਕੇ ਛਕਣ ਦਾ ਉਪਦੇਸ਼ ਦਿੰਦੀ ਸੀ। ਵੱਡੇ ਤੋਂ ਵੱਡੇ ਰਾਖਸ਼, ਠੱਗ, ਜੋਗੀ, ਜਤੀ, ਤਪੀ, ਸੰਨਿਆਸੀ ਉਨ੍ਹਾਂ ਦੀ ਬਾਣੀ ਅੱਗੇ ਪਾਣੀ ਹੋ ਜਾਂਦੇ ਸਨ।

ਗਿਆਨੀ ਗਿਆਨ ਸਿੰਘ ਦੱਸਦੇ ਹਨ ਕਿ ਜਦੋਂ ਗੁਰੂ ਜੀ ਉਦਾਸੀਆਂ 'ਤੇ ਗਏ ਤਾਂ ਭਾਈ ਮਰਦਾਨਾ ਅਤੇ ਭਾਈ ਬਾਲਾ ਉਨ੍ਹਾਂ ਦੇ ਨਾਲ ਸਨ। ਮਰਦਾਨਾ ਇਕ ਵਧੀਆ ਰਬਾਬ ਵਜਾਉਣ ਵਾਲਾ ਸੀ। ਮਰਦਾਨੇ ਨੂੰ ਰਬਾਬ ਗੁਰੂ ਜੀ ਨੇ ਲੈ ਕੇ ਦਿੱਤੀ ਸੀ। ਬੇਬੇ ਨਾਨਕੀ ਪਾਸੋਂ ਪੈਸੇ ਲੈ ਕੇ ਰਬਾਬ ਲੈਣੀ ਗੁਰੂ ਜੀ ਦੁਆਰਾ ਸਮੇਂ ਦੀਆਂ ਰੂੜ੍ਹੀਵਾਦੀ ਪ੍ਰੰਪਰਾਵਾਂ ਨੂੰ ਤੋੜਨ ਵੱਲ ਸੰਕੇਤ ਕਰਦੀ ਹੈ। ਤਵਾਰੀਖ਼ ਦਾ ਕਰਤਾ ਦੱਸਦਾ ਹੈ ਕਿ ਭਾਵੇਂ ਮੋਦੀਖ਼ਾਨੇ ਦੀ ਕਾਰ ਵਿਚੋਂ ਬਹੁਤ ਸਾਰੇ ਪੈਸੇ ਗੁਰੂ ਜੀ ਕੋਲ ਵਧਦੇ ਸਨ।

ਗੁਰੂ ਜੀ ਦੀ ਸ਼ਖ਼ਸੀਅਤ ਨੂੰ ਉਜਾਗਰ ਕਰਨ ਲਈ ਲੇਖਕ ਨੇ ਮਰਦਾਨੇ ਨੂੰ ਆਮ ਮਨੁੱਖ ਦੇ ਪਾਤਰ ਵਜੋਂ ਪੇਸ਼ ਕੀਤਾ ਹੈ ਜਿਸ ਨੂੰ ਆਮ ਲੋਕਾਂ ਵਾਂਗ ਭੁੱਖ ਵਧੇਰੇ ਲੱਗਦੀ ਹੈ, ਉਹ ਅੱਜ ਦੀ ਬਜਾਏ ਕੱਲ ਲਈ ਵੀ ਵਸਤਾਂ ਇਕੱਤਰ ਕਰਨਾ ਲੋਚਦਾ ਹੈ ਅਤੇ ਗੁਰੂ ਜੀ ਦੀ ਗੱਲ ਨਾ ਮੰਨ ਕੇ ਬਾਅਦ ਵਿਚ ਪਛਤਾਉਂਦਾ ਹੈ। ਗੁਰੂ ਜੀ ਮਰਦਾਨੇ ਰਾਹੀਂ ਸਮਝਾਉਂਦੇ ਹਨ ਕਿ ਕੱਲ ਦੀ ਫ਼ਿਕਰ ਕਰਨਾ ਛੱਡ ਕੇ ਅੱਜ ਜੋ ਕੁਝ ਪ੍ਰਾਪਤ ਹੋਇਆ ਹੈ ਉਸੇ ਲਈ ਪਰਮਾਤਮਾ ਦਾ ਸ਼ੁਕਰ ਮਨਾ ਅਤੇ ਰੱਬੀ ਮਾਰਗ ਤੇ ਚੱਲਣ ਦਾ ਯਤਨ ਕਰ।

ਗੁਰੂ ਜੀ ਨੇ ਚਾਰ ਉਦਾਸੀਆਂ ਕੀਤੀਆਂ। ਇਨ੍ਹਾਂ ਉਦਾਸੀਆਂ ਦੌਰਾਨ ਉਹ ਜਿਸ ਵੀ ਬਿਰਤੀ ਵਾਲੇ ਮਨੁੱਖ ਨੂੰ ਮਿਲਦੇ ਅਕਾਲ ਪੁਰਖ ਦੀ ਬਾਣੀ ਰਾਹੀਂ ਉਸ ਦੀ ਬਿਰਤੀ ਪ੍ਰਭੂ-ਮੁਖੀ ਕਰ ਦਿੰਦੇ ਸਨ। ਅਕਾਲ ਪੁਰਖ ਦਾ ਸੰਦੇਸ਼ ਲੋਕਾਈ ਤੱਕ ਪਹੁੰਚਾਉਣ ਲਈ ਗੁਰੂ ਜੀ ਨੇ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕੀਤਾ ਸੀ। ਲੇਖਕ ਨੇ ਗੁਰੂ ਜੀ ਨੂੰ ਸਮੂਹ ਸਮੱਸਿਆਵਾਂ ਦਾ ਹੱਲ ਕਰਦੇ ਦਿਖਾਇਆ ਹੈ।

ਉਦਾਸੀਆਂ ਦੌਰਾਨ ਜਦੋਂ ਕਦੇ ਕੁਦਰਤੀ ਕਰੋਪੀ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਸੇ ਦੈਂਤ ਜਾਂ ਖੂੰਖਾਰ ਮਨੁੱਖ ਨਾਲ ਟਾਕਰਾ ਹੁੰਦਾ ਹੈ, ਕਦੇ ਭੁੱਖ ਲੱਗਦੀ ਹੈ ਜਾਂ ਕਿਸੇ ਹੋਰ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਗੁਰੂ ਜੀ ਮਰਦਾਨੇ ਰਾਹੀ ਇਹ ਸੰਦੇਸ਼ ਦਿੰਦੇ ਹਨ ਕਿ ਸਭ ਕੁਝ ਪ੍ਰਮਾਤਮਾ ਦੀ ਰਜ਼ਾ ਵਿਚ ਹੋ ਰਿਹਾ ਹੈ। ਪ੍ਰਮਾਤਮਾ ਤੋਂ ਪਰੇ ਜਾਂ ਸ੍ਰੇਸ਼ਟ ਹੋਰ ਕੋਈ ਨਹੀਂ ਹੈ। ਸਭ ਜੀਵ ਪ੍ਰਮਤਾਮਾ ਨੇ ਪੈਦਾ ਕੀਤੇ ਹਨ। ਸਮੂਹ ਜੀਵਾਂ ਦਾ ਰੱਖਿਅਕ ਅਤੇ ਭੱਖਿਅਕ ਪਰਮਾਤਮਾ ਹੀ ਹੈ, ਇਸ ਕਰਕੇ ਕਿਸੇ ਹੋਰ ਕੋਲੋਂ ਡਰਨ ਦੀ ਲੋੜ ਨਹੀਂ ਹੈ।



ਗੁਰੂ ਜੀ ਜਾਣਦੇ ਸਨ ਕਿ ਮਾਇਆ ਦਾ ਮੋਹ ਸੁਰਤ ਨੂੰ ਪ੍ਰਭੂ ਤੋਂ ਭਟਕਾ ਦਿੰਦਾ ਹੈ ਅਤੇ ਸੁਰਤ ਨੂੰ ਪ੍ਰਭੂ ਨਾਲ ਜੋੜਿਆਂ ਮਾਇਆ ਨਾਲ ਮੋਹ ਨਹੀਂ ਪੈਂਦਾ। ਇਸ ਕਰਕੇ ਉਹ ਦੁਨੀਆਦਾਰਾਂ ਜਿਹੀ ਜੀਵਨ ਜਾਚ ਤੋਂ ਦੂਰ ਹਮੇਸ਼ਾ ਪ੍ਰਭੂ-ਬੰਦਗੀ ਵਿਚ ਲੀਨ ਰਹਿੰਦੇ ਸਨ। ਮਾਇਆ ਤੋਂ ਨਿਰਲੇਪ ਰਹਿ ਕੇ ਪ੍ਰਭੂ-ਮੁਖੀ ਜੀਵਨ ਬਸਰ ਕਰਨ ਦਾ ਉਹ ਸੰਦੇਸ਼ ਦਿੰਦੇ ਸਨ। ਮਨੁੱਖ ਮਾਤਰ ਤੱਕ ਰੱਬੀ ਸੰਦੇਸ਼ ਪਹੁੰਚਾਉਣ ਲਈ ਉਨ੍ਹਾਂ ਹਰ ਤਰ੍ਹਾਂ ਦਾ ਸਾਕਾਰਾਤਮਕ ਹੀਲਾ ਵਰਤਿਆ ਸੀ। ਤਵਾਰੀਖ਼ ਤੋਂ ਪਤਾ ਲੱਗਦਾ ਹੈ ਕਿ ਜਦੋਂ ਉਹ ਉੱਤਮ ਬੁੱਧ ਪੁਰਖਾਂ ਨੂੰ ਮਿਲਦੇ ਸਨ ਤਾਂ ਉਨ੍ਹਾਂ ਨਾਲ ਗੋਸ਼ਟ ਕਰਦੇ, ਜਦੋਂ ਉਹ ਕਿਸੇ ਵਪਾਰੀ ਨੂੰ ਮਿਲਦੇ ਸਨ ਤਾਂ ਮਾਇਆ ਦੇ ਵਪਾਰ ਤੋਂ ਉਸ ਨੂੰ ਨਾਮ ਦੇ ਵਪਾਰ ਦੀ ਗੱਲ ਸਮਝਾਉਂਦੇ, ਜਦੋਂ ਉਹ ਕਿਸੇ ਮੌਲਵੀ ਜਾਂ ਪ੍ਰੋਹਿਤ ਨੂੰ ਮਿਲਦੇ ਤਾਂ ਉਸ ਦੇ ਮਨ ਵਿਚੋਂ ਕਰਮਕਾਂਡ ਦੀ ਭਾਵਨਾ ਨੂੰ ਦੂਰ ਕਰ ਕੇ ਪ੍ਰਭੂ-ਬੰਦਗੀ ਵੱਲ ਲਾਉਂਦੇ, ਜਦੋਂ ਉਨ੍ਹਾਂ ਨੇ ਜਨ ਸਧਾਰਨ ਨੂੰ ਕੋਈ ਗੱਲ ਸਮਝਾਉਣੀ ਹੁੰਦੀ ਤਾਂ ਸੌਖੀ ਗੱਲ ਦਾ ਸਹਾਰਾ ਲੈਂਦੇ। ਗੁਰੂ ਜੀ ਦੁਨਿਆਵੀ ਜੀਵਨ ਦੀ ਭਟਕਣ ਵਿਚ ਪਏ ਹੋਏ ਮਨੁੱਖ ਨੂੰ ਮੁਕਤ ਕਰਨ ਦਾ ਉਪਦੇਸ਼ ਹੀ ਨਹੀਂ ਦਿੰਦੇ ਬਲਕਿ ਉਹ ਇਸ ਭਵਸਾਗਰ ਤੋਂ ਬਾਹਰ ਨਿਕਲਣ ਦਾ ਮਾਰਗ ਵੀ ਦੱਸਦੇ ਹਨ। ਉਹ ਮਨੁੱਖਾ ਜੀਵਨ ਨੂੰ ਅਮੋਲਕ ਮੰਨਦੇ ਜਿਸ ਰਾਹੀਂ ਪ੍ਰਭੂ-ਪ੍ਰਾਪਤੀ ਸੰਭਵ ਮੰਨੀ ਗਈ ਹੈ। ਮਨੁੱਖੀ ਜੀਵਨ ਦੀ ਇਸ ਅਮੋਲਕਤਾ ਨੂੰ ਕੋਈ ਮਨੁੱਖ ਛੇਤੀ ਹੀ ਸਮਝ ਸਕਦਾ ਹੈ ਅਤੇ ਕਿਸੇ ਨੂੰ ਇਸ ਦੀ ਸਮਝ ਬਹੁਤ ਦੇਰ ਬਾਅਦ ਆਉਂਦੀ ਹੈ। ਜਿਵੇਂ ਆਮ ਮਨੁੱਖ ਹੀਰੇ ਦੀ ਪਰਖ ਨਹੀਂ ਕਰ ਸਕਦਾ, ਕੇਵਲ ਜੌਹਰੀ ਹੀ ਇਸ ਦੀ ਅਸਲ ਕੀਮਤ ਦੱਸ ਸਕਦਾ ਹੈ ਉਸੇ ਤਰ੍ਹਾਂ ਜੀਵਨ ਦੀ ਅਮੋਲਕਤਾ ਗੁਰੂ ਦੇ ਗਿਆਨ ਤੋਂ ਬਗ਼ੈਰ ਸਮਝ ਨਹੀਂ ਪੈ ਸਕਦੀ।

> **ਗੁਰੂ ਜੀ ਦੀਆਂ ਉਦਾਸੀਆਂ ਸਮਾਜ, ਇਲਾਕੇ ਅਤੇ ਮੁਲਕ ਦੇ ਭੂਗੋਲਿਕ ਖਿੱਤੇ ਸਬੰਧੀ ਜਾਣਕਾਰੀ ਪ੍ਰਦਾਨ ਕਰਦੀਆਂ ਹਨ। ਵੱਖ-ਵੱਖ ਇਲਾਕਿਆਂ ਦੀਆਂ ਬੋਲੀਆਂ, ਭਾਸ਼ਾਵਾਂ, ਵਿਸ਼ਵਾਸਾਂ, ਰਸਮਾਂ, ਰੀਤੀ-ਰਿਵਾਜਾਂ ਅਤੇ ਰਹਿਣ-ਸਹਿਣ ਦੇ ਢੰਗ-ਤਰੀਕਿਆਂ ਦੀ ਜਾਣਕਾਰੀ ਤਵਾਰੀਖ਼ ਵਿਚੋਂ ਪ੍ਰਾਪਤ ਹੁੰਦੀ ਹੈ। ਮੌਜੂਦਾ ਸਮੇਂ ਵਿਚ ਸ਼ੁੱਧ ਹਵਾ, ਸ਼ੁੱਧ ਪਾਣੀ ਅਤੇ ਸ਼ੁੱਧ ਅਨਾਜ ਦੀ ਪ੍ਰਾਪਤੀ ਦਿਨੋ-ਦਿਨ ਔਖੀ ਹੁੰਦੀ ਜਾ ਰਹੀ ਹੈ।**

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਕਿਰਤ ਕਰਨ 'ਤੇ ਬਹੁਤ ਜ਼ੋਰ ਦਿੰਦੇ ਹਨ। ਉਹ ਧਰਮ ਦੇ ਨਾਂ 'ਤੇ ਧਾਰਮਿਕ ਦਿੱਖ ਵਾਲਾ ਬਾਣਾ ਗ੍ਰਹਿਣ ਕਰਨ ਦਾ ਵਿਰੋਧ ਕਰਦੇ ਹਨ। ਗੁਰੂ ਜੀ ਜਾਣਦੇ ਸਨ ਕਿ ਜੇਕਰ ਹਰ ਇਕ ਮਨੁੱਖ ਕਿਰਤ ਦਾ ਮਾਰਗ ਛੱਡ ਕੇ ਚੋਲੇ ਨੂੰ ਪੇਟ ਪੂਰਤੀ ਦਾ ਸਾਧਨ ਬਣਾ ਲਵੇਗਾ ਤਾਂ ਨਾ ਤਾਂ ਸਮਾਜ ਦਾ ਭਲਾ ਹੋਵੇਗਾ ਅਤੇ ਨਾ ਹੀ ਧਰਮ ਸਾਧਨਾ ਵਿਚ ਮੰਨ ਲੱਗੇਗਾ ਕਿਉਂਕਿ ਮੰਨ ਹਮੇਸ਼ਾ ਪਦਾਰਥਾਂ ਵੱਲ ਹੀ ਰੁਚਿਤ ਰਹਿੰਦਾ ਹੈ। ਕਿਰਤ ਤੋਂ ਦੂਰ ਰਹਿ ਕੇ ਗ੍ਰਹਿਸਤੀਆਂ 'ਤੇ ਨਿਰਭਰ ਹੋਣ ਨਾਲ ਸਮਾਜ ਵਿਚ ਆਰਥਿਕ ਅਰਾਜਕਤਾ ਫੈਲਣ ਦਾ ਖ਼ਤਰਾ ਹਮੇਸ਼ਾ ਬਣਿਆ ਰਹੇਗਾ। ਲੇਖਕ ਅਜਿਹੇ ਬਹੁਤ ਸਾਰੇ ਪੁਰਖਾਂ ਦਾ ਜ਼ਿਕਰ ਕਰਦਾ ਹੈ ਜਿਹੜੇ ਧਰਮ ਦੇ ਨਾਂ 'ਤੇ ਲੋਕਾਂ ਤੋਂ ਮੰਗ ਕੇ ਗੁਜ਼ਾਰਾ ਕਰਦੇ ਸਨ। ਲੇਖਕ ਸਮੇਤ ਕੋਈ ਵੀ ਸਾਖ਼ੀਕਾਰ ਗੁਰੂ ਨਾਨਕ ਦੇਵ ਜੀ ਨੂੰ ਕੋਈ ਵੀ ਦੁਨਿਆਵੀ ਪਦਾਰਥ ਮੰਗਦਾ ਨਹੀਂ ਦਿਖਾਉਂਦਾ। ਜਿਥੇ ਜਾ ਕੇ ਗੁਰੂ ਜੀ ਲੋਕਾਂ ਨਾਲ ਬਚਨ-ਬਿਲਾਸ ਕਰਦੇ, ਉਥੋਂ ਦੇ ਲੋਕ ਪ੍ਰਭਾਵਿਤ ਹੋ ਕੇ ਜਥਾ-ਯੋਗ ਸੇਵਾ ਕਰ ਦਿੰਦੇ ਸਨ। ਮਰਦਾਨੇ ਨੂੰ ਵੀ ਗੁਰੂ ਜੀ ਇਹੀ ਆਦੇਸ਼ ਕਰਦੇ ਸਨ ਕਿ ਪੇਟ ਭਰਨ ਤੋਂ ਬਾਅਦ ਹੋਰ ਵਧੇਰੇ ਅੰਨ ਨਹੀਂ ਲੈਣਾ ਅਤੇ ਤਨ ਦੇ ਕੱਪੜਿਆਂ ਤੋਂ ਇਲਾਵਾ ਹੋਰ ਕੋਈ ਦੁਨਿਆਵੀ ਪਦਾਰਥ ਇਕੱਤਰ ਨਹੀਂ ਕਰਨਾ।

ਗੁਰੂ ਜੀ ਔਖੀ ਤੋਂ ਔਖੀ ਗੱਲ ਨੂੰ ਸੌਖੇ ਤਰੀਕੇ ਨਾਲ ਸਮਝਾਉਣ ਦੀ ਸਮਰੱਥਾ ਰੱਖਦੇ ਸਨ। ਉਹ ਗੂੜ੍ਹ ਦਾਰਸ਼ਨਿਕਾਂ ਵਾਂਗ ਕਿਸੇ ਗੱਲ ਨੂੰ ਇੰਨੀ ਔਖੀ ਤਰ੍ਹਾਂ ਨਾਲ ਨਹੀਂ ਸਮਝਾਉਂਦੇ ਸਨ ਕਿ ਲੰਮੇ-ਲੰਮੇ ਵਿਖਿਆਨਾਂ ਦੇ ਬਾਵਜੂਦ ਵੀ ਮੂਲ ਸੰਦੇਸ਼ ਲੋਕਾਂ ਤੱਕ ਨਾ ਪਹੁੰਚਾਇਆ ਜਾ ਸਕੇ। ਮਾਇਆ ਇਕ ਅਜਿਹਾ ਵਿਸ਼ਾ ਹੈ ਜਿਹੜਾ ਦਾਰਸ਼ਨਿਕਾਂ ਲਈ ਅੱਜ ਤੱਕ ਇਕ ਗੁੰਝਲਦਾਰ ਬੁਝਾਰਤ ਬਣਿਆ ਹੋਇਆ ਹੈ। ਗੁਰੂ ਜੀ ਮਰਦਾਨੇ ਨੂੰ ਮਾਇਆ ਦੇ ਪ੍ਰਭਾਵ ਤੋਂ ਮੁਕਤ ਰਹਿਣ ਦੀ ਸਿੱਖਿਆ ਦਿੰਦੇ ਹੋਏ ਕਹਿੰਦੇ ਹਨ, 'ਮਰਦਾਨਿਆ ਜੋ ਕੋਈ ਇਸ ਮਾਯਾ ਉਤੇ ਮੋਹਿਤ ਹੁੰਦਾ ਹੈ ਓਸ ਦਾ ਏਹ ਬੁਰਾ ਹਾਲ ਕਰਦੀ ਹੈ, ਇਸ ਨੂੰ ਫੜਨ ਵਾਲੇ ਆਪ ਫੜੇ ਜਾਂਦੇ ਹਨ ਤੇ ਭੋਗਣ ਵਾਲੇ ਆਪ ਭੋਗੇ ਜਾਂਦੇ ਹਨ, ਇਹ ਸਦਾ ਮੁਟਿਆਰ ਰਹਿੰਦੀ ਹੈ, ਪ੍ਰਾਣੀਆਂ ਦੀ ਉਮਰ ਇਸ ਦਾ ਭੋਜਨ ਹੈ। ਜੋ ਕੋਈ ਇਸ ਨੂੰ ਦੁਖਦਾਈ ਸਮਝ ਕੇ ਇਸ ਤੋਂ ਛੁਟਣ ਵਾਸਤੇ ਹੰਕਾਰ ਛੱਡ ਕੇ ਸੱਚੇ ਸਤਿਗੁਰੂ ਦਾ ਬਚਨ ਮੰਨਦਾ ਹੈ ਓਸ ਨੂੰ ਸਤਿਗੁਰੂ ਮਾਯਾ ਤੋਂ ਛੁਡਾ ਕੇ ਪਰਮਪਦ ਨੂੰ ਪ੍ਰਾਪਤ ਕਰ ਦਿੰਦੇ ਹਨ।'

ਗਿਆਨੀ ਜੀ ਨੇ ਪੁਰਤਾਨ ਨਗਰਾਂ ਅਤੇ ਪਰਬਤਾਂ ਦੇ ਨਾਵਾਂ ਦੇ ਨਾਲ-ਨਾਲ ਉਨ੍ਹਾਂ ਦੇ ਨਵੇਂ ਨਾਵਾਂ ਦਾ ਜ਼ਿਕਰ ਵੀ ਕੀਤਾ ਹੈ ਤਾਂ ਕਿ ਅਜੋਕੇ ਸਮੇਂ ਦਾ ਖੋਜੀ ਉਨ੍ਹਾਂ ਤੋਂ ਭੁਲੇਖਾ ਨਾ ਖਾ ਜਾਵੇ। ਲੇਖਕ ਮਨੀਪੁਰ ਨਗਰ ਦਾ ਪੁਰਾਤਨ ਨਾਂ ਅਸੀਮਫਲ, ਨਾਨਕ ਮਤੇ ਦਾ ਗੋਰਖ ਮਤਾ ਅਤੇ ਗਿਰਨਾਰ ਪਰਬਤ ਦਾ ਪੁਰਾਣਾ ਨਾਂ ਰਵਾਗਿਰੀ ਦੱਸਦਾ ਹੈ। ਇਸੇ ਤਰ੍ਹਾਂ ਲੇਖਕ ਦੱਸਦਾ ਹੈ ਕਿ ਏਮਨਾਬਾਦ ਦਾ ਪੁਰਾਤਨ ਨਾਂ ਸੈਦਪੁਰ ਸੀ ਅਤੇ ਇਹ ਨਗਰ ਫ਼ਿਰੋਜ਼ਸ਼ਾਹ ਤੁਗ਼ਲਕ ਦੀ ਦਾਈ ਏਮਨਾਂ ਨੇ ਆਬਾਦ ਕਰ ਕੇ ਏਮਨਾਬਾਦ ਨਾਂ ਰੱਖਿਆ ਸੀ।

ਗੁਰੂ ਜੀ ਦੀਆਂ ਉਦਾਸੀਆਂ ਸਮਾਜ, ਇਲਾਕੇ ਅਤੇ ਮੁਲਕ ਦੇ ਭੂਗੋਲਿਕ ਖਿੱਤੇ ਸਬੰਧੀ ਜਾਣਕਾਰੀ ਪ੍ਰਦਾਨ ਕਰਦੀਆਂ ਹਨ। ਵੱਖ-ਵੱਖ ਇਲਾਕਿਆਂ ਦੀਆਂ ਬੋਲੀਆਂ, ਭਾਸ਼ਾਵਾਂ, ਵਿਸ਼ਵਾਸਾਂ, ਰਸਮਾਂ, ਰੀਤੀ-ਰਿਵਾਜਾਂ ਅਤੇ ਰਹਿਣ-ਸਹਿਣ ਦੇ ਢੰਗ-ਤਰੀਕਿਆਂ ਦੀ ਜਾਣਕਾਰੀ ਤਵਾਰੀਖ਼ ਵਿਚੋਂ ਪ੍ਰਾਪਤ ਹੁੰਦੀ ਹੈ। ਮੌਜੂਦਾ ਸਮੇਂ ਵਿਚ ਸ਼ੁੱਧ ਹਵਾ, ਸ਼ੁੱਧ ਪਾਣੀ ਅਤੇ ਸ਼ੁੱਧ ਅਨਾਜ ਦੀ ਪ੍ਰਾਪਤੀ ਦਿਨੋ-ਦਿਨ ਔਖੀ ਹੁੰਦੀ ਜਾ ਰਹੀ ਹੈ। ਗੁਰੂ ਜੀ ਆਪਣੀਆਂ ਉਦਾਸੀਆਂ ਦੌਰਾਨ ਲੋਕਾਂ ਨੂੰ ਕੁਦਰਤੀ ਸੋਮਿਆਂ ਦੀ ਸੰਭਾਲ ਪ੍ਰਤੀ ਚੇਤੰਨ ਕਰਦੇ ਹਨ। ਖਾਰੇ ਪਾਣੀ ਨੂੰ ਮਿੱਠਾ ਕਰਨ ਵਾਲੀਆਂ ਸਾਖੀਆਂ ਇਹ ਸੰਦੇਸ਼ ਦਿੰਦੀਆਂ ਹਨ ਕਿ ਪਾਣੀ ਜੀਵਨ ਦੀ ਅਨਮੋਲ ਵਸਤੂ ਹੈ ਅਤੇ ਜਿਥੋਂ ਤੱਕ ਹੋ ਸਕੇ ਇਸ ਦੀ ਕੇਵਲ ਸੁਯੋਗ ਅਤੇ ਸੀਮਿਤ ਵਰਤੋਂ ਕਰਨੀ ਚਾਹੀਦੀ ਹੈ।

ਗੁਰੂ ਜੀ ਆਪਣੀਆਂ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਆ ਕੇ ਖੇਤੀ ਕਰਨ ਲੱਗੇ। ਇਹ ਉਹ ਨਗਰ ਸੀ ਜਿਹੜਾ ਗੁਰੂ ਜੀ ਨੇ ਆਪਣੀ ਦੂਜੀ ਉਦਾਸੀ ਤੋਂ ਵਾਪਸ ਆ ਕੇ ਵਸਾਉਣਾ ਆਰੰਭ ਕੀਤਾ ਸੀ। ਇਸੇ ਸਥਾਨ 'ਤੇ ਨਿਵਾਸ ਦੌਰਾਨ ਗੁਰੂ ਜੀ ਨੇ ਅੱਚਲ ਬਟਾਲੇ ਅਤੇ ਮੁਲਤਾਨ ਦੀ ਯਾਤਰਾ ਕੀਤੀ ਅਤੇ ਜਦੋਂ ਕੱਥੂ ਨੰਗਲ ਗਏ ਤਾਂ ਬਾਬਾ ਬੁੱਢਾ ਜੀ ਨਾਲ ਮੇਲ ਹੋਇਆ ਅਤੇ ਇਸੇ ਸਥਾਨ 'ਤੇ ਹੀ ਭਾਈ ਲਹਿਣਾ ਗੁਰੂ ਨਾਨਕ ਦੇਵ ਜੀ ਦੀ ਜੋਤ ਨਾਲ 'ਗੁਰੂ ਅੰਗਦ ਦੇਵ ਜੀ' ਦੇ ਰੂਪ ਵਿਚ ਪ੍ਰਗਟ ਹੋਏ ਸਨ।

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ



ਪ੍ਰੋ: ਅਜੈਪਾਲ ਸਿੰਘ
ਫੋਨ- 9464265464

ਸੰਗੀਤ ਦੇ ਖੇਤਰ ਵਿਚ ਗੁਰਮਤਿ ਸੰਗੀਤ ਨਵੀਨ ਅਤੇ ਵਿਲੱਖਣ ਸੰਗੀਤ ਪ੍ਰਣਾਲੀ ਦੇ ਰੂਪ ਵਿਚ ਆਪਣਾ ਵਿਸ਼ੇਸ਼ ਸਥਾਨ ਰੱਖਦੀ ਹੈ। ਭਾਰਤੀ ਸੰਗੀਤ ਤੋਂ ਇਸ ਦੀਆਂ ਵਿਸ਼ੇਸ਼ਤਾਵਾਂ ਕੁਝ ਵੱਖਰੀਆਂ ਹਨ, ਜਿਸ ਕਾਰਨ ਇਸਦਾ ਆਪਣਾ ਅਲੱਗ ਸਵਰੂਪ ਹੈ। ਗੁਰਮਤਿ ਸੰਗੀਤ ਦੇ ਅੰਤਰਗਤ ਸਿੱਖਾਂ ਦੇ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਦਾ ਗਾਇਨ ਉਸਦੇ ਨਿਰਧਾਰਤ ਰਾਗਾਂ ਵਿਚ ਹੁੰਦਾ ਹੈ। ਨਿਰਧਾਰਤ ਰਾਗਾਂ ਵਿਚ ਬਾਣੀ ਨੂੰ ਜਦੋਂ ਗਾਇਆ ਜਾਂਦਾ ਹੈ, ਇਸਨੂੰ ਗੁਰਮਤਿ ਸੰਗੀਤ ਕਹਿੰਦੇ ਹਨ।

ਗੁਰਮਤਿ ਸੰਗੀਤ ਦੀ ਉਤਪਤੀ

ਗੁਰਮਤਿ ਸੰਗੀਤ ਪਰੰਪਰਾ ਦਾ ਪ੍ਰਵਾਹ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੁੰਦਾ ਹੈ ਜੋ ਕਿ ਸਿੱਖਾਂ ਦੇ ਪਹਿਲੇ ਗੁਰੂ ਹਨ। 1469 ਈ. ਵਿਚ ਪਹਿਲੀ ਪਾਤਸ਼ਾਹੀ ਦੇ ਅਵਤਾਰ ਧਾਰਨ ਨਾਲ ਇਤਿਹਾਸ ਵਿਚ ਸਿੱਖ ਕਾਲ ਦਾ ਆਰੰਭ ਹੋਇਆ। ਗੁਰੂ ਨਾਨਕ ਦੇਵ ਜੀ ਨੇ ਰਾਜਾ ਮਹਾਰਾਜਾ ਬਜਾਏ ਅਧਿਆਤਮਕ ਵਿਸ਼ਿਆਂ ਨਾਲ ਭਰਪੂਰ ਕਾਵਿ ਰਚਨਾਵਾਂ ਕੀਤੀਆਂ। ਇਨ੍ਹਾਂ ਰਚਨਾਵਾਂ ਜਾਂ ਬਾਣੀ ਨੂੰ ਨਿਰਧਾਰਤ ਰਾਗਾਂ ਵਿਚ ਗਾਉਣ ਨਾਲ ਗੁਰਮਤਿ ਸੰਗੀਤ ਦੀ ਪ੍ਰਥਾ ਆਰੰਭ ਹੋਈ। ਇਸਤਰ੍ਹਾਂ ਭਾਰਤੀ ਸੰਗੀਤ ਵਿਚ ਇਕ ਨਵੀਂ ਸੰਗੀਤਕ ਪ੍ਰਣਾਲੀ ਦਾ ਆਰੰਭ ਹੋਇਆ। ਇਸਨੂੰ ਹੋਰ ਗੁਰੂ ਸਾਹਿਬਾਨਾਂ ਨੇ ਵੀ ਕਾਇਮ ਰੱਖਿਆ ਅਤੇ ਵੱਧ ਤੋਂ ਵੱਧ ਵਿਕਸਿਤ ਕੀਤਾ। ਇਹ ਪ੍ਰਥਾ ਅੱਜ ਤੱਕ ਕਾਇਮ ਹੈ।

ਗੁਰੂ ਜੀ ਨੇ ਕੀਰਤਨ ਕਰਨ ਵਾਲੇ ਨੂੰ ਢਾਡੀ ਸ਼ਬਦ ਨਾਲ ਸੰਬੋਧਨ ਕੀਤਾ। ਬਾਣੀ ਵਿਚ ਉਹਨਾਂ ਨੇ ਆਪਣੇ ਲਈ ਢਾਡੀ ਸ਼ਬਦ ਦਾ ਪ੍ਰਯੋਗ ਕੀਤਾ। ਜਿਵੇ :-

ਹਉ ਢਾਢੀ ਵੇਕਾਰੁ ਕਾਰੈ ਲਾਇਆ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੫੦)

ਸਮੇਂ ਅਨੁਸਾਰ ਕੀਰਤਨ ਗਾਇਨ ਵਿਚ ਸੰਗਤ ਭਾਵ ਸਮੂਹ ਗਾਇਨ ਨੂੰ ਵਿਸ਼ੇਸ਼ ਸਥਾਨ ਦਿੱਤਾ। ਕੀਰਤਨ ਦੀ ਸੰਗਤ ਲਈ ਰਬਾਬ ਸਾਜ਼ ਦਾ ਗੁਰੂ ਜੀ ਨੇ ਪ੍ਰਚਲਨ ਕੀਤਾ। ਕੀਰਤਨ ਦੇ ਲਈ ਭਾਈ ਮਰਦਾਨੇ ਦੀ ਰਬਾਬ ਤੇ ਸੰਗਤ ਅਲੌਕਿਕ ਅਨੰਦ ਦੀ ਪ੍ਰਾਪਤੀ ਦਾ ਸਾਧਨ ਬਣਦੀ ਸੀ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਇਸਦਾ ਉਲੇਖ ਇਸ ਤਰ੍ਹਾਂ ਆਇਆ ਹੈ : -

ਫਿਰ ਬਾਬਾ ਗਿਆ ਬਗਦਾਦਿ ਨੋ ਬਾਹਰਿ ਜਾਇ ਕੀਆ ਅਸਥਾਨਾ॥
ਇਕੁ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ॥
(ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ ੩੫)

ਇਸੇ ਤਰ੍ਹਾਂ ਭਾਈ ਮਰਦਾਨੇ ਦੇ ਰਬਾਬ ਵਜਾਉਣ ਵਿਚ ਪ੍ਰਵੀਣ ਹੋਣ ਦੇ ਸੰਬੰਧ ਵਿਚ ਇਕ ਹੋਰ ਉਲੇਖ ਇਸਤਰ੍ਹਾਂ ਮਿਲਦਾ ਹੈ :-

ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ॥
(ਵਾਰਾਂ ਭਾਈ ਗੁਰਦਾਸ, ਵਾਰ ਗਿਆਰਵੀਂ, ਪਉੜੀ ੧੩)

ਗੁਰੂ ਨਾਨਕ ਦੇਵ ਜੀ ਬਾਣੀ ਵਿਚ ਅਧਿਆਤਮਕ ਵਿਸ਼ਿਆਂ ਦੇ ਪ੍ਰਗਟਾਵੇ ਲਈ ਸੰਗੀਤ ਦੇ ਪਰਿਭਾਸ਼ਕ ਸ਼ਬਦਾਂ ਦਾ ਬੜਾ ਸੁੰਦਰ ਪ੍ਰਯੋਗ ਹੋਇਆ ਹੈ ਜਿਵੇਂ :-

ਤਾਲ ਮਦੀਰੇ ਘਟ ਕੇ ਘਾਟ॥
ਦੋਲਕ ਦੁਨੀਆ ਵਾਜਹਿ ਵਾਜ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੪੯)

ਗੁਰੂ ਨਾਨਕ ਦੇਵ ਜੀ ਨੇ ਸ਼ਬਦ ਕੀਰਤਨ ਪਰੰਪਰਾ ਨੂੰ ਵਿਸ਼ੇਸ਼ ਵਿਧਾਨ ਪ੍ਰਦਾਨ ਕੀਤਾ। ਉਹਨਾਂ ਆਪਣੀ ਬਾਣੀ ਨੂੰ ਰਾਗਾਂ ਅਧੀਨ ਉਚਾਰਿਆ। ਗੁਰੂ ਨਾਨਕ ਬਾਣੀ ਦੇ ਉੱਪਰ ਹਰ ਕੀਰਤਨੀਏ ਦੇ ਲਈ ਕੁਝ ਸੰਕੇਤ ਅੰਕਿਤ ਕੀਤੇ ਹਨ ਜਿਵੇਂ :-

1. ਰਾਗ
2. ਘਰੁ
3. ਰਹਾਉ
4. ਅੰਕ

ਇਸ ਸੰਕੇਤ ਵਿਚ ਬਾਣੀ ਨੂੰ ਨਿਰਧਾਰਤ ਰਾਗਾਂ ਵਿਚ ਗਾਉਣ ਦਾ ਸੰਕੇਤ ਹੈ। ਇਨ੍ਹਾਂ ਸੰਕੇਤਾਂ ਤੋਂ ਬਿਨ੍ਹਾਂ ਗੁਰੂ ਨਾਨਕ ਬਾਣੀ ਦੇ ਹਰ ਸ਼ਬਦ ਨੂੰ ਵੱਖ-ਵੱਖ ਅੰਕਾਂ ਵਿਚ ਵੰਡਿਆ ਹੈ ਜਿਹੜੇ ਗਾਇਨ ਵਿਚ ਅੰਤਰਿਆਂ ਦੇ ਰੂਪ ਵਿਚ



ਗਾਇਨ ਕਰਨੇ ਹਨ। ਉਪਰੋਕਤ ਸੰਕੇਤਾਂ ਦਾ ਹੇਠ ਲਿਖੇ ਅਨੁਸਾਰ ਵਿਸ਼ਥਾਰ ਕੀਤਾ ਜਾਂਦਾ ਹੈ।

1. ਰਾਗ

ਗੁਰੂ ਨਾਨਕ ਦੇਵ ਜੀ ਦੇ ਬਾਣੀ ਦੇ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਉਨ੍ਹਾਂ ਕੁੱਲ 37 ਰਾਗਾਂ ਵਿਚ ਬਾਣੀ ਉਚਾਰੀ। ਇਨ੍ਹਾਂ ਰਾਗਾਂ ਦੀ ਵੰਡ ਇਸ ਪ੍ਰਕਾਰ ਹੈ :-

(ੳ) ਮੁੱਖ ਰਾਗ

ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ, ਪ੍ਰਭਾਤੀ।

(ਅ) ਮਿਸ਼ਰਤ ਰਾਗ

ਗਉੜੀ ਗੁਆਰੇਰੀ, ਗਉੜੀ ਚੇਤੀ, ਗਉੜੀ ਬੈਰਾਗਣ, ਗਉੜੀ, ਦੀਪਕੀ, ਗਉੜੀ ਪੂਰਬੀ, ਆਸਾ, ਕਾਫੀ, ਸੂਹੀ ਕਾਫੀ, ਬਸੰਤ ਹਿੰਡੋਲ, ਪ੍ਰਭਾਤੀ ਵਿਭਾਸ।

(ੲ) ਦੱਖਣੀ ਰਾਗ

ਗਉੜੀ ਦੱਖਣੀ, ਵਡਹੰਸ ਦੱਖਣੀ, ਬਿਲਾਵਲ ਦੱਖਣੀ, ਰਾਮਕਲੀ ਦੱਖਣੀ, ਮਾਰੂ ਦੱਖਣੀ, ਪ੍ਰਭਾਤੀ ਦੱਖਣੀ
(ਭਾਰਤੀ ਸੰਗੀਤ ਦਾ ਇਤਿਹਾਸ, ਯੋਗੇਂਦਰਪਾਲ)

2. ਘਰੁ

ਗੁਰੂ ਨਾਨਕ ਬਾਣੀ ਉੱਪਰ ਮਹਲਾ ਤੇ ਰਾਗ ਦੇ ਸਿਰਲੇਖ ਤੋਂ ਬਿਨ੍ਹਾਂ ਘਰੁ ਵੀ ਵੱਖ-ਵੱਖ ਗਿਣਤੀ ਵਿਚ ਅੰਕਿਤ ਮਿਲਦੇ ਹਨ। ਇਨ੍ਹਾਂ ਦੀ ਗਿਣਤੀ ਕੁੱਲ 17 ਤੱਕ ਹੈ। ਗੁਰਮਤਿ ਸੰਗਤਿ ਪੱਧਤੀ ਸੰਬੰਧੀ ਬਹੁਤ ਸਾਰੇ ਵਿਦਵਾਨਾਂ ਨੇ ਹੁਣ ਤੱਕ ਹੋਈ ਖੋਜ ਵਿਚ ਘਰੁ ਨੂੰ ਤਾਲ ਹੀ ਮੰਨਿਆ ਹੈ।

3. ਰਹਾਉ

ਗੁਰੂ ਜੀ ਦੀ ਸਮੁੱਚੀ ਬਾਣੀ ਦੇ ਸੰਗੀਤ ਵਿਧਾਨ ਦਾ ਅਗਲਾ ਮਹੱਤਵਪੂਰਨ ਅੰਗ ਰਹਾਉ ਹੈ। ਬਾਣੀ ਵਿਚ ਕਾਵਿ ਰਚਨਾ ਦੇ ਕਿਸੇ ਇਕ ਵਿਚਾਰ ਨੂੰ ਦ੍ਰਿੜ ਕਰਨ ਲਈ ਉਸਦੇ ਅਨੇਕ ਪਹਿਲੂ, ਉਦਾਹਰਣਾਂ ਅਤੇ ਪ੍ਰਮਾਣ ਦਿੱਤੇ ਗਏ ਹਨ ਅਤੇ ਕਾਵਿ ਰਚਨਾ ਦੇ ਕੇਂਦਰੀ ਭਾਵ ਵਾਲੀ ਤੁਕ ਪਿੱਛੇ ਰਹਾਉ ਦਾ ਸੰਕੇਤ ਮਿਲਦਾ ਹੈ।

ਰਹਾਉ ਵਾਲੀ ਤੁਕ ਦਾ ਵਿਸ਼ੇਸ਼ ਮਨੋਰਥ ਇਹ ਹੈ ਕਿ ਸੰਬੰਧਿਤ ਸ਼ਬਦ ਦੇ ਗਾਇਨ ਸਮੇਂ ਇਸ ਸੰਕੇਤ ਵਾਲੀ ਤੁਕ ਨੂੰ ਸਥਾਈ ਦੇ ਰੂਪ ਵਿਚ ਗਾਇਆ ਜਾਵੇ ਕਿਉਂਕਿ ਇਸ ਤੁਕ ਵਿਚ ਸਾਰੀ ਕਾਵਿ ਰਚਨਾ ਦਾ ਕੇਂਦਰੀ ਭਾਵ ਮੌਜੂਦ ਹੁੰਦਾ ਹੈ।

4. ਅੰਕ

ਗੁਰੂ ਨਾਨਕ ਬਾਣੀ ਵਿਚ ਪ੍ਰਯੋਗ ਕੀਤੇ ਗਏ ਅੰਕਾਂ ਦਾ ਵਿਸ਼ੇਸ਼ ਸੰਗਤਿਕ ਮਹੱਤਵ ਹੈ। ਹਰ



ਤੁਕ ਦੀ ਸਮਾਪਤੀ ਪਿੱਛੋਂ ਅੰਕ ਇਕ, ਅੰਕ ਦੋ, ਅੰਕ ਤਿੰਨ ਆਦਿ ਦੀ ਵਰਤੋਂ ਆਮ ਮਿਲਦੀ ਹੈ। ਅੰਤ ਵਿਚ ਇਹਨਾਂ ਅੰਕਾਂ ਦੀ ਕੁਝ ਗਿਣਤੀ ਵੀ ਦਰਜ ਕੀਤੀ ਗਈ ਹੈ। ਇਹਨਾਂ ਅੰਕਾਂ ਵਿਚ ਰਹਾਉ ਵਾਲੀ ਤੁਕ ਨੂੰ ਸ਼ਾਮਿਲ ਨਹੀਂ ਕੀਤਾ ਗਿਆ ਸਗੋਂ ਸਮੁੱਚੇ ਕਾਵਿ ਵਿਧਾਨ ਵਿਚ ਉਸਦੀ ਸੁਤੰਤਰ ਹੋਂਦ ਹੈ। ਗੁਰਮਤਿ ਸੰਗੀਤ ਵਿਚ ਰਹਾਉ ਨੂੰ ਸ਼ਬਦ ਗਾਇਨ ਵੇਲੇ ਸਥਾਈ ਬਣਾਉਣ ਦਾ ਨਿਯਮ ਹੈ। ਇਸ ਸੰਬੰਧੀ ਅਸੀਂ ਪਹਿਲਾਂ ਵਿਚਾਰ ਕਰ ਆਏ ਹਾਂ। ਠੀਕ ਇਸੇ ਤਰ੍ਹਾਂ ਹਰ ਇਕ ਅੰਕ ਵਾਲੀ ਸੰਪੂਰਣ ਤੁਕ ਨੂੰ ਸ਼ਬਦ ਗਾਇਨ ਵੇਲੇ ਅੰਤਰੇ ਦੇ ਰੂਪ ਵਿਚ ਗਾਉਣਾ ਇਸ ਸੰਗੀਤ ਵਿਧਾਨ ਦਾ ਲਾਜ਼ਮੀ ਨਿਯਮ ਹੈ।

ਗਾਇਨ ਸ਼ੈਲੀਆਂ

ਅਸੀਂ ਪਹਿਲਾਂ ਵਿਚਾਰ ਕਰ ਆਏ ਹਾਂ ਕਿ ਗੁਰੂ ਨਾਨਕ ਦੇ ਆਗਮਨ ਤੱਕ ਮਾਰਗੀ ਸੰਗੀਤ ਅਤੇ ਦੇਸੀ ਸੰਗੀਤ ਵੱਖੋ-ਵੱਖਰੀ ਧਾਰਾ ਵੱਜੋਂ ਪ੍ਰਚਲਿਤ ਸਨ ਅਤੇ ਇਨ੍ਹਾਂ ਵਿਚਲਾ ਪਾੜਾ ਦਿਨੋ-ਦਿਨ ਵਧਦਾ ਜਾ ਰਿਹਾ ਸੀ। ਮਾਰਗੀ ਸੰਗੀਤ ਅਤੇ ਦੇਸੀ ਸੰਗੀਤ ਵਿਚ ਏਕਤਾ ਲਿਆਉਣ ਲਈ ਸਿੱਖ ਗੁਰੂਆਂ ਨੇ ਇਨ੍ਹਾਂ ਦੋਵੇਂ ਸੰਗੀਤ ਰੂਪਾਂ ਦੀਆਂ ਵੱਖ-ਵੱਖ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ। ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਸੰਗੀਤ ਪੱਧਤੀ ਦੇ ਸਮੁੱਚੇ ਸੰਗੀਤ ਵਿਧਾਨ ਦਾ ਆਪਣਾ ਸ਼ਾਸਤਰ ਹੈ। ਜਿਸ ਵਿਚ ਸ਼ਾਸਤਰੀ ਸੰਗੀਤ ਦੀਆਂ ਕੁਝ ਪ੍ਰਚਲਿਤ ਸੰਗੀਤ ਸ਼ੈਲੀਆਂ ਦੀ ਯੋਗ ਵਰਤੋਂ ਕੀਤੀ ਗਈ। ਭਾਵੇਂ ਇਨ੍ਹਾਂ ਗਾਇਨ ਸ਼ੈਲੀਆਂ ਉੱਤੇ ਲੋਕ-ਗਾਇਨ ਸ਼ੈਲੀਆਂ ਵਾਂਗੂੰ ਨਾਮ ਅੰਕਿਤ ਨਹੀਂ ਕੀਤੇ ਗਏ ਪਰ ਸਮੁੱਚੀ ਬਾਣੀ ਦਾ ਭਾਰਤੀ ਸੰਗੀਤ ਦੇ ਸੰਦਰਭ ਵਿਚ ਅਧਿਐਨ ਕੀਤਿਆਂ ਸ਼ਾਸਤਰੀ ਸੰਗੀਤ ਦੀਆਂ ਸ਼ੈਲੀਆਂ ਦੇ ਕਾਵਿ-ਰੂਪ ਮੌਜੂਦ ਹਨ। ਸਮੂਹ ਪਦੇ, ਧਰੁਪਦ ਗਾਇਨ ਸ਼ੈਲੀਆਂ ਉੱਤੇ ਆਧਾਰਿਤ ਹਨ।

ਲੋਕ ਧੁਨਾਂ ਤੋਂ ਵਿਕਸਿਤ ਹੋਏ ਰਾਗਾਂ ਨੂੰ ਲੋਕ-ਕਾਵਿ ਰੂਪਾਂ ਦੇ ਲਈ ਵਰਤਣਾ :-

ਗੁਰੂ ਜੀ ਦੁਆਰਾ ਲੋਕ ਧੁਨਾਂ ਤੋਂ ਵਿਕਸਿਤ ਹੋਏ ਆਸਾ, ਮਾਝ, ਵਡਹੰਸ, ਤੁਖਾਰੀ ਵਰਗੇ ਰਾਗਾਂ ਨੂੰ ਉਨ੍ਹਾਂ ਘੋੜੀਆਂ, ਬਾਰਾਮਾਹ ਵਰਗੇ ਲੋਕ ਕਾਵਿ ਰੂਪਾਂ ਹਿੱਤ ਬੜੀ ਸਫਲਤਾ ਨਾਲ ਵਰਤਿਆ ਹੈ। ਇਨ੍ਹਾਂ ਲੋਕ ਕਾਵਿ ਰੂਪਾਂ ਵਿਚ ਵਿਸ਼ੇਸ਼ ਧੁਨ ਅਤੇ ਨਿਵੇਕਲਾ ਸੰਗੀਤ ਵਿਧਾਨ ਹੈ।

ਗੁਰਮਤਿ ਸੰਗੀਤ ਪਰੰਪਰਾ ਦਾ ਮੁੱਖ ਉਦੇਸ਼ ਜਨ ਸਧਾਰਨ ਤੱਕ ਅਧਿਆਤਮਕ ਮੰਡਲਾਂ ਦੇ ਰਹੱਸਾਂ ਨੂੰ ਪਹੁੰਚਾਉਣਾ ਅਤੇ ਜੀਵਨ ਜਾਚ ਸਿਖਾਉਣਾ ਸੀ। ਸਾਰੇ ਗੁਰੂਆਂ ਨੇ ਇਸ ਮੰਤਵ ਲਈ ਜਨ ਸਧਾਰਨ ਨੂੰ ਉਪਦੇਸ਼ ਦੇਣ ਲਈ ਉਨ੍ਹਾਂ ਦੇ ਮਨ ਭਾਉਂਦੇ ਕਾਵਿ ਰੂਪਾਂ ਅਤੇ ਗਾਇਨ ਸ਼ੈਲੀਆਂ ਨੂੰ ਉਨ੍ਹਾਂ ਨੇ ਸੰਬੰਧਿਤ ਰਾਗਾਂ ਦੇ ਸਿਰਲੇਖ ਅਧੀਨ ਅੰਕਿਤ ਕੀਤਾ।

ਕੀਰਤਨ

ਕੀਰਤਨ ਪਰੰਪਰਾ ਗੁਰਮਤਿ ਸੰਗੀਤ ਪੱਧਤੀ ਦੇ ਪ੍ਰਚਾਰ ਤੇ ਅਭਿਆਸ ਦਾ ਮੁੱਖ ਮਾਧਿਅਮ ਸੀ। ਕੀਰਤਨ ਕਰਨ ਦੀ ਇਸ ਰੀਤ ਨੂੰ ਕੀਰਤਨ ਚੌਂਕੀ ਦਾ ਨਾਮ ਵੀ ਦਿੱਤਾ ਜਾਂਦਾ ਹੈ।

1. ਆਸਾ ਦੀ ਵਾਰ ਦੀ ਚੌਂਕੀ
2. ਬਿਲਾਵਲ ਦੀ ਚੌਂਕੀ
3. ਸੋ ਦਰ ਦੀ ਚੌਂਕੀ
4. ਆਰਤੀ ਦੀ ਚੌਂਕੀ

ਇਨ੍ਹਾਂ ਕੀਰਤਨ ਚੌਂਕੀਆਂ ਵਿਚ ਸੰਬੰਧਿਤ ਰਾਗਾਂ ਵਿਚ ਸੰਬੰਧਿਤ ਬਾਣੀ ਨੂੰ ਵੱਖ-ਵੱਖ ਗਾਇਨ ਸ਼ੈਲੀਆਂ ਅਧੀਨ ਗਾਇਆ ਜਾਂਦਾ ਸੀ। ਜਿਸਦੇ ਫਲਸਰੂਪ ਗੁਰਮਤਿ ਸੰਗੀਤ ਦਾ ਪ੍ਰਚਾਰ ਤੇ ਵਿਕਾਸ ਬਹੁਤ ਤੇਜ਼ੀ ਨਾਲ ਫੈਲਣਾ ਸ਼ੁਰੂ ਹੋ ਗਿਆ।

ਉਪਰੋਕਤ ਵਿਚਾਰ ਤੋਂ ਸਪੱਸ਼ਟ ਹੈ ਕਿ ਗੁਰੂ ਜੀ ਨੇ ਇਕ ਨਿਵੇਕਲੀ ਕਰਿਤਨ ਪਰਮਪਰਾ ਚਲਾਈ ਅਤੇ ਆਪਣੇ ਅਨੁਯਾਈਆਂ ਨੂੰ ਇਕ ਸੰਸਥਾਗਤ ਤਰੀਕੇ ਨਾਲ ਅਪਨਾਉਣ ਲਈ ਕਿਹਾ। ਉਨ੍ਹਾਂ ਦੁਆਰਾ ਚਲਾਈ ਗਈ ਇਸ ਪਰੰਪਰਾ ਨੂੰ ਬਾਕੀ ਗੁਰੂ ਸਾਹਿਬਾਨਾਂ ਨੇ ਵੀ ਜਾਰੀ ਰੱਖਿਆ।

# ਨਿਰੰਕਾਰ ਸਰੂਪ ਗੁਰੂ ਨਾਨਕ ਪਾਤਸ਼ਾਹ ਦੇ ਚਰਨ-ਕਮਲਾਂ ਦੀ ਅਤਿ ਚਮਤਕਾਰੀ ਖੁਸ਼ਬੂ ਅਤੇ ਰੂਹਾਨੀ-ਮਹਿਕ

ਹਰਫ਼ ਦਾ ਨੂਰ

ਬਾਬਾ ਨੰਦ ਸਿੰਘ ਜੀ

ਚਰਨ-ਕਮਲ ਇਕ ਸੱਚੇ ਅਭਿਲਾਸ਼ੀ ਭਗਤ ਅਤੇ ਸ਼ਰਧਾਲੂ ਦੇ ਹੰਕਾਰ ਨੂੰ ਖ਼ਤਮ ਕਰ ਦਿੰਦੇ ਹਨ। ਚਰਨ-ਕਮਲਾਂ ਵਿੱਚ ਡੰਡੌਤ ਬੰਦਨਾ, ਚਰਨ-ਕਮਲਾਂ ਵਿੱਚ ਤਿਆਗ ਅਭਿਪ੍ਰਾਏ 'ਹਉਮੈ' ਦਾ ਤਿਆਗ ਹੈ।

ਸੱਚੇ ਸੇਵਕਾਂ ਦਾ (ਅਤਿ ਕੀਮਤੀ) ਬਹੁਮੁੱਲਾ ਖਜ਼ਾਨਾ ਅਤੇ ਪ੍ਰਾਪਤੀਆਂ ਉਨ੍ਹਾਂ ਦੇ ਪਿਆਰੇ ਸਤਿਗੁਰੂ ਦੇ ਪਵਿੱਤਰ ਚਰਨਾਂ ਦਾ ਪਿਆਰ ਹੈ। ਸਤਿਗੁਰੂ ਆਪਣੇ ਪਵਿੱਤਰ ਚਰਨਾਂ ਦਾ ਕਿਰਪਾ ਪੂਰਬਕ ਆਸਰਾ ਦਿੰਦੇ ਹਨ। ਇਸ ਰੱਬੀ ਸਹਾਰੇ ਤੇ ਨਿਰਭਰ ਹੋ ਕੇ ਬ੍ਰਹਿਮੰਡ ਦੇ ਮਾਇਆ ਜਾਲ ਰੂਪੀ ਸਾਗਰ ਵਿੱਚ ਡੁੱਬਣ ਤੋਂ ਬਚਿਆ ਜਾ ਸਕਦਾ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਚਰਨ-ਕਮਲ ਸਮੁੱਚੇ ਬਹਿਮੰਡ ਦੀ ਆਤਮਾ ਹਨ। ਇਸ ਤਰ੍ਹਾਂ ਪਿਆਰੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ ਦੀ ਧੂੜ ਬਣ ਜਾਵੋ ਅਤੇ ਸਾਰੀ ਸ੍ਰਿਸ਼ਟੀ ਨਾਲ ਜੁੜ ਕੇ ਸੱਚੀ ਨਿਮਰਤਾ ਤੋਂ ਮਿਲਣ ਵਾਲੇ ਪੂਰਨ ਆਨੰਦ ਵਿੱਚ ਖੁਸ਼ੀ ਮਨਾਉ।

ਬ੍ਰਹਮ ਗਿਆਨੀ ਸਗਲ ਕੀ ਰੀਨਾ।
ਆਤਮ ਰਸੁ ਬ੍ਰਹਮ ਗਿਆਨੀ ਚੀਨਾ ।।
ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੨੭੨

ਝੂਠ ਸੱਚ ਦੇ ਰਸਤੇ ਤੇ ਨਹੀਂ ਚਲ ਸਕਦਾ। ਪਰਮਾਤਮਾ ਦੇ ਪਵਿੱਤਰ ਰਾਜ ਵਿੱਚ ਅਸ਼ੁਧਤਾ ਪਰਵੇਸ਼ ਕਰਨ ਦਾ ਸਾਹਸ ਨਹੀਂ ਕਰ ਸਕਦੀ। ਹਉਮੈ ਦੀ ਅਪਵਿੱਤਰਤਾ 'ਨਿਮਰਤਾ, ਅੰਮ੍ਰਿਤ ਨਾਮ' ਦੇ ਨਾਲ ਨਹੀਂ ਰਹਿ ਸਕਦੀ। ਇਕ ਦਿਲ ਵਿੱਚ ਅਸ਼ੁਧ ਹਉਮੈ ਅਤੇ ਪਵਿੱਤਰ ਨਾਮ ਇਕੱਠੇ ਨਹੀਂ ਰਹਿ ਸਕਦੇ। ਪਰਮ-ਆਨੰਦ-ਪੂਰਨ ਵਿਸ਼ਵਾਸ ਅਥਵਾ ਪ੍ਰਮਾਤਮਾ ਦੇ ਰਾਜ ਵਿੱਚ ਪਰਵੇਸ਼ ਨਿਮਰਤਾ ਦੀਆਂ ਡੂੰਘਾਈਆਂ ਅਤੇ ਤੁੱਛਤਾ (ਅਣਹੋਂਦ) ਦੀਆਂ ਗਹਿਰਾਈਆਂ ਨਾਲ ਹੁੰਦਾ ਹੈ।

# ਸਤਿਗੁਰੂ ਨਾਨਕ ਪਾਉ : ਸੁਲਤਾਨਪੁਰ ਲੋਧੀ ਵਿਚ ਬਾਬਾ ਨਾਨਕ ਨਾਲ ਜੁੜੀਆਂ ਅਹਿਮ ਥਾਵਾਂ

ਕ੍ਰਿਪਾਲ ਸਿੰਘ



ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਖਾਸ ਥਾਵਾਂ ਵਿੱਚੋਂ ਇੱਕ ਹੈ ਸੁਲਤਾਨਪੁਰ ਲੋਧੀ। ਸੁਲਤਾਨਪੁਰ ਲੋਧੀ ਗੁਰੂ ਜੀ ਦੀ ਕਰਮ ਭੂਮੀ ਹੈ, ਜਿਥੇ ਉਨ੍ਹਾਂ ਨੇ 13 ਸਾਲ ਤੋਂ ਵੀ ਵੱਧ ਸਮਾਂ ਬਿਤਾਇਆ ਅਤੇ ਇਥੋਂ ਹੀ ਉਨ੍ਹਾਂ ਨੇ ਲੋਕਾਈ ਨੂੰ ਈਸ਼ਵਰ ਨਾਲ ਜੋੜਨ ਅਤੇ ਸਦਕਰਮ ਕਰਨ ਦੀ ਪ੍ਰੇਰਨਾ ਦੇਣ ਲਈ ਦੇਸ਼-ਦੇਸ਼ਾਂਤਰਾਂ ਦਾ ਭਰਮਣ ਕਰਨਾ ਆਰੰਭਿਆ। ਸਾਖੀਆਂ ਮੁਤਾਬਕ ਇੱਥੇ ਗੁਰੂ ਨਾਨਕ ਦੇਵ ਜੀ ਦੇ ਵੱਡੇ ਭੈਣ ਬੀਬੀ ਨਾਨਕੀ ਜੀ ਵਿਆਹੇ ਸਨ ਅਤੇ ਗੁਰੂ ਨਾਨਕ ਦੇਵ ਜੀ ਨੇ ਇੱਥੇ 14-15 ਸਾਲ ਗੁਜ਼ਾਰੇ। ਸੁਲਤਾਨਪੁਰ ਲੋਧੀ ਦੇ ਵਿਚਕਾਰ ਖ਼ੂਬਸੂਰਤ ਬੇਬੇ ਨਾਨਕੀ ਜੀ ਦਾ ਘਰ ਹੈ। ਇਹ ਇਮਾਰਤ ਹਾਲਾਂਕਿ ਮੁੜ ਉਸਾਰੀ ਗਈ ਹੈ, ਪਰ ਇਸ ਨੂੰ ਦਿੱਖ ਪੁਰਾਤਨ ਦਿੱਤੀ ਗਈ ਹੈ।ਇੱਥੇ ਬੇਬੇ ਨਾਨਕੀ ਜੀ ਦੇ ਘਰ ਦੀ ਖੂਹੀ ਹਾਲੇ ਵੀ ਮੌਜੂਦ ਹੈ। ਪਹਿਲੀ ਮੰਜ਼ਿਲ ’ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਹੈ ਅਤੇ ਇੱਕ ਅਜਾਇਬ ਘਰ ਹੈ।ਸਿੱਖ ਸਾਖੀਆਂ ਮੁਤਾਬਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਭੈਣ ਇੱਥੇ ਆਪਣੇ ਪਤੀ ਜੈ ਰਾਮ ਜੀ ਨਾਲ ਰਹਿੰਦੇ ਸੀ, ਜੋ ਕਿ ਮਾਲ ਮਹਿਕਮੇ ਵਿੱਚ ਇੱਕ ਅਫ਼ਸਰ ਸਨ। ਗੁਰੂ ਨਾਨਕ ਦੇ ਪਿਤਾ ਮਹਿਤਾ ਕਾਲੂ ਰਾਮ ਨੇ ਗੁਰੂ ਨਾਨਕ ਦੇਵ ਜੀ ਨੂੰ ਉਨ੍ਹਾਂ ਦੀ ਭੈਣ ਕੋਲ ਇੱਥੇ ਭੇਜ ਦਿੱਤਾ ਸੀ, ਜਿਸ ਤੋਂ ਬਾਅਦ ਗੁਰੂ ਨਾਨਕ ਵੀ ਕਾਫੀ ਸਮਾਂ ਇੱਥੇ ਰਹੇ। ‘ਇਹ ਕਿਹਾ ਜਾਂਦਾ ਹੈ ਕਿ ਸੁਲਤਾਨਪੁਰ ਲੋਧੀ ਬਹੁਤ ਪੁਰਾਣਾ ਸ਼ਹਿਰ ਹੈ ਅਤੇ ਬਹੁਤ ਹੀ ਪ੍ਰਾਚੀਨ ਥੇਹ ’ਤੇ ਸਥਿਤ ਹੈ। ਬੁੱਧ ਕਾਲ ਵਿਚ ਇਹ ਇਕ ਮਹੱਤਵਪੂਰਨ ਨਗਰ ਸੀ ਪਰ ਵਰਤਮਾਨ ਸ਼ਹਿਰ ਨੂੰ ਮਹਿਮੂਦ ਗਜ਼ਨਵੀ ਦੇ ਜਰਨੈਲ ਸੁਲਤਾਨ ਖਾਂ ਲੋਧੀ ਨੇ 11ਵੀਂ ਸਦੀ ਵਿਚ ਵਸਾਇਆ ਸੀ, ਜਿਸ ਦੇ ਨਾਂ ’ਤੇ ਇਸ ਸ਼ਹਿਰ ਦਾ ਨਾਂ ਰੱਖਿਆ ਗਿਆ।

ਲੋਧੀਆਂ ਦੇ ਵੇਲੇ ਇਹ ਪੰਜਾਬ ਦੀ ਰਾਜਧਾਨੀ ਸੀ ਤੇ ਇਹ ਇਕ ਬਹੁਤ ਵੱਡਾ ਸ਼ਹਿਰ ਸੀ। ਦੌਲਤ ਖਾਂ ਲੋਧੀ ਦਿੱਲੀ ਦੇ ਬਾਦਸ਼ਾਹ ਇਬਰਾਹੀਮ ਲੋਧੀ ਵਲੋਂ ਪੰਜਾਬ ਦਾ ਗਵਰਨਰ ਥਾਪਿਆ ਗਿਆ ਸੀ ਤੇ ਉਹ ਸੁਲਤਾਨਪੁਰ ਰਿਹਾ ਕਰਦਾ ਸੀ। ਇਹ ਇਲਾਕਾ ਉਸ ਨੂੰ ਦਿੱਲੀ ਦੀ ਕੇਂਦਰੀ ਸਰਕਾਰ ਵਲੋਂ ਜਗੀਰ ਵਿਚ ਵੀ ਮਿਲਿਆ ਹੋਇਆ ਸੀ। ਦੌਲਤ ਖਾਂ ਲੋਧੀ ਨੇ ਹੀ ਬਾਬਰ ਨੂੰ ਹਿੰਦੁਸਤਾਨ ’ਤੇ ਹਮਲਾ ਕਰਨ ਲਈ ਉਕਸਾਇਆ ਤੇ ਇਬਰਾਹੀਮ ਲੋਧੀ ਦੇ ਕਈ ਗੁਪਤ ਭੇਦ ਦਿੱਤੇ। ਇਹ 1526 ਈ: ਵਿਚ ਮਰਿਆ। ਇਸ ਦੇ ਦੋ ਪੁੱਤਰ ਗਾਜ਼ੀ ਖਾਂ ਅਤੇ ਦਿਲਾਵਰ ਖਾਂ ਬਾਬਰ ਦੀ ਕਿਰਪਾ ਦੇ ਪਾਤਰ ਬਣੇ ਰਹੇ। ਦੌਲਤ ਖਾਂ ਲੋਧੀ ਦਾ ਕਿਲ੍ਹਾ ਭੈੜੀ ਹਾਲਤ ਵਿਚ ਸੁਲਤਾਨਪੁਰ ਦੇਖਿਆ ਜਾ ਸਕਦਾ ਹੈ, ਜਿਥੇ ਅੱਜ ਕੱਲ੍ਹ ਪੁਲਿਸ ਦੇ ਦਫ਼ਤਰ ਹਨ। ਮੁਗਲਾਂ ਦੇ ਵੇਲੇ ਦੇ ਬੇਈਂ ਨਦੀ ਦੇ ਦੋ ਪੁਲਾਂ ਦੇ ਨਿਸ਼ਾਨ ਅੱਜ ਵੀ ਦੇਖੇ ਜਾ ਸਕਦੇ ਹਨ। ਗੁਰਦੁਆਰਾ ਬੇਰ ਸਾਹਿਬ ਦੇ ਦੀਵਾਨ ਅਸਥਾਨ ਨੇੜੇ ਪੁਲ ਨੂੰ ਔਰੰਗਜ਼ੇਬ ਨੇ ਬਣਵਾਇਆ ਸੀ ਅਤੇ ਸਿਵਲ ਹਸਪਤਾਲ ਦੇ ਸਾਹਮਣੇ ਪੈਂਦੇ ਪੁਲ (ਹੁਣ ਇਹ ਥਾਂ ਪੱਕੀ ਸੜਕ ਦੇ ਨਾਲ ਪਈਆਂ ਦੁਕਾਨਾਂ ਵਾਲਿਆਂ ਦੇ ਕਬਜ਼ੇ ਵਿਚ ਹੈ) ਨੂੰ ਜਹਾਂਗੀਰ ਬਾਦਸ਼ਾਹ ਨੇ ਬਣਵਾਇਆ ਸੀ, ਜਦੋਂ ਇਹ ਸ਼ਹਿਰ ਦਿੱਲੀ ਤੋਂ ਲਾਹੌਰ ਜਾਂਦੀ ਜਰਨੈਲੀ ਸੜਕ ’ਤੇ ਪੈਂਦਾ ਸੀ ਤੇ ਜਲੰਧਰ ਦੁਆਬ ਦਾ ਇਹ ਇਕ ਪ੍ਰਸਿੱਧ ਨਗਰ ਸੀ। ਸੁਲਤਾਨਪੁਰ ਦੇ ਕਿਲ੍ਹੇ ਨੂੰ, ਜਿਸ ਨੂੰ ਪਿੱਛੋਂ ਇਕ ਸਰਾਂ ਦਾ ਰੂਪ ਦੇ ਦਿੱਤਾ ਗਿਆ, ਵਿਚ ਸ਼ਾਹਜਹਾਂ ਬਾਦਸ਼ਾਹ ਦੇ ਦੋ ਪੁੱਤਰਾਂ ਦਾਰਾ ਸ਼ਿਕੋਹ ਅਤੇ ਔਰੰਗਜ਼ੇਬ ਨੇ ਅਖੁੰਡ ਅਬਦੁਲ ਲਤੀਫ਼ ਨਾਂਅ ਦੇ ਮੌਲਵੀ ਤੋਂ ਸਿੱਖਿਆ ਪ੍ਰਾਪਤ ਕੀਤੀ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਭਣਵਈਆ ਜੈ ਰਾਮ (ਚੋਨਾ ਖੱਤਰੀ) ਜੋ ਦੌਲਤ ਖਾਂ ਲੋਧੀ ਦਾ ਦੀਵਾਨ ਸੀ, ਗੁਰੂ ਜੀ ਨੂੰ ਸੰਨ 1504 ਈ: ਵਿਚ ਸੁਲਤਾਨਪੁਰ ਲੋਧੀ ਲੈ ਆਏ ਅਤੇ ਦੌਲਤ ਖਾਂ ਲੋਧੀ ਦੇ ਮੋਦੀ ਖਾਨੇ ਨੂੰ ਚਲਾਉਣ ਦਾ ਕੰਮ ਸੌਂਪਿਆ ਗਿਆ। 1507 ਈ: ਵਿਚ ਗੁਰੂ ਜੀ ਨੇ ਮੋਦੀ ਖਾਨੇ ਦੀ ਨੌਕਰੀ ਤਿਆਗ ਦਿੱਤੀ। ਵੈਰਾਗ ਦੀ ਸਿਖਰ ਸੀ ਅਤੇ ਇਕ ਦਿਨ ਉਨ੍ਹਾਂ ਬੇਈਂ ਨਦੀ ਦੇ ਕੰਢੇ ਇਕਾਂਤ ਵਿਚ ਬੈਠਿਆਂ ਨੂੰ ਈਸ਼ਵਰੀ ਬੋਧ ਪ੍ਰਾਪਤ ਹੋਇਆ। ਉਨ੍ਹਾਂ ਜਪੁਜੀ ਸਾਹਿਬ ਦਾ ਮੂਲ ਮੰਤਰ ਉਚਾਰਿਆ। ਉਥੇ ਅੱਜ ਕੱਲ੍ਹ ਸ਼ਾਨਦਾਰ ਗੁਰਦੁਆਰਾ ਸੰਤਘਾਟ ਸੁਸ਼ੋਭਿਤ ਹੈ। ਪਰਿਵਾਰਕ ਝੰਜਟਾਂ ਨੂੰ ਛੱਡ ਉਨ੍ਹਾਂ ਨੇ ਇਥੋਂ ਹੀ ਪਹਿਲੀ ਉਦਾਸੀ ਦਾ ਸਫ਼ਰ ਸ਼ੁਰੂ ਕੀਤਾ। ਇਸ ਥਾਂ ਹੁਣ ਗੁਰਦੁਆਰਾ ਹੱਟ ਸਾਹਿਬ ਹੈ, ਜਿਥੇ ਗੁਰੂ ਸਾਹਿਬ ਦੇ ਹੱਥਾਂ ਦੀ ਛੋਹ ਪ੍ਰਾਪਤ 11 ਪੱਥਰ ਦੇ ਵੱਟੇ ਪਏ ਹਨ। ਕਪੂਰਥਲਾ ਰਿਆਸਤ ਵਲੋਂ 20 ਘੁਮਾਉ ਜ਼ਮੀਨ ਇਸ ਗੁਰੂ ਅਸਥਾਨ ਦੇ ਨਾਂ ਲਾਈ ਗਈ ਸੀ। ਗੁਰੂ ਕਾ ਬਾਗ ਗੁਰੂ ਸਾਹਿਬ ਦਾ ਰਿਹਾਇਸ਼ੀ ਮਕਾਨ ਸੀ। ਇਥੇ ਹੀ ਗੁਰੂ ਜੀ ਦਾ ਵਿਆਹ ਮਾਤਾ ਸੁਲੱਖਣੀ ਜੀ ਨਾਲ ਹੋਇਆ ਅਤੇ ਉਨ੍ਹਾਂ ਦੇ ਦੋਵੇਂ ਸਪੁੱਤਰ ਪੈਦਾ ਹੋਏ। ਗੁਰਦੁਆਰਾ ਧਰਮਸਾਲ ਗੁਰੂ ਅਰਜਨ ਦੇਵ (ਸਿਹਰਾ ਸਾਹਿਬ), ਗੁਰਦੁਆਰਾ ਕੋਠੜੀ ਸਾਹਿਬ ਅਤੇ ਗੁਰਦੁਆਰਾ ਬੇਰ ਸਾਹਿਬ ਗੁਰੂ ਜੀ ਨਾਲ ਸਬੰਧਿਤ ਹੋਰ ਗੁਰਦੁਆਰੇ ਹਨ। ਅੱਜ ਕੱਲ੍ਹ ਗੁਰਦੁਆਰਾ ਬੇਰ ਸਾਹਿਬ ਇਕ ਬਹੁਤ ਵੱਡੇ ਧਾਰਮਿਕ ਅਸਥਾਨ ਵਜੋਂ ਜਾਣਿਆ ਜਾਂਦਾ ਹੈ, ਜਿਥੇ ਗੁਰੂ ਸਾਹਿਬ ਦੇ ਹੱਥਾਂ ਦੀ ਲਾਈ ਬੇਰੀ ਮੌਜੂਦ ਹੈ। ਨਨਕਾਣਾ ਸਾਹਿਬ ਪਿੱਛੋਂ ਇਸ ਅਸਥਾਨ ਨੂੰ ਹੀ ਵੱਡੀ ਮਹਾਨਤਾ ਪ੍ਰਾਪਤ ਹੈ ਅਤੇ ਇਸ ਨੂੰ ਦੂਜਾ ਨਨਕਾਣਾ ਸਾਹਿਬ ਕਰਕੇ ਜਾਣਿਆ ਜਾਂਦਾ ਹੈ। ਇਸ ਗੁਰਦੁਆਰੇ ਦੇ ਨਾਂ ਰਿਆਸਤ ਕਪੂਰਥਲਾ ਵਲੋਂ 30 ਘੁਮਾਉਂ ਜ਼ਮੀਨ ਪਿੰਡ ਮਾਣਕ ਅਤੇ ਪਿੰਡ ਮਾਛੀ ਜੋਆ ਵਿਚ ਹੈ।




ਨਾਦਰ ਸ਼ਾਹ ਨੇ ਸੁਲਤਾਨਪੁਰ ਨੂੰ 1739 ਈ: ਵਿਚ ਸਾੜ ਦਿੱਤਾ ਸੀ। ਸੰਨ 1654 ਈ: ਵਿਚ ਪੰਜਾਬ ਵਿਚ ਵੱਡੇ ਹੜ੍ਹ ਆਏ ਸਨ। ਲੋਕ ਆਪਣੇ ਘਰ ਛੱਡ ਕੇ ਇਥੋਂ ਦੂਰ-ਦੁਰਾਡੇ ਇਲਾਕਿਆਂ ਵਿਚ ਚਲੇ ਗਏ ਸਨ। ਬਾਦਸ਼ਾਹ ਜਹਾਂਗੀਰ ਨੇ ਆਪਣੇ ਇਕ ਸੂਬੇਦਾਰ ਸ਼ੇਰ ਸ਼ਾਹ ਨੂੰ ਇਸ ਇਲਾਕੇ ਨੂੰ ਫਿਰ ਵਸਾਉਣ ਲਈ ਸੁਨਾਮ ਤੋਂ ਕੁਝ ਕੰਬੋਹ (ਕੰਬੋਜ) ਬਰਾਦਰੀ ਦੇ ਲੋਕ ਭੇਜੇ ਸਨ। ਇਸੇ ਕਰਕੇ ਇਸ ਖੇਤਰ ਵਿਚ ਅੱਜ ਕੰਬੋਜਾਂ ਦੀ ਸੰਘਣੀ ਵਸੋਂ ਹੈ।

ਸੁਲਤਾਨਪੁਰ ਲੋਧੀ ਜਿਹੜਾ ਕਿਸੇ ਵੇਲੇ ਵੱਡਾ ਸ਼ਹਿਰ ਸੀ ਅਤੇ ਪੰਜਾਬ ਦੀ ਰਾਜਧਾਨੀ ਰਿਹਾ ਹੈ, ਹੁਣ ਇਕ ਵੱਡੇ ਪਿੰਡ ਦੇ ਬਰਾਬਰ ਰਹਿ ਗਿਆ ਹੈ। ਇਸ ਖੇਤਰ ਵਿਚ ਇਹ ਦੰਦ-ਕਥਾ ਪ੍ਰਸਿੱਧ ਹੈ ਕਿ ਕਿਸੇ ਵੇਲੇ ਡਡਵਿੰਡੀ ਜਿਹੜਾ ਸੁਲਤਾਨਪੁਰ ਲਾਗੇ ਪਿੰਡ ਹੈ, ਸੁਲਤਾਨਪੁਰ ਦਾ ਦੁੱਧ ਦਾ ਬਾਜ਼ਾਰ ਸੀ ਅਤੇ ਲੋਹੀਆਂ ਲੋਹੇ ਦਾ। ਇਸ ਤੋਂ ਇਲਾਵਾ ਡੱਲਾ ਪਿੰਡ ਵੀ ਸੁਲਤਾਨਪੁਰ ਸ਼ਹਿਰ ਦਾ ਹਿੱਸਾ ਸੀ।

ਦਰਿਆ ਬਿਆਸ ਦਾ ਪੁਰਾਣਾ ਵਹਿਣ ਹਰੀਕੇ ਤੋਂ ਲੈ ਕੇ ਲਾਹੌਰ ਅਤੇ ਮਿੰਟਗੁਮਰੀ ਜ਼ਿਲ੍ਹਿਆਂ ਵਿਚ ਮਿਲਦਾ ਹੈ। ਜਦ ਇਹ ਦਰਿਆ ਸਤਲੁਜ ਦੀ ਬਜਾਏ ਦਰਿਆ ਝਨਾਂ (ਚਨਾਬ) ਨਾਲ ਸ਼ੁਜਾਬਾਦ ਨੇੜੇ ਮਿਲਦਾ ਸੀ। ਸੰਨ 1796 ਤੱਕ ਇਹ ਸਥਿਤੀ ਰਹੀ ਪਰ ਪਿੱਛੋਂ ਸਤਲੁਜ ਨਾਲ ਇਸ ਦਾ ਸੰਗਮ ਹੋ ਗਿਆ। ਸੰਨ 1796 ਤੋਂ ਪਹਿਲਾਂ ਜਿਹਲਮ, ਚਨਾਬ ਅਤੇ ਰਾਵੀ ਦਰਿਆ ਇਕੱਠੇ ਹੋ ਕੇ ਦਰਿਆ ਬਿਆਸ ਨਾਲ ਮੁਲਤਾਨ ਤੋਂ 45 ਕਿਲੋਮੀਟਰ ਥੱਲੇ ਦੱਖਣ ਮਿਲਦੇ ਸਨ। ਦਰਿਆ ਬਿਆਸ ਦਾ ਪੁਰਾਣਾ ਵਹਿਣ ਚੂਨੀਆਂ (ਜ਼ਿਲ੍ਹਾ ਲਾਹੌਰ) ਨੇੜੇ ਪਾਕਿਸਤਾਨ ਤੋਂ ਆਉਂਦਿਆਂ ਲੇਖਕ ਨੇ ਸੰਨ 1947 ਈ: ਵਿਚ ਦੇਖਿਆ ਸੀ ਜਦ ਇਸ ਵਹਿਣ ਦੇ ਸੱਜੇ ਪਾਸੇ ਚੂਨੀਆਂ ਸ਼ਹਿਰ ਵੱਲ ਉੱਚਾ ਢਾਹਿਆ ਸੀ। ਅਜਿਹਾ ਢਾਹਿਆ ਗੋਇੰਦਵਾਲ ਤੇ ਹੋਰ ਕਈ ਥਾਵਾਂ ’ਤੇ ਮਿਲਦਾ ਹੈ।

ਅੰਗਰੇਜ਼ਾਂ ਵੇਲੇ ਸੁਲਤਾਨਪੁਰ ਰਿਆਸਤ ਕਪੂਰਥਲਾ ਦੀ ਇਕ ਤਹਿਸੀਲ ਸੀ, ਜਿਸ ਦਾ ਖੇਤਰਫਲ 121 ਵਰਗ ਮੀਲ, ਅਬਾਦੀ 75945 (1901 ਦੀ ਮਰਦਮਸ਼ੁਮਾਰੀ ਅਨੁਸਾਰ) ਅਤੇ ਇਸ ਵਿਚ 176 ਪਿੰਡ ਸਨ। ਪੜ੍ਹ ਅਤੇ ਲਿਖ ਸਕਣ ਯੋਗ ਕੇਵਲ 1904 ਵਿਅਕਤੀ ਸਨ। ਕੁੱਲ 176 ਪਿੰਡਾਂ ਵਿਚੋਂ 110 ਪਿੰਡਾਂ ਦੀ ਭੂਮੀ ਵਾਹੀਯੋਗ, 19 ਪਿੰਡਾਂ ਦੀ ਖੂਹਾਂ ਨਾਲ ਸਿੰਚਾਈ ਹੁੰਦੀ ਸੀ ਅਤੇ 55 ਪਿੰਡਾਂ ਦੀ ਵਾਹੀਯੋਗ ਜ਼ਮੀਨ ਬੇਕਾਰ ਪਈ ਸੀ। ਸੁਲਤਾਨਪੁਰ ਸ਼ਹਿਰ ਦੀ ਆਬਾਦੀ 9004 (1901 ਦੀ ਜਨਗਣਨਾ) ਸੀ। ਇਹ ਸ਼ਹਿਰ ਹੱਥ ਨਾਲ ਛਪੇ ਕੱਪੜਿਆਂ, ਬਿਸਤਰੇ ਦੀਆਂ ਚਾਦਰਾਂ, ਫਰਸ਼ੀ ਕੱਪੜਾ, ਜਿਸ ਨੂੰ ਜਾਜ਼ਮ ਕਿਹਾ ਜਾਂਦਾ ਸੀ, ਮੇਜ਼ਪੋਸ਼ ਅਤੇ ਗੱਦੇਦਾਰ ਰਜਾਈਆਂ ਲਈ ਪ੍ਰਸਿੱਧ ਸੀ ਤੇ ਇਥੋਂ ਯੂਰਪ ਨੂੰ ਇਹ ਵਸਤੂਆਂ ਭੇਜੀਆਂ ਜਾਂਦੀਆਂ ਸਨ। 20ਵੀਂ ਸਦੀ ਦੇ ਸ਼ੁਰੂ ਵਿਚ ਸੁਲਤਾਨਪੁਰ ਸ਼ਹਿਰ ਵਿਚ ਇਕ ਮਿਡਲ ਸਕੂਲ ਤੇ ਇਕ ਡਿਸਪੈਂਸਰੀ ਸੀ। ਮੁਸਲਮਾਨ ਅਰਾਈਆਂ, ਮੁਸਲਮਾਨ ਰਾਜਪੂਤਾਂ ਅਤੇ ਜੱਟਾਂ, ਮੁਸਲਮਾਨ ਕੰਬੋਆਂ, ਸਿੱਖ ਕੰਬੋਆਂ ਅਤੇ ਸਿੱਖ ਜੱਟਾਂ ਦੀ ਇਸ ਖੇਤਰ ਵਿਚ ਆਬਾਦੀ ਸੀ। ਤਹਿਸੀਲ ਦੀ ਮਾਲੀਏ ਦੀ ਆਮਦਨ ਢਾਈ ਲੱਖ ਦੇ ਲਗਪਗ ਸੀ।

ਵਰਤਮਾਨ ਸਮੇਂ ਸੁਲਤਾਨਪੁਰ ਏਨਾ ਪ੍ਰਸਿੱਧ ਨਹੀਂ, ਜਿੰਨਾ ਪਹਿਲੇ ਸਮਿਆਂ ਵਿਚ ਹੋਇਆ ਕਰਦਾ ਸੀ। ਇਹ ਇਕ ਪਛੜਿਆ ਹੋਇਆ ਖੇਤਰ ਹੈ। ਭਾਵੇਂ ਦਰਿਆ ਬਿਆਸ ਦੇ ਖੱਬੇ ਕੰਢੇ ਅਤੇ ਕਾਲੀ ਬੇਈਂ ਦੇ ਦੋਵੇਂ ਪਾਸਿਆਂ ’ਤੇ ਧੁੱਸੀ ਬੰਨ੍ਹ ਬਣਨ ਨਾਲ ਇਲਾਕੇ ਦਾ ਆਰਥਿਕ ਪੱਖੋਂ ਕਾਫੀ ਸੁਧਾਰ ਹੋਇਆ ਹੈ, ਕਣਕ ਅਤੇ ਝੋਨੇ ਦੀ ਭਰਪੂਰ ਫਸਲ ਕਾਰਨ ਸੁਲਤਾਨਪੁਰ ਇਕ ਪ੍ਰਮੁੱਖ ਮੰਡੀ ਵਜੋਂ ਉੱਭਰਿਆ ਹੈ ਪਰ ਫਿਰ ਵੀ ਕਾਫੀ ਕੁਝ ਕਰਨ ਦੀ ਲੋੜ ਹੈ। ਅਜੇ ਵੀ ਵੱਡੇ ਹੜ੍ਹ ਆਉਣ ’ਤੇ ਇਸ ਖੇਤਰ ਦੀ ਭਾਰੀ ਬਰਬਾਦੀ ਹੁੰਦੀ ਹੈ। ਇਸ ਦਸ਼ਾ ਦੇ ਸੁਧਾਰ ਵੱਲ ਜ਼ਰੂਰੀ ਕਦਮ ਪੁੱਟਣ, ਇਕ ਗੰਨਾ ਮਿੱਲ ਲਾਉਣ, ਹੋਰ ਸਨਅਤਾਂ ਸਥਾਪਿਤ ਕਰਨ ਅਤੇ ਸੁਲਤਾਨਪੁਰ ਨੂੰ ‘ਟੂਰਿਸਟ ਸਪਾਟ’ ਵਜੋਂ ਉੱਨਤ ਕਰਨ ਦੀ ਲੋੜ ਹੈ। ਪੁਰਾਤਨ ਇਤਿਹਾਸਕ ਚਿੰਨ੍ਹਾਂ, ਜਿਨ੍ਹਾਂ ਵਿਚ ਕਿਲ੍ਹੇ ਦੀ ਢਹਿੰਦੀ ਇਮਾਰਤ (ਖਾਸ ਕਰ ਕੇ ਕਿਲ੍ਹੇ ਦੇ ਦਰਵਾਜ਼ੇ ਨੂੰ) ਦੋ ਪੁਰਾਣੇ ਪੁਲਾਂ ਦੇ ਢਾਂਚੇ, ਬੱਸ ਅੱਡੇ ਲਾਗੇ ਛੋਟੀ ਇੱਟ ਨਾਲ ਬਣੇ ਕੋਸ-ਮੀਨਾਰ, ਬੇਰ ਸਾਹਿਬ ਦੇ ਸਾਹਮਣੇ ਬੇਈਂ ਤੋਂ ਪਾਰ ਹਜੀਰਾ ਅਤੇ ਹੋਰ ਪੁਰਾਣੇ ਇਤਿਹਾਸਕ ਚਿੰਨ੍ਹਾਂ ਦੀ ਸਾਂਭ-ਸੰਭਾਲ ਦੀ ਬਹੁਤ ਜ਼ਰੂਰਤ ਹੈ।



# ਗੁਰੂ ਨਾਨਕ ਪੰਥ ਦਾ ਅਟੁੱਟ ਹਿੱਸਾ ਹੈ ਸਿੰਧੀ ਸਮਾਜ

**ਸਿੱਖ ਸਭਿਆਚਾਰ**

**ਚਰਨਜੀਤ ਸਿੰਘ ਗਰੋਵਰ**

> “ਸਿੰਧੀ ਸਮਾਜ ਉਹ ਸਮਾਜ ਹੈ ਜੋ ਚਾਹੇ ਜਿਸ ਰੂਪ ਵਿਚ ਵੀ ਹੋਵੇ, ਉਹ ਸਿੱਖ ਧਰਮ ਦਾ ਅਟੁੱਟ ਹਿੱਸਾ ਹੈ ਜਿਸ ਨੇ ਗੁਰਬਾਣੀ ਦੀ ਖ਼ੁਸ਼ਬੂ ਨੂੰ ਦੁਨੀਆ ਭਰ ਵਿਚ ਫੈਲਾਉਣ ਵਿਚ ਅਹਿਮ ਯੋਗਦਾਨ ਦਿੱਤਾ ਹੈ। ਦਿੱਲੀ ਦੇ ਕਨਾਟ ਪਲੇਸ ਵਿਚ ਇਕ ਬਹੁਤ ਵੱਡੇ ਸਿੰਧੀ ਕਾਰੋਬਾਰੀ ਰਾਜੇਸ਼ ਦਾ ਕਹਿਣਾ ਹੈ, ‘ਗੁਰਬਾਣੀ ਸਾਡਾ ਜੀਵਨ ਹੈ। ਅਸੀਂ ਹਮੇਸ਼ਾ ਗੁਰੂ ਗ੍ਰੰਥ ਸਾਹਿਬ ਤੋਂ ਹੀ ਸੇਧ ਲੈਂਦੇ ਹਾਂ।’”

ਜਦੋਂ ਕੁਝ ਸਾਲ ਪਹਿਲਾਂ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਜਥੇ ਨਾਲ ਅਤੇ ਪਿਛਲੇ ਮਹੀਨੇ ਸ੍ਰੀ ਕਰਤਾਰਪੁਰ ਸਾਹਿਬ ਜਾਣ ਦਾ ਸੁਭਾਗ ਪ੍ਰਾਪਤ ਹੋਇਆ ਤਾਂ ਗੁਰੂਘਰ ਕੇ ਲੰਗਰਾਂ ਵਿਚ ਕਈ ਸਹਿਜਧਾਰੀ ਵੀਰ ਸੇਵਾ ਕਰਦੇ ਹੋਏ ਦਿਖਾਈ ਦਿੱਤੇ। ਜੋ ਸਵੇਰੇ ਪ੍ਰਸ਼ਾਦੇ ਤਿਆਰ ਕਰ ਰਹੇ ਸਨ, ਉਹ ਸ਼ਾਮ ਨੂੰ ਵੀ ਉਥੇ ਹੀ ਅਤੇ ਜੋ ਸਵੇਰੇ ਬਰਤਨ ਸਾਫ਼ ਕਰ ਰਹੇ ਸੀ ਉਹ ਸ਼ਾਮ ਨੂੰ ਵੀ ਬਰਤਨ ਸਾਫ਼ ਕਰਦੇ ਦਿਖਾਈ ਦੇ ਰਹੇ ਸਨ। ਬਿਨਾਂ ਇਸ ਗੱਲ ਦੀ ਪ੍ਰਵਾਹ ਕੀਤਿਆਂ ਕਿ ਕੱਪੜਿਆਂ ਦਾ ਕੀ ਹਾਲ ਹੋ ਗਿਆ ਹੈ। ‘ਦਰਸ਼ਨਾਂ’ ਲਈ ਗਏ ਮੇਰੇ ਵਰਗੇ ਸਿੱਖਾਂ ਲਈ ਸੇਵਾ ਤਾਂ ਦੂਰ ਦੀ ਗੱਲ ਸੀ, ਉਥੇ ਗੁਰੂ ਦੇ ਦਰਬਾਰ ਵਿਚ ਨਾ ਤਾਂ ਬਹੁਤਾ ਪਾਠ ਸੁਣਨ ਲਈ ਬੈਠੇ ਅਤੇ ਨਾ ਹੀ ਕੀਰਤਨ ਸੁਣਨ ਲਈ। ਹਾਂ, ਇਹ ਜ਼ਰੂਰ ਕੀਤਾ ਕਿ ਬਾਜ਼ਾਰਾਂ ਵਿਚ ਸਾਮਾਨ ਖ਼ਰੀਦਿਆ ਅਤੇ ਦੌਰੇ ਕੀਤੇ। ਅੱਜ ਜਦੋਂ ਵੀ ਕਦੇ ਇਹ ਗੱਲ ਯਾਦ ਆਉਂਦੀ ਹੈ ਤਾਂ ਸ਼ਰਮਿੰਦਗੀ ਜ਼ਰੂਰ ਮਹਿਸੂਸ ਹੁੰਦੀ ਹੈ। ਉਹ ਸੇਵਾ ਵਿਚ ਜੁੜੇ ਚਿਹਰੇ ਜ਼ਰੂਰ ਯਾਦ ਆਉਂਦੇ ਹਨ ਜੋ ਸਿੰਧੀ ਭਾਈਚਾਰੇ ਵਿਚੋਂ ਸਨ। ਸ਼ਾਇਦ ਹੱਥੀਂ ਸੇਵਾ ਤਾਂ ਰੱਬ ਨੇ ਉਨ੍ਹਾਂ ਨੂੰ ਹੀ ਬਖ਼ਸ਼ ਦਿੱਤੀ ਸੀ । ਉਹ ਅਜਿਹੇ ਗੁਰੂ ਦੇ ਮਾਰਗ ’ਤੇ ਚੱਲੇ ਕਿ ਉੱਪਰ ਵਾਲੇ ਨੇ ਉਨ੍ਹਾਂ ’ਤੇ ਮਿਹਰ ਦੀ ਵੀ ਕੋਈ ਕਸਰ ਨਹੀਂ ਛੱਡੀ।

ਬਾਬੇ ਨਾਨਕ ਦੇ ਬਚਪਨ ਦੇ ਦੋਸਤ ਭਾਈ ਮਰਦਾਨਾ ਹਰ ਉਦਾਸੀ ਵਿਚ ਉਨ੍ਹਾਂ ਦੇ ਨਾਲ ਰਹੇ। ਕਹਿੰਦੇ ਨੇ ਕਿ ਇਕ ਸੱਚੇ ਮੁਸਲਮਾਨ ਵਾਂਗ ਉਨ੍ਹਾਂ ਨੇ ਦੁਨੀਆ ਤੋਂ ਵਿਦਾ ਹੋਣ ਤੋਂ ਪਹਿਲਾਂ ਮੱਕੇ ਜਾਣ ਦੀ ਇੱਛਾ ਪ੍ਰਗਟਾਈ। ਗੁਰੂ ਨਾਨਕ ਦੇਵ ਜੀ ਨੇ ਚੌਥੀ ਉਦਾਸੀ 1518 ਤੋਂ 1522 ਈ. ਤੱਕ ਪੱਛਮ ਦਿਸ਼ਾ ਵੱਲ ਕੀਤੀ। ਉਹ ਕਰਾਚੀ ਹੁੰਦੇ ਹੋਏ ਸਿੰਧ ਅਤੇ ਫਿਰ ਮੁਸਲਿਮ ਹਾਜੀਆਂ ਦੇ ਕਾਫ਼ਲੇ ਵਿਚ ਸ਼ਾਮਿਲ ਹੋ ਕੇ ਮਕਰਾਨ ਦੇ ਇਲਾਕੇ ਵਿਚ ਹੁੰਦੇ ਹੋਏ ਮੱਕੇ ਗਏ। ਗੁਰੂ ਜੀ ਆਪਣੀ ਯਾਤਰਾ ਦੌਰਾਨ ਜਦੋਂ ਸਿੰਧ ਨਦੀ ਕਿਨਾਰੇ ਪੁੱਜੇ ਤਾਂ ਇਲਾਕੇ ਦੇ ਲੋਕ ਉਨ੍ਹਾਂ ਦੇ ਚਰਨਾਂ ਵਿਚ ਜੁੜੇ। ਇਕ ਸਮਾਜ ਦੇ ਰੂਪ ਵਿਚ ਸਭ ਤੋਂ ਪਹਿਲਾਂ ਇਹੀ ਸਿੰਧੀ ਲੋਕ ਸਨ, ਜਿਨ੍ਹਾਂ ਨੇ ਗੁਰੂ ਮਾਰਗ ਨੂੰ ਅਪਣਾਇਆ। ਸਿੱਖ ਸਮਾਜ ਦਾ ਅਟੁੱਟ ਅੰਗ ਹੋਣ ਦੇ ਬਾਵਜੂਦ ਅੱਜ ਵੀ ਇਨ੍ਹਾਂ ਦੀ ਪਛਾਣ ਹਿੰਦੁਸਤਾਨ ਵਿਚ ਸਹਿਜਧਾਰੀ ਅਤੇ ਪਾਕਿਸਤਾਨ ਵਿਚ ਨਾਨਕ ਪੰਥੀ ਦੇ ਰੂਪ ਵਿਚ ਹੈ ।

1947 ਵਿਚ ਭਾਰਤ ਅਤੇ ਪਾਕਿਸਤਾਨ ਦੀ ਵੰਡ ਤੋਂ ਬਾਅਦ ਹੁਣ ਸਿੰਧ ਵਿਚ ਸਿਰਫ਼ 6.8 ਪ੍ਰਤੀਸ਼ਤ ਹਿੰਦੂ ਅਤੇ ਸਿੱਖ ਸਿੰਧੀ ਹਨ ਬਾਕੀ ਭਾਰਤ ਅਤੇ ਹੋਰ ਦੇਸ਼ਾਂ ਵਿਚ ਜਾ ਕੇ ਵਸ ਗਏ। ਅੱਜ ਭਾਰਤ ਵਿਚ 38 ਲੱਖ ਤੋਂ ਵਧੇਰੇ ਸਿੰਧੀ ਹਨ ਜੋ ਗੁਜਰਾਤ, ਮਹਾਰਾਸ਼ਟਰ, ਰਾਜਸਥਾਨ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼, ਦਿੱਲੀ ਅਤੇ ਪੰਜਾਬ ਆਦਿ ਵਿਚ ਹਨ। ਇਹ ਜਿੱਥੇ ਵੀ ਗਏ ਹਨ, ਉਥੇ ਸਿੱਖੀ ਦੀ ਖ਼ੁਸ਼ਬੂ ਨਾਲ ਲੈ ਕੇ ਗਏ ਹਨ। ਭਾਰਤ ਤੋਂ ਬਾਅਦ ਇਹ ਸਭ ਤੋਂ ਵੱਡੀ ਗਿਣਤੀ ਵਿਚ ਸਾਊਦੀ ਅਰਬ ਵਿਚ ਰਹਿ ਰਹੇ ਹਨ ਜਿੱਥੇ ਇਨ੍ਹਾਂ ਦੀ ਗਿਣਤੀ ਇਕ ਲੱਖ 81 ਹਜ਼ਾਰ ਹੈ। ਇਸ ਤੋਂ ਇਲਾਵਾ ਉਹ ਯੂਨਾਈਟਿਡ ਅਰਬ ਅਮੀਰਾਤ, ਯੂ.ਕੇ., ਮਲੇਸ਼ੀਆ, ਕੈਨੇਡਾ, ਇੰਡੋਨੇਸ਼ੀਆ, ਅਮਰੀਕਾ, ਅਫ਼ਗਾਨਿਸਤਾਨ ਸਿੰਗਾਪੁਰ ਅਤੇ ਓਮਾਨ ਵਿਚ ਵੀ ਵਸਦੇ ਹਨ।

ਪਿਛਲੀ ਸਦੀ ਦੇ ਸ਼ੁਰੂ ਵਿਚ ਭਾਵ 1901 ਵਿਚ ਕੇਸਧਾਰੀ ਸਿੰਧੀਆਂ ਦੀ ਗਿਣਤੀ ਇਕ ਹਜ਼ਾਰ ਦੇ ਕਰੀਬ ਹੀ ਸੀ ਹਾਲਾਂਕਿ ਸਹਿਜਧਾਰੀਆਂ ਦੀ ਗਿਣਤੀ ਬਹੁਤ ਸੀ। ਬਹੁਤ ਸਾਰੀਆਂ ਹਿੰਦੂ ਸਿੰਧੀ ਔਰਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਨ ਦੇ ਯੋਗ ਬਣਨ ਲਈ ਗੁਰਮੁਖੀ ਵਰਣਮਾਲਾ ਸਿੱਖੀ। ਅੰਮ੍ਰਿਤਸਰ ਦੇ ਚੀਫ਼ ਖ਼ਾਲਸਾ ਦੀਵਾਨ ਦੇ ਯਤਨਾਂ ਨਾਲ 1941 ਤੱਕ ਇਹ ਗਿਣਤੀ 39 ਹਜ਼ਾਰ ਤੋਂ ਵੱਧ ਹੋ ਗਈ ਸੀ। ਅੱਜ ਪਾਕਿਸਤਾਨ ਵਿਚ ਲਗਭਗ 3 ਕਰੋੜ 57 ਲੱਖ ਅਤੇ ਭਾਰਤ ਵਿਚ ਲਗਭਗ 3 ਲੱਖ 81 ਹਜ਼ਾਰ ਸਿੰਧੀ ਹਨ।

ਸਹਿਜਧਾਰੀ ਸਿੰਧੀਆਂ ਦਾ ਸਿੱਖ ਧਰਮ ਨਾਲ ਰਿਸ਼ਤਾ ਮਹਾਨ ਹੈ। ਉਹ ਜਿੱਥੇ ਵੀ ਗਏ ਹਨ, ਉਥੇ ਸਿੱਖੀ ਦੀ ਖ਼ੁਸ਼ਬੂ ਨਾਲ ਲੈ ਕੇ ਗਏ ਹਨ। ਦੇਸ਼ ਦੀ ਵੰਡ ਸਮੇਂ ਪੰਜਾਬ ਅਤੇ ਬੰਗਾਲ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਗਿਆ ਸੀ, ਪਰ ਸਾਰਾ ਸਿੰਧ ਪਾਕਿਸਤਾਨ ਵਿਚ ਚਲਾ ਗਿਆ ਸੀ। ਹਿੰਦੂ ਅਤੇ ਸਿੱਖ ਸਿੰਧੀਆਂ ਕੋਲ ਦੂਜਾ ਸਿੰਧ ਨਹੀਂ ਸੀ, ਸੋ ਉਹ ਭਾਰਤ ਅਤੇ ਹੋਰ ਦੇਸ਼ਾਂ ਵਿਚ ਜਾ ਕੇ ਵਸ ਗਏ।

ਪਾਕਿਸਤਾਨ ਅਤੇ ਭਾਰਤ ਤੋਂ ਬਾਅਦ ਦੁਬਈ ਜਾ ਕੇ ਸਭ ਤੋਂ ਪਹਿਲਾਂ ਇਨ੍ਹਾਂ ਨੇ ਇਕ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ ਅਤੇ ਬੀਤੇ ਦਿਨੀਂ ‘ਦਾ ਰੀਗਲ ਮੈਨ ਵਾਸੂ ਸ਼ਿਰੋਫ’ ਵਲੋਂ ਨਿਰਮਾਣ ਕੀਤੇ ਗਏ ਹਿੰਦੂ ਸਿੰਧੀ ਮੰਦਰ ਦਾ ਉਦਘਾਟਨ ਹੋ ਰਿਹਾ ਹੈ ਜੋ ਦੁਬਈ ਦਾ ਸ਼ੇਖ ਕਰ ਰਿਹਾ ਹੈ। ਜਿਥੇ ਵੱਖ ਵੱਖ ਮੁਲਕਾਂ ਦੇ ਨੁਮਾਇੰਦਿਆਂ ਦੀ ਹਾਜ਼ਰੀ ਵਿਚ ਸਿੰਧੀ ਸਮਾਜ ਦੇ ਇਕ ਪ੍ਰਮੁੱਖ ਧਾਰਮਿਕ ਆਗੂ ਲਛਮਣ ਚੇਲਾ ਰਾਮ ਜੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਅਤੇ ਗੁਰਬਾਣੀ ਦਾ ਕੀਰਤਨ ਕਰਨ ਲਈ ਵਿਸ਼ੇਸ਼ ਤੌਰ ’ਤੇ ਭਾਰਤ ਵਿਚੋਂ ਗਏ ਹਨ।

ਇੰਡੋਨੇਸ਼ੀਆ ਵਰਗੇ ਦੇਸ਼ਾਂ ਵਿਚ ਭਾਵੇਂ ਸਿੰਧੀਆਂ ਦੀ ਬਹੁਤੀ ਆਬਾਦੀ ਨਹੀਂ ਪਰ ਗੁਰਦੁਆਰਾ ਇਥੇ ਵੀ ਹੈ। ਇਥੇ ਹੀ ਉਹ ਆਪਣੇ ਪਰਿਵਾਰਕ ਸਮਾਗਮ ਕਰਦੇ ਹਨ। ਟੀ.ਵੀ. ਪੱਤਰਕਾਰ ਜਸਪ੍ਰੀਤ ਸਿੰਘ, ਜੋ ਇੰਡੋਨੇਸ਼ੀਆ ਵਿਚ ਸੁਨਾਮੀ ਆਉਣ ਤੋਂ ਬਾਅਦ ਕਵਰੇਜ ਲਈ ਇਥੇ ਗਏ ਸਨ, ਦੱਸਦੇ ਹਨ ਕਿ ਉਥੋਂ ਦੀ ਫ਼ਿਲਮ ਇੰਡਸਟਰੀ ਵਿਚ ਇਕ ਸਿੰਧੀ ਪਰਿਵਾਰ ਦਾ ਵੱਡਾ ਨਾਂਅ ਹੈ। ਜਦੋਂ ਉਹ ਉਥੇ ਸਨ ਤਾਂ ਇਸ ਪਰਿਵਾਰ ਵਿਚ ਇਕ ਵਿਆਹ ਸੀ। ਇਹ ਵਿਆਹ ਉਨ੍ਹਾਂ ਕਿਸੇ ਸਟਾਰ ਹੋਟਲ ਵਿਚ ਨਹੀਂ ਸੀ ਕੀਤਾ ਬਲਕਿ ਗੁਰਦੁਆਰੇ ਵਿਚ ਕੀਤਾ ਸੀ ਅਤੇ ਬਰਾਤੀਆਂ



ਦੀ ਸੇਵਾ ਲਈ ਗੁਰੂ ਕਾ ਲੰਗਰ ਹੀ ਤਿਆਰ ਕਰਵਾਇਆ ਗਿਆ ਸੀ। ਇਹ ਹੈ ਉਨ੍ਹਾਂ ਦੀ ਕਹਿਣੀ ਅਤੇ ਕਰਨੀ ਦਾ ਹਿੱਸਾ।

ਪਾਕਿਸਤਾਨ ਦੀ 1998 ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਸਿੰਧ ਸੂਬੇ ਦੀ ਕੁੱਲ ਆਬਾਦੀ ਦਾ ਲਗਭਗ 8 ਫ਼ੀਸਦੀ ਹਿੰਦੂ ਹਨ। ਪਾਕਿਸਤਾਨ ਵਿਚ ਇਨ੍ਹਾਂ ਦੇ ਮੁੱਖ ਤੀਰਥ ਸਥਾਨ ਪੰਜਾਬ ਵਿਚ ਸ੍ਰੀ ਨਨਕਾਣਾ ਸਾਹਿਬ ਅਤੇ ਡੇਰਾ ਸਾਹਿਬ ਅਤੇ ਸਿੰਧ ਵਿਚ ਸੁੱਕਰ ਦੇ ਨੇੜੇ ਸਾਧ ਬੇਲਾ 1823 ਵਿਚ ਬਣਿਆ ਇਕ ਉਦਾਸੀ ਤੀਰਥ ਸਥਾਨ ਹੈ। 1947 ਤੋਂ ਪਹਿਲਾਂ, ਹਾਲਾਂਕਿ, ਕਰਾਚੀ ਵਿਚ ਰਹਿਣ ਵਾਲੇ ਕੁਝ ਗੁਜਰਾਤੀ ਬੋਲਣ ਵਾਲੇ ਪਾਰਸੀਆਂ ਤੋਂ ਇਲਾਵਾ, ਲਗਭਗ ਸਾਰੇ ਵਸਨੀਕ ਸਿੰਧੀ ਸਨ।

ਭਾਰਤ ਵਿਚ ਬਹੁਤੇ ਸਿੰਧੀ ਰਾਜਸਥਾਨ, ਗੁਜਰਾਤ, ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਦੇ ਨਾਲ-ਨਾਲ ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਵਿਚ ਵਸਦੇ ਹਨ। 1947 ਵਿਚ ਵੰਡ ਦੌਰਾਨ ਸਿੰਧ ਤੋਂ ਆਏ ਸ਼ਰਨਾਰਥੀਆਂ ਨੂੰ ਠਹਿਰਾਉਣ ਲਈ ਭਾਰਤ ਸਰਕਾਰ ਨੇ ਆਦੀਪੁਰ ਦੀ ਇਕ ਸ਼ਰਨਾਰਥੀ ਕੈਂਪ ਵਜੋਂ ਸਥਾਪਨਾ ਕੀਤੀ। ਉਸ ਸਮੇਂ ਆਚਾਰੀਆ ਕ੍ਰਿਪਲਾਨੀ ਅਤੇ ਭਾਈ ਪ੍ਰਤਾਪ ਦਿਆਲਦਾਸ ਦੀ ਅਗਵਾਈ ਵਿਚ ਬਣਾਈ ਗਈ ਸਿੰਧੂ ਰੀਸੈਟਲਮੈਂਟ ਕਾਰਪੋਰੇਸ਼ਨ ਨੂੰ ਕੱਛ ਦੇ ਮਹਾਰਾਜ ਮਹਾਰਾਓ ਸ੍ਰੀ ਵਿਜੇਰਾਜਜੀ ਖੇਂਗਰਜੀ ਜਡੇਜਾ ਨੇ 15,000 ਏਕੜ ਜ਼ਮੀਨ ਦਾਨ ਕੀਤੀ। ਕੱਛ ਦੀ ਖਾੜੀ ’ਤੇ ਕਾਂਡਲਾ ਦੀ ਨਵੀਂ ਬੰਦਰਗਾਹ ਲਈ ਭਾਰਤ ਸਰਕਾਰ ਵਲੋਂ ਚੁਣੇ ਗਏ ਸਥਾਨ ਤੋਂ ਕੁਝ ਮੀਲ ਫ਼ਾਸਲੇ ’ਤੇ ਇਕ ਨਵਾਂ ਕਸਬਾ ਹੋਂਦ ਵਿਚ ਆਇਆ ਜਿਸ ਦਾ ਨੀਂਹ ਪੱਥਰ ਮੋਹਨਦਾਸ ਗਾਂਧੀ ਦੇ ਆਸ਼ੀਰਵਾਦ ਨਾਲ ਰੱਖਿਆ ਗਿਆ ਸੀ ਅਤੇ ਇਸ ਲਈ ਕਸਬੇ ਦਾ ਨਾਂ ਗਾਂਧੀਧਾਮ ਰੱਖਿਆ ਗਿਆ ਸੀ।

ਵੰਡ ਦੌਰਾਨ ਹੀ ਜਦੋਂ ਸਿੰਧੀ ਪ੍ਰਵਾਸੀਆਂ ਦੇ ਜਹਾਜ਼ ਮੁੰਬਈ ਦੇ ਤੱਟ ’ਤੇ ਪਹੁੰਚੇ ਤਾਂ ਉਨ੍ਹਾਂ ਨੂੰ ਬੱਸਾਂ ਅਤੇ ਹੋਰ ਵਾਹਨਾਂ ਵਿਚ ਬਿਠਾ ਕੇ ਸਿਓਂ ਅਤੇ ਬੋਰੀਵਲੀ ਵਰਗੀਆਂ ਥਾਵਾਂ ’ਤੇ ਅਸਥਾਈ ਕੈਂਪਾਂ ਵਿਚ ਭੇਜਿਆ ਗਿਆ। ਇੱਥੋਂ ਬਹੁਤ ਸਾਰੇ ਲੋਕ ਪਿੰਪਰੀ, ਕੋਲ੍ਹਾਪੁਰ ਆਦਿ ਥਾਵਾਂ ’ਤੇ ਪਹੁੰਚੇ। ਕਈ ਲੋਕਾਂ ਨੂੰ ਮੁੰਬਈ ਤੋਂ 30 ਕਿਲੋਮੀਟਰ ਦੂਰ ਕਲਿਆਣ ਕੈਂਪ ਵਿਚ ਰੱਖਿਆ ਗਿਆ ਸੀ। ਮੁੰਬਈ ਤੋਂ 58 ਕਿਲੋਮੀਟਰ ਦੂਰ ਬੰਜਰ ਜ਼ਮੀਨ ‘ਤੇ ਉਲਹਾਸ ਨਦੀ ਦੇ ਕੰਢੇ ਕਲਿਆਣ ਮਿਲਟਰੀ ਟਰਾਂਜ਼ਿਟ ਕੈਂਪ ਸੀ ਜਿਸ ਨੂੰ ਕਲਿਆਣ ਕੈਂਪ ਵੀ ਕਿਹਾ ਜਾਂਦਾ ਸੀ । ਇਥੇ ਦੂਜੇ ਵਿਸ਼ਵ ਯੁੱਧ ਦੌਰਾਨ 6,000 ਸਿਪਾਹੀਆਂ ਅਤੇ 30,000 ਹੋਰਾਂ ਦੇ ਰਹਿਣ ਲਈ ਉਲਹਾਸ ਨਗਰ ਦੀ ਸਥਾਪਨਾ ਵਿਸ਼ੇਸ਼ ਤੌਰ ‘ਤੇ ਕੀਤੀ ਗਈ ਸੀ। ਇੱਥੇ ਅੰਗਰੇਜ਼ ਫ਼ੌਜੀਆਂ ਲਈ ਬਣੀਆਂ ਬੈਰਕਾਂ ਵਿਚ ਸਿੰਧੀ ਸ਼ਰਨਾਰਥੀਆਂ ਨੇ ਨਵੇਂ ਸਿਰਿਓਂ ਜੀਵਨ ਸ਼ੁਰੂ ਕੀਤਾ। ਸਿੰਧ ਵਿਚ ਰਹਿਣ ਵਾਲੇ ਸਿੱਖ ਵੀ ਉਲਹਾਸ ਨਗਰ ਵਿਚ ਆ ਕੇ ਵਸ ਗਏ ਅਤੇ ਇੱਥੇ ਕਈ ਵੱਡੇ ਗੁਰਦੁਆਰੇ ਹਨ।

ਹੈਦਰਾਬਾਦ ਤੋਂ ਸ਼ਰਨਾਰਥੀ ਸਿੰਧੀ ਹਿੰਦੂ ਮੁੰਬਈ ਅਤੇ ਗੋਆ ਰਾਹੀਂ ਬੰਗਲੌਰ ਵੀ ਚਲੇ ਗਏ ਅਤੇ ਕੌਕਸ ਟਾਊਨ ਵਿਚ ਇਕ ਕਮਿਊਨਿਟੀ ਹਾਊਸਿੰਗ ਸੁਸਾਇਟੀ ਬਣਾਈ ਗਈ ਸੀ, ਜਿਸ ਵਿਚ ਇਕ ਮੰਦਰ, ਸਿੰਧੀ ਐਸੋਸੀਏਸ਼ਨ ਅਤੇ ਇਕ ਸਿੰਧੀ ਸੋਸ਼ਲ ਹਾਲ ਜੋ ਖ਼ੁਸ਼ੀ ਦੇ ਜਸ਼ਨਾਂ, ਵਿਆਹਾਂ ਅਤੇ ਤਿਉਹਾਰਾਂ ਜਿਵੇਂ ਕਿ ਹੋਲੀ ਅਤੇ ਗੁਰੂ ਨਾਨਕ ਜੈਅੰਤੀ ਲਈ ਇਕ ਕਮਿਊਨਿਟੀ ਸੈਂਟਰ ਬਣਾਇਆ।

ਸਿੰਧੀ ਸਮਾਜ ਦੇ ਧਾਰਮਿਕ ਆਗੂ ਜਿਨ੍ਹਾਂ ਦਾ ਜ਼ਿਕਰ ਪਹਿਲਾਂ ਵੀ ਕੀਤਾ ਜਾ ਚੁੱਕਾ ਹੈ, ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਬੇਅੰਤ ਯਤਨ ਕਰ ਚੁੱਕੇ ਹਨ ਜਿਨ੍ਹਾਂ ਵਿਚ ਅੱਠ ਭਾਸ਼ਾਵਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਅਤੇ 11 ਭਾਸ਼ਾਵਾਂ ਵਿਚ ਸੁਖਮਨੀ ਸਾਹਿਬ ਦਾ ਅਨੁਵਾਦ ਸ਼ਾਮਿਲ ਹੈ। ਉਨ੍ਹਾਂ ਨੂੰ ਸਿੱਖੀ ਦੀ ਚਿਣਗ ਉਨ੍ਹਾਂ ਦੇ ਪਿਤਾ ਦਾਦਾ ਚੇਲਾ ਰਾਮ ਜੀ ਤੋਂ ਲੱਗੀ ਸੀ ਅਤੇ ਹਿਮਾਚਲ ਪ੍ਰਦੇਸ਼ ਵਿਚ ਸਪਰੂਨ ਨੂੰ ਉਨ੍ਹਾਂ ਨੇ ਆਪਣਾ ਕੇਂਦਰ ਬਣਾਇਆ। ਬਹੁਤ ਸਾਰੇ ਹੋਰ ਸਿੰਧੀਆਂ ਵਾਂਗ ਆਪਣੇ ਸਹਿਜਧਾਰੀ ਹੋਣ ਬਾਰੇ ਉਹ ਬੜੀ ਨਿਮਰਤਾ ਨਾਲ ਆਖਦੇ ਹਨ, ਗੁਰੂ ਸਾਹਿਬ ਨੇ ਹਰੇਕ ਦੀ ਆਪਣੀ ਡਿਊਟੀ ਲਾਈ ਹੈ। ਭਾਈ ਘਨੱਈਆ ਦੀ ਡਿਊਟੀ ਯੁੱਧ ਦੇ ਮੈਦਾਨ ਵਿਚ ਸੇਵਾ ਦੀ ਸੀ ਅਤੇ ਭਾਈ ਨੰਦ ਲਾਲ ਗੋਯਾ ਦੀ ਇਕ ਲਿਖਾਰੀ ਦੇ ਰੂਪ ਵਿਚ ਹੀ ਸੀ। ‘ਗੁਰਬਾਣੀ ਕੀਰਤਨ ਦਾ ਗਾਇਨ ਤਾਂ ਉਹ ਹਮੇਸ਼ਾ ਕਰਦੇ ਰਹਿੰਦੇ ਹਨ। ਸਿੰਧੀ ਸਮਾਜ ਉਹ ਸਮਾਜ ਹੈ ਜੋ ਚਾਹੇ ਜਿਸ ਰੂਪ ਵਿਚ ਵੀ ਹੋਵੇ, ਉਹ ਸਿੱਖ ਧਰਮ ਦਾ ਅਟੁੱਟ ਹਿੱਸਾ ਹੈ ਜਿਸ ਨੇ ਗੁਰਬਾਣੀ ਦੀ ਖ਼ੁਸ਼ਬੂ ਨੂੰ ਦੁਨੀਆ ਭਰ ਵਿਚ ਫੈਲਾਉਣ ਵਿਚ ਅਹਿਮ ਯੋਗਦਾਨ ਦਿੱਤਾ ਹੈ। ਦਿੱਲੀ ਦੇ ਕਨਾਟ ਪਲੇਸ ਵਿਚ ਇਕ ਬਹੁਤ ਵੱਡੇ ਸਿੰਧੀ ਕਾਰੋਬਾਰੀ ਰਾਜੇਸ਼ ਦਾ ਕਹਿਣਾ ਹੈ, ‘ਗੁਰਬਾਣੀ ਸਾਡਾ ਜੀਵਨ ਹੈ। ਅਸੀਂ ਹਮੇਸ਼ਾ ਗੁਰੂ ਗ੍ਰੰਥ ਸਾਹਿਬ ਤੋਂ ਹੀ ਸੇਧ ਲੈਂਦੇ ਹਾਂ।’

# ਸਰਬੱਤ ਦੇ ਭਲੇ ਦੇ ਇਨਕਲਾਬ ਦੇ ਜਨਮਦਾਤਾ ਸਤਿਗੁਰੂ ਨਾਨਕ ਦੇਵ



**ਡਾ. ਜਸਪਾਲ ਸਿੰਘ**
ਸਾਬਕਾ ਉਪ ਕੁਲਪਤੀ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਦੌਰ ਵਿਚ ਇਕ ਨਵੀਂ ਸਮਾਜਿਕ ਕ੍ਰਾਂਤੀ ਦੀ ਸਖ਼ਤ ਲੋੜ ਸੀ। ਇਹ ਉਹ ਸਮਾਂ ਸੀ ਜਦੋਂ ਸਮਾਜਕ ਖੇਤਰ ਵਿਚ ਜਾਤੀ ਅਤੇ ਨਸਲ ਦੇ ਆਧਾਰ ’ਤੇ ਵੱਖ-ਵੱਖ ਵਰਗਾਂ ਨੂੰ ਮੁੱਖ-ਧਾਰਾ ਤੋਂ ਬਾਹਰ ਕਰ ਦਿੱਤਾ ਗਿਆ ਸੀ। ਕੁਝ ਖ਼ਾਸ ਤਬਕਿਆਂ ਦੀ ਆਰਥਿਕ ਇਜ਼ਾਰੇਦਾਰੀ, ਵੱਡੀ ਗਿਣਤੀ ਵਿਚ ਲੋਕਾਂ ਨਾਲ ਬੇਇਨਸਾਫ਼ੀ ਕਰ ਰਹੀ ਸੀ। ਜਨਤਾ ਨੂੰ ਲਗਾਤਾਰ ਗੁਰਬਤ ਵਿਚ ਰਹਿਣ ਲਈ ਮਜਬੂਰ ਕੀਤਾ ਜਾ ਰਿਹਾ ਸੀ। ਦੇਸ਼ ਦੀ ਤਕਰੀਬਨ ਅੱਧੀ ਅਬਾਦੀ ਨੂੰ ਲਿੰਗ ਦੇ ਆਧਾਰ ’ਤੇ ਵਿਤਕਰੇ ਦਾ ਸ਼ਿਕਾਰ ਬਣਾ ਦਿੱਤਾ ਗਿਆ ਸੀ।

ਇਥੇ ਇਸ ਹਕੀਕਤ ਨੂੰ ਵੀ ਸਮਝ ਲੈਣਾ ਚਾਹੀਦਾ ਹੈ ਕਿ ਐਸਾ ਸਮਾਜ, ਜਿਸ ਵਿਚ ਵੱਡੀ ਗਿਣਤੀ ਵਿਚ ਲੋਕ-ਸਮੂਹਾਂ ਨੂੰ ਮੁੱਖ ਧਾਰਾ ਵਿਚ ਸ਼ਾਮਿਲ ਹੀ ਨਾ ਹੋਣ ਦਿੱਤਾ ਜਾਂਦਾ ਹੋਵੇ, ਉਸਾਰੂ ਭੂਮਿਕਾ ਨਹੀਂ ਨਿਭਾਅ ਸਕਦਾ। ਫਿਰ, ਜੇ ਸਮੁੱਚਾ ਸਮਾਜ, ਵਿਕਾਸ ਦੀ ਮੁਨਾਸਬ ਰਾਹ ’ਤੇ ਨਾ ਤੁਰ ਰਿਹਾ ਹੋਵੇ, ਅਤੇ ਜੇ ਵਿਕਾਸ ਦਾ ਲਾਭ ਸਾਰਿਆਂ ਨੂੰ ਇਕਸਾਰ ਨਾ ਪਹੁੰਚ ਰਿਹਾ ਹੋਵੇ ਤਾਂ ਸਮਾਜ ਵਿਚ ਸੁਖਾਵਾਂ ਮਾਹੌਲ ਕਾਇਮ ਰਹਿਣ ਦੀਆਂ ਸੰਭਾਵਨਾਵਾਂ ਖ਼ਤਮ ਹੋ ਜਾਂਦੀਆਂ ਹਨ। ਭਾਰਤੀ ਸਮਾਜ ਵਿਚ ਇਹੋ ਕੁਝ ਵਾਪਰ ਰਿਹਾ ਹੈ।

ਇਸ ਸਾਰੇ ਪਰਿਪੇਖ ਵਿਚ ਗੁਰੂ ਨਾਨਕ ਸਾਹਿਬ ਨੇ ਇਕ ਨਵੇਂ ਸਮਾਜ ਦੀ ਸਿਰਜਣਾ ਦਾ ਆਗ਼ਾਜ਼ ਕੀਤਾ ਸੀ। ਇਸ ਸਮਾਜ ਦੀ ਬੁਨਿਆਦ ਮਨੁੱਖੀ ਅਧਿਕਾਰਾਂ ਤੇ ਬਰਾਬਰੀ ਦੀਆਂ ਕਦਰਾਂ-ਕੀਮਤਾਂ ਉਪਰ ਰੱਖੀ ਗਈ ਸੀ। ਸਵੈ-ਮਾਣ ਤੇ ਸਹਿਹੋਂਦ ਇਸ ਬਹੁਲਵਾਦੀ ਸਮਾਜ ਦੀਆਂ ਮੁੱਖ ਖ਼ਾਸੀਅਤਾਂ ਸਨ। ਇਤਿਹਾਸਕ ਲਿਖਤਾਂ ’ਚੋਂ ਪੁਖਤਾ ਸੰਕੇਤ ਮਿਲਦੇ ਹਨ ਕਿ ਗੁਰੂ ਸਾਹਿਬ ਕਿਸੇ ਆਧਾਰ ’ਤੇ, ਕਿਸੇ ਵੀ ਵਰਗ ਨਾਲ ਵਿਤਕਰਾ ਹੁੰਦਾ ਨਹੀਂ ਸਨ ਵੇਖ ਸਕਦੇ। ਸਮਾਜਕ ਬਰਾਬਰੀ ਦੇ ਮੁੱਦਈ ਬਣ ਕੇ ਗੁਰੂ ਸਾਹਿਬ ਨੇ ਹਰ ਤਰ੍ਹਾਂ ਦੇ ਵਿਤਕਰੇ ਦਾ ਬੁਲੰਦ ਆਵਾਜ਼ ਵਿਚ ਵਿਰੋਧ ਕੀਤਾ ਸੀ ਅਤੇ ਨੀਵੇਂ ਕਹੇ ਜਾਣ ਵਾਲੇ ਦਲਿਤਾਂ ਦਾ ਸਾਥ ਦਿੱਤਾ ਸੀ।

ਫਿਰ ਗੁਰੂ ਸਾਹਿਬ ਨੇ ਜਾਤੀਵਾਦੀ ਵਿਵਸਥਾ ਦਾ ਸਿਰਫ਼ ਬਾਦਲੀਲ ਵਿਰੋਧ ਤੇ ਖੰਡਨ ਹੀ ਨਹੀਂ ਕੀਤਾ ਸਗੋਂ ਉਸ ਦੀ ਥਾਂ ’ਤੇ ਵਿਤਕਰਿਆਂ ਤੋਂ ਮੁਕਤ, ਸਮਾਜ ਉਸਾਰਨ ਲਈ ਜ਼ਮੀਨ ਵੀ ਤਿਆਰ ਕੀਤੀ ਸੀ। ਗੁਰੂ ਸਾਹਿਬ ਦੀ ਸਪੱਸ਼ਟ ਮਾਨਤਾ ਹੈ ਕਿ ਜਾਤੀਵਾਦੀ ਵਿਵਸਥਾ ਭਾਈਚਾਰਕ ਸਾਂਝ ਤੋੜਨ ਵਿਚ ਵੱਡੀ ਭੂਮਿਕਾ ਨਿਭਾਉਂਦੀ ਹੈ ਅਤੇ ਸਮਾਜ ਨੂੰ ਧੁਰ ਅੰਦਰ ਤੱਕ ਵੰਡ ਦਿੰਦੀ ਹੈ। ਇਸ ਲਈ ਜਾਤੀਵਾਦੀ ਵਿਵਸਥਾ ਨੂੰ ਨਕਾਰਨਾ ਅਤੇ ਬਦਲਵੀਂ ਵਿਵਸਥਾ ਸਥਾਪਤ ਕਰਨਾ ਜ਼ਰੂਰੀ ਹੈ।

ਅਸੀਂ ਵੇਖ ਸਕਦੇ ਹਾਂ ਕਿ ਜਾਤੀਵਾਦੀ ਵਿਵਸਥਾ ਹੱਥੋਂ ਵਿਤਕਰੇ ਦੇ ਸ਼ਿਕਾਰ ਪਿਛੜੇ ਵਰਗ ਦੇ ਹਿਤਾਂ ਦੀ ਰਾਖੀ ਕਰਨ ਦੀ ਪਹਿਲੀ ਪ੍ਰਤਿਬੱਧਤਾ ਸਾਨੂੰ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ’ਚੋਂ ਮਿਲਦੀ ਹੈ। ਗੁਰੂ ਨਾਨਕ ਸਾਹਿਬ ਦਾ ਕਥਨ ਹੈ ਕਿ ਜਾਤ-ਵਰਣ ਦੇ ਹੱਥ ਵਿਚ ਕੁਝ ਨਹੀਂ, ਪਰਖ ਤਾਂ ਸੱਚ ਦੇ ਆਧਾਰ ’ਤੇ ਹੋਵੇਗੀ। ਜਾਤ ਦਾ ਅਹੰਕਾਰ ਤਾਂ ਇਕ ਜ਼ਹਿਰ ਹੈ। ਜਿਹੜਾ ਵੀ ਉਸ ਦਾ ਸੁਆਦ ਚੱਖਣ ਦੀ ਕੋਸ਼ਿਸ਼ ਕਰੇਗਾ, ਉਸ ਦੀ ਮੌਤ ਨਿਸ਼ਚਿਤ ਹੈ :

ਜਾਤੀ ਦੈ ਕਿਆ ਹਥਿ ਸਚੁ ਪਰਖੀਐ॥
ਮਹੁਰਾ ਹੋਵੈ ਹਥਿ ਮਰੀਐ ਚਖੀਐ॥
(ਅੰਗ : ੧੪੨)

ਗੁਰੂ ਨਾਨਕ ਦੇਵ ਜੀ ਨੇ ਖੁੱਲ੍ਹਾ ਐਲਾਨ ਕੀਤਾ ਸੀ ਕਿ ਮਨੁੱਖ ਦੀ ਜਾਤ-ਪਾਤ ਉਸ ਦੇ ਜਨਮ ਤੋਂ ਨਹੀਂ, ਉਸ ਦੇ ਕਰਮਾਂ ਤੋਂ ਨਿਰਧਾਰਤ ਹੁੰਦੀ ਹੈ :

ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥
(ਅੰਗ : ੧੩੩੦)

ਸਿਰੀ ਰਾਗ ‘ਚ ਅੰਕਿਤ ਗੁਰੂ ਸਾਹਿਬ ਦਾ ਇਹ ਵਾਕ, ਉਨ੍ਹਾਂ ਦੀ ਸਮੁੱਚੀ ਵਿਚਾਰਧਾਰਾ ਦੀ ਤਰਜਮਾਨੀ ਕਰਦਾ ਹੈ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥
(ਅੰਗ : ੧੫)



ਜਾਤੀਵਾਦ ਤੋਂ ਇਲਾਵਾ ਇਕ ਵੱਡਾ ਮਸਲਾ ਸਾਧਨ-ਵਿਹੂਣੇ ਲੋਕਾਂ ਦੇ ਸ਼ੋਸ਼ਣ ਦਾ ਸੀ ਜਿਸ ਬਾਰੇ ਗੁਰੂ ਸਾਹਿਬ ਨੇ ਆਪਣਾ ਪ੍ਰਤੀਕਰਮ ਖੁੱਲ੍ਹ ਕੇ ਦਰਜ ਕੀਤਾ ਹੈ। ਅਸਲ ਵਿਚ, ਭਾਰਤੀ ਸਮਾਜ ਦਾ ਵੱਡਾ ਹਿੱਸਾ ਸਾਧਨ-ਵਿਹੂਣੇ ਲੋਕਾਂ ਦਾ ਸੀ ਜਿਹੜਾ ਸਮਾਜਿਕ ਤੇ ਆਰਥਿਕ ਪੱਖੋਂ ਕਮਜ਼ੋਰ ਅਤੇ ਨਿਰੰਤਰ ਵਿਤਕਰੇ, ਵੰਡ ਤੇ ਸ਼ੋਸ਼ਣ ਦਾ ਸ਼ਿਕਾਰ ਸੀ। ਗੁਰੂ ਸਾਹਿਬ ਨੇ ਆਰਥਿਕ ਸ਼ੋਸ਼ਣ ਰਾਹੀਂ ਵੱਡੇ ਰੁਤਬੇ ’ਤੇ ਪਹੁੰਚੇ ਲੋਕਾਂ ਵਿਰੁੱਧ ਤਿੱਖਾ ਰੋਸ ਪ੍ਰਗਟ ਕਰਦਿਆਂ ਅਤੇ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਜੇ ਸਰੀਰ ਉਪਰ ਪਹਿਨੇ ਬਸਤਰ ’ਤੇ ਲਹੂ ਦੀ ਛਿੱਟ ਪੈ ਜਾਵੇ ਤਾਂ ਉਹ ਅਪਵਿੱਤਰ, ਪਲੀਤ ਹੋ ਜਾਂਦਾ ਹੈ, ਤਾਂ ਫਿਰ ਜਿਹੜੇ ਲੋਕੀਂ ਸ਼ੋਸ਼ਣ ਕਰ ਕੇ ਗ਼ਰੀਬਾਂ ਦਾ ਲਹੂ ਪੀ ਕੇ ਵੱਡੇ ਰੁਤਬਿਆਂ ’ਤੇ ਪਹੁੰਚੇ ਹਨ, ਉਹ ਕਿਵੇਂ ਸਾਫ਼-ਸੁਥਰੇ, ਪਾਕ-ਸਾਫ਼ ਕਹੇ ਜਾ ਸਕਦੇ ਹਨ :

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥
(ਅੰਗ: ੧੪੦)

ਇਕ ਹੋਰ ਥਾਂ ਗੁਰੂ ਸਾਹਿਬ ਦੀ ਬਾਣੀ ਦਾ ਫ਼ਰਮਾਨ ਹੈ - ਮੁਸਲਮਾਨ ਲਈ ਪਰਾਇਆ ਹੱਕ ਸੂਰ ਅਤੇ ਹਿੰਦੂ ਲਈ ਗਊ ਸਮਾਨ ਹੈ। ਗੁਰੂ ਤੇ ਪੀਰ ਤਾਂ ਹੀ ਹਾਮੀ ਭਰਨਗੇ ਜੇ ਪਰਾਇਆ ਹੱਕ ਨਾ ਖਾਇਆ ਜਾਵੇ :

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥
(ਅੰਗ : ੧੪੧)

ਸਮਾਜਕ ਬਣਤਰ ਦੇ ਹਵਾਲੇ ਨਾਲ, ਗੁਰੂ ਨਾਨਕ ਸਾਹਿਬ ਦੇ ਸਾਰੇ ਫ਼ਲਸਫ਼ੇ ਨੂੰ ਸਮਝਣ ਲਈ, ਭਾਈ ਲਾਲੋ ਦੇ ਘਰ ਗੁਰੂ ਸਾਹਿਬ ਦੀ ਫੇਰੀ ਵਾਲੀ ਇਤਿਹਾਸਕ ਘਟਨਾ ਦਾ ਜ਼ਿਕਰ ਇਥੇ ਜ਼ਰੂਰੀ ਹੈ। ਸਾਖ਼ੀਕਾਰਾਂ ਮੁਤਾਬਿਕ ਸੈਦਪੁਰ ਪਹੁੰਚਦਿਆਂ ਹੀ ਗੁਰੂ ਨਾਨਕ ਦੇਵ ਜੀ ਸਿੱਧੇ ਭਾਈ ਲਾਲੋ ਦੇ ਘਰ ਪਹੁੰਚ ਗਏ ਅਤੇ ਜਾ ਬੂਹਾ ਖੜਕਾਇਆ। ਸਾਖ਼ਸ਼ਾਤ ਦੀਦਾਰ ਕਰ ਕੇ ਲਾਲੋ ਨਿਹਾਲ ਹੋ ਗਿਆ। ਮੁੱਢਲੀ ਆਓ-ਭਗਤ ਤੋਂ ਬਾਅਦ ਭਾਈ ਲਾਲੋ ਤੇ ਉਸ ਦੀ ਪਤਨੀ ਸੇਵਾ ਵਿਚ ਲੱਗ ਗਏ। ਭਾਈ ਲਾਲੋ ਨੇ ਆ ਕੇ ਕਿਹਾ, ਪ੍ਰਸ਼ਾਦ ਤਿਆਰ ਹੈ। ਤੁਹਾਡੀ ਜਾਤ ਉੱਚੀ ਹੈ, ਦੱਸੋ ਅੰਦਰ ਚੱਲ ਕੇ ਪ੍ਰਸ਼ਾਦ ਛਕੋਗੇ ਜਾਂ ਵਿਹੜੇ ਵਿਚ ਵੱਖਰਾ ਚਉਂਕਾ ਲਾਈਏ। ਬਾਬੇ ਨਾਨਕ ਨੇ ਫ਼ਰਮਾਇਆ, ਵਹਿਮ ਨ ਕਰ ਲਾਲੋ, ਜਿਤਨੀ ਧਰਤੀ ਹੈ ਓਨਾ ਹੀ ਮੇਰਾ ਚਉਂਕਾ ਹੈ। ਬਹੁਤ ਸਪੱਸ਼ਟ ਹੈ, ‘ਸਾਰੀ ਧਰਤੀ ਮੇਰਾ ਚਉਕਾ ਹੈ’ ਦਾ ਸੰਦੇਸ਼ ਦੇਣਾ ਅਤੇ ਜਾਤੀਵਾਦੀ ਵਿਧਾਨ ਨੂੰ ਪੂਰੀ ਤਰ੍ਹਾਂ ਨਕਾਰਨਾ - ਇਕ ਵੱਡੀ ਕ੍ਰਾਂਤੀ ਦਾ ਸੰਦੇਸ਼ ਸੀ।

ਭਾਈ ਲਾਲੋ ਦੇ ਘਰ ਪੜਾਅ ਦੌਰਾਨ ਵਾਪਰੀ, ਮਲਕ ਭਾਗੋ ਦੇ ਬ੍ਰਹਮ-ਭੋਜ ਵਾਲੀ ਘਟਨਾ ਵੀ ਵੇਖਣ ਵਾਲੀ ਹੈ। ਪ੍ਰੰਪਰਿਕ ਲਿਖਤਾਂ ਅਨੁਸਾਰ ਗੁਰੂ ਸਾਹਿਬ ਨੇ ਮਲਕ ਭਾਗੋ ਦੇ ਸੱਦੇ ਦੀ ਕੋਈ ਪਰਵਾਹ ਨਹੀਂ ਸੀ ਕੀਤੀ। ਗੁਰੂ ਸਾਹਿਬ ਨੇ ਕਿਹਾ ਸੀ-ਸਾਡੇ ਲਈ ਕਿਸੇ ਬ੍ਰਹਮ-ਭੋਜ ਦੀ ਕੋਈ ਅਹਿਮੀਅਤ ਨਹੀਂ।

(**ਬਾਕੀ ਸਫ਼ਾ 33 ’ਤੇ**)

# ਸਤਿਗੁਰੂ ਨਾਨਕ ਜੀ ਦੀ ਬਾਣੀ ਵਿਚ ਵਿਗਿਆਨਿਕ ਦ੍ਰਿਸ਼ਟੀਕੋਣ

**ਵਿਦਵਾਨ ਸਿੰਘ ਸੋਨੀ**

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁੱਖੋਂ ਉਚਰੀ ਬਾਣੀ ਵਿਚ ਵਿਗਿਆਨਿਕ ਸੋਚ ਦੀ ਭਰਮਾਰ ਹੈ। ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਗਿਆਨ ਦੀ ਪੁਸਤਕ ਨਹੀਂ ਪਰ ਇਸ ਵਿਚ ਅੰਕਿਤ ਬਹੁਤ ਸਾਰੀ ਬਾਣੀ, ਭਾਵੇਂ ਕਿਸੇ ਗੁਰੂ ਸਾਹਿਬਾਨ ਦੁਆਰਾ ਰਚੀ ਗਈ ਹੋਵੇ, ਇਸ ਵਿਚ ਥਾਂ-ਥਾਂ ’ਤੇ ਵਿਗਿਆਨਿਕ ਸੋਚ ਦ੍ਰਿਸ਼ਟਮਾਨ ਹੁੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚੀ ਬਾਣੀ ਜੋ ਜਪੁਜੀ ਸਾਹਿਬ ਵਿਚ ਹੈ, ਉਸ ਵਿਚ ਵੀ ਉਨ੍ਹਾਂ ਨੇ ਲਿਖਿਆ ਹੈ :

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥
(ਅੰਗ : ੫)

ਇਸ ਨੂੰ ਸੁਣ ਕੇ ਸਮਝ ਆਉਂਦਾ ਹੈ ਕਿ ਕਿਵੇਂ ਉਨ੍ਹਾਂ ਦੀ ਦ੍ਰਿੱਬ ਦ੍ਰਿਸ਼ਟੀ ਵਿਚ ਅਣਗਿਣਤ ਹੀ ਧਰਤੀਆਂ ਤੇ ਆਕਾਸ਼ਾਂ ਦੀ ਸੋਝੀ ਸਮਾਈ ਹੋਈ ਸੀ। ਏਥੇ ਲੱਖ ਤੋਂ ਭਾਵ ‘ਅਣਗਿਣਤ ਹੈ’। ਵੇਦ ਤਾਂ ਓੜਕ ਭਾਲ ਕੇ ਇੱਕ ਆਕਾਸ਼ (ਦੇਵ ਲੋਕ) ਤੇ ਇੱਕ ਪਾਤਾਲ (ਸਮੁੰਦਰ ਦੇ ਹੇਠਾਂ ਜਾਂ ਧਰਤੀ ਹੇਠਾਂ) ਦੀ ਗੱਲ ਕਰਦੇ ਹਨ, ਪਰ ਗੁਰੂ ਸਾਹਿਬ ਨੇ ਕਿਹਾ ਕਿ ਉਹ ਤਾਂ ਅਨੇਕਾਂ ਹਨ :

ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥ (ਅੰਗ : ੫)

ਆਕਾਸ਼ਾਂ ਪਾਤਾਲਾਂ ਦੀ ਗਿਣਤੀ ਏਨੀ ਜ਼ਿਆਦਾ ਹੈ ਕਿ ਉਸ ਨੂੰ ਲੇਖੇ ਦੁਆਰਾ ਪ੍ਰਗਟ ਨਹੀਂ ਕੀਤਾ ਜਾ ਸਕਦਾ ਭਾਵ ਮਨੁੱਖ ਦੀਆਂ ਮਿਥੀਆਂ ਲੇਖੇ ਦੀਆਂ ਇਕਾਈਆਂ (ਲੱਖ, ਕਰੋੜ, ਅਰਬ, ਆਸੰਖ ਆਦਿ) ਵੀ ਇਸ ਲੇਖੇ ਨੂੰ ਪ੍ਰਗਟਾਉਣ ਲਈ ਅਸਮਰੱਥ ਹਨ। ਇਸ ਸ੍ਰਿਸ਼ਟੀ ਦਾ ਕੋਈ ਅੰਤ ਨਹੀਂ। ਜਿੰਨਾ ਖੋਜੋ, ਇਹ ਓਨਾ ਹੋਰ ਡੂੰਘੀ ਦਿਸਦੀ ਹੈ। ਇਸ ਸਥਿਤੀ ਦਾ ਵਿਗਿਆਨ ਨੂੰ ਹੁਣ ਅਹਿਸਾਸ ਹੋਇਆ ਹੈ। ਇਕ ਵਿਗਿਆਨਿਕ ਮਨ ਦੀ ਵਿਸ਼ਲੇਸ਼ਣਾਤਮਕ ਰੁਚੀ ਵੀ ਇਸ ਸੱਚ ਨੂੰ ਪਹਿਚਾਣ ਲੈਂਦੀ ਹੈ ਕਿ ਉਹ ਕਿੰਨੀ ਗਹਿਰਾਈ ਤੱਕ ਸੋਚ ਸਕਦੇ ਸੀ। ਇਕ ਸਤਰ ਹੋਰ ਹੈ ਜਿਵੇਂ :

ਏਹੁ ਅੰਤੁ ਨ ਜਾਣੈ ਕੋਇ॥
ਬਹੁਤਾ ਕਹੀਐ ਬਹੁਤਾ ਹੋਇ॥ (ਅੰਗ : ੫)

ਜਦੋਂ ਬ੍ਰਹਿਮੰਡ ਉਪਜਿਆ ਸੀ ਤਾਂ ਤਾਰਾ ਵਿਗਿਅਨੀਆਂ ਦੀ ਸੋਚ ਅਨੁਸਾਰ ਓਦੋਂ ਬ੍ਰਹਿਮੰਡ ਇੱਕ ਸੁੰਨ ਅਵਸਥਾ ਵਿਚ ਸੀ। ਸਮਾਂ ਅਜੇ ਸ਼ੁਰੂ ਨਹੀਂ ਸੀ ਹੋਇਆ ਤੇ ਪਦਾਰਥ ਇੱਕ ਬਿੰਦੂ-ਨੁਮਾ ਗੋਲੇ ਵਿਚ ਸੰਕੁਚਿਤ ਸੀ। ਨਾ ਧਰਤੀ ਸੀ ਤੇ ਨਾ ਹੀ ਓਦੋਂ ਅਜੇ ਦਿਨ-ਰਾਤ ਬਣੇ ਸਨ, ਕੋਈ ਚੰਨ ਨਹੀਂ ਸੀ ਤੇ ਨਾ ਹੀ ਅੱਜ ਵਾਂਗ ਕੋਈ ਸੂਰਜ ਸੀ। ਉਹ ਗੋਲਾ ਫਟਿਆ, ਗੈਸਾਂ ਦਾ ਅੰਬਾਰ ਉਪਜਿਆ ਜਿਵੇਂ ਗੁਰੂ ਸਾਹਿਬ ਨੇ ਲਿਖਿਆ ਹੈ, ਉਵੇਂ ਹੀ :

ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ
ਸੁੰਨ ਸਮਾਧਿ ਲਗਾਇਦਾ॥
(ਅੰਗ : ੧੦੩੫)

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥ (ਅੰਗ : ੧)

ਗੁਰੂ ਨਾਨਕ ਦੇਵ ਜੀ ਕਿਸੇ ਵੀ ਬਹਿਸ ਵਿਚ ਆਪਣਾ ਸੰਤੁਲਿਤ ਦ੍ਰਿਸ਼ਟੀਕੋਣ ਕਾਇਮ ਰੱਖਦੇ। ਸਰਬ ਮਾਨਵ ਏਕਤਾ ਦਾ ਸਿਧਾਂਤ ਅਪਨਾਉਣਾ ਤੇ ਸਰਬ ਧਰਮ ਏਕਤਾ ਦੀ ਗੱਲ ਕਰਨਾ ਵੀ ਤਾਰਕਿਕ ਦ੍ਰਿਸ਼ਟੀਕੋਣ ਹੀ ਹੁੰਦਾ ਹੈ।

ਫਿਰ ਜਦੋਂ ਗੁਰੂ ਸਾਹਿਬ ਮੱਕੇ ਗਏ ਤਾਂ ਉਨ੍ਹਾਂ ਦੀ ਹਾਜੀਆਂ ਨਾਲ ਬਹਿਸ ਹੋਈ। ਹਾਜੀ ਕੁਰਾਨ ਖੋਲ੍ਹ ਕੇ ਪੁੱਛਣ ਲੱਗੇ ਕਿ ਹਿੰਦੂ ਚੰਗਾ ਹੁੰਦਾ ਹੈ ਕਿ ਮੁਸਲਮਾਨ ? ਤਾਂ ਭਾਈ ਗੁਰਦਾਸ ਅਨੁਸਾਰ ਗੁਰੂ ਸਾਹਿਬ ਦਾ ਇਹ ਉੱਤਰ ਸੀ :

ਬਾਬਾ ਆਖੇ ਹਾਜੀਆਂ ਸੁਭਿ
ਅਮਲਾਂ ਬਾਝਹੁ ਦੋਨੋ ਰੋਈ॥
(ਵਾਰ ੧, ਪਾਉੜੀ : ੩੩)

ਇਹ ਸਾਰਾ ਕੁਝ ਮਨੁੱਖ ਜਾਤੀ ਦੇ ਇਕ ਹੋਣ ਦੀ ਗੱਲ ਕਰਦਾ ਹੈ। ਸੰਸਾਰ ਦਾ ਮਨੁੱਖ ਕਿਸੇ ਇਕ ਦੇਸ਼, ਕੌਮ ਜਾਂ ਫਿਰਕੇ ਦਾ ਨਹੀਂ ਸਗੋਂ ਸਮੁੱਚੀ ਮਾਨਵ ਜਾਤ ਇਕ ਹੀ ਹੈ।




ਗੁਰੂ ਨਾਨਕ ਸਾਹਿਬ ਦੀ ਪਾਖੰਡਾਂ ਦੇ ਵਿਰੁੱਧ ਨਿਰੋਲ ਵਿਗਿਆਨਿਕ ਸੋਚ ਸੀ। ਜਦੋਂ ਉਹ ਹਰਿਦੁਆਰ ਗਏ ਤਾਂ ਉਨ੍ਹਾਂ ਦੇਖਿਆ ਕਿ ਲੋਕ ਸੂਰਜ ਵੱਲ ਮੂੰਹ ਕਰ ਕੇ ਆਪਣੇ ਪਿਤਰਾਂ ਵੱਲ ਗੰਗਾ ਜਲ ਸੁੱਟ ਰਹੇ ਹਨ। ਗੁਰੂ ਜੀ ਨੇ ਓਧਰ ਪਿੱਠ ਕਰ ਕੇ ਤੇ ਕਰਤਾਰਪੁਰ ਸਾਹਿਬ ਵੱਲ ਪਾਣੀ ਸੁੱਟਣਾ ਸ਼ੁਰੂ ਕਰ ਦਿੱਤਾ। ਲੋਕ ਪੁੱਛਣ ਲੱਗੇ ਕਿ ਇਹ ਕੀ ਕਰ ਰਹੇ ਹੋ ? ਗੁਰੂ ਜੀ ਨੇ ਅੱਗੋਂ ਉਨ੍ਹਾਂ ਨੂੰ ਸਵਾਲ ਕੀਤਾ ਕਿ ਤੁਸੀਂ ਕੀ ਰਹੇ ? ਲੋਕ ਕਹਿਣ ਲੱਗੇ ਕਿ ਅਸੀਂ ਤਾਂ ਆਪਣੇ ਪਿਤਰਾਂ ਨੂੰ ਪਾਣੀ ਦੇ ਰਹੇ ਹਾਂ। ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਮੈਂ ਆਪਣੇ ਪਿੰਡ ਕਰਤਾਰਪੁਰ ਵਿਖੇ ਆਪਣੇ ਖੇਤਾਂ ਵੱਲ ਪਾਣੀ ਸੁੱਟ ਰਿਹਾ ਹਾਂ। ਲੋਕੀਂ ਹੱਸ ਕੇ ਕਹਿਣ ਲੱਗੇ ਕਿ ਤੁਹਾਡਾ ਪਿੰਡ ਏਥੋਂ ਸੈਂਕੜੇ ਮੀਲ ਦੂਰ ਹੈ, ਉਥੇ ਪਾਣੀ ਕਿਵੇਂ ਪੁੱਜੇਗਾ ? ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਸਵਾਲ ਕੀਤਾ ਕਿ ਜੇ ਸੈਂਕੜੇ ਮੀਲਾਂ ਤੱਕ ਮੇਰਾ ਪਾਣੀ ਨਹੀਂ ਪੁੱਜ ਸਕਦਾ ਤਾਂ ਕਰੋੜਾਂ ਮੀਲ ਦੂਰ ਸੂਰਜ ਜਾਂ ਤੁਹਾਡੇ ਪਿਤਰਾਂ ਕੋਲ ਤੁਹਾਡਾ ਪਾਣੀ ਕਿਵੇਂ ਪੁੱਜ ਜਾਂਦਾ ਹੈ ? ਸਾਰੇ ਗੁਰੂ ਜੀ ਦੀ ਗੱਲ ਸਮਝ ਗਏ। ਇੰਜ ਗੁਰੂ ਜੀ ਆਪਣੀਆਂ ਤਾਰਕਿਕ ਦਲੀਲਾਂ ਵਾਲੀ ਕਥਨੀ ਨੂੰ ਕਰਨੀ ਵਿਚ ਬਦਲਦੇ ਸਨ।

ਗੁਰੂ ਨਾਨਕ ਦੇਵ ਜੀ ਨੇ ਇੱਕ ਜਗ੍ਹਾ ਰਾਸ ਲੀਲਾ ਦੇਖੀ ਤੇ ਉਸ ਵਿਚ ਵੀ ਪਾਖੰਡ ਨੂੰ ਦੇਖ ਕੇ ਉਚਾਰਿਆ :

ਵਾਇਨਿ ਚੇਲੇ ਨਚਨਿ ਗੁਰ॥
ਪੈਰ ਹਲਾਇਨਿ ਫੇਰਨ੍ਹਿ ਸਿਰ॥
ਉਡਿ ਉਡਿ ਰਾਵਾ ਝਾਟੈ ਪਾਇ॥
ਵੇਖੈ ਲੋਕੁ ਹਸੈ ਘਰਿ ਜਾਇ॥
ਰੋਟੀਆ ਕਾਰਣਿ ਪੂਰਹਿ ਤਾਲ॥
ਆਪੁ ਪਛਾੜਹਿ ਧਰਤੀ ਨਾਲਿ॥ (ਅੰਗ : ੪੬੫)

ਭਾਵ ਇਨ੍ਹਾਂ ਲੋਕਾਂ ਦੀ ਭਗਵਾਨ ਦੀ ਭਗਤੀ ਵਿਚ ਨੱਚਣਾ ਭੁੜਕਣਾ ਕੇਵਲ ਵਿਖਾਵਾ ਹੈ। ਰਾਸ ਵਿਚ ਚੇਲੇ ਸਾਜ਼ ਵਜਾਉਂਦੇ ਹਨ ਤੇ ਗੁਰੂ ਨੱਚਦੇ ਹਨ। ਰਾਸ ਸਮੇਂ ਚੇਲੇ ਪੈਰਾਂ ਨੂੰ ਹਿਲਾਉਂਦੇ ਹਨ ਤੇ ਸਿਰ ਫੇਰਦੇ ਹਨ। ਨੱਚਦਿਆਂ ਹੋਇਆਂ ਪੈਰਾਂ ਨਾਲ ਉੱਡ-ਉੱਡ ਕੇ ਘੱਟਾ ਉਨ੍ਹਾਂ ਦੇ ਸਿਰਾਂ ਵਿਚ ਪੈਂਦਾ ਹੈ। ਲੋਕ ਇਸ ਸਭ ਨੂੰ ਵੇਖ ਕੇ ਘਰ ਜਾ ਕੇ ਇਨ੍ਹਾਂ ਦਾ ਮਖੌਲ ਉਡਾਉਂਦੇ ਤੇ ਹੱਸਦੇ ਹਨ। ਅਸਲ ਵਿਚ ਇਹ ਰਾਸਧਾਰੀਏ ਸਾਰੇ ਰੋਟੀਆਂ ਖਾਤਰ ਹੀ ਪੂਰੇ ਤਾਲ ਵਿਚ ਨੱਚਦੇ ਹਨ।

ਗਾਵਨਿ ਗੋਪੀਆ ਗਾਵਨਿ ਕਾਨ੍ਹ॥
ਗਾਵਨਿ ਸੀਤਾ ਰਾਜੇ ਰਾਮ

ਇਹ ਗੋਪੀਆਂ ਕਾਹਨ, ਰਾਮ ਤੇ ਸੀਤਾ ਦੇ ਸਵਾਂਗ ਬਣ ਬਣ ਕੇ ਗੀਤ ਗਾਉਂਦੇ ਹਨ :

(**ਬਾਕੀ ਸਫ਼ਾ 34 ’ਤੇ**)

# ਅਕਾਲ ਜੋਤ ਸ਼੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦਾ ਆਗਮਨ ਪੁਰਬ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਗੁਰੂ ਨਾਨਕ ਦੇਵ ਸਾਹਿਬ ਜੀ ਦੇ ਆਗਮਨ ਸਮੇਂ ਭਾਵੇਂ ਹਿੰਦੁਸਤਾਨ ਦਾ ਬਹੁਤਾ ਹਿੱਸਾ ਮੁਸਲਮਾਨ ਰਾਜ ਹੇਠ ਸੀ। ਪਰ ਅਸਲ ਵਿਚ ਸਾਰਾ ਦੇਸ਼ ਕਈ ਸੂਬਿਆਂ ਵਿਚ ਵੰਡਿਆ ਹੋਇਆ ਸੀ। ਸੂਬੇ ਆਪਣੀ ਥਾਂ ਖੁਦਮੁਖਤਿਆਰ ਸਨ। ਧਰਮ ਯੁੱਧ ਬਹਾਨੇ ਧਰਮ ਵਿਰੁਧ ਅਤਿਆਚਾਰ ਤੇ ਜ਼ੁਲਮ ਕਮਾਏ ਜਾਂਦੇ ਸਨ। ਇਸ ਤਰ੍ਹਾਂ ਰਾਜਸੀ ਪਦਵੀ ਭਾਈਚਾਰਕ ਅਤੇ ਧਾਰਮਿਕ ਹੱਕਾਂ ਦੇ ਪਹਿਲੂ ਤੋਂ ਹਿੰਦੂਆਂ ਦੀ ਹਾਲਤ ਬਹੁਤ ਭੈੜੀ ਸੀ। ਭਾਰਤ ਵਰਸ਼ ਵਹਿਮਾਂ ਭਰਮਾਂ, ਤੁਅੱਸਬ, ਵੈਰ ਵਿਰੋਧ ਦਾ ਸ਼ਿਕਾਰ ਸੀ। ਲੋਕ ਢਹਿੰਦੀ ਕਲਾ ਵੱਲ ਜਾ ਰਹੇ ਸਨ। ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਖੇਤਰਾਂ ਵਿਚ ਨਿਘਾਰ ਆ ਚੁੱਕਾ ਸੀ। ਲੋਕ ਜ਼ੁਲਮ ਅਤੇ ਪਾਪ ਵਿਚ ਪਿਸ ਰਹੇ ਸਨ। ਉਨ੍ਹਾਂ ਦਾ ਕੋਈ ਰਹਿਬਰ ਨਾ ਰਿਹਾ। ਧਾਰਮਿਕ ਆਗੂ ਲੋਕਾਂ ਨੂੰ ਵਹਿਮਾਂ ਭਰਮਾਂ ਵਿਚ ਪਾ ਕੇ ਲੁੱਟ ਰਹੇ ਸਨ। ਰਾਜਨੀਤਕ ਲੋਟੂ ਟੋਲਾ ਹਾਵੀ ਸੀ। ਲੋਕ ਉਸ ਵੇਲੇ ਦੇ ਪ੍ਰਚਲਤ ਧਰਮਾਂ ਤੋਂ ਨਿਰਾਸ਼ ਸਨ। ਆਮ ਜਨਤਾ ਨੂੰ ਵਿਸ਼ਵਾਸ਼ ਹੋ ਰਿਹਾ ਸੀ ਕਿ ਕੋਈ ਸੂਰਮਾ, ਮੁਕਤੀਦਾਤਾ ਉਠੇਗਾ, ਜਿਹੜਾ ਲਿਤਾੜੇ ਮੰਦਭਾਗੇ ਲੋਕਾਂ ਨੂੰ ਮਨੁੱਖਤਾ ਦੇ ਵੈਰੀਆਂ ਤੋਂ ਛੁਡਾਵੇਗਾ। ਜੋ ਜਾਬਰਾਂ ਜ਼ਰਵਾਣਿਆਂ ਨੂੰ ਵੰਗਾਰੇਗਾ। ਉਹ ਮਹਾਨ ਸ਼ਖਸੀਅਤ ਗੁਰੂ ਨਾਨਕ ਸਾਹਿਬ ਜੀ ਦੀ ਸੀ। ਜਿਨ੍ਹਾਂ ਸਿੱਖ ਕੌਮ ਦੀ ਘਾੜ ਘੜੀ, ਜਿਨ੍ਹਾਂ ਨੇ ਸਿੱਖ ਧਰਮ ਦੀ ਨੀਂਹ ਰੱਖੀ। ਪੰਜਾਬ ਵਿਚ ਕੂੜ ਅਮਾਵਸ ਸਭ ਤੋਂ ਹਨੇਰੀ ਸੀ। ਤਦ ਗੁਰੂ ਸਾਹਿਬਾਨ ਭਾਈਚਾਰਕ, ਧਾਰਮਿਕ ਅਤੇ ਰਾਜਸੀ ਜਬਰ ਦੇਸ਼ ਵਿਚ ਆਜ਼ਾਦੀ ਅਤੇ ਬਰਾਬਰੀ ਦਾ ਪੈਗੰਬਰ ਹੋ ਕੇ ਵਿਚਰੇ। ਈਰਖਾ ਅਤੇ ਪਾਟੋ-ਧਾਪ ਦੇ ਸਮੇਂ ਅਮਨ ਅਤੇ ਮਿੱਤਰਤਾਈ ਦਾ ਸੰਦੇਸ਼ ਲੈ ਕੇ ਆਏ ਅਜਿਹੇ ਸੂਰਮਿਆਂ ਦੀ ਕੌਮ ਦੀ ਨੀਂਹ ਰੱਖ ਜਿਸ ਨੇ ਜ਼ਾਲਮਾਂ ਦਾ ਨਾਸ਼ ਕੀਤਾ। ਜਾਤ ਪਾਤ ਤੋਂ ਉਪਰ ਉਠ ਕੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ।

15ਵੀਂ ਸਦੀ ਵਿਚ ਕਤਕ ਦੀ ਪੂਰਨਮਾਸ਼ੀ 1469 ਈ. ਵਿਚ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਆਗਮਨ ਪਿੰਡ ਰਾਇ ਭੋਇ ਦੀ ਤਲਵੰਡੀ ਜ਼ਿਲ੍ਹਾ ਸ਼ੇਖੂਪੁਰਾ (ਹੁਣ ਪਾਕਿਸਤਾਨ) ਜਿਸ ਨੂੰ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ, ਵਿਖੇ ਹੋਇਆ। ਆਪ ਜੀ ਦੇ ਪਿਤਾ ਜੀ ਦਾ ਨਾਂ ਮਹਿਤਾ ਕਾਲੂ, ਮਾਤਾ ਤ੍ਰਿਪਤਾ ਸਨ। ਆਪ ਜੀ ਤੋਂ ਪੰਜ ਸਾਲ ਵੱਡੀ ਭੈਣ ਬੇਬੇ ਨਾਨਕੀ ਜੀ ਸਨ।

ਗੁਰੂ ਨਾਨਕ ਦੇਵ ਜੀ ਬਚਪਨ ਤੋਂ ਹੀ ਅਧਿਆਤਮਕ ਵਿਚਾਰਾਂ ਦੇ ਸਨ। ਦੁਨਿਆਵੀ ਵਿਦਿਆ ਲਈ ਪਾਂਧੇ ਕੋਲ ਪੜ੍ਹਨ ਭੇਜਿਆ। ਉਨ੍ਹਾਂ ਨੇ ਮੁਢਲੀ ਸਿੱਖਿਆ ਜਲਦੀ ਹੀ ਸਿੱਖ ਲਈ। ਪ੍ਰਚਲਤ ਖੇਤਰੀ ਬੋਲੀਆਂ ਤਰੋਕੀ, ਫਾਰਸੀ ਵਿਚ ਮੁਹਾਰਤ ਹਾਸਲ ਕੀਤੀ। ਦਫ਼ਤਰੀ ਕੰਮ ਵੀ ਸਿੱਖ ਲਿਆ। ਸੰਨ 1487 ਵਿਚ ਆਪ ਜੀ ਦਾ ਵਿਆਹ ਮਾਤਾ ਸੁਲੱਖਣੀ ਜੀ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਸ੍ਰੀ ਚੰਦ ਅਤੇ ਲਖਮੀ ਦਾਸ ਸਨ। ਇਹ ਪਰਿਵਾਰ ਗੁਰੂ ਨਾਨਕ ਦੇਵ ਜੀ ਦੇ ਬਚਪਨ ਦੇ ਮੁਸਲਮਾਨ ਮਿੱਤਰ ਭਾਈ ਮਰਦਾਨੇ ਦੇ ਨਾਲ ਸੁਲਤਾਨਪੁਰ ਲੋਧੀ ਸ਼ਹਿਰ ਚਲਿਆ ਗਿਆ। ਉਥੋਂ ਦੇ ਨਵਾਬ ਜਿਸ ਕੋਲ ਸਰਕਾਰੀ ਰਾਸ਼ਨ ਦਾ ਮੋਦੀਖਾਨਾ ਸੀ, ਕੋਲ ਮੋਦੀ ਦੀ ਨੌਕਰੀ ਕਰ ਲਈ। ਗੁਰੂ ਸਾਹਿਬਾਨ ਨੇ ਵੇਈਂ ਨਦੀ ਤੋਂ 1497 ਵਿਚ ਧਰਮ ਪ੍ਰਚਾਰ ਕਰਨ ਲਈ ਬਕਾਇਦਾ ਵਿਊਂਤ ਬਣਾਈ ਆਪਣੇ ਜੀਵਨ ਦਾ ਅਗਲਾ ਪੜਾਅ ਸ਼ੁਰੂ ਕੀਤਾ। ਆਪਣੇ ਸਿੱਖੀ ਸਿਧਾਂਤ ਦਾ ਪ੍ਰਚਾਰ ਸਾਰੇ ਸੰਸਾਰ ਵਿਚ ਕੀਤਾ। 1497-1521 ਤੱਕ ਚਾਰ ਯਾਤਰਾਵਾਂ ਕੀਤੀਆਂ। ਜਿਸ ਵਿਚ ਦੂਰ ਦੁਰਾਡੇ ਦੇ ਖਿੱਤਿਆਂ ਦਾ ਭ੍ਰਮਣ ਕੀਤਾ। ਸਿੱਧਾਂ, ਨਾਥਾਂ, ਜੋਗੀਆਂ,



ਸੈਣ ਅਤੇ ਜਨਮਨੀਆਂ ਆਦਿ ਨਾਲ ਚਰਚਾ ਕੀਤੀ। ਕ੍ਰਮਵਾਰ ਪੂਰਬ, ਦੱਖਣ, ਉੱਤਰ ਅਤੇ ਦੱਖਣ ਵਿਚ ਯਾਤਰਾਵਾਂ ਮੁਕੰਮਲ ਕੀਤੀਆਂ। ਉਨ੍ਹਾਂ ਨਾਲ ਰਬਾਬੀ ਮਰਦਾਨਾ ਅਤੇ ਬਾਲਾ ਜੀ ਵੀ ਸਨ। ਗੁਰੂ ਨਾਨਕ ਦੇਵ ਸਾਹਿਬ ਜੀ ਦਾ ਪਹਿਲਾ ਉਪਦੇਸ਼ ਕਿ ਨਾ ਕੋਈ ਪੂਰਾ ਹਿੰਦੂ ਅਤੇ ਨਾ ਹੀ ਕੋਈ ਪੂਰਾ ਮੁਸਲਮਾਨ ਹੈ। ਨਿਖੇੜਵਿਆਂ ਵਿਚ ਦੋਨੋਂ ਦੁਬਿਧਾ ਵਿਚ ਹਨ। ਉਨ੍ਹਾਂ ਨੇ ਵਿਸ਼ਵ ਭਾਈਚਾਰੇ ਵਿਚ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ। ਲੋਕਾਂ ਵਿਚੋਂ ਦੂਰੀਆਂ ਖਤਮ ਹੋਈਆਂ ਅਤੇ ਗੁਰੂ ਸਾਹਿਬ ਜੀ ਦੇ ਦੱਸੇ ਸਰਬ ਸਾਂਝੇ ਰਾਹ ਤੇ ਤੁਰਨ ਲਈ ਬਹੁਤ ਗਿਣਤੀ ਵਿਚ ਹਿੰਦੂ ਅਤੇ ਮੁਸਲਮਾਨ ਵੀ ਗੁਰੂ ਜੀ ਨਾਲ ਆਣ ਜੁੜਨ ਲੱਗੇ। ਉਨ੍ਹਾਂ ਆਖਿਆ ਕਿ ਹਰ ਇਨਸਾਨ ਪਹਿਲਾਂ ਇਨਸਾਨ ਹੈ ਫਿਰ ਹਿੰਦੂ ਜਾਂ ਮੁਸਲਮਾਨ। ਜਾਤ-ਪਾਤ, ਛੂਤ-ਛਾਤ ਨੂੰ ਖਤਮ ਕਰਨ ਲਈ ਉਨ੍ਹਾਂ ਨੇ ਸਾਂਝੇ ਲੰਗਰਾਂ ਦੀ ਪ੍ਰਥਾ ਚਲਾਈ। ਜਿੱਥੇ ਹਰ ਫਿਰਕੇ ਦੇ ਲੋਕ ਬਿਨ੍ਹਾਂ ਭੇਦ ਭਾਵ ਇਕ ਪੰਗਤ ਵਿਚ ਬੈਠ ਕੇ ਲੰਗਰ ਛਕਦੇ। ਉਨ੍ਹਾਂ ਆਖਿਆ ਕਿ ਜਾਤ ਪਾਤ ਦਾ ਵਿਤਕਰਾ ਇਕ ਸਮਾਜਿਕ ਬੁਰਾਈ ਹੈ, ਜੋ ਸਮਾਜ ਨੂੰ ਕਮਜ਼ੋਰ ਕਰਦੀ ਹੈ। ਉਨ੍ਹਾਂ ਸ਼ਾਹ ਸ਼ਰਪ ਨੂੰ ਦੱਸਿਆ ਕਿ ਇਨਸਾਨ ਜੋ ਪਿਆਰ ਕਰਦੇ ਹਨ, ਉਹ ਹੀ ਸੰਸਾਰ ਵਿਚ ਸਫ਼ਲ ਰਹਿੰਦੇ ਹਨ। ਗੁਰੂ ਸਾਹਿਬ ਜੀ ਨੇ ਗ੍ਰਹਿਸਥ ਜੀਵਨ ਨੂੰ ਵੱਡੀ ਪਹਿਲ ਦਿੱਤੀ। ਗ੍ਰਹਿਸਥ ਨੂੰ ਜੀਵਨ ਦਾ ਧੁਰਾ ਦੱਸਿਆ। ਉਨ੍ਹਾਂ ਯੋਗੀਆਂ ਨੂੰ ਕਿਹਾ ਕਿ ਉਹ ਘੋਰ ਤਪ ਤਿਆਗਾਂ ਤੋਂ ਨਿਕਲ ਕੇ ਲੋਕ ਭਲਾਈ ਦੇ ਕਾਰਜ ਕਰਨ। ਇਨਸਾਨ ਦੀ ਭਲਾਈ ਅਤੇ ਸਮਾਜਿਕ ਮਜਬੂਤੀ ਲਈ ਨਾਮ ਜਪੋ, ਕਿਰਤ ਕਰੋ, ਵੰਡ ਛਕੋ। ਸੇਵਾ ਜੀਵਨ ਦਾ ਅਨਿਖੜਵਾਂ ਅੰਗ ਹੈ। ਉਨ੍ਹਾਂ ਬੇਗਰਜ ਸੇਵਾ ਤੇ ਜ਼ੋਰ ਦਿੱਤਾ ਅਤੇ ਜੀਵਨ ਮੁਕਤੀ ਨਾਲ ਜੋੜ ਦਿੱਤਾ। ਪਵਿੱਤਰ ਜੀਵਨ ਜਿਊਣ ਲਈ ਸੁਆਰਥ ਛੱਡੋ। ਭਾਵੇਂ ਵਿਚ ਰਹੋ, ਦਯਾਵਾਨ ਬਣੋ, ਦਾਨ ਕਰੋ, ਸੱਚ ਤੇ ਪਹਿਰ ਦੇਵੋ। ਰੱਬ ਇਕ ਹੈ, ਉਸ ਦੀ ਰਜ਼ਾ ਵਿਚ ਰਹੋ। ਰੱਬ ਨਾਲ ਸਿੱਧਾ ਰਾਬਤਾ ਬਣਾਉ। ਕਿਸੇ ਵਿਚੋਲੇ ਜਾਂ ਝੂਠੇ ਕਰਮ ਕਾਂਡਾਂ ਦੀ ਰੱਬ ਦੀ ਪ੍ਰਾਪਤੀ ਵਿਚ ਕੋਈ ਲੋੜ ਨਹੀਂ ਹੈ। ਵਹਿਮਾਂ ਭਰਮਾਂ ਦਾ ਖੰਨ ਕਰਕੇ ਗੁਰੂ ਸਾਹਿਬ ਜੀ ਦਾ ਉਪਦੇਸ਼ ਕਿ ਕੂੜ ਦੀ ਕੰਧ ਢਾਹੁਣ ਲਈ ਕੇਵਲ ਅਕਾਲ ਪੁਰਖ ਤੇ ਭਰੋਸਾ ਰੱਖੋ। ਅਕਾਲ ਪੁਰਖ ਦੀ ਹੀ ਉਸਤਤ ਕੋ। ਇਸਤਰੀ ਨੂੰ ਸਮਾਜ ਵਿਚ ਮਾਣ ਦੇਣ ਲਈ ਇਸਤਰੀ ਦਾ ਸਤਿਕਾਰ ਕਰੋ। ਇਸਤਰੀ ਹੀ ਹੈ ਜਿਸ ਨਾਲ ਜਗਤ ਦੀ ਉਤਪਤੀ ਹੁੰਦੀ ਹੈ। ਜਿਸ ਤੋਂ ਹੀ ਰਾਜੇ ਵੀ ਜਨਮ ਲੈਂਦੇ ਹਨ। ਉਨ੍ਹਾਂ ਨੂੰ ਮੰਦਾ ਆਖਣਾ ਠੀਕ ਨਹੀਂ ਹੈ। 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥' ਗੁਰੂ ਨਾਨਕ ਦੇਵ ਸਾਹਿਬ ਜੀ ਦੀ ਸਾਰੀ ਸਿੱਖਿਆ ਦਾ ਮੰਤਵ ਸਮਾਜਿਕ ਸਾਵਾਂਪਣ ਵਿਸ਼ਵ ਭਾਈਚਾਰਾ ਬਣਾਉਣਾ, ਫਿਰਕਾਪ੍ਰਸਤੀ ਨੂੰ ਤੋੜਨਾ, ਵਹਿਮਾਂ-ਭਰਮਾਂ ਨੂੰ ਦੂਰ ਕਰਕੇ ਮਨ ਸਾਫ਼ ਰੱਖਣਾ ਹੈ। ਉਨ੍ਹਾਂ ਦੇ ਉਪਦੇਸ਼ ਗੀਤ ਰਸਮ ਦੀ ਕੋਈ ਥਾਂ ਨਹੀਂ।

ਉਨ੍ਹਾਂ ਦੇ ਧਰਮ ਸੰਕਲਪ ਵਿਚ ਲੋਕਾਂ ਦਾ ਰੱਬ ਵਿਚ ਵਿਸ਼ਵਾਸ ਜਗਾਉਣਾ ਹੈ।

ਉਨ੍ਹਾਂ ਨੂੰ ਡੂੰਘੀ ਰੂਹਾਨੀਅਤ ਨਾਲ ਮਨੁੱਖਤਾ ਨੂੰ ਸੱਚੇ ਧਰਮ ਦਾ ਗਿਆਨ ਕਰਵਾਇਆ। ਆਤਮ ਨਿਰਭਰ ਅਤੇ ਸਵੈ ਮਾਣ ਦਾ ਜੀਵਨ ਜਿਊਣ ਦੇ ਯੋਗ ਬਣਾਇਆ।

ਗਰੀਬ, ਦਬੇ ਕੁਚਲੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਦੇ ਉਪਰਾਲੇ ਕੀਤੇ। ਉਨ੍ਹਾਂ ਦਾ ਉਪਦੇਸ਼ ਸਮੁੱਚੀ ਮਾਨਵਤਾ ਲਈ ਸਾਂਝਾ ਹੈ। ਆਪਣੇ ਅੰਤਲੇ ਜੀਵਨ ਦਾ ਹਿੱਸਾ ਕਰਤਾਰਪੁਰ ਪੰਜਾਬ ਰਾਵੀ ਦਰਿਆ ਦੇ ਕੰਢੇ ਨਗਰੀ ਵਸਾ ਕੇ ਬਤੀਤ ਕੀਤਾ। ਉੱਥੇ ਉਨ੍ਹਾਂ ਨੇ ਕਿਰਸਾਨੀ ਕਰਦੇ ਇਮਾਨਦਾਰੀ ਨਾਲ ਗੁਜ਼ਾਰਾ ਕੀਤਾ। ਗੁਰੂ ਸਾਹਿਬ ਜੀ ਦਾ ਉਪਦੇਸ਼ ਸੁਣਨ ਲਈ ਦੂਰੋਂ ਦੂਰੋਂ ਸ਼ਰਧਾਲੂ ਆਉਂਦੇ ਸਨ। ਗੁਰੂ ਸਾਹਿਬ ਜੀ ਨੇ ਲੰਗਰਾਂ ਦੀ ਪ੍ਰਥਾ ਨੂੰ ਹੋਰ ਬਕਾਇਦਾ ਪ੍ਰਚਲਤ ਕੀਤਾ। ਗੁਰੂ ਸਾਹਿਬ ਜੀ ਦਾ ਉਪਦੇਸ਼ ਸੁਣ ਹਿੰਦੂ, ਮੁਸਲਮਾਨਾਂ ਨੇ ਆਪਣੀ ਤੰਗਦਿਲੀ ਛੱਡ ਦਿੱਤੀ। ਗੁਰੂ ਸਾਹਿਬ ਜੀ ਦਾ ਪ੍ਰਚਾਰ ਘਰ ਘਰ ਹੋਣ ਲੱਗਾ। ਭਾਈ ਗੁਰਦਾਸ ਜੀ ਨੇ ਕਿਹਾ ਕਿ 'ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈਂ॥

ਭਾਈ ਲਹਿਣਾ ਜੀ ਗੁਰੂ ਸਾਹਿਬ ਅਤੇ ਸੰਗਤ ਦੀ ਸੇਵਾ ਵਿਚ ਰਹੇ। ਗੁਰੂ ਸਾਹਿਬ ਨੇ ਉਨ੍ਹਾਂ ਦੀ ਅਣਥੱਕ ਸੇਵਾ ਤੋਂ ਪ੍ਰਸੰਨ ਹੋ ਕੇ ਭਾਈ ਲਹਿਣਾ ਜੀ ਨੂੰ (ਬਾਕੀ ਸਫ਼ਾ 34 'ਤੇ)

## ਕਲਮਾਂ ਦੇ ਜਜ਼ਬਾਤ

# ਗੁਰੂ ਨਾਨਕ ਬਾਣੀ ਵਿਚ ਕਾਇਨਾਤ ਨਾਲ ਸਾਂਝ

ਪਰਮਿੰਦਰ ਸਿੰਘ

ਗੁਰੂ ਨਾਨਕ ਸਾਹਿਬ ਇਲਾਹੀ ਸੁਨੇਹਾ ਦਿੰਦੇ ਹਨ ਤਾਂ ਉਨ੍ਹਾਂ ਦੀ ਬਾਣੀ ਦਾ ਜੋ ਪਿੰਡਾ ਬਣਦਾ ਹੈ ਉਹ ਉਸ ਸਭ ਕੁਝ ਨਾਲ ਓਤ-ਪੋਤ ਹੈ ਜਿਸ ਵੀ ਵਸਤ ਨਾਲ ਗੁਰੂ ਸਾਹਿਬ ਦੀ ਸਾਂਝ ਸੀ। ਗੁਰੂ ਸਾਹਿਬ ਨੂੰ ਆਪਣੀ ਆਲੇ-ਦੁਆਲੇ ਵਿਚੋਂ ਅਕਾਲ ਪੁਰਖ ਦੇ ਦਰਸ਼ਨ ਹੋਏ, ਜਿਸ ਨੂੰ ਉਨ੍ਹਾਂ ਦੀਦਾਰ ਰੂਪ ਵਿਚ ਪ੍ਰਵਾਨ ਕੀਤਾ। ਉਨ੍ਹਾਂ ਇਨ੍ਹਾਂ ਕਾਇਨਾਤੀ ਪ੍ਰਤੀਕਾਂ ਬਿੰਬਾਂ ਦਾ ਆਪਣੀ ਸਾਰੀ ਬਾਣੀ ਵਿਚ ਪਾਸਾਰਾ ਕੀਤਾ ਹੈ। ਜਿਸ ਚੀਜ਼ ਨਾਲ ਮਨੁੱਖ ਦੀ ਸਾਂਝ ਨਾ ਹੋਵੇ ਉਹ ਉਸ ਦਾ ਨਾਮ ਵਾਰ-ਵਾਰ ਆਪਣੀ ਜ਼ੁਬਾਨ 'ਤੇ ਨਹੀਂ ਲਿਆਉਂਦਾ, ਲਿਖਣਾ ਤਾਂ ਦੂਰ ਦੀ ਗੱਲ ਹੈ। ਗੁਰੂ ਸਾਹਿਬ ਦੁਹਰਾ-ਦੁਹਰਾ ਕੇ ਆਪਣੀ ਬਾਣੀ ਵਿਚ ਰੁੱਖਾਂ, ਪਸ਼ੂ, ਪੰਛੀਆਂ, ਫ਼ੁੱਲਾਂ ਦੇ ਨਾਂ ਲੈਂਦੇ ਹਨ ਅਤੇ ਸਾਨੂੰ ਅਜਿਹੇ ਮਾਹੌਲ ਨਾਲ ਸਰਸ਼ਾਰ ਕਰਦੇ ਹਨ ਕਿ :

ਆਪੇ ਭਵਰਾ ਫੂਲ ਬੇਲਿ॥
ਆਪੇ ਸੰਗਤਿ ਮੀਤ ਮੇਲਿ॥
(ਗੁਰੂ ਗ੍ਰੰਥ ਸਾਹਿਬ, ਅੰਗ : ੧੧੯੦)

ਸਾਡੀ ਆਪਣੀ ਸਾਂਝ ਕਾਇਨਾਤ/ ਪ੍ਰਕਿਰਤੀ ਨਾਲ ਬਣ ਆਵੇ।

ਗੁਰੂ ਸਾਹਿਬ ਉਪਰੋਕਤ ਅੰਕਿਤ ਸ਼ਬਦ ਵਿਚ ਦਰਸਾਉਂਦੇ ਹਨ ਕਿ ਓਹੀ ਅਕਾਲ ਪੁਰਖ ਹਰ ਸ਼ੈਅ ਵਿਚ ਸਮਾਇਆ ਹੋਇਆ ਹੈ, ਉਹ ਆਪ ਹੀ ਫ਼ੁੱਲ ਹੈ ਅਤੇ ਆਪ ਹੀ ਭੌਰ ਬਣ ਉਸ ਉੱਪਰ ਮੰਡਰਾ ਵੀ ਰਿਹਾ ਹੈ। ਉਨ੍ਹਾਂ ਦੀ ਬਾਣੀ ਦਾ ਇਹ ਖਾਸਾ ਸਾਨੂੰ ਅਨੇਕਾਂ ਪੱਧਰਾਂ 'ਤੇ ਪ੍ਰਭਾਵਿਤ ਕਰਦਾ ਹੈ ਅਤੇ ਸਾਨੂੰ ਕਾਇਨਾਤ ਪੱਖੀ ਉਤਸ਼ਾਹਿਤ ਵੀ ਕਰਦਾ ਹੈ।

ਸਾਨੂੰ ਰੱਬ ਨੇ ਦਾਤ ਵਿਚ ਬਹੁਤ ਕੁਝ ਮੁਅੱਸਰ ਕੀਤਾ ਜੋ ਸਾਡੇ ਸਮੇਤ ਹਰ ਜੀਵ ਲਈ ਢੁਕਵਾਂ ਅਤੇ ਜ਼ਰੂਰੀ ਸੀ। ਮਨੁੱਖੀ ਜ਼ਿੰਮੇਵਾਰੀ ਕਾਇਨਾਤ ਪ੍ਰਤੀ ਬਾਕੀ ਜੀਵਾਂ ਨਾਲੋਂ ਵਧੇਰੇ ਹੈ। ਮਨੁੱਖ ਦਾ ਜੁੱਸਾ ਅਤੇ ਸਰੀਰਕ ਬਣਤਰ ਉਸਨੂੰ ਆਪਣੇ ਅਤੇ ਹੋਰਨਾਂ ਜੀਵਾਂ ਦੀ ਸੇਵਾ-ਸੰਭਾਲ ਅਤੇ ਦੇਖ-ਰੇਖ ਲਈ ਢਾਲਦੀ ਹੈ। ਪਰ ਮਨੁੱਖ ਹੀ ਕਾਇਨਾਤ ਦੀ ਇਸ ਖ਼ੂਬਸੂਰਤੀ ਦਾ ਸਭ ਤੋਂ ਭੈੜਾ ਵੈਰੀ ਬਣ, ਉੱਭਰ ਕੇ ਸਾਹਮਣੇ ਆਇਆ ਹੈ। ਮਨੁੱਖ ਦੀ ਮੁਨਾਫ਼ਾਖੋਰ ਬਿਰਤੀ ਅਤੇ ਬਹੁਤਾ ਅਵੇਸਲਾਪਣ ਸਾਨੂੰ ਉਸਦੇ ਆਪਣੇ ਹੀ ਖ਼ਾਤਮੇ ਵੱਲ ਲਿਜਾ ਰਿਹਾ ਹੈ। ਸਾਨੂੰ ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਲਿਆਉਂਦੇ ਲੋੜੀਂਦੇ ਕਦਮ ਚੁੱਕਣੇ ਚਾਹੀਦੇ ਹਨ, ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਅਸੀਂ ਗੱਲਾਂ ਕੀਤੀਆਂ ਤਾਂ ਯਾਦ ਕਰਦੇ ਰਹਾਂਗੇ ਪਰ ਕੁਝ ਨਾ ਕਰਨ ਕਰ ਕੇ ਬਾਕੀ ਬਚਿਆ ਕੁਝ ਨਜ਼ਰ ਨਹੀਂ ਆਏਗਾ।

ਕੁਦਰਤ ਨਾਲ ਪਿਆਰ ਕਰਨਾ ਸਿਰਫ਼ ਸਾਡੀ ਰੋਜ਼ਮਰਾ ਦੀ ਜ਼ਿੰਦਗੀ ਦਾ ਟੀਚਾ ਹੀ ਨਹੀਂ ਹੋਣਾ ਚਾਹੀਦਾ ਸਗੋਂ ਇਹ ਸਾਡੇ ਜੀਵਨ ਦਾ ਨਾਅਰਾ ਜਾਂ ਨਿਸ਼ਾਨਾ ਹੋਣਾ ਚਾਹੀਦਾ ਹੈ। ਸਾਨੂੰ ਵਿਰਸੇ ਵਿਚ ਹੀ ਗੁੜ੍ਹਤੀ ਇਸ ਪਿਆਰ ਦੀ ਮਿਲੀ ਸੀ ਪਰ ਅਸੀਂ ਅਵੇਸਲੇ ਹੋ ਇਸ ਤੋਂ ਵਿਸਰ ਗਏ ਅਤੇ ਹਨੇਰੇ ਵਿਚ ਟੱਕਰਾਂ ਮਾਰਨ ਜੋਗੇ ਰਹਿ ਗਏ ਹਾਂ। ਗੁਰੂਆਂ ਪੀਰਾਂ ਦੀ ਧਰਤੀ ਕਹੇ ਜਾਂਦੇ ਪੰਜਾਬ ਵਿਚ ਜਦੋਂ ਗੁਰੂ ਨਾਨਕ ਸਾਹਿਬ ਦਾ ਇਲਾਹੀ ਆਗਮਨ ਹੋਇਆ ਤਾਂ ਉਨ੍ਹਾਂ ਦੇ ਨਾਲ ਹੀ ਇਲਾਹੀ ਸੰਦੇਸ਼ ਵੀ ਸਾਡੇ ਤੱਕ ਪੁੱਜੇ। ਇਨ੍ਹਾਂ ਸੁਨੇਹਿਆਂ



ਨੂੰ ਆਤਮਸਾਤ ਕਰ ਅਸੀਂ ਸਾਂਭਣਾ ਸੀ ਅਤੇ ਇਸੇ ਨੇ ਹੀ ਕੁਦਰਤ ਦੀ ਖ਼ੂਬਸੂਰਤੀ ਨੂੰ ਸੰਜੋਈ ਰੱਖਣਾ ਸੀ। ਗੁਰੂ ਸਾਹਿਬ ਨੇ ਇਲਾਹੀ ਨਾਦ ਵਿਚ ਜੋ-ਜੋ ਸ਼ਬਦ ਕੁਦਰਤ ਦੀ ਸਿਫ਼ਤ, ਸੰਭਾਲ ਅਤੇ ਇਸ ਵਿਚੋਂ ਕਾਦਰ ਦੇ ਹੁੰਦੇ ਦੀਦਾਰ ਸੰਬੰਧੀ ਕਹੇ ਹਨ ਉਨ੍ਹਾਂ ਨੇ ਸਾਡੀ ਕਾਇਆ ਕਲਪ ਕਰ ਦੇਣੀ ਸੀ। ਗੁਰੂ ਸਾਹਿਬ ਇਸ ਕਾਰੀ ਕੁਦਰਤ ਦੇ ਹਵਾਲੇ ਦੇ-ਦੇ ਇਸਦੀ ਮਹੱਤਤਾ ਨੂੰ ਉਜਾਗਰ ਕਰਦੇ ਹਨ ਅਤੇ ਇਸ ਵਿਚੋਂ ਹੀ ਕਾਦਰ ਦੇ ਦਰਸ਼ਨ ਕਰਦੇ ਹਨ। ਗੁਰੂ ਨਾਨਕ ਸਾਹਿਬ ਆਪਣੀ ਬਾਣੀ ਵਿਚ ਕੁਦਰਤੀ ਵਸਤਾਂ ਅਤੇ ਜੀਵਾਂ ਦੇ ਅਨੇਕਾਂ ਬਿੰਬ ਵਰਤ ਕੇ ਸਾਨੂੰ ਰੌਸ਼ਨ ਕਰਦੇ ਹਨ, ਗੁਰੂ ਸਾਹਿਬ ਆਖਦੇ ਹਨ :-

ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ॥
ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ॥
ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ॥
ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ॥
ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ॥
ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ॥
(ਗੁਰੂ ਗ੍ਰੰਥ ਸਾਹਿਬ, ਅੰਗ : ੪੬੭)

ਗੁਰੂ ਨਾਨਕ ਸਾਹਿਬ ਪ੍ਰਕਿਰਤੀ ਵਿਚਲੇ ਮਨੁੱਖਾਂ, ਰੁੱਖਾਂ, ਤੀਰਥਾਂ, ਤਟਾਂ, ਬੱਦਲਾਂ ਅਤੇ ਖੇਤਾਂ, ਦੀਪਾਂ, ਲੋਆਂ, ਮੰਡਲਾਂ, ਖੰਡਾਂ, ਬ੍ਰਹਿਮੰਡਾਂ, ਸਰ, ਮੇਰ ਆਦਿ ਪਰਬਤਾਂ ਅਤੇ ਜੀਵਾਂ ਦੀ ਉਤਪਤੀ ਨੂੰ ਧਿਆਨ ਵਿਚ ਰੱਖ ਉਨ੍ਹਾਂ ਦੀ ਵੰਡ ਕਰਦੇ ਹਨ ਅਤੇ ਆਖਦੇ ਹਨ ਕਿ ਇਨ੍ਹਾਂ ਸਭਨਾਂ ਨੂੰ ਪੈਦਾ ਕਰਨ ਵਾਲਾ ਇਕੋ ਹੈ ਅਤੇ ਓਸ ਇਕੋ ਨੇ ਹੀ ਸਭਨਾਂ ਜੀਆਂ ਦੀ ਚਿੰਤਾ ਕਰਨੀ ਹੈ। ਗੁਰੂ ਨਾਨਕ ਸਾਹਿਬ ਹਵਾ ਨੂੰ ਗੁਰੂ ਅਤੇ ਪਾਣੀ ਨੂੰ ਪਿਤਾ ਦਾ ਦਰਜਾ ਦਿੰਦੇ ਹਨ ਅਤੇ ਧਰਤੀ ਨੂੰ ਮਾਤਾ ਆਖਦੇ ਹਨ :-

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
(ਗੁਰੂ ਗ੍ਰੰਥ ਸਾਹਿਬ, ਅੰਗ : ੮)

ਮਨੁੱਖ ਸਿਰਫ਼ ਆਪਣੀ ਹੋਂਦ ਨਾਲ ਹੀ ਸਾਰਾ ਕੁਝ ਸੰਪੂਰਨ ਸਮਝੀ ਜਾਵੇ ਤਾਂ ਉਸ ਦੇ ਅੰਤ ਨੂੰ ਕੋਈ ਨਹੀਂ ਰੋਕ ਸਕਦਾ। ਮਨੁੱਖੀ ਹੋਂਦ ਤੋਂ ਇਲਾਵਾ ਸਹਿ-ਜੀਵਾਂ ਅਤੇ ਰੁੱਖਾਂ ਬਿਰਖਾਂ ਦੀ ਹੋਂਦ ਨਾਲ ਹੀ ਸਾਰੀ ਕੁਦਰਤ ਦੀ ਹੋਂਦ ਸੰਭਵ ਹੁੰਦੀ ਹੈ। ਗੁਰੂ ਨਾਨਕ ਸਾਹਿਬ ਆਖਦੇ ਹਨ ਕਿ ਜੇਕਰ ਅਸੀਂ ਰੁੱਖਾਂ ਦੀ ਸਦੀਵਤਾ ਨੂੰ ਕਾਇਮ ਰੱਖਦੇ ਹਾਂ ਤਾਂ ਹੀ ਸਾਡੀ ਹੋਂਦ ਕਾਇਮ ਰਹਿ ਸਕਦੀ ਹੈ। ਅੰਮ੍ਰਿਤ ਅਮਰਤਾ ਦਾ ਪ੍ਰਤੀਕ ਹੈ ਅਤੇ ਗੁਰੂ ਨਾਨਕ ਸਾਹਿਬ ਆਖਦੇ ਹਨ ਕਿ ਅਕਾਲ ਪੁਰਖ ਦੇ ਹੁਕਮ ਨਾਲ ਖਿੜਦੇ ਰੁੱਖਾਂ ਤੋਂ ਅੰਮ੍ਰਿਤ ਦਾ ਰਸ ਪ੍ਰਾਪਤ ਹੁੰਦਾ ਹੈ:-ਅੰਮ੍ਰਿਤ ਅਮਰਤਾ ਦਾ ਪ੍ਰਤੀਕ ਹੈ ਅਤੇ ਗੁਰੂ ਨਾਨਕ ਸਾਹਿਬ ਆਖਦੇ ਹਨ ਕਿ ਅਕਾਲ ਪੁਰਖ ਦੇ ਹੁਕਮ ਨਾਲ ਖਿੜਦੇ ਰੁੱਖਾਂ ਤੋਂ ਅੰਮ੍ਰਿਤ ਦਾ ਰਸ ਪ੍ਰਾਪਤ ਹੁੰਦਾ ਹੈ :-

ਸਫਲਿਓ ਬਿਰਖੁ ਅੰਮ੍ਰਿਤ ਫਲੁ ਪਾਵਹਿ॥
(ਗੁਰੂ ਗ੍ਰੰਥ ਸਾਹਿਬ, ਅੰਗ : ੧੦੩੩)
ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ॥
ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ॥
(ਗੁਰੂ ਗ੍ਰੰਥ ਸਾਹਿਬ, ਅੰਗ : ੫੯)

ਅਕਾਲ ਪੁਰਖ ਨੇ ਸਾਡੀ ਹੋਂਦ ਨੂੰ ਸੁਰੱਖਿਅਤ ਕਰਨ ਲਈ ਹੀ ਸਾਰੀ ਹੋਰ ਜੀਵ, ਬਨਸਪਤੀ ਦੀ ਉਤਪਤੀ (ਬਾਕੀ ਸਫ਼ਾ 34 'ਤੇ)

# ਰੂਸ ਤੇ ਅਮਰੀਕਾ ਟਕਰਾਅ ਦੇ ਰਾਹ ਵੱਲ

## ਰੂਸ ਵਲੋਂ ਅਮਰੀਕਾ ਦੇ ਉਪਗ੍ਰਿਹਾਂ ’ਤੇ ਹਮਲੇ ਦੀ ਚਿਤਾਵਨੀ

### ਰੂਸੀ ਫ਼ੌਜਾਂ ਨੂੰ ਭਜਾਉਣ ਦੀ ਕੋਸ਼ਿਸ਼ ਦੇ ਤਹਿਤ ਅਮਰੀਕਾ ਯੂਕ੍ਰੇਨ ਨੂੰ 275 ਮਿਲੀਅਨ ਡਾਲਰ ਦੀ ਵਾਧੂ ਫ਼ੌਜੀ ਅਤੇ ਹੋਰ ਸਹਾਇਤਾ ਭੇਜੇਗਾ

**ਹੀਰੋਸ਼ੀਮਾ ਤੇ ਨਾਗਾਸਾਕੀ ਵਿਚ ਐਟਮ ਬੰਬ ਸੁੱਟਣ ਤੋਂ ਬਾਅਦ ਵੀ ਅਮਰੀਕਾ ਦੀ ਸਰਦਾਰੀ ਕਾਇਮ ਰਹੀ ਅਤੇ ਦੁਨੀਆ ਵਿਚ ਉਸ ਦਾ ਮਾਣ-ਸਨਮਾਨ ਘਟਿਆ ਨਹੀਂ, ਉਹ ਆਪਣੇ-ਆਪ ਨੂੰ ਮਨੁੱਖੀ ਕਦਰਾਂ-ਕੀਮਤਾਂ ਦਾ ਰਖਵਾਲਾ ਦੱਸਦਾ ਰਿਹਾ। ਦੂਸਰੀ ਆਲਮੀ ਜੰਗ ਤੋਂ ਬਾਅਦ ਅਮਰੀਕਾ ਅਤੇ ਸੋਵੀਅਤ ਯੂਨੀਅਨ ਵਿਚ ਪ੍ਰਮਾਣੂ ਹਥਿਆਰ ਬਣਾਉਣ ਦੀ ਦੌੜ ਵਧੀ ਅਤੇ ਤਬਾਹਕੁਨ ਹਥਿਆਰ ਤਿਆਰ ਕੀਤੇ ਗਏ। ਅਮਨ ਕਾਇਮ ਕਰਨ ਦੀਆਂ ਕੋਸ਼ਿਸ਼ਾਂ ਤੋਂ ਬਾਅਦ ਇਨ੍ਹਾਂ ਹਥਿਆਰਾਂ ਦਾ ਇਸਤੇਮਾਲ ਨਾ ਕਰਨ ਬਾਰੇ ਕਈ ਸੰਧੀਆਂ ਹੋਈਆਂ ਪਰ ਰੂਸ-ਯੂਕਰੇਨ ਜੰਗ ਦਰਸਾਉਂਦੀ ਹੈ ਕਿ ਪ੍ਰਮਾਣੂ ਤਾਕਤ ਦੀ ਕਿਸੇ ਨਾ ਕਿਸੇ ਰੂਪ ਵਿਚ ਵਰਤੋਂ ਦਾ ਖ਼ਤਰਾ ਟਲਿਆ ਨਹੀਂ ਹੈ। ਰੂਸ ਹਮਲਾਵਰ ਦੇਸ਼ ਹੈ ਅਤੇ ਉਸ ਦੁਆਰਾ ਯੂਕਰੇਨ ’ਤੇ ਕੀਤੇ ਹਮਲੇ ਦੀ ਜਿੰਨੀ ਵੀ ਨਿੰਦਿਆ ਕੀਤੀ ਜਾਏ, ਉਹ ਘੱਟ ਹੈ ਪਰ ਇਸ ਦੇ ਨਾਲ ਨਾਲ ਅਮਰੀਕਾ ਅਤੇ ਪੱਛਮੀ ਯੂਰੋਪ ਦੇ ਦੇਸ਼ਾਂ ਨੇ ਇਸ ਜੰਗ ਨੂੰ ਭੜਕਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਕੌਮਾਂਤਰੀ ਭਾਈਚਾਰੇ ਨੂੰ ਦੋਹਾਂ ਦੇਸ਼ਾਂ ’ਤੇ ਆਪਣਾ ਪ੍ਰਭਾਵ ਵਰਤ ਕੇ ਜੰਗਬੰਦੀ ਕਰਾਉਣੀ ਚਾਹੀਦੀ ਹੈ ਤਾਂ ਕਿ ਡਰਟੀ ਬੰਬ ਜਾਂ ਪ੍ਰਮਾਣੂ ਹਥਿਆਰਾਂ ਦੇ ਤਬਾਹਕੁਨ ਖ਼ਤਰੇ ਤੋਂ ਬਚਿਆ ਜਾ ਸਕੇ।**



ਕੀਵ/ਏ.ਟੀ.ਨਿਊਜ਼ :- ਜਿਥੇ ਰੂਸ ਤੇ ਯੂਕਰੇਨ ਵਿਚਕਾਰ ਜੰਗ ਜਾਰੀ ਹੈ, ਉਥੇ ਰੂਸ ਨੇ ਹੁਣ ਅਮਰੀਕਾ ਦੇ ਉਪਗ੍ਰਿਹਾਂ ’ਤੇ ਹਮਲਾ ਕਰਨ ਦੀ ਚਿਤਾਵਨੀ ਜਾਰੀ ਕਰ ਦਿੱਤੀ ਹੈ। ਰੂਸ ਨੇ ਕਿਹਾ ਕਿ ਅਮਰੀਕਾ ਨੂੰ ਵੀ ਟਕਰਾਅ ਵਿਚ ਖਿੱਚਿਆ ਜਾ ਸਕਦਾ ਹੈ। ਰੂਸ ਨੇ ਕਿਹਾ ਕਿ ਉਹ ਯੂਕਰੇਨ ਦੀ ਹਮਾਇਤ ’ਚ ਫ਼ੌਜੀ ਉਦੇਸ਼ਾਂ ਲਈ ਵਰਤੇ ਜਾਂਦੇ ਅਮਰੀਕੀ ਤੇ ਪੱਛਮੀ ਵਪਾਰਕ ਉਪਗ੍ਰਿਹਾਂ ਨੂੰ ਨਿਸ਼ਾਨਾ ਬਣਾ ਸਕਦਾ ਹੈ। ਰੂਸ ਦੇ ਵਿਦੇਸ਼ ਮੰਤਰਾਲੇ ਦੀ ਬੁਲਾਰਨ ਮਾਰੀਆ ਜ਼ਖਾਰੋਵਾ ਨੇ ਅਮਰੀਕਾ ’ਤੇ ਵਿਚਾਰਹੀਣ ਤੇ ਪਾਗਲਪਨ ਤਰੀਕੇ ਨਾਲ ਟਕਰਾਅ ਵਿਚ ਸ਼ਾਮਿਲ ਹੋਣ ਦਾ ਦੋਸ਼ ਲਗਾਇਆ। ਉਨ੍ਹਾਂ ਤਰਕ ਦਿੱਤਾ ਕਿ ਅਮਰੀਕਾ ਨੂੰ 1962 ਵਿਚ ਕਿਊਬਾ ਮਿਜ਼ਾਈਲ ਸੰਕਟ ਦੌਰਾਨ ਵਿਖਾਏ ਨਜ਼ਰੀਏ ਤੋਂ ਜ਼ਿਆਦਾ ਜ਼ਿੰਮੇਵਾਰ ਪਹੁੰਚ ਅਪਨਾਉਣੀ ਚਾਹੀਦੀ ਹੈ। ਜਦ ਸ਼ੀਤ ਯੁੱਧ ਦੀਆਂ ਮਹਾਂਸ਼ਕਤੀਆਂ ਪ੍ਰਮਾਣੂ ਟਕਰਾਅ ਦੇ ਕੰਢੇ ਤੋਂ ਪਿੱਛੇ ਹਟ ਗਈਆਂ ਸਨ। ਰੂਸੀ ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਪੱਛਮ ਟਕਰਾਅ ਦਾ ਹਿੱਸਾ ਬਣ ਸਕਦਾ ਹੈ। ਜ਼ਖ਼ਾਰੋਵਾ ਨੇ ਕਿਹਾ ਕਿ ਜੰਗ ਦੇ ਮੈਦਾਨ ’ਤੇ ਅਮਰੀਕਾ ਜਿੰਨਾ ਜ਼ਿਆਦਾ ਯੂਕਰੇਨ ਦੇ ਸਮਰਥਨ ਵਿਚ ਆਵੇਗਾ, ਓਨਾ ਹੀ ਦੋ ਸਭ ਤੋਂ ਵੱਡੀਆਂ ਪ੍ਰਮਾਣੂ ਮਹਾਂਸ਼ਕਤੀਆਂ ਵਿਚਕਾਰ ਸਿੱਧੇ ਫ਼ੌਜੀ ਟਕਰਾਅ ਨੂੰ ਭੜਕਾਉਣ ਦਾ ਜੋਖ਼ਮ ਪੈਦਾ ਕਰੇਗਾ, ਜਿਸਦੇ ਵਿਨਾਸ਼ਕਾਰੀ ਨਤੀਜੇ ਹੋਣਗੇ। ਸੰਯੁਕਤ ਰਾਸ਼ਟਰ ਦੀ ਹਥਿਆਰਾਂ ਦੀ ਕੰਟਰੋਲ ਕਮੇਟੀ ਵਿਚ ਰੂਸੀ ਵਫ਼ਦ ਦੇ ਉੱਪ ਮੁਖੀ ਕੋਨਸਤੇਨਤਿਨ ਵੋਰੋਂਤਸੋਵ ਨੇ ਯੂਕਰੇਨ ਵਿਚ ਲੜਾਈ ਦੇ ਦੌਰਾਨ ਸੈਨਿਕ ਉਦੇਸ਼ਾਂ ਲਈ ਅਮਰੀਕਾ ਤੇ ਹੋਰ ਪੱਛਮੀ ਵਪਾਰਕ ਉਪਗ੍ਰਿਹਾਂ ਦੀ ਵਰਤੋਂ ਨੂੰ ਬਹੁਤ ਖ਼ਤਰਨਾਕ ਦੱਸਿਆ। ਉਨ੍ਹਾਂ ਕਿਹਾ ਕਿ ਅਮਰੀਕਾ ਤੇ ਉਸ ਦੇ ਸਹਿਯੋਗੀਆਂ ਦੇ ਵਪਾਰਕ ਉਪਗ੍ਰਿਹਿ ਰੂਸ ਲਈ ਜਾਇਜ਼ ਨਿਸ਼ਾਨਾ ਬਣ ਸਕਦੇ ਹਨ। ਦੂਸਰੇ ਪਾਸੇ ਅਮਰੀਕਾ ਦੱਖਣੀ ਯੂਕ੍ਰੇਨ ਦੇ ਮੁੱਖ ਖੇਤਰਾਂ ਤੋਂ ਰੂਸੀ ਫ਼ੌਜਾਂ ਨੂੰ ਭਜਾਉਣ ਦੀ ਕੋਸ਼ਿਸ਼ ਦੇ ਤਹਿਤ ਯੂਕ੍ਰੇਨ ਨੂੰ 275 ਮਿਲੀਅਨ ਡਾਲਰ ਦੀ ਵਾਧੂ ਫ਼ੌਜੀ ਅਤੇ ਹੋਰ ਸਹਾਇਤਾ ਭੇਜ ਰਿਹਾ ਹੈ।

ਰੂਸ ਦਾ ਖਦਸ਼ਾ ਯੂਕਰੇਨ ਵਰਤ ਸਕਦਾ ਏ ਡਰਟੀ ਬੰਬ

ਰੂਸ ਸਰਕਾਰ ਦੁਆਰਾ ਜਾਰੀ ਕੀਤੇ ਬਿਆਨ ਅਨੁਸਾਰ ਰੱਖਿਆ ਮੰਤਰੀ ਸਰਗੇਈ ਸ਼ੋਇਗੂ ਨੇ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨਾਲ ਹੋਈ ਗੱਲਬਾਤ ਵਿਚ ਯੂਕਰੇਨ ਦੁਆਰਾ ‘ਡਰਟੀ ਬੰਬ’ ਦੀ ਸੰਭਾਵੀ ਕਾਰਵਾਈ ਕੀਤੇ ਜਾਣ ਬਾਰੇ ਚਿੰਤਾ ਪ੍ਰਗਟ ਕੀਤੀ ਹੈ। ਰੂਸ ਦਾ ਕਹਿਣਾ ਹੈ ਕਿ ਯੂਕਰੇਨ ਇਹ ਕੰਮ ਕਰ ਕੇ ਰੂਸ ਨੂੰ ਜ਼ਿੰਮੇਵਾਰ ਠਹਿਰਾਏਗਾ। ਰੂਸ ਅਨੁਸਾਰ ਯੂਕਰੇਨ ਕੋਲ ਅਜਿਹਾ ਕਰਨ ਦੀ ਵਿਗਿਆਨਕ ਸਮਰੱਥਾ ਹੈ।ਡਰਟੀ ਬੰਬ ਅਜਿਹਾ ਬੰਬ ਹੈ ਜਿਸ ਵਿਚ ਰਵਾਇਤੀ ਵਿਸਫੋਟਕ ਸਮੱਗਰੀ ਦੇ ਨਾਲ ਨਾਲ ਪਰਮਾਣੂ ਹਥਿਆਰਾਂ ਵਿਚ ਵਰਤੇ ਜਾਣ ਵਾਲੇ ਤੱਤ ਸੀਮਤ ਮਾਤਰਾ ਵਿਚ ਰੱਖੇ ਜਾਂਦੇ ਹਨ। ਅਜਿਹਾ ਬੰਬ ਬਣਾਉਣਾ ਆਸਾਨ ਨਹੀਂ ਕਿਉਂਕਿ ਅਜਿਹੇ ਤੱਤਾਂ ’ਚੋਂ ਨਿਕਲਦੀ ਰੇਡੀਏਸ਼ਨ ਤੋਂ ਬਚਣਾ ਬਹੁਤ ਮੁਸ਼ਕਿਲ ਹੁੰਦਾ ਹੈ। ਲੋਕਾਂ ਦੇ ਮਨਾਂ ਵਿਚ ਡਰਟੀ ਬੰਬ ਤੋਂ ਹੋਣ ਵਾਲੇ ਅਸਰਾਂ ਬਾਰੇ ਗੰਭੀਰ ਤੌਖ਼ਲੇ ਹਨ। ਰਵਾਇਤੀ ਵਿਸਫੋਟਕ ਪਦਾਰਥਾਂ ਕਾਰਨ ਬੰਬ ਫਟੇਗਾ ਅਤੇ ਸੀਮਤ ਤਬਾਹੀ ਕਰੇਗਾ ਪਰ ਰੇਡੀਓਐਕਟਿਵ ਤੱਤਾਂ ਦੇ ਕਣ ਨਜ਼ਦੀਕ ਦੇ ਇਲਾਕੇ ਵਿਚ ਫੈਲ ਜਾਣਗੇ। ਇਹ ਕੁਝ ਦੂਰੀ ਤਕ ਰਹਿੰਦੇ ਮਨੁੱਖਾਂ, ਪੌਦਿਆਂ ਅਤੇ ਜੀਵਾਂ ’ਤੇ ਤਬਾਹਕੁਨ ਪ੍ਰਭਾਵ ਪਾਉਣਗੇ, ਜੇ ਹਵਾ ਇਨ੍ਹਾਂ ਕਣਾਂ ਨੂੰ ਉਡਾ ਕੇ ਦੂਰ ਲੈ ਜਾਵੇ ਤਾਂ ਦੂਰ ਦੇ ਇਲਾਕਿਆਂ ਵਿਚ ਵੀ ਅਜਿਹਾ ਪ੍ਰਭਾਵ ਪੈ ਸਕਦਾ ਹੈ। ਇਨ੍ਹਾਂ ਤੋਂ ਪ੍ਰਦੂਸ਼ਿਤ ਪਾਣੀ ਵੀ ਮਨੁੱਖਾਂ, ਪੌਦਿਆਂ ਅਤੇ ਜੀਵਾਂ ਨੂੰ ਪ੍ਰਭਾਵਿਤ ਕਰੇਗਾ। ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਦੀ ਮੌਤ ਹੋ ਸਕਦੀ ਹੈ ਅਤੇ ਵੱਡੀ ਗਿਣਤੀ ਵਿਚ ਲੋਕ ਜ਼ਖ਼ਮੀ ਤੇ ਕਈ ਹੋਰ ਤਰੀਕਿਆਂ ਨਾਲ ਪੀੜਤ ਹੋ ਸਕਦੇ ਹਨ।

# ਰੂਸ ਹੋਇਆ ਭਾਰਤ ਉਪਰ ਦਿਆਲ ਪੂਤਿਨ ਨੇ ਕਿਹਾ ਕਿ ਭਾਰਤ ਨਾਲ ਰਿਸ਼ਤੇ ਬਹੁਤ ਅਹਿਮ ਤੇ ਖ਼ਾਸ

### ➢ ਰੂਸੀ ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਮੋਦੀ ਦੀਆਂ ਸਿਫ਼ਤਾਂ ਦੇ ਪੁਲ਼ ਬੰਨ੍ਹੇ
### ➢ਆਜ਼ਾਦ ਵਿਦੇਸ਼ ਨੀਤੀ ਅਪਣਾਉਣ ਲਈ ਭਾਰਤ ਦੀ ਸ਼ਲਾਘਾ

ਮਾਸਕੋ : ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕਿਹਾ ਹੈ ਕਿ ਰੂਸ ਦੇ ਭਾਰਤ ਨਾਲ ਵਿਸ਼ੇਸ਼ ਰਿਸ਼ਤੇ ਰਹੇ ਹਨ ਤੇ ਦੋਵਾਂ ਮੁਲਕਾਂ ਨੇ ਹਮੇਸ਼ਾ ਇਕ-ਦੂਜੇ ਦੀ ਮਦਦ ਕੀਤੀ ਹੈ, ਭਵਿੱਖ ਵਿਚ ਵੀ ਦੋਵੇਂ ਇਕ-ਦੂਜੇ ਦੀ ਹਮਾਇਤ ਕਰਦੇ ਰਹਿਣਗੇ। ਪੂਤਿਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਪਣੇ ਮੁਲਕ ਦੇ ਹਿੱਤ ਵਿਚ ‘ਆਜ਼ਾਦਾਨਾ ਵਿਦੇਸ਼ ਨੀਤੀ’ ਅਪਣਾਉਣ ਲਈ ਪ੍ਰਸ਼ੰਸਾ ਵੀ ਕੀਤੀ ਹੈ। ਪੂਤਿਨ ਨੇ ਇਹ ਟਿੱਪਣੀਆਂ ਮਾਸਕੋ ਦੇ ਇਕ ਸੰਗਠਨ ਦੇ ਸੈਸ਼ਨ ਦੌਰਾਨ ਭਾਸ਼ਣ ਦਿੰਦਿਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਰੂਸ ਤੇ ਭਾਰਤ ਫ਼ੌਜੀ ਤੇ ਤਕਨੀਕੀ ਖੇਤਰਾਂ ਵਿਚ ਸਹਿਯੋਗ ਕਰਦੇ ਰਹਿਣਗੇ। ਰੂਸ ਦੇ ਸਰਕਾਰੀ ਮੀਡੀਆ ‘ਆਰਟੀ’ ਨੇ ਪੂਤਿਨ ਦੇ ਹਵਾਲੇ ਨਾਲ ਲਿਖਿਆ ਹੈ ਕਿ ਭਾਰਤ ਨਾਲ ਰੂਸ ਦਾ ਕਦੇ ਵੀ ਕੋਈ ਮਸਲਾ ਨਹੀਂ ਰਿਹਾ। ਪੂਤਿਨ ਨੇ ਕਿਹਾ, ‘ਸਾਡੇ ਭਾਰਤ ਨਾਲ ਸਬੰਧ ਖਾਸ ਹਨ ਜੋ ਕਿ ਦਹਾਕਿਆਂ ਬੱਧੀ ਨੇੜਿਓਂ ਤਾਲਮੇਲ ਕਰਦੇ ਰਹਿਣ ਦਾ ਸਿੱਟਾ ਹਨ।’ ਜ਼ਿਕਰਯੋਗ ਹੈ ਕਿ ਮਹੀਨਾ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ ਪੂਤਿਨ ਨੂੰ ਸਮਰਕੰਦ ਵਿਚ ਐੱਸਸੀਓ ਸੰਮੇਲਨ ਦੌਰਾਨ ਕਿਹਾ ਸੀ ਕਿ ‘ਇਹ ਸਮਾਂ ਜੰਗ ਲੜਨ ਦਾ ਨਹੀਂ ਹੈ।’ ਭਾਰਤ ਨੇ ਹਾਲੇ ਤੱਕ ਯੂਕਰੇਨ ’ਤੇ ਰੂਸ ਦੇ ਹਮਲੇ ਦੀ ਨਿਖੇਧੀ ਨਹੀਂ ਕੀਤੀ ਹੈ ਤੇ ਸੰਕਟ ਦੇ ਹੱਲ ਲਈ ਕੂਟਨੀਤੀ ਅਤੇ ਸੰਵਾਦ ਦਾ ਰਾਹ ਫੜਨ ਉਤੇ ਹੀ ਜ਼ੋਰ ਦਿੱਤਾ ਹੈ। ਪੂਤਿਨ ਨੇ ਕਿਹਾ, ‘ਪ੍ਰਧਾਨ ਮੰਤਰੀ ਮੋਦੀ ਦੁਨੀਆ ਦੀਆਂ ਉਨ੍ਹਾਂ ਹਸਤੀਆਂ ’ਵਿਚੋਂ ਹਨ ਜੋ ਆਪਣੇ ਆਪਣੇ ਮੁਲਕ ਤੇ ਲੋਕਾਂ ਦੇ ਹਿੱਤ ਵਿਚ ਆਜ਼ਾਦ ਵਿਦੇਸ਼ ਨੀਤੀ ਅਪਣਾਉਣ ਦੇ ਸਮਰੱਥ ਹਨ, ਤੇ ਕੋਈ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਣ ਦੀ ਕੋਸ਼ਿਸ਼ ਨਹੀਂ ਕਰ ਰਿਹਾ।’ ਦੱਸਣਯੋਗ ਹੈ ਕਿ ਭਾਰਤ ਨੂੰ ਰੂਸ ਵੱਡੇ ਪੱਧਰ ’ਤੇ ਹਥਿਆਰ ਸਪਲਾਈ ਕਰਦਾ ਰਿਹਾ ਹੈ। ਅਕਤੂਬਰ 2018 ਵਿਚ ਭਾਰਤ ਨੇ ਅਮਰੀਕਾ ਦੀ ਚਿਤਾਵਨੀ ਦੇ ਬਾਵਜੂਦ ਰੂਸ ਨਾਲ ਐੱਸ-400 ਮਿਜ਼ਾਈਲ ਰੱਖਿਆ ਪ੍ਰਣਾਲੀ ਖ਼ਰੀਦਣ ਦਾ ਸੌਦਾ ਕੀਤਾ ਸੀ। ਇਸ ਸੌਦੇ ਲਈ ਅਮਰੀਕਾ ਭਾਰਤ ਉਤੇ ਇਕ ਵਿਸ਼ੇਸ਼ ਕਾਨੂੰਨ ਤਹਿਤ ਪਾਬੰਦੀਆਂ ਲਾ ਸਕਦਾ ਹੈ। ਪੂਤਿਨ ਨੇ ਕਿਹਾ ਕਿ ਬਰਤਾਨਵੀ ਬਸਤੀ ਤੋਂ ਆਪਣੇ ਆਧੁਨਿਕ ਰੂਪ ਤੱਕ ਭਾਰਤ ਨੇ ਵਿਕਾਸ ਦਾ ਲੰਮਾ ਰਾਹ ਤੈਅ ਕੀਤਾ ਹੈ, ਤੇ ਦੇਸ਼ ਦੀ 1.50 ਅਰਬ ਆਬਾਦੀ ਲਈ ਮਹੱਤਵਪੂਰਨ ਨਤੀਜੇ ਸਾਹਮਣੇ ਲਿਆਂਦੇ ਹਨ। ਪੂਤਿਨ ਨੇ ਇਸ ਮੌਕੇ ਕਿਹਾ, ਦੁਨੀਆ ਭਰ ਵਿਚ ਹਰ ਕੋਈ ਭਾਰਤ ਦਾ ਸਨਮਾਨ ਕਰਦਾ ਹੈ। ਪਿਛਲੇ ਕੁਝ ਸਾਲਾਂ ਵਿਚ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿਚ ਕਾਫ਼ੀ ਕੁਝ ਕੀਤਾ ਗਿਆ ਹੈ। ਉਹ ਸੱਚੇ ਦੇਸ਼ ਭਗਤ ਹਨ, ਤੇ ਉਨ੍ਹਾਂ ਦਾ ‘ਮੇਕ ਇਨ ਇੰਡੀਆ’ ਦਾ ਵਿਚਾਰ ਮਹੱਤਵਪੂਰਨ ਕੋਸ਼ਿਸ਼ ਹੈ। ਭਾਰਤ ਨੇ ਅਸਲ ਵਿਚ ਕਾਫ਼ੀ ਤਰੱਕੀ ਕੀਤੀ ਹੈ। ਅੱਗੇ ਮਹਾਨ ਭਵਿੱਖ ਪਿਆ ਹੈ। ਰੂਸੀ ਰਾਸ਼ਟਰਪਤੀ ਨੇ ਕਿਹਾ, ‘ਭਾਰਤ ਨਾ ਸਿਰਫ਼ ਸਭ ਤੋਂ ਵੱਡਾ ਲੋਕਤੰਤਰ ਹੈ, ਪਰ ਇਸ ਨੂੰ ਆਪਣੀ ਵਿਕਾਸ ਦਰ ਉਤੇ ਵੀ ਮਾਣ ਹੋਣਾ ਚਾਹੀਦਾ ਹੈ, ਇਹੀ ਇਸ ਦੇ ਵਿਕਾਸ ਤੇ ਤਰੱਕੀ ਦਾ ਅਧਾਰ ਹੈ।’ ਪੂਤਿਨ ਨੇ ਕਿਹਾ ਕਿ ਦਿੱਲੀ ਤੇ ਮਾਸਕੋ ਦਰਮਿਆਨ ਆਰਥਿਕ ਸਹਿਯੋਗ ਵੀ ਵੱਧ ਰਿਹਾ ਹੈ।



ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਨੂੰ ਖਾਦਾਂ ਦੀ ਸਪਲਾਈ ਵਧਾਉਣ ਲਈ ਕਿਹਾ ਸੀ ਜੋ ਕਿ ਭਾਰਤੀ ਖੇਤੀਬਾੜੀ ਲਈ ਮਹੱਤਵਪੂਰਨ ਹਨ, ਤੇ ਰੂਸ ਵੱਲੋਂ ਇਹ ਵਧਾ ਦਿੱਤੀ ਗਈ। ਪੂਤਿਨ ਨੇ ਕਿਹਾ ਕਿ ਸਪਲਾਈ ਵਿਚ ਸੱਤ ਗੁਣਾ ਤੋਂ ਵੱਧ ਦਾ ਵਾਧਾ ਕੀਤਾ ਗਿਆ ਹੈ। ਰੂਸੀ ਰਾਸ਼ਟਰਪਤੀ ਨੇ ਕਿਹਾ ਕਿ ਆਲਮੀ ਨੀਤੀਆਂ ਘੜਨ ਵਿਚ ਭਾਰਤ ਦੀ ਭੂਮਿਕਾ ਹੁਣ ਮਹੱਤਵਪੂਰਨ ਹੋਵੇਗੀ। ਦੱਸਣਯੋਗ ਹੈ ਕਿ ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ 8 ਨਵੰਬਰ ਨੂੰ ਮਾਸਕੋ ਦੇ ਦੌਰੇ ਉਤੇ ਜਾ ਰਹੇ ਹਨ।

## ਭਾਰਤ ਤੇ ਪਾਕਿਸਤਾਨ ਮਸਲਾ ਗੱਲਬਾਤ ਰਾਹੀਂ ਹੱਲ ਕਰਨਾ ਚਾਹੀਦਾ ਹੈ : ਚੀਨ

ਬੀਜਿੰਗ : ਚੀਨ ਦੇ ਵਿਦੇਸ਼ ਮੰਤਰਾਲੇ ਦੀ ਬੁਲਾਰਨ ਮਾਓ ਨਿੰਗ ਨੇ ਕਿਹਾ ਹੈ ਕਿ ਭਾਰਤ ਤੇ ਪਾਕਿਸਤਾਨ ਨੂੰ ਕਸ਼ਮੀਰ ਮਸਲੇ ਦਾ ਹੱਲ ਗੱਲਬਾਤ ਅਤੇ ਸਲਾਹ-ਮਸ਼ਵਰੇ ਰਾਹੀਂ ਕਰਨਾ ਚਾਹੀਦਾ ਹੈ ਅਤੇ ਦੋਵਾਂ ਦੇਸ਼ਾਂ ਨੂੰ ਇਕਤਰਫ਼ਾ ਕਾਰਵਾਈਆਂ ਤੋਂ ਬਚਣਾ ਚਾਹੀਦਾ ਹੈ, ਜਿਸ ਨਾਲ ਸਥਿਤੀ ਹੋਰ ਗੁੰਝਲਦਾਰ ਹੋ ਸਕਦੀ ਹੈ।

# ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਸਮਰਪਿਤ ਗਾਇਕ

# ਕਨਵਰ ਗਰੇਵਾਲ



ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਸਮਰਪਿਤ ਨੌਜਵਾਨ ਪੰਜਾਬੀ ਗਾਇਕ ਤੇ ਕਲਮਕਾਰ ਕਨਵਰ ਗਰੇਵਾਲ ਨੇ ਹਮੇਸ਼ਾ ਪੰਜਾਬੀ ਵਿਰਸੇ ਤੇ ਸੱਭਿਆਚਾਰ ਦੀ ਚੜ੍ਹਦੀ ਕਲਾ ਲਈ ਵਪਾਰਕ ਪੱਖ ਨੂੰ ਤਿਲਾਂਜਲੀ ਦੇ ਕੇ ਸੰਗੀਤਕ ਮਾਰਕੀਟ ਵਿਚ ਜ਼ਮੀਨੀ ਹਕੀਕਤ ਨਾਲ ਜੁੜੇ ਲੋਕ-ਪੱਖੀ ਗੀਤਾਂ ਨਾਲ ਦਰਿਆਵਾਂ ਦੇ ਪਾਣੀਆਂ ਦੀ ਰਵਾਨਗੀ ਵਾਂਗ ਆਪਣੇ ਸ਼ਾਂਤ ਸੁਭਾਅ ਨਾਲ ਅੱਗੇ ਵਧਦੇ ਹੋਏ ਦੇਸ਼ ਤੇ ਕੌਮ ਦਾ ਸੱਚਾ ਦਰਦੀ ਗਾਇਕ ਹੋਣ ਦਾ ਸਬੂਤ ਦਿੱਤਾ ਹੈ। ਸਾਦਗੀ ਪਸੰਦ ਕਨਵਰ ਗਰੇਵਾਲ ਨੇ ਲੋਕ ਮੁੱਦੇ, ਸਮਾਜਿਕ ਵਾਰਤਾ, ਪੰਜਾਬੀ ਮਾਂ-ਬੋਲੀ ਆਦਿ ਨੂੰ ਹੀ ਆਪਣੇ ਗੀਤਾਂ ਦਾ ਵਿਸ਼ਾ ਬਣਾਇਆ ਹੈ। ਪੰਜਾਬੀਅਤ ਦੇ ਸ਼ੈਦਾਈ ਤੇ ਸੱਚ ਦੇ ਆਸ਼ਕ ਕਨਵਰ ਗਰੇਵਾਲ ਨੇ ਜਿੱਥੇ 'ਕੀ ਮਾਣ ਦੌਲਤਾਂ ਦਾ', 'ਰੱਬ ਦਾ ਸੀ.ਸੀ.ਟੀ.ਵੀ ਬੰਦਿਆ ਹਰ ਦਮ ਹਰ ਥਾਂ ਚਲਦਾ ਏ', 'ਜ਼ਮੀਰਾਂ ਸ਼ੌਦੇਬਾਜ਼', 'ਸਾਂਭ ਲਓ ਜਵਾਨੀਆਂ' ਆਦਿ ਗੀਤਾਂ ਰਾਹੀਂ ਆਪਣੀ ਬਾ-ਕਮਾਲ ਸ਼ੈਲੀ ਨਾਲ ਅਸਲ ਸੱਚ ਬਿਆਨਿਆ, 'ਟਿਕਟਾਂ ਦੋ ਲੈ ਲਈਂ', 'ਇਸ਼ਕ ਬੁੱਲ੍ਹੇ ਨੂੰ ਨਚਾਵੇ', 'ਦੁਨੀਆ ਕੀ ਜਾਣੇ', 'ਦੇਖ ਭਾਈ ਬਾਲਿਆ ਤੂੰ ਰੰਗ ਕਰਤਾਰ ਦੇ', 'ਦੁੱਧਾਂ ਨਾਲ ਪੁੱਤ ਪਾਲ ਕੇ ਪਿੱਛੋਂ ਪਾਣੀ ਨੂੰ ਤਰਸ ਦੀਆਂ ਮਾਵਾਂ', 'ਛੱਲਾ', 'ਰੌਲਾ', 'ਮੌਜ', 'ਪੰਜਾਬੀ ਮਾਂ ਬੋਲੀ' ਆਦਿ ਗੀਤ ਪੰਜਾਬੀਆਂ ਦੀ ਝੋਲੀ ਪਾਏ ਹਨ। ਸੁਪਰਹਿੱਟ ਪੰਜਾਬੀ ਫਿਲਮ 'ਅਰਦਾਸ' 'ਚ ਕਨਵਰ ਗਰੇਵਾਲ ਵਲੋਂ ਗਾਇਆ ਗਿਆ ਗੀਤ 'ਵਾਹ-ਵਾਹ ਰਮਜ਼ ਫਕੀਰਾ ਤੇਰੀ' ਸਰੋਤਾ ਵਰਗ ਵਲੋਂ ਖੂਬ ਸਰਾਹਿਆ ਗਿਆ। ਕੋਰੋਨਾ ਮਹਾਂਮਾਰੀ ਸੰਕਟ ਦੌਰਾਨ ਡਾਕਟਰਾਂ, ਪੁਲਿਸ ਮੁਲਾਜ਼ਮਾਂ ਤੇ ਸਫਾਈ ਸੇਵਕਾਂ ਵਲੋਂ ਨਿਭਾਈ ਗਈ ਤਨਦੇਹੀ ਨਾਲ ਸੇਵਾ ਦੇ ਸ਼ੁਕਰਾਨੇ ਵਜੋਂ ਗਾਇਆ ਗਿਆ ਗੀਤ 'ਸਿਜਦਾ' ਕਾਬਲ-ਏ-ਤਾਰੀਫ਼ ਹੈ। ਚਲੰਤ ਵਿਸ਼ਿਆਂ 'ਤੇ ਗਾਉਣਾ ਗਰੇਵਾਲ ਦੀ ਖਾਸੀਅਤ ਹੈ। ਦਿੱਲੀ ਕਿਸਾਨੀ ਸੰਘਰਸ਼ ਮੋਰਚੇ 'ਚ ਜਿੱਥੇ ਕਿਸਾਨੀ ਧਰਨਿਆਂ ਵਿਚ ਕਨਵਰ ਗਰੇਵਾਲ ਨੇ ਆਪ ਜਾ ਕੇ ਨਿਡਰਤਾ ਤੇ ਦਲੇਰਾਨਾ ਹੀਏ ਨਾਲ ਕਿਸਾਨੀ ਸੰਘਰਸ਼ ਨੂੰ ਮੁਘਾਉਣ 'ਚ ਮੋਹਰੀ ਭੂਮਿਕਾ ਨਿਭਾਈ, ਉੱਥੇ ਦਿੱਲੀ ਮੋਰਚੇ ਨੂੰ ਸਮਰਪਿਤ ਕਨਵਰ ਗਰੇਵਾਲ ਦੇ ਗੀਤ 'ਅੱਖਾਂ ਖੋਲ੍ਹ ਪੰਜਾਬ ਸਿਹਾਂ', 'ਫ਼ਸਲਾਂ ਦੇ ਫ਼ੈਸਲੇ ਕਿਸਾਨ ਕਰੂਗਾ', 'ਪੇਚਾ', 'ਜ਼ਿੰਦਾਬਾਦ ਨੀ ਜਵਾਨੀਏ', 'ਐਲਾਨ' ਆਦਿ ਨਾਲ ਕਿਸਾਨੀ ਸੰਘਰਸ਼ 'ਚ ਨੌਜਵਾਨ ਵਰਗ ਅਤੇ ਬਜ਼ੁਰਗਾਂ ਦੇ ਜੋਸ਼, ਜਜ਼ਬੇ, ਹੌਸਲੇ ਤੇ ਜਾਨੂੰਨ ਨੂੰ ਦੂਣਾ ਕੀਤਾ। ਬਾਹਰੋਂ ਖੁੱਲ੍ਹੀ-ਡੁੱਲ੍ਹੀ ਅਤੇ ਅਲਬੇਲੀ ਜਾਪਣ ਵਾਲੀ ਇਸ ਅਨੋਖੀ ਸ਼ਖਸੀਅਤ ਦੇ ਮਨ-ਅੰਤਰ ਵਿਚ ਅੰਤਾਂ ਦੀ ਸੰਜੀਦਗੀ ਅਤੇ ਸੁਹਿਰਦਤਾ ਦਾ ਵਾਸਾ ਹੈ। ਸੋਸ਼ਲ ਮੀਡੀਏ ਦੇ ਕਾਟੋ ਕਲੇਸ਼ ਤੋਂ ਕੋਹਾਂ ਦੂਰ ਗਰੇਵਾਲ ਸਾਦ-ਮੁਰਾਦਾ ਧਰਤੀ ਨਾਲ ਜੁੜਿਆ ਮਿਲਣਸਾਰ ਤੇ ਜ਼ਿੰਦਾਦਿਲ ਇਨਸਾਨ ਐ।



## ਪੰਜਾਬੀ ਫ਼ਿਲਮ ਇੰਡਸਟਰੀ 'ਤੇ ਰਾਜ ਕਰ ਰਹੀ ਐਮੀ ਵਿਰਕ ਤੇ ਤਾਨੀਆ ਦੀ ਸ਼ਾਨਦਾਰ ਜੋੜੀ

ਪੰਜਾਬੀ ਫ਼ਿਲਮ ਇੰਡਸਟਰੀ ਦੀਆਂ ਸ.ਫਲ ਫ਼ਿਲਮਾਂ ਵਿਚ ਐਮੀ ਵਿਰਕ ਤੇ ਤਾਨੀਆ ਦਾ ਵੀ ਖ਼ਾਸ ਯੋਗਦਾਨ ਹੈ। ਦੋਵਾਂ ਨੇ ਆਪਣੇ ਪ੍ਰਸ਼ੰਸਕਾਂ ਦਾ ਦਿਲ ਜਿੱਤ ਲਿਆ ਹੈ ਜੋ ਉਨ੍ਹਾਂ ਦੀਆਂ ਫ਼ਿਲਮਾਂ ਰਿਲੀਜ਼ ਹੋਣ ਤੋਂ ਬਾਅਦ ਜਨਤਾ ਦੀਆਂ ਸਮੀਖਿਆਵਾਂ ਤੋਂ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ। ਜੇਕਰ ਅਸੀਂ ਉਨ੍ਹਾਂ ਦੇ ਵਿਅਕਤੀਗਤ ਯੋਗਦਾਨ ਦੀ ਗੱਲ ਕਰੀਏ ਤਾਂ ਐਮੀ ਵਿਰਕ ਇੰਡਸਟਰੀ 'ਚ ਇਕ ਸਿਤਾਰੇ ਵਾਂਗ ਚਮਕਦੇ ਹਨ, ਜੋ ਹਰ ਫ਼ਿਲਮ ਨੂੰ ਆਪਣੀ ਕੁਦਰਤੀ ਅਦਾਕਾਰੀ ਦੇ ਹੁਨਰ ਰਾਹੀਂ ਸ਼ਾਨਦਾਰ ਹਿੱਟ ਦਿੰਦੇ ਹਨ ਤੇ ਉਨ੍ਹਾਂ ਦੇ ਰੋਮਾਂਟਿਕ ਗੀਤਾਂ ਨੂੰ ਕਿਵੇਂ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ। ਐਮੀ ਦੀ ਕੋਈ ਵੀ ਫ਼ਿਲਮ ਰਿਲੀਜ਼ ਹੋਣ ਤੋਂ ਪਹਿਲਾਂ ਹੀ ਦਰਸ਼ਕ ਚੰਗੀ ਕਹਾਣੀ, ਸਾਰਥਕ ਗੀਤਾਂ ਤੇ ਸ਼ਾਨਦਾਰ ਸਕ੍ਰੀਨ ਪਲੇਅ ਦੇ ਅੰਦਾਜ਼ੇ ਨਾਲ ਐਮੀ ਦੀਆਂ ਫ਼ਿਲਮਾਂ ਦੇਖਣ ਦੀ ਤਿਆਰੀ ਸ਼ੁਰੂ ਕਰ ਦਿੰਦੇ ਹਨ। ਦੂਜੇ ਪਾਸੇ ਤਾਨੀਆ ਨੇ ਪੰਜਾਬੀ ਫ਼ਿਲਮ ਇੰਡਸਟਰੀ 'ਚ ਆਪਣਾ ਇਕ ਵੱਖਰਾ ਨਾਮ ਬਣਾਇਆ ਹੈ ਤੇ ਵੱਖ-ਵੱਖ ਸ਼ੈਲੀਆਂ ਦੀਆਂ ਫ਼ਿਲਮਾਂ 'ਚ ਆਪਣੇ ਜ਼ੋਰਦਾਰ ਤੇ ਦਿਲ ਜਿੱਤਣ ਵਾਲੇ ਪ੍ਰਦਰਸ਼ਨਾਂ ਰਾਹੀਂ ਲਗਾਤਾਰ ਇਹ ਮੁਕਾਮ ਕਾਇਮ ਰੱਖਿਆ ਹੈ। ਤਾਨੀਆ ਆਪਣੀ ਅਦਾਕਾਰੀ ਦੇ ਹੁਨਰ ਨੂੰ ਇਕ ਹੋਰ ਉੱਚੇ ਪੱਧਰ ਤੱਕ ਲੈ ਗਈ ਹੈ, ਜਿਸ ਨੂੰ ਅਸੀਂ



'ਕਿਸਮਤ' 1 ਤੇ 2, 'ਸੁ.ਫਨਾ' ਤੋਂ 'ਬਾਜਰੇ ਦਾ ਸਿੱਟਾ' ਤੱਕ ਤੇ ਹੁਣ 'ਓਏ ਮੱਖਣਾ' 'ਵਿਚ ਦੇਖਾਂਗੇ।ਐਮੀ ਵਿਰਕ ਤੇ ਤਾਨੀਆ ਨੂੰ ਪੰਜਾਬੀ ਫ਼ਿਲਮ ਇੰਡਸਟਰੀ ਵਿਚ ਇਕ ਸੰਪੂਰਨ ਜੋੜੀ ਵਜੋਂ ਦੇਖਿਆ ਜਾਣ ਲੱਗਾ ਹੈ। 'ਕਿਸਮਤ' 1 'ਵਿਚ ਭਾਵੇਂ ਤਾਨੀਆ ਮੁੱਖ ਭੂਮਿਕਾ 'ਚ ਨਹੀਂ ਸੀ, ਉਨ੍ਹਾਂ ਦੀ ਦਿਲਚਸਪ ਕੈਮਿਸਟਰੀ ਦੇ ਕਾਰਨ ਤਾਨੀਆ ਨੂੰ 'ਸੁ.ਫਨਾ' 'ਵਿਚ ਮੁੱਖ ਭੂਮਿਕਾ ਲਈ ਲਿਆਇਆ ਗਿਆ ਸੀ, ਜੋ ਕਿ ਸਾਡੇ ਵਿਚਾਰ ਅਨੁਸਾਰ ਪੰਜਾਬੀ ਫ਼ਿਲਮ ਇੰਡਸਟਰੀ ਲਈ ਸਭ ਤੋਂ ਵਧੀਆ ਸੋਚ ਸੀ। ਇਸ ਜੋੜੀ ਨੇ ਹਿੱਟ ਗੀਤ 'ਤੇਰੀ ਜੱਟੀ' 'ਚ ਵੀ ਇਕੱਠੇ ਕੰਮ ਕੀਤਾ ਹੈ, ਜਿਸ ਗੀਤ ਨੂੰ ਹਰ ਵਿਆਹ ਸਮਾਗਮ ਵਿਚ ਸੁਣਿਆ ਜਾ ਸਕਦਾ ਹੈ। ਹੁਣ ਇਹ ਜੋੜੀ ਦਰਸ਼ਕਾਂ ਦਾ ਦਿਲ ਜਿੱਤਣ 'ਚ ਕਦੇ ਵੀ ਅਸਫਲ ਨਹੀਂ ਹੁੰਦੀ ਭਾਵੇਂ ਫ਼ਿਲਮ ਪੁਰਾਣੇ ਦੌਰ ਨੂੰ ਦਰਸਾਉਂਦੀ ਹੋਵੇ ਜਾਂ ਆਧੁਨਿਕ। ਇਕ ਹੋਰ ਹਕੀਕਤ ਇਹ ਹੈ ਕਿ ਦਰਸ਼ਕਾਂ ਨੂੰ ਦੋਵਾਂ ਤੋਂ ਬਹੁਤ ਜ਼ਿਆਦਾ ਉਮੀਦਾਂ ਹਨ, ਦਰਸ਼ਕ ਉਨ੍ਹਾਂ ਦੇ ਕੰਮ ਦੀ ਪ੍ਰਸ਼ੰਸਾ ਕਰਦੇ ਹਨ ਤੇ ਉੱਚ ਪੱਧਰ ਦੀ ਵਚਨਬੱਧਤਾ ਤੇ ਸਮਰਪਣ ਦੀ ਉਮੀਦ ਕਰਦੇ ਹਨ।

(ਬਾਕੀ ਸਫ਼ਾ 35 'ਤੇ)

## ਡਰਾਉਣੀ ਕਾਮੇਡੀ ਕਰਦੀ ਨਜ਼ਰ ਆਵੇਗੀ ਕੈਟਰੀਨਾ ਕੈਫ਼




ਕੈਟਰੀਨਾ ਕੈਫ਼ ਬਾਰੇ ਇਸ ਤਰ੍ਹਾਂ ਦੀਆਂ ਅਟਕਲਾਂ ਵੀ ਲੱਗਣੀਆਂ ਸ਼ੁਰੂ ਹੋਈਆਂ ਹਨ ਕਿ ਉਸ ਨੇ ਖ਼ੁਦ ਨੂੰ ਲਾਈਮ ਲਾਈਟ ਤੋਂ ਪੂਰੀ ਤਰ੍ਹਾਂ ਦੂਰ ਕਰ ਲਿਆ ਹੈ। ਉਹ ਨਾ ਤਾਂ ਕਰਨ ਜੌਹਰ ਦੀ 50ਵੇਂ ਜਨਮ ਦਿਨ ਪਾਰਟੀ ਵਿਚ ਨਜ਼ਰ ਆਈ ਅਤੇ ਨਾ ਕਿਸੇ ਦੂਜੀ ਪਾਰਟੀ ਜਾਂ ਏਅਰਪੋਰਟ 'ਤੇ ਵੀ ਨਜ਼ਰ ਆਈ।

ਕੈਟਰੀਨਾ ਕੈਫ਼ ਸਲਮਾਨ ਦੇ ਨਾਲ 'ਟਾਈਗਰ-3' ਕਰ ਰਹੀ ਹੈ। ਇਸ ਵਿਚ ਇਮਰਾਨ ਹਾਸ਼ਮੀ ਪਹਿਲੀ ਵਾਰ ਸਲਮਾਨ ਦੇ ਨਾਲ ਮੁੱਖ ਖਲਨਾਇਕ ਦੀ ਭੂਮਿਕਾ ਨਿਭਾ ਰਿਹਾ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਆਉਣ ਵਾਲੀਆਂ ਫ਼ਿਲਮਾਂ ਵਿਚ 'ਫੋਨ ਭੂਤ' ਹੈ ਜਿਸ ਵਿਚ ਉਹ ਸਿਧਾਂਤ ਚਤੁਰਵੇਦੀ ਅਤੇ ਈਸ਼ਾਨ ਖੱਟੜ ਨਾਲ ਦਿਖਾਈ ਦੇਵੇਗੀ

ਗੁਰਮੀਤ ਸਿੰਘ ਵਲੋਂ ਨਿਰਦੇਸ਼ਿਤ ਕੈਟਰੀਨਾ ਕੈ.ਫ ਦੀ ਡਰਾਉਣੀ ਕਾਮੇਡੀ 'ਫੋਨ ਭੂਤ' 4 ਨਵੰਬਰ ਨੂੰ ਰਿਲੀਜ਼ ਹੋਣ ਵਾਲੀ ਹੈ। ਮਾਲਦੀਵ ਵਿਚ ਛੁੱਟੀਆਂ ਮਨਾ ਕੇ ਕੈਟਰੀਨਾ ਕੁਝ ਸਮਾਂ ਪਹਿਲਾਂ ਹੀ ਮੁੰਬਈ ਆਈ ਹੈ। ਉਨ੍ਹਾਂ ਨੇ ਸ੍ਰੀਰਾਮ ਰਾਘਵਨ ਦੇ ਨਿਰਦੇਸ਼ਨ ਵਿਚ ਬਣ ਰਹੀ 'ਮੈਰੀ ਕ੍ਰਿਸਮਸ' ਦੀ ਸ਼ੂਟਿੰਗ ਵੀ ਸ਼ੁਰੂ ਕਰ ਦਿੱਤੀ ਸੀ। ਇਸ ਫ਼ਿਲਮ ਦਾ ਐਲਾਨ ਪਿਛਲੇ ਸਾਲ ਦੇ ਅਖ਼ੀਰ ਵਿਚ ਹੋਇਆ ਸੀ ਅਤੇ ਇਸ ਨੂੰ ਇਸ ਸਾਲ ਰਿਲੀਜ਼ ਕੀਤਾ ਜਾਣਾ ਸੀ ਪਰ ਫ਼ਿਲਮ ਆਪਣੀ ਰਿਲੀਜ਼ ਯੋਜਨਾ ਵਿਚ ਪਛੜ ਗਈ ਹੈ ਅਤੇ ਹੁਣ ਸ਼ਾਇਦ ਇਸ ਸਾਲ ਕ੍ਰਿਸਮਸ 'ਤੇ ਫ਼ਿਲਮ ਦੀ ਰਿਲੀਜ਼ ਨਾ ਹੋ ਸਕੇ।

'ਮੈਰੀ ਕ੍ਰਿਸਮਸ' ਵਿਚ ਕੈਟਰੀਨਾ ਦੇ ਉਲਟ ਵਿਕਰਮ ਵੇਧਾ ਫ਼ੇਮ ਦੱਖਣ ਸਟਾਰ ਵਿਜੈ ਸੇਤੂਪਤੀ ਮੁੱਖ ਭੂਮਿਕਾ ਨਿਭਾ ਰਹੇ ਹਨ। ਦੱਖਣ ਅਦਾਕਾਰਾ ਰਾਧਿਕਾ ਸਰਥ ਕੁਮਾਰ ਵੀ ਫ਼ਿਲਮ ਵਿਚ ਇਕ ਬੇਹੱਦ ਮਹੱਤਵਪੂਰਨ ਕਿਰਦਾਰ ਵਿਚ ਨਜ਼ਰ ਆਉਣਗੇ। ਉਨ੍ਹਾਂ ਦਾ ਇਕ ਔਰਤ ਪੁਲਿਸ ਅਧਿਕਾਰੀ ਦਾ ਕਿਰਦਾਰ ਦੱਸਿਆ ਜਾ ਰਿਹਾ ਹੈ।





ਪ੍ਰਿੰਸੀਪਲ ਸੁਜਾਨ ਸਿੰਘ

ਪੰਜਾਬੀ ਕਹਾਣੀ

ਅੰਤਿਮ ਕਿਸ਼ਤ

# ਪ੍ਰਾਹੁਣਾ



(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਭਾਈ ਬਾਲਾ, ਭਾਈ ਮਰਦਾਨਾ ਹੀ ਨਹੀਂ, ਭਾਈ ਸੰਤਾ ਸਿੰਘ ਵੀ ਹੈ ਤੇ ਕਿਰਤ ਕੋਈ ਨਫਰਤ ਕਰਨ ਵਾਲੀ ਸ਼ੈ ਨਹੀਂ।'

ਇਨੇ ਨੂੰ ਢੋਇਆ ਹੋਇਆ ਬੂਹਾ ਖੋਹਲ ਕੇ ਨਾਮੋ ਨੈਣ ਅੰਦਰ ਆ ਗਈ ਤੇ ਆਖਣ ਲਗੀ, ਜਗੀਰੋ ਕੁੜੇ ਤੁਹਾਡੇ ਸਪਿਰਟ ਹੋਣੀ ਐਂ ਮੁੰਡਾ ਕੌਡੀ ਖੇਡਦਾ ਰੋੜੀ 'ਚੋਂ ਰਗੜਾਂ ਲਾ ਲਿਆਇਆ।'

ਜਗੀਰੋ ਦੀਵਾ ਲੈ ਕੇ ਅੰਦਰ ਗਈ ਤੇ ਇਕ ਤੂੰਬਾ ਟਿੰਚਰ ਦਾ ਲਿਆ ਕੇ ਨਾਮੋ ਨੂੰ ਆਖਣ ਲੱਗੀ, 'ਭਾਬੀ ਰਗੜਾਂ ਤੇ ਲੱਗੂ ਸਹੀ, ਪਰ ਰਾਮ ਕਰ ਦਊ ਜ਼ਰੂਰ।'

ਪ੍ਰਾਹੁਣੇ ਵੱਲ ਤਾੜ ਤਾੜ ਕੇ ਵੇਖਦੀ ਉਹ ਵਾਪਸ ਚਲੀ ਗਈ ਤੇ ਜਗੀਰੋ ਬਾਹਰਲਾ ਬੂਹਾ ਬੰਦ ਕਰ ਆਈ।

ਸੰਤਾ ਸਿੰਘ ਨੇ ਜ਼ੋਰ ਦੇ ਕੇ ਪੁਛਿਆ, 'ਕਾਕਾ ਤੂੰ ਹੈਂ ਕੌਣ?'

'ਮੈਂ ਆਦਮੀ ਹਾਂ, ਸਿੱਖ।'

'ਇਹਤੇ ਮੈਨੂੰ ਵੀ ਦਿਸਦਾ ਹੈ ਪਰ ਜਾਤ ਕੀ ਹੈ?'

'ਸਿਖ'

'ਸਿਖ ਕੌਣ?'

'ਤੁਸਾਂ ਵੀ ਓਹੋ ਗੱਲ ਕੀਤੀ।'

ਪੈਂਚ ਸ਼ਰਮਿੰਦਾ ਜਿਹਾ ਹੋ ਕੇ ਚੁੱਪ ਕਰ ਰਿਹਾ। ਕੁੜੀ ਨੇ ਪਤੀਲੇ ਵਿੱਚ ਵੜੀਆਂ ਪਾ ਦਿੱਤੀਆਂ।

'ਮੇਰੇ ਮਾਂ ਪਿਉ ਖਤਰੀ ਹਨ।' ਨੌਜੁਆਨ ਨੇ ਗਲ਼ ਸਾਫ ਕਰਨ ਲਈ ਆਖਿਆ।

'ਤੁਸੀਂ ਕੁਝ ਪੜ੍ਹੇ ਹੋਏ ਓ?'

'ਬੀ. ਏ.'

'ਲਗਦੇ ਤੇ ਨਹੀਂ, ਬੀ.ਆ. ਪਾਸ ਤੇ ਬੰਦੇ ਹੀ ਹੋਰ ਤਰ੍ਹਾਂ ਦੇ ਹੁੰਦੇ ਨੇ।'

'ਅਸਾਂ ਸਭ ਕੁਝ ਕਰਕੇ ਵੇਖ ਲਿਆ, ਸਰਦਾਰ ਜੀ। ਸਾਡਾ ਦੇਸ਼ ਨੰਗ-ਭੁੱਖ ਦੇ ਦੁਖੋਂ ਮਰੇ, ਇੱਜਤਾਂ ਵੇਚੇ ਤੇ ਅਸੀਂ ਬਦੇਸ਼ੀਆਂ ਦੀਆਂ ਬਾਂਦਰ ਨਕਲਾਂ ਕਰੀਏ। ਇਹ ਮੈਥੋਂ ਹੋ ਨਹੀਂ ਸਕਦਾ?'

'ਤੁਸੀਂ ਕੰਮ ਕੀ ਕਰਦੇ ਹੋ?'

'ਫਿਰਨਾ ਤੁਰਨਾ, ਪ੍ਰਾਹੁਣੇ ਬਣਨਾ ਤੇ ਗੱਲਾਂ ਕਰਨੀਆਂ।'

'ਖਾਂਦੇ ਕਿਥੋਂ ਹੋ?'

'ਤੁਮ੍ਹਾਤੜਾਂ ਦੇ ਲੰਗਰਾਂ 'ਚੋਂ।'

ਜਗੀਰੋ ਨੇ ਗਲਾਂ ਦਾ ਸਿਲਸਲਾ ਤੋੜਦਿਆਂ ਕਿਹਾ, 'ਬਾਪੂ ਜੀ! ਤੁਸੀਂ ਕਿਹੜੀਆਂ ਗਲਾਂ ਵਿੱਚ ਪੈ ਗਏ? ਛੱਡੋ ਵੀ ਪਰੇ, ਆਲੂ ਤਿਆਰ ਨੇ, ਮੈਂ ਫੁਲਕਾ ਲਾਹੁਣ ਲੱਗੀ ਆਂ।'

ਪਤੀਲਾ ਪਛੋਲੇ ਤੇ ਰੱਖ ਉਸ ਤਵਾ ਸੁਟਿਆ ਤੇ ਤੌਣ ਮੁੜ ਸਵਾਰਕੇ ਫੁਲਕੇ ਲਾਹੁਣੇ ਸ਼ੁਰੂ ਕੀਤੇ। ਨਿੱਕੇ ਨਿੱਕੇ ਫੁਲਕੇ ਕੋਲਿਆਂ ਤੇ ਫੁਲਾ ਕੇ ਆਪਣਾ ਨਾ ਸੱਚ ਕਰੀ ਜਾ ਰਹੇ ਸਨ।

ਥਾਲੀਆਂ ਲੱਗ ਕੇ ਸਾਹਮਣੇ ਆ ਗਈਆਂ। ਬਿਨ ਤੜਕੀ ਦਾਲ ਵਿਚੋਂ ਵੀ ਅੱਜ ਉਸ ਨੂੰ ਸੁਆਦ ਆ ਰਿਹਾ ਸੀ। ਆਪਣੇ ਤਿੰਨਾਂ ਸਾਲਾਂ ਦੇ ਅਤਿਥੀ ਜੀਵਨ ਵਿਚ ਉਸ ਭਾਂਤ ਭਾਂਤ ਦੇ ਖਾਣੇ ਖਾਧੇ ਸਨ, ਪਰ ਜਗੀਰੋ ਦੀਆਂ ਵੜੀਆਂ ਤੇ ਮੱਖਣ ਨਾਲ ਚੋਪੜੇ ਫੁਲਕਿਆਂ ਨਾਲੋਂ ਸਭ ਮਾਤ ਸਨ। ਖ਼ਬਰੇ ਉਹ ਸੁਆਦ ਜਗੀਰੋ ਦੀ ਛੋਹ ਨੇ ਦਿਤਾ ਸੀ ਜਾਂ ਉਹ ਆਪਣੇ ਅੰਦਰੋਂ ਕੱਢ ਰਿਹਾ ਸੀ।

ਰੋਟੀ ਖਾ ਚੁਕਣ ਤੋਂ ਮਗਰੋਂ ਵੀ ਕੁੜੀ ਰੋਟੀਆਂ ਪਕਾਉਂਦੀ ਰਹੀ। ਪੈਂਚ ਨੇ ਦਲਾਨ ਵਿਚ ਮੰਜੇ ਡਾਹ ਕੇ ਨਿੱਘੇ ਬਿਸਤਰੇ ਵਿਛਾ ਦਿੱਤੇ ਤੇ ਪ੍ਰਾਹੁਣੇ ਨੂੰ ਅੰਦਰ ਆ ਜਾਣ ਵਾਸਤੇ ਕਿਹਾ। ਬਿਸਤਰਿਆਂ ਵਿਚ ਦੋਵੇਂ ਬੈਠੇ ਹੀ ਸਨ ਕਿ ਬਾਹਰ ਦਾ ਬੂਹਾ ਖੜਕਿਆ। ਪੈਂਚ ਨੇ ਬੂਹਾ ਖੋਲ੍ਹਿਆ। ਬਾਹਰ ਨਿੱਕਾ ਚੌਕੀਦਾਰ ਸੀ। ਪੁੱਛਣ ਲੱਗਾ, 'ਅਜ ਤੁਹਾਡੇ ਕੋਈ ਰਾਤ ਬੰਦਾ ਆਇਆ?'

ਸੰਤਾ ਸਿੰਘ ਨੇ ਪੁੱਛਿਆ, 'ਕਿਉਂ?'

'ਸੁਖ' ਚੌਕੀਦਾਰ ਨੇ ਕਿਹਾ, 'ਮੇਰਾ ਤੇ ਫ਼ਰਜ਼ ਹੈ ਨਾ, ਆਏ ਗਏ ਦਾ ਖ਼ਿਆਲ ਰੱਖਣਾ। ਕੱਲ੍ਹ ਨੂੰ ਕੋਈ ਚੋਰੀ ਹੋ ਜਾਏ।'

'ਨਹੀਂ' ਓਇ ਭਾਈਆ। ਕੋਈ ਫ਼ਿਕਰ ਨਾ ਕਰ ਤੂੰ,' ਪੈਂਚ ਨੇ ਕਿਹਾ।

ਬੂਹਾ ਮਾਰ ਕੇ ਆਉਂਦਿਆਂ ਧੀ ਨੂੰ ਰੋਟੀ ਖਾਂਦਿਆਂ ਦੇਖ ਕੇ ਉਸ ਕਿਹਾ: 'ਵਲਟੋਹੀ ਵਾਲਾ ਦੁੱਧ ਤੱਤਾ ਕਰ ਲਈਂ, ਮੁੰਨੋ!'

ਅੰਦਰ ਜਾ ਕੇ ਫੇਰ ਸੰਤਾ ਸਿੰਘ ਨਿੱਘਾ ਹੋ ਕੇ ਬਹਿ ਗਿਆ। ਪ੍ਰਾਹੁਣੇ ਨੇ ਪੁੱਛਿਆ, 'ਕੌਣ, ਚੌਕੀਦਾਰ ਸੀ?'

ਪੈਂਚ ਸੁਆਲ ਸੁਣ ਕੇ ਹੈਰਾਨ ਸੀ, ਜਦ ਉਸ ਫਿਰ ਕਿਹਾ, 'ਹਰ ਇਕ ਨੇ ਆਪੋ ਆਪਣਾ ਕੰਮ ਕਰਨਾ ਹੈ। ਉਸ ਆਪਣਾ, ਤੁਸੀਂ ਆਪਣਾ ਤੇ ਮੈਂ ਆਪਣਾ, ਪਰ ਸਭ ਤੋਂ ਚੰਗਾ ਕੰਮ ਉਹ ਹੈ, ਜੋ ਦੇਸ਼ ਤੇ ਕੌਮ ਦੇ ਮਨੁੱਖਾਂ ਦੇ ਭਲੇ ਲਈ ਹੋਵੇ।'

ਸੰਤਾ ਸਿੰਘ ਦਾ ਸ਼ੱਕ ਜਾਂਦਾ ਰਿਹਾ।

ਨੌਜੁਆਨ ਬੋਲਿਆ, 'ਧੀ ਤੁਹਾਡੀ ਸਿਆਣੀ ਹੈ। ਇਸ ਨੂੰ ਹੋਰ ਪੜ੍ਹਾਓ। ਮੇਰਾ ਮਤਬਲ ਹੈ, ਹੋਰ ਕਿਤਾਬਾਂ ਪੜ੍ਹਨ ਨੂੰ ਦਿਓ। ਮੇਰੇ ਕੋਲ ਕੁਝ ਪੰਜਾਬੀ ਦੀਆਂ ਕਿਤਾਬਾਂ ਨੇ। ਇਹ ਆਪ ਪੜ੍ਹਨਗੇ ਤੇ ਤੁਹਾਨੂੰ ਸੁਣਾਉਣਗੇ। ਮੁੱਕ ਜਾਣਗੀਆਂ ਤੇ ਕੋਈ ਆ ਕੇ ਲੈ ਜਾਵੇਗਾ। ਹੋਰ ਦੇ ਜਾਵੇਗਾ।'

'ਇਨ੍ਹਾਂ ਕਿਤਾਬਾਂ ਵਿਚ ਕੀ ਹੈ?'

ਕਹਾਣੀਆਂ, ਕਵਿਤਾਵਾਂ, ਲੇਖ, ਜਿਵੇਂ ਦਸਮ ਗੁਰੂ ਦੇ ਪੰਜ ਪਿਆਰੇ, ਸਿੱਖ ਭਾਈਚਾਰਾ ਤੇ ਸਮਾਜਵਾਦ, ਬਦੇਸ਼ੀ ਰਾਜ ਦੇ ਔਗੁਣ, ਰੱਬ ਦੀਆਂ ਦਾਤਾਂ ਤੇ ਬੰਦਿਆਂ ਦੀ ਕਾਣੀ ਵੰਡ ਆਦਿ।'

'ਨਹੀਂ, ਸਾਨੂੰ ਇਨ੍ਹਾਂ ਦੀ ਲੋੜ ਨਹੀਂ।'

'ਬਾਪੂ ਜੀ! ਲੈ ਲਵੋ, ਮੈਂ ਪੜ੍ਹਿਆ ਕਰਾਂਗੀ। ਪੜ੍ਹਿਆਂ ਚੰਗੇ ਖ਼ਿਆਲਾਂ ਦਾ ਅਸਰ ਹੁੰਦਾ ਹੈ, ਬੁਰਿਆਂ ਦਾ ਨਹੀਂ।' ਜਗੀਰੋ ਨੇ ਬਾਹਰੋਂ ਕਿਹਾ।

ਪੈਂਚ ਚੁਪ ਰਿਹਾ ਤੇ ਨੌਜੁਆਨ ਨੇ ਦੋ ਚਾਰ ਕਿਤਾਬਾਂ ਉਸਨੂੰ ਫੜਾ ਦਿੱਤੀਆਂ। ਬਾਹਰ ਦੁੱਧ ਗਰਮ ਹੋ ਗਿਆ ਸੀ ਤੇ ਕੁੜੀ ਨੇ ਭਾਂਡੇ ਮਾਂਜਣੇ ਸ਼ੁਰੂ ਕੀਤੇ ਹੋਏ ਸਨ।

ਬਾਪੂ ਨੇ ਆਵਾਜ਼ ਦਿੱਤੀ, 'ਪੁੱਤਰ, ਪ੍ਰਾਹੁਣੇ ਦੇ ਦੁੱਧ ਵਿਚ ਖੰਡ ਪਾਈਂ, ਕਿਤੇ ਕੱਚਾ ਮਿੱਠਾ ਨਾ ਪਾ ਲਿਆਈਂ।'

'ਨਹੀਂ, ਬਾਪੂ ਜੀ, ਮੈਂ ਤੇ ਤੁਹਾਡੇ ਦੁਧ ਵਿੱਚ ਵੀ ਖੰਡ ਹੀ ਪਾਈ ਹੈ।'

ਨੌਜੁਆਨ ਨੇ ਕਿਹਾ, 'ਦੁੱਧ ਦੀ ਖੇਚਲ ਨਾ ਕਰੋ, ਮੈਂ ਦੁੱਧ ਬਹੁਤ ਘੱਟ ਪੀਂਦਾ ਹਾਂ।'

'ਕਿਉਂ, ਚਾਹ ਪੀਂਦੇ ਹੋ, ਬਣਵਾ ਦੇਈਏ?'

'ਨਹੀਂ ਚਾਹ ਦੇ ਤੇ ਮੈਂ ਲਾਗੇ ਵੀ ਨਹੀਂ ਜਾਂਦਾ। ਉਂਜ ਮੈਂ ਸੋਚਦਾ ਹਾਂ, ਜੇ ਸਾਰੇ ਹਿੰਦੁਸਤਾਨੀ ਦੁੱਧ ਪੀਣ ਤਾਂ ਮਸੀਂ ਸਾਰਿਆਂ ਨੂੰ ਇਕ ਇਕ ਚਿਮਚਾ ਹਿੱਸੇ ਆਏ। ਜਿੱਦਣ ਅਸੀਂ ਛੰਨਾਂ ਭਰ ਕੇ ਪੀ ਜਾਂਦੇ ਹਾਂ, ਤਾਂ ਖ਼ਬਰੇ ਕਿੰਨੇ ਗ਼ਰੀਬਾਂ ਦਾ ਹਿੱਸਾ ਪੀ ਜਾਂਦੇ ਹਾਂ। ਸਾਡੇ ਭਰਾ ਭੁੱਖੇ ਮਰਦੇ ਹਨ। ਸਾਡੇ ਮਾਮਲਿਆਂ ਤੇ ਟੈਕਸਾਂ ਤੇ ਵਿਹਲੜ ਦਸਖ਼ਤ ਕਰਨ ਵਾਲੇ ਬਦੇਸ਼ੀ ਹੁਕਮਰਾਨ ਪਲਦੇ ਹਨ। ਸਾਡਾ ਮੱਖਣ ਉਨ੍ਹਾਂ ਦੇ ਬਦਚਲਣ ਕੈਦੀਆਂ ਨੂੰ ਮਿਲ ਸਕਦਾ ਹੈ, ਭਲੇਮਾਣਸ ਹਿੰਦੁਸਤਾਨੀ ਨੂੰ ਨਹੀਂ। ਜਿੱਥੇ ਆਪਣੀਆਂ ਹਕੂਮਤਾਂ ਨੇ, ਉਥੇ ਕੋਈ ਭੁੱਖਾ ਨਹੀਂ ਮਰਦਾ। ਵਿਦਿਆ ਤੇ ਕਿਤਾਬਾਂ ਮੁਫ਼ਤ ਮਿਲਦੀਆਂ ਹਨ। ਉਥੋਂ ਦੇ ਜੋੜੇ ਸੁਖੀ ਹਨ, ਬੱਚੇ ਖ਼ੁਸ਼ ਹਨ।' ਕੁੜੀ ਦੁੱਧ ਦਾ ਗਲਾਸ ਲੈ ਕੇ ਪ੍ਰਾਹੁਣੇ ਦੇ ਲਾਗੇ ਆ ਖਲੋਤੀ। ਬਾਪੂ ਨੇ ਕਿਹਾ, 'ਕਾਕਾ! ਦੁੱਧ ਪੀ ਲੈ, ਫੇਰ ਗੱਲਾਂ ਕਰਾਂਗੇ।'

ਨੌਜੁਆਨ ਖ਼ਬਰੇ ਨਾਂਹ ਕਰ ਦਿੰਦਾ, ਪਰ ਕੁੜੀ ਦੀ ਨੀਵੀਂ ਤਕਣੀ ਸ਼ਾਇਦ ਕਹਿ ਰਹੀ ਸੀ, 'ਮੇਰੇ ਹਥੋਂ ਅੱਜ ਤੇ ਪੀ ਲਵੋ, ਫੇਰ ਖ਼ਬਰੇ ਕਿਤੇ ਕੁਦਰਤ ਨਾਲ ਮੇਲੇ ਹੋਣ।'

ਨੌਜੁਆਨ ਨੇ ਆਖਿਆ, 'ਪਹਿਲਾਂ ਬਾਪੂ ਜੀ ਨੂੰ ਦਿਓ।'

'ਮੈਂ ਪੀ ਲੈਣਾ, ਤੁਸੀਂ ਲਵੋ ਪਹਿਲਾਂ।'

ਦੂਸਰਾ ਗਲਾਸ ਬਾਪੂ ਵਾਸਤੇ ਆਗਿਆ। ਕੁੜੀ ਨੇ ਕੁਝ ਚਿਰ ਮਗਰੋਂ ਕੰਮ ਖ਼ਤਮ ਕੀਤਾ ਤੇ ਮਹੀਂ ਨੂੰ ਡਿਉਢੀ ਵਿਚ ਬੰਨ੍ਹ ਕੇ ਆਪ ਕੋਠੜੀ ਵਿਚ ਮੰਜੀ ਡਾਹ ਕੇ ਦੀਵਾ ਬੁਝਾ ਦਿਤਾ ਤੇ ਅਰਾਮ ਨਾਲ ਲੇਟ ਗਈ। ਗੱਲਾਂ ਸ਼ੁਰੂ ਰਹੀਆਂ। ਬਾਪ ਸੁਣਦਾ ਸੌਂ ਜਾਂਦਾ ਤਾਂ ਕਦੇ ਕਦੇ ਕੋਠੜੀ ਵਿਚੋਂ ਨੌਜੁਆਨ ਨੂੰ ਹੁੰਗਾਰਾ ਮਿਲ ਜਾਂਦਾ।

ਅੱਧੀ ਕੁ ਰਾਤ ਨੂੰ ਪੈਂਚ ਨੇ ਆਖਿਆ, 'ਹੁਣ ਸੌਂ ਜਾਈਏ, ਤੁਹਾਡੀਆਂ ਗੱਲਾਂ ਸੱਚੀਆਂ ਨੇ, ਬਾਕੀ ਸਵੇਰੇ ਸਹੀ।'

ਸਾਰੇ ਚੁੱਪ ਹੋ ਗਏ। ਬਾਪੂ ਦੇ ਘੁਰਾੜੇ ਛੇਤੀ ਹੀ ਛੁੱਟਣ ਲੱਗ ਪਏ। ਜਗੀਰੋ ਸ਼ਾਇਦ ਸਾਰਿਆਂ ਤੋਂ ਮਗਰੋਂ ਸੁੱਤੀ, ਉਸ ਦੇ ਸੁਪਨਿਆਂ ਦੀ ਕੌਣ ਜਾਣੇ।

ਸਵੇਰੇ ਉਹ ਦੁਧ ਰਿੜਕਣ ਕੁਝ ਚਿਰਕੀ ਉਠੀ। ਜਦੋਂ ਉਹ ਮੱਖਣ ਕੱਠਾ ਕਰ ਰਹੀ ਸੀ, ਬਾਹਰੋਂ ਬਾਪ ਨੂੰ ਆਵਾਜ਼ਾਂ ਪੈਣੀਆਂ ਸ਼ੁਰੂ ਹੋਈਆਂ। ਵਾਹਿਗੁਰੂ ਵਾਹਿਗੁਰੂ ਕਰਦਾ ਪੈਂਚ ਬਾਹਰ ਗਿਆ। ਬਾਹਰ ਨੰਬਰਦਾਰ, ਜ਼ੈਲਦਾਰ, ਚੌਕੀਦਾਰ ਤੇ ਪੰਜਾਂ ਸੱਤਾਂ ਸਿਪਾਹੀਆਂ ਨਾਲ ਥਾਣੇਦਾਰ ਖੜਾ ਸੀ।

ਥਾਣੇਦਾਰ ਨੇ ਪੁਛਿਆ, 'ਕਿਉਂ ਓਇ ਝੀਊਰਾ, ਤੇਰੇ ਘਰ ਕੋਈ ਪ੍ਰਾਹੁਣਾ ਆਇਆ ਰਾਤੀਂ?'

'ਜੀ ਹਜ਼ੂਰ ਅੰਦਰ ਹੈ, ਭਲਾ ਲੋਕ।'

ਥਾਣੇਦਾਰ ਇਕ ਬਿੱਲੇ ਵਾਲੇ ਸਿਪਾਹੀ ਨੂੰ ਦੇਖਕੇ ਕਹਿਣ ਲਗਾ, 'ਆਲੇ ਦੁਆਲੇ ਠੀਕ ਹੈ ਸਭ?'

'ਜੀ ਹਾਂ'

'ਚੰਗਾ ਅੰਦਰ ਚਲ ਕੇ ਗ੍ਰਿਫਤਾਰ ਕਰੋ, ਉਸਨੂੰ।'

ਪ੍ਰਾਹੁਣਾ ਬੂਹੇ ਵਿੱਚ ਆ ਗਿਆ। ਦਿਨ ਚੜ੍ਹ ਰਿਹਾ ਸੀ। ਅਸਮਾਨ ਲਾਲੋ ਲਾਲ ਹੋ ਰਿਹਾ ਸੀ। ਫੀਰੂ ਲੁਹਾਰ ਦੇ ਹਥੌੜੇ ਦੀ ਅਵਾਜ਼ ਸਭ ਨੂੰ ਸੁਣਾਈ ਦੇ ਰਹੀ ਸੀ, ਖ਼ਬਰੇ ਕਿਸੇ ਕੰਮੀ ਦੀ ਦਾਤੀ ਬਣ ਰਹੀ ਹੋਵੇ।

'ਮੈਂ ਹਾਜ਼ਰ ਹੋ ਗਿਆ, ਥਾਣੇਦਾਰ ਸਾਹਿਬ!'

'ਪਰਮਜੀਤ ਸਿੰਘ ਤੁਸੀਂ!' ਹੈਰਾਨੀ ਨਾਲ ਥਾਣੇਦਾਰ ਬੋਲਿਆ ਤੇ ਜ਼ੈਲਦਾਰ ਵੱਲ ਤੱਕ ਕੇ, 'ਸਰਦਾਰ ਬਹਾਦਰ ਮਿਹਰ ਸਿੰਘ, ਲਾਇਲਪੁਰ ਦੇ ਸਾਹਿਬਜ਼ਾਦੇ; ਪਰ ਸਾਨੂੰ ਆਪਣੀ ਕਾਰਵਾਈ ਕਰਨੀ ਪਵੇਗੀ। ਇਨ੍ਹਾਂ ਤੁਹਾਡੇ ਪਿੰਡ ਬਾਗ਼ੀਆਨਾ ਤਕਰੀਰ ਕੀਤੀ ਹੈ ਤੇ।'

'ਜੀ ਹਾਂ, ਨੰਬਰਦਾਰ ਨੇ ਕਿਹਾ।

'ਮੈਂ ਤਕਰੀਰ ਤੋਂ ਕਿਤੇ ਵਧ ਕੰਮ ਕਰਦਾ ਹਾਂ, ਚੌਧਰੀ ਸਾਹਿਬ।' ਪਰਮਜੀਤ ਸਿੰਘ ਨੇ ਕਿਹਾ।

'ਕੋਈ ਪੈਮਫ਼ਲਿਟ ਵੰਡੇ ਜੇ?'

'ਇਹ ਤੇ ਮੇਰਾ ਪਹਿਲਾ ਕੰਮ ਹੈ।'

'ਕਿਉਂ ਓਇ ਸੰਤੂ! ਕੁਝ ਹੈ ਅੰਦਰ?'

ਨੌਜੁਆਨ ਗ਼ੁਸੇ ਵਿਚ ਬੋਲਿਆ, 'ਕੁਝ ਅਦਬ ਨਾਲ ਬੋਲੋ, ਚੌਧਰੀ ਸਾਹਿਬ। ਤੁਸੀਂ ਤੇ ਪੜ੍ਹੇ ਲਿਖੇ ਥਾਣੇਦਾਰ ਹੋ।'

'ਲਿਆ ਬਈ, ਸਰਦਾਰ ਸੰਤਾ ਸਿੰਘਾ, ਫੇਰ ਉਹ ਕਿਤਾਬਾਂ ਅੰਦਰੋਂ।'

ਥਾਣੇਦਾਰ ਨੇ ਵਿਅੰਗ ਨਾਲ ਕਿਹਾ। ਸੰਤਾ ਸਿੰਘ ਅੰਦਰ ਗਿਆ, ਪਰ ਕਿਤਾਬਾਂ ਨਾ ਲਭੀਆਂ। ਪੁਲਿਸ ਵਾਲਿਆਂ ਵੀ ਉਸ ਦੀ ਲੱਭਣ ਵਿਚ ਮਦਦ ਕੀਤੀ, ਕਿਤੇ ਨਹੀਂ ਸਨ। ਥਾਣੇਦਾਰ ਸਾਹਿਬ ਆਪਣੇ ਪ੍ਰਾਹੁਣੇ ਨੂੰ ਲੈ ਤੁਰੇ।

('ਦੁਖ ਸੁਖ ਤੋਂ ਪਿੱਛੋਂ' ਵਿੱਚੋਂ)

ਮਿਨੀ ਕਹਾਣੀ

ਪ੍ਰਦੀਪ ਮਹਿਤਾ

# ਸਮੇਂ ਸਿਰ ਕੀਤੀ ਸਹਾਇਤਾ ਦਾ ਫਲ਼

ਇੱਕ ਵਾਰ ਇੱਕ ਟੀਟੀਈ (ਟਰੇਨ ਟਿਕਟ ਐਗਜ਼ਾਮੀਨਰ) ਜੋ ਮੁੰਬਈ ਤੋਂ ਬੈਂਗਲੁਰੂ ਜਾਣ ਵਾਲੀ ਟ੍ਰੇਨ ਵਿੱਚ ਡਿਊਟੀ 'ਤੇ ਸੀ, ਨੇ ਇੱਕ ਕੁੜੀ ਨੂੰ ਫੜ ਲਿਆ ਜੋ ਇੱਕ ਸੀਟ ਦੇ ਹੇਠਾਂ ਲੁਕੀ ਹੋਈ ਸੀ। ਉਸ ਦੀ ਉਮਰ 13 ਜਾਂ 14 ਸਾਲ ਦੇ ਕਰੀਬ ਸੀ।

ਟੀਟੀਈ ਨੇ ਲੜਕੀ ਨੂੰ ਆਪਣੀ ਟਿਕਟ ਵਿਖਾਉਣ ਲਈ ਕਿਹਾ। ਕੁੜੀ ਨੇ ਝਿਜਕਦੇ ਹੋਏ ਜਵਾਬ ਦਿੱਤਾ ਕਿ ਉਸ ਕੋਲ ਕੋਈ ਟਿਕਟ ਨਹੀਂ ਹੈ। ਟੀਟੀਈ ਨੇ ਲੜਕੀ ਨੂੰ ਤੁਰੰਤ ਟਰੇਨ ਤੋਂ ਉਤਰਨ ਲਈ ਕਿਹਾ।

ਅਚਾਨਕ, ਪਿੱਛੇ ਤੋਂ ਇੱਕ ਆਵਾਜ਼ ਆਈ, 'ਮੈਂ ਉਸਦਾ ਭੁਗਤਾਨ ਕਰਾਂਗਾ।' ਇਹ ਆਵਾਜ਼ ਸੀ ਸ੍ਰੀਮਤੀ ਊਸ਼ਾ ਭੱਟਾਚਾਰੀਆ ਦੀ, ਜੋ ਕਿ ਪੇਸ਼ੇ ਤੋਂ ਕਾਲਜ ਲੈਕਚਰਾਰ ਸੀ। ਸ੍ਰੀਮਤੀ ਭੱਟਾਚਾਰੀਆ ਨੇ ਲੜਕੀ ਦੀ ਟਿਕਟ ਦਾ ਭੁਗਤਾਨ ਕੀਤਾ ਅਤੇ ਉਸ ਨੂੰ ਆਪਣੇ ਕੋਲ ਬੈਠਣ ਲਈ ਬੇਨਤੀ ਕੀਤੀ। ਉਸਨੇ ਉਸਨੂੰ ਪੁੱਛਿਆ ਕਿ ਉਸਦਾ ਨਾਮ ਕੀ ਹੈ।

'ਚਿਤਰਾ', ਕੁੜੀ ਨੇ ਜਵਾਬ ਦਿੱਤਾ।

'ਤੁਸੀਂ ਕਿੱਥੇ ਜਾ ਰਹੇ ਹੋ?'

'ਮੇਰੇ ਕੋਲ ਜਾਣ ਲਈ ਕੋਈ ਥਾਂ ਨਹੀਂ ਹੈ,' ਕੁੜੀ ਨੇ ਕਿਹਾ।

'ਫੇਰ ਚੱਲ ਮੇਰੇ ਨਾਲ।' ਸ੍ਰੀਮਤੀ ਭੱਟਾਚਾਰੀਆ ਨੇ ਦੱਸਿਆ। ਬੈਂਗਲੂਰੂ ਪਹੁੰਚ ਕੇ ਸ੍ਰੀਮਤੀ ਭੱਟਾਚਾਰੀਆ ਨੇ ਬੱਚੀ ਨੂੰ ਇੱਕ ਐਨਜੀਓ ਨੂੰ ਸੌਂਪ ਦਿੱਤਾ। ਬਾਅਦ ਵਿੱਚ ਸ੍ਰੀਮਤੀ ਭੱਟਾਚਾਰੀਆ ਦਿੱਲੀ ਚਲੇ ਗਏ ਅਤੇ ਦੋਵਾਂ ਦਾ ਇੱਕ ਦੂਜੇ ਨਾਲ ਸੰਪਰਕ ਟੁੱਟ ਗਿਆ। ਲਗਭਗ 20 ਸਾਲਾਂ ਬਾਅਦ, ਸ੍ਰੀਮਤੀ ਭੱਟਾਚਾਰੀਆ ਨੂੰ ਉੱਥੇ ਦੇ ਇੱਕ ਕਾਲਜ ਵਿੱਚ ਭਾਸ਼ਣ ਦੇਣ ਲਈ ਸੈਨਫਰਾਂਸਿਸਕੋ, ਅਮਰੀਕਾ ਬੁਲਾਇਆ ਗਿਆ।




ਉਹ ਇੱਕ ਰੈਸਟੋਰੈਂਟ ਵਿੱਚ ਖਾਣਾ ਖਾ ਰਹੀ ਸੀ। ਉਸ ਦੇ ਖਤਮ ਹੋਣ ਤੋਂ ਬਾਅਦ, ਉਸਨੇ ਬਿੱਲ ਦੀ ਮੰਗ ਕੀਤੀ, ਪਰ ਉਸਨੂੰ ਦੱਸਿਆ ਗਿਆ ਕਿ ਉਸਦਾ ਬਿੱਲ ਪਹਿਲਾਂ ਹੀ ਅਦਾ ਕੀਤਾ ਜਾ ਚੁੱਕਾ ਹੈ। ਜਦੋਂ ਉਹ ਪਿੱਛੇ ਮੁੜੀ ਤਾਂ ਉਸ ਨੇ ਦੇਖਿਆ ਕਿ ਇੱਕ ਔਰਤ ਆਪਣੇ ਪਤੀ ਨਾਲ ਉਸ ਵੱਲ ਦੇਖ ਕੇ ਮੁਸਕਰਾਉਂਦੀ ਹੈ। ਸ੍ਰੀਮਤੀ ਭੱਟਾਚਾਰੀਆ ਨੇ ਜੋੜੇ ਨੂੰ ਪੁੱਛਿਆ, 'ਤੁਸੀਂ ਮੇਰਾ ਬਿੱਲ ਕਿਉਂ ਭਰਿਆ?'

ਮੁਟਿਆਰ ਨੇ ਜਵਾਬ ਦਿੱਤਾ, 'ਮੈਡਮ, ਮੈਂ ਜੋ ਬਿੱਲ ਅਦਾ ਕੀਤਾ ਹੈ, ਉਹ ਬਹੁਤ ਘੱਟ ਹੈ, ਉਸ ਕਿਰਾਏ ਦੇ ਮੁਕਾਬਲੇ ਜੋ ਤੁਸੀਂ ਮੇਰੇ ਲਈ ਮੁੰਬਈ ਤੋਂ ਬੈਂਗਲੁਰੂ ਤੱਕ ਰੇਲ ਯਾਤਰਾ ਲਈ ਅਦਾ ਕੀਤਾ ਸੀ। ਦੋਹਾਂ ਔਰਤਾਂ ਦੀਆਂ ਅੱਖਾਂ 'ਚੋਂ ਹੰਝੂ ਵਹਿ ਤੁਰੇ।

'ਓਹ ਚਿੱਤਰਾ... ਇਹ ਤੂੰ ਹੈ...' ਸ੍ਰੀਮਤੀ ਭੱਟਾਚਾਰੀਆ ਨੇ ਖੁਸ਼ੀ ਨਾਲ ਕਿਹਾ।

ਇੱਕ ਦੂਜੇ ਨੂੰ ਜੱਫੀ ਪਾਉਂਦੇ ਹੋਏ, ਮੁਟਿਆਰ ਨੇ ਕਿਹਾ, 'ਮੈਡਮ ਮੇਰਾ ਨਾਮ ਹੁਣ ਚਿੱਤਰਾ ਨਹੀਂ ਹੈ। ਮੈਂ ਸੁਧਾ ਮੂਰਤੀ ਹਾਂ। ਅਤੇ ਇਹ ਮੇਰਾ ਪਤੀ ਹੈ ਨਰਾਇਣ ਮੂਰਤੀ।'

ਹੈਰਾਨ ਨਾ ਹੋਵੋ। ਤੁਸੀਂ ਇੰਫੋਸਿਸ ਲਿਮਟਿਡ ਦੀ ਚੇਅਰਮੈਨ ਸ੍ਰੀਮਤੀ ਸੁਧਾ ਮੂਰਤੀ ਅਤੇ ਮਲਟੀ ਮਿਲੀਅਨ ਇੰਫੋਸਿਸ ਸਾਫਟਵੇਅਰ ਕੰਪਨੀ ਦੀ ਸਥਾਪਨਾ ਕਰਨ ਵਾਲੇ ਵਿਅਕਤੀ ਸ੍ਰੀ ਨਰਾਇਣ ਮੂਰਤੀ ਦੀ ਸੱਚੀ ਕਹਾਣੀ ਪੜ੍ਹ ਰਹੇ ਹੋ।

ਹਾਂ, ਤੁਹਾਡੇ ਦੁਆਰਾ ਦੂਜਿਆਂ ਨੂੰ ਦਿੱਤੀ ਜਾਣ ਵਾਲੀ ਥੋੜ੍ਹੀ ਜਿਹੀ ਮਦਦ ਉਨ੍ਹਾਂ ਦੀ ਪੂਰੀ ਜ਼ਿੰਦਗੀ ਬਦਲ ਸਕਦੀ ਹੈ!

'ਕ੍ਰਿਪਾ ਕਰਕੇ ਦੁਖੀ ਲੋਕਾਂ ਦਾ ਭਲਾ ਕਰਨ ਤੋਂ ਨਾ ਰੁਕੋ, ਖਾਸ ਤੌਰ 'ਤੇ ਜਦੋਂ ਇਹ ਕਰਨਾ ਤੁਹਾਡੇ ਜਿਹਨ ਵਿੱਚ ਹੈ'। ਤੁਸੀਂ ਇੱਕ ਸੁੰਦਰ ਖੁਸ਼ਹਾਲ ਜੀਵਨ ਦੀ ਕਾਮਨਾ ਕਰੋ।

ਇਸ ਕਹਾਣੀ ਦੀ ਥੋੜੀ ਡੂੰਘਾਈ ਵਿੱਚ ਜਾ ਕੇ ਦੇਖੀਏ ਤਾਂ ਅਕਸ਼ਤਾ ਮੂਰਤੀ ਇਸ ਜੋੜੇ ਦੀ ਧੀ ਹੈ ਅਤੇ ਰਿਸ਼ੀ ਸੁਨਕ ਨਾਲ ਵਿਆਹੀ ਹੋਈ ਹੈ ਜੋ ਹੁਣ ਯੂ.ਕੇ. ਦੇ ਪ੍ਰਧਾਨ ਮੰਤਰੀ ਹਨ।

(ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ)

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035




# ਸ਼ਾਇਰਾਂ ਦੀ ਨਜ਼ਰ ਵਿਚ ਸਤਿਗੁਰੂ ਗੁਰੂ ਨਾਨਕ ਦੇਵ ਜੀ

## ਬਾਬਾ ਤੇ ਮਰਦਾਨਾ

**ਸ਼ਿਵ ਕੁਮਾਰ ਬਟਾਲਵੀ**

ਬਾਬਾ ਤੇ ਮਰਦਾਨਾ
ਨਿੱਤ ਫਿਰਦੇ ਦੇਸ ਬਦੇਸ
ਕਦੇ ਤਾਂ ਵਿਚ ਬਨਾਰਸ ਕਾਸ਼ੀ
ਕਰਨ ਗੁਣੀ ਸੰਗ ਭੇਟ
ਕੱਛ ਮੁਸੱਲਾ ਹੱਥ ਵਿਚ ਗੀਤਾ
ਅਜਬ ਫ਼ਕੀਰੀ ਵੇਸ
ਆ ਆ ਬੈਠਣ ਗੋਸ਼ਟ ਕਰਦੇ
ਪੀਰ, ਬ੍ਰਾਹਮਣ, ਸ਼ੇਖ
ਨਾ ਕੋਈ ਹਿੰਦੂ ਨਾ ਕੋਈ ਮੁਸਲਿਮ
ਕਰਦਾ ਅਜਬ ਆਦੇਸ਼
ਗੰਗਾ ਉਲਟਾ ਅਰਘ ਚੜ੍ਹਾਵੇ
ਸਿੰਜੇ ਆਪਣੇ ਖੇਤ
ਹਉਂ ਵਿਚ ਆਏ ਹਉਂ ਵਿਚ ਮੋਏ
ਡਰਦੇ ਉਸ ਨੂੰ ਵੇਖ
ਰੱਬ ਨੂੰ ਨਾ ਉਹ ਅਲਾਹ ਆਖੇ
ਤੇ ਨਾ ਰਾਮ ਮਹੇਸ਼
ਕਹਵੇ ਅਜੂਨੀ ਕਹਵੇ ਅਮੂਰਤ
ਨਿਰਭਾਉ, ਆਭੇਖ
ਜੰਗਲ ਨਦੀਆਂ ਚੀਰ ਕੇ ਬੇਲੇ
ਗਾਂਹਦੇ ਥਲ ਦੀ ਰੇਤ
ਇਕ ਦਿਨ ਪਹੁੰਚੇ ਤੁਰਦੇ ਤੁਰਦੇ
ਕਾਮ-ਰੂਪ ਦੇ ਦੇਸ਼
ਬਾਗ਼ੀਂ ਬੈਠਾ ਚੇਤ
ਵਣ-ਤ੍ਰਿਣ ਸਾਰਾ ਮਹਿਕੀਂ ਭਰਿਆ
ਲੈਹ ਲੈਹ ਕਰਦੇ ਖੇਤ
ਰਾਜ ਤ੍ਰੀਆ ਇਸ ਨਗਰੀ ਵਿਚ
ਅਰਧ ਨਗਨ ਜਿਹੇ ਵੇਸ
ਨੂਰ ਸ਼ਾਹ ਰਾਣੀ ਦਾ ਨਾਉਂ
ਗਜ਼ ਗਜ਼ ਲੰਮੇ ਕੇਸ
ਮਰਦਾਨੇ ਨੂੰ ਭੁੱਖ ਆ ਲੱਗੀ
ਵਲ ਮਹਲਾ ਵੇਖ
ਝੱਟ ਬਾਬੇ ਨੇ ਮਰਦਾਨੇ ਨੂੰ
ਕੀਤਾ ਇਹ ਆਦੇਸ਼
ਜਾ ਮਰਦਾਨਿਆ ਭਿਖਿਆ ਲੈ ਆ
ਭੁੱਖ ਜੇ ਤੇਰੇ ਪੇਟ।.

## ਪੀਰ ਨਾਨਕ

**ਬਾਬੂ ਫ਼ੀਰੋਜ਼ਦੀਨ ਸ਼ਰਫ਼**
**(1898-1955)**

ਰੁਤਬੇ ਸ਼ਾਹਾਂ ਦੇ ਰੱਖਦੇ ਜੱਗ ਉੱਤੇ,
ਤੇਰੇ ਬੂਹੇ ਦੇ ਜੇੜ੍ਹੇ ਫ਼ਕੀਰ ਨਾਨਕ।
ਪੱਕੀ ਸਨਦ ਹੈ ਸਵਰਗ ਦੇ ਵਾਸਤੇ ਇਹ
ਤੇਰੀ ਗੋਦੜੀ ਦੀ ਪਾਟੀ ਲੀਰ ਨਾਨਕ।
ਤੇਰੇ ਪੈਰਾਂ ਦੀ ਮਲ਼ੀ ਜਿਸ ਖ਼ਾਕ ਪਿੰਡੇ,
ਕੁੰਦਨ ਹੋ ਗਿਆ ਓਦ੍ਹਾ ਸਰੀਰ ਨਾਨਕ।
ਭਲਾ ਬੰਦੇ ਹਕੀਕਤ ਕੀ ਰੱਖਦੇ ਨੇ
ਕੱਢੇ ਪੱਥਰਾਂ ਦੇ ਵਿਚੋਂ ਨੀਰ ਨਾਨਕ।
ਪਾਇਆ ਇਕ ਓਂਕਾਰ ਦੇ ਰਾਹ ਸਿੱਧੇ
ਪਾ ਕੇ ਇਕ ਦੀ ਇਕ ਲਕੀਰ ਨਾਨਕ।
ਜੇੜ੍ਹੇ ਜੇੜ੍ਹੇ ਸਨ ਜ਼ੁਲਮ ਕਮਾਣ ਵਾਲੇ
ਤੁਸਾਂ ਕਰ ਦਿੱਤੇ ਸਿੱਧੇ ਤੀਰ ਨਾਨਕ।
ਜਲਵੇ ਨੂਰ ਦੇ ਵੇਖਦਾ ਰਹਾਂ ਹਰਦਮ
ਵੱਸੇ ਅੱਖੀਆਂ ਵਿਚ ਤਸਵੀਰ ਨਾਨਕ।
ਦੁਨੀਆ ਥੱਕ ਗਈ ਏ ਗਿਣ-ਗਿਣ ਗੁਣ ਤੇਰੇ
ਪਾਇਆ ਅੰਤ ਨਾ ਗੁਣੀ ਗਹੀਰ ਨਾਨਕ।
ਕਰਾਂ ਦੱਸ ਕੀ ਸ਼ਾਨ ਬਿਆਨ ਤੇਰੀ ?
ਗੁਰੂ ਸਿੱਖਾਂ ਦੇ 'ਸ਼ਰਫ਼' ਦੇ ਪੀਰ ਨਾਨਕ।

## ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ

**ਲਾਲ ਚੰਦ ਯਮੁਲਾ ਜੱਟ**

ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ
ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ
ਨੀਝਾਂ ਲਾ ਲਾ ਵੇਂਹਦੀ ਦੁਨੀਆਂ ਸਾਰੀ ਏ
ਭੁਲ ਭੁਲੇਖੇ ਮੁੜਕੇ ਫੇਰਾ ਪਾ ਜਾਵੀਂ
ਚਾਰੇ ਕੂਟ ਹਨੇਰਾ ਜੋਤ ਜਗਾ ਜਾਵੀਂ
ਬਾਣੀ ਦੇ ਥਾਂ ਫ਼ੈਸ਼ਨ ਚੜ੍ਹੀ ਖ਼ੁਮਾਰੀ ਏ
ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ
ਕੌਡੇ ਨਾਲੋਂ ਵਧ ਕੇ ਹੁਣ ਵੀ ਰਾਖਸ਼ ਨੇ
ਕੂੜ ਕਮਾਂਦੇ ਫਿਰਦੇ ਝੂਠੇ ਆਸ਼ਕ ਨੇ
ਛੱਡ ਜਾਣਾ ਨਿਹੁੰ ਲਾ ਕੇ ਕੀ ਦਿਲਦਾਰੀ ਏ ?
ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ
ਤੇਰੇ ਲੇਖੇ ਬੰਦੇ ਆਦਮ ਖਾਣੇ ਨੇ
ਸੱਜਣ ਨਾਲੋਂ ਵਧ ਕੇ ਠੱਗ ਸਿਆਣੇ ਨੇ
ਸਧਨੇ ਦੇ ਹੱਥ ਮੁੜਕੇ ਫੜੀ ਕਟਾਰੀ ਏ
ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ
ਭਾਗੋ ਵਰਗਿਆਂ ਲੋਕਾਂ ਲੁੱਟ ਮਚਾਈ ਏ
ਹੱਕ ਬਿਗਾਨਾ ਖਾਣਾ ਕੀ ਵਡਿਆਈ ਏ
ਅੱਜ ਉਹ ਮੌਜ ਉਡਾਵੇ ਜੋ ਹੰਕਾਰੀ ਏ
ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ
ਤੂੰ ਸੁਖੀਆਂ ਦੀ ਖੇਤੀ ਹੱਲ ਚਲਾਂਦਾ ਸੈਂ
ਦਸਾਂ ਨਵ੍ਹਾਂ ਦੀ ਕਿਰਤ ਕਮਾਈ ਖਾਂਦਾ ਸੈਂ
ਤਾਹੀਉਂ ਤੇਰੀ ਸ਼ੋਭਾ ਹਰ ਥਾਂ ਭਾਰੀ ਏ
ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ
'ਜੱਟ' ਦੀ ਤਾਰ ਦੀਵਾਨੀ ਪਈ ਕੁਰਲਾਂਦੀ ਏ
ਆ ਦੁਨੀਆਂ ਦੇ ਵਾਲੀ ਤਰਲੇ ਪਾਂਦੀ ਏ
ਵਿਚ ਵਿਛੋੜੇ ਤੇਰੇ ਇਹ ਦੁਖਿਆਰੀ ਏ
ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ
ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ
ਨੀਝਾਂ ਲਾ ਲਾ ਵੇਂਹਦੀ ਦੁਨੀਆਂ ਸਾਰੀ ਏ

2. ਸਤਿਗੁਰ ਨਾਨਕ ਆ ਜਾ ਸੰਗਤ ਪਈ ਪੁਕਾਰਦੀ
ਸਤਿਗੁਰ ਨਾਨਕ ਆ ਜਾ ਸੰਗਤ ਪਈ ਪੁਕਾਰਦੀ
ਤੇਰੇ ਹੱਥ ਵਿੱਚ ਚਾਬੀ ਓ ਦਾਤਾ ਸਾਰੇ ਸੰਸਾਰ ਦੀ
ਜੇਲ੍ਹਾਂ ਵਿੱਚ ਜਾ ਕੇ ਦੁਖੀਆਂ ਦਾ ਤੂੰ ਦੁੱਖ ਨਿਵਾਰਿਆ
ਤੂੰ ਕਰਮ ਕਮਾਇਆ ਐਸਾ ਡੁੱਬਿਆਂ ਨੂੰ ਤਾਰਿਆ
ਤੂੰ ਆਕੜ ਭੰਨੀਂ ਦਾਤਾ ਬਾਬਰ ਸਰਕਾਰ ਦੀ
ਤੇਰੇ ਹੱਥ ਵਿੱਚ ਚਾਬੀ ਓ ਦਾਤਾ ਸਾਰੇ ਸੰਸਾਰ ਦੀ
ਪਰਬਤ ਨੂੰ ਪੰਜਾ ਲਾ ਕੇ ਤੂੰ ਡਿਗਦਾ ਅਟਕਾ ਲਿਆ
ਵਲੀਆਂ ਦੇ ਵਲ ਛਲ ਕੱਢ ਕੇ ਤੂੰ ਰਾਹੇ ਪਾ ਲਿਆ
ਤੇਰੀ ਬਾਣੀ ਦੇ ਵਿਚ ਬਾਬਾ ਹਰ ਬਾਤ ਵਿਚਾਰ ਦੀ
ਤੇਰੇ ਹੱਥ ਵਿੱਚ ਚਾਬੀ ਓ ਦਾਤਾ ਸਾਰੇ ਸੰਸਾਰ ਦੀ
ਔਹ ਪੰਜਾ ਤੇ ਨਨਕਾਣਾ ਨਜ਼ਰਾਂ ਤੋਂ ਦੂਰ ਨੇ
ਤੇਰੀ ਦੀਦ ਦੀ ਖ਼ਾਤਿਰ ਬਾਬਾ ਅੱਖੀਆਂ ਮਜ਼ਬੂਰ ਨੇ
'ਯਮਲੇ ਜੱਟ' ਦੀ ਤੂੰ ਬੀ ਤੈਨੂੰ ਵਾਜਾਂ ਮਾਰਦੀ
ਤੇਰੇ ਹੱਥ ਵਿੱਚ ਚਾਬੀ ਓ ਦਾਤਾ ਸਾਰੇ ਸੰਸਾਰ ਦੀ
ਸਤਿਗੁਰ ਨਾਨਕ ਆ ਜਾ
ਦੁਨੀਆਂ ਨੂੰ ਦੀਦ ਦਿਖਾ ਸੰਗਤ ਪਈ ਪੁਕਾਰਦੀ
ਤੇਰੇ ਹੱਥ ਵਿੱਚ ਚਾਬੀ ਓ ਦਾਤਾ ਸਾਰੇ ਸੰਸਾਰ ਦੀ।

## ਤੇਰੇ ਮਿੱਠੇ ਬੋਲ ਬਾਬਾ

**ਮੁਮਤਾਜ਼ ਬਲੋਚ ਝੰਗ**

ਤੇਰੇ ਮਿੱਠੇ ਬੋਲ ਬਾਬਾ ਰੱਬ ਰੱਬ ਜਪਦੇ।
ਸੱਚ ਦੇ ਸਮੁੰਦਰਾਂ 'ਚ ਹਰ ਵੇਲੇ ਤਰਦੇ।
ਤੇਰੇ ਮਿੱਠੇ ਬੋਲ ਬਾਬਾ ਹੱਸ ਹੱਸ ਬੋਲਦੇ।
ਦੁਖੀ ਸੁਖੀ ਦਿਲਾਂ ਦੀਆਂ ਘੁੰਡੀਆਂ ਨੂੰ ਖੋਲ੍ਹਦੇ।
ਤੇਰੇ ਮਿੱਠੇ ਬੋਲ ਬਾਬਾ ਕੰਨਾਂ ਵਿਚ ਰਚਦੇ।
ਦਿਲ ਵਾਲੇ ਬਾਗ਼ਾਂ ਵਿਚ ਮੋਰਾਂ ਵਾਂਗੂੰ ਨੱਚਦੇ।
ਤੇਰੇ ਮਿੱਠੇ ਬੋਲ ਬਾਬਾ ਏਕਤਾ ਸਿਖਾਂਦੇ ਨੇ।
ਤਾਈਉਂ ਸਾਰੇ ਨਿੱਕੇ ਵੱਡੇ ਰਲ ਮਿਲ ਗਾਂਦੇ ਨੇ।
ਤੇਰੇ ਮਿੱਠੇ ਬੋਲ ਬਾਬਾ ਮੱਕੇ ਹੋ ਕੇ ਆਏ ਨੇ।
ਮਦਨੀ ਦੁਆਰੇ ਤੋਂ ਵੀ ਚੋਖੇ ਫ਼ੈਜ਼ ਪਾਏ ਨੇ।
ਤੇਰੇ ਮਿੱਠੇ ਬੋਲ ਬਾਬਾ ਸਬਨਾਂ ਨੂੰ ਭਾਂਵਦੇ।
ਉੱਚੀਆਂ ਨੀਵੀਆਂ ਜਾਤਾਂ ਵਾਲੇ ਫ਼ਰਕ ਮਿਟਾਂਵਦੇ।
ਤੇਰੇ ਮਿੱਠੇ ਬੋਲ ਬਾਬਾ ਫੁੱਲਾਂ ਵਾਲੀ ਖਾਰੀ ਏ।
ਤਾਈਉਂ ਤਾਂ 'ਬਲੋਚ' ਦਿਲ ਤੇਰੇ ਅੱਗੇ ਹਾਰੀ ਏ।

## ਕੌਮ ਨੇ ਪੈਗ਼ਾਮੇ

**ਮੁਹੰਮਦ ਇਕਬਾਲ**
**(1877-1938)**

ਕੌਮ ਨੇ ਪੈਗ਼ਾਮੇ-ਗੌਤਮ ਕੀ ਜ਼ਰਾ ਪਰਵਾਹ ਨ ਕੀ।
ਕਦਰ ਪਹਚਾਨੀ ਨ ਅਪਨੇ ਗੋਹਰੇ-ਯਕ-ਦਾਨਾਅ ਕੀ।
ਆਹ ! ਬਦਕਿਸਮਤ ਰਹੇ ਆਵਾਜ਼ੇ-ਹਕ ਸੇ ਬੇਖ਼ਬਰ,
ਗ਼ਾਫ਼ਿਲ ਅਪਨੇ ਫਲ ਕੀ ਸ਼ੀਰੀਨੀ ਸੇ ਹੋਤਾ ਹੈ ਸ਼ਜਰ।
ਆਸ਼ਕਾਰ ਉਸਨੇ ਕੀਯਾ ਜੋ ਜ਼ਿੰਦਗੀ ਕਾ ਰਾਜ਼ ਥਾ,
ਹਿੰਦ ਕੋ ਲੇਕਿਨ ਖਯਾਲੀ ਫ਼ਲਸਫ਼ੇ ਪਰ ਨਾਜ਼ ਥਾ।
ਸ਼ਮ: ਏਂ-ਹਕ ਸੇ ਜੋ ਮੁਨੱਵਰ ਹੋ ਯੇ ਵੋ ਮਹਫ਼ਿਲ ਨ ਥੀ,
ਬਾਰਿਸ਼ੇ-ਰਹਮਤ ਹੂਈ ਲੇਕਿਨ ਜ਼ਮੀਂ ਕਾਬਿਲ ਨ ਥੀ।
ਆਹ ! ਸ਼ੂਦਰ ਕੇ ਲੀਏ ਹਿੰਦੁਸਤਾਨ ਗ਼ਮਖ਼ਾਨਾ ਹੈ,
ਦਰਦੇ-ਇਨਸਾਨੀ ਸੇ ਇਸ ਬਸਤੀ ਕਾ ਦਿਲ ਬੇਗਾਨਾ ਹੈ।
ਬ੍ਰਹਮਨ ਸਰਸ਼ਾਰ ਹੈ ਅਬ ਤਕ ਮਯੇ ਪਿੰਦਾਰ ਮੇਂ,
ਸ਼ਮ-ਏ-ਗੌਤਮ ਜਲ ਰਹੀ ਹੈ ਮਹਫ਼ਿਲੇ-ਅਗ਼ਯਾਰ ਮੇਂ।
ਬੁਤਕਦਾ ਫਿਰ ਬਾਦ ਮੁੱਦਤ ਕੇ ਮਗਰ ਰੌਸ਼ਨ ਹੂਆ,
ਨੂਰੇ ਇਬਰਾਹੀਮ ਸੇ ਆਜ਼ਰ ਕਾ ਘਰ ਰੌਸ਼ਨ ਹੂਆ।
ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ,
ਹਿੰਦ ਕੋ ਇਕ ਮਰਦੇ ਕਾਮਿਲ ਨੇ ਜਗਾਯਾ ਖਾਬ ਸੇ।

## ਨਾਨਕੀ ਦਾ ਗੀਤ

**ਪ੍ਰੋਫੈਸਰ ਮੋਹਣ ਸਿੰਘ**

ਸਾਡੇ ਵਿਹੜੇ ਆਇਆ ਮਾਏ, ਨੂਰ ਕੋਈ ਰੱਬ ਦਾ,
ਸਾਰੇ ਜਗ ਵੇਖ ਲਿਆ ਸਾਨੂੰ ਕਿਉਂ ਨਾ ਲਭਦਾ ?
ਵੇਖ ਲਿਆ ਦਾਈਆਂ ਤੇ ਪਛਾਣ ਲਿਆ ਪਾਂਧਿਆਂ,
ਮੁੱਲਾਂ ਕੁਰਬਾਨ ਹੋਇਆ ਮੁਖ ਨੂੰ ਤਕਾਂਦਿਆਂ।
ਮੱਝੀਆਂ ਤੇ ਗਾਈਆਂ ਡਿੱਠਾ ਚੁੱਕ ਚੁੱਕ ਬੂਥੀਆਂ,
ਕੀੜਿਆਂ ਤੇ ਕਾਂਢਿਆਂ ਵੀ ਲਭ ਲਈਆਂ ਖ਼ੂਬੀਆਂ।
ਪੰਛੀਆਂ ਪਛਾਣ ਲਏ ਮਾਏ ਉਹਦੇ ਬੋਲ ਨੀ,
ਚਿਤਰੇ ਤੇ ਸ਼ੇਰ ਸੁੱਤੇ ਮਸਤ ਉਹਦੇ ਕੋਲ ਨੀ।
ਵਣਾ ਕੀਤੇ ਸਾਏ, ਸੱਪਾਂ ਛੱਜਲੀਆਂ ਖਿਲਾਰੀਆਂ,
ਸਾਗਰਾਂ ਨੇ ਰਾਹ ਦਿੱਤੇ, ਮੱਛਾਂ ਨੇ ਸਵਾਰੀਆਂ।
ਤੱਕ ਕੇ ਇਸ਼ਾਰੇ ਉਹਦੇ ਮੌਲ ਪਈਆਂ ਵਾੜੀਆਂ,
ਲਗ ਉਹਦੇ ਪੰਜੇ ਨਾਲ ਰੁਕੀਆਂ ਪਹਾੜੀਆਂ।
ਤੱਕ ਉਹਦੇ ਨੈਣਾਂ ਦੀਆਂ ਡੂੰਘੀਆਂ ਖ਼ੁਮਾਰੀਆਂ,
ਭੁੱਲ ਗਈਆਂ ਟੂਣੇ ਕਾਮਰੂਪ ਦੀਆਂ ਨਾਰੀਆਂ।
ਠੱਗਾਂ ਨੂੰ ਠਗੌਰੀ ਭੁੱਲੀ ਪੈਰੀਂ ਉਹਦੇ ਲੱਗ ਨੀ,
ਤਪਦੇ ਕੜਾਹੇ ਬੁੱਝੇ, ਠੰਢੀ ਹੋਈ ਅੱਗ ਨੀ।
ਹਿੱਲੀਆਂ ਜਾਂ ਰਤਾ ਮੇਰੇ ਵੀਰ ਦੀਆਂ ਬੁੱਲ੍ਹੀਆਂ,
ਜੋਗੀਆਂ ਨੂੰ ਰਿੱਧਾਂ, ਨਿੱਧਾਂ, ਸਿਧਾਂ ਸਭ ਭੁੱਲੀਆਂ।
ਇਹ ਕੀ ਏ ਜਹਾਨ, ਸਾਰੇ ਜਗ ਉਹਦੇ ਗੋਲੇ ਨੀ,
ਚੰਦ ਸੂਰ ਗਹਿਣੇ ਅਸਮਾਨ ਉਹਦੇ ਚੋਲੇ ਨੀ।
ਜਲਾਂ ਥਲਾਂ ਅੰਬਰਾਂ ਅਕਾਸ਼ਾਂ ਉਹਨੂੰ ਪਾ ਲਿਆ,
ਰੇਤ ਦਿਆਂ ਜ਼ੱਰਿਆਂ ਵੀ ਓਸ ਨੂੰ ਤਕਾ ਲਿਆ।
ਸਾਰੇ ਜਗ ਵੇਖ ਲਿਆ ਸਾਨੂੰ ਕਿਉਂ ਨਾ ਲਭਦਾ ?
ਸਾਡੇ ਵਿਹੜੇ ਆਇਆ ਮਾਏ, ਨੂਰ ਕੋਈ ਰੱਬ ਦਾ।

## ਅਮਨ ਕੀ ਜੋਤ ਜਗਾ ਗਏ ਨਾਨਕ

**ਮੁਹੰਮਦ ਅੱਬਾਸ ਧਾਲੀਵਾਲ**

ਅਮਨ ਕੀ ਜੋਤ ਜਗਾ ਗਏ ਨਾਨਕ,
ਜ਼ੁਲਮਤੋਂ ਕੋ ਮਿਟਾ ਗਏ ਨਾਨਕ।
ਬੁੱਤ ਪ੍ਰਸਤੀ ਕੀ ਪੁਰ-ਫ਼ਜ਼ਾਓਂ ਮੇਂ,
ਗੁਲ-ਏ-ਵਾਹਦਤ ਖ਼ਿਲਾ ਗਏ ਨਾਨਕ।
ਰਸਮ-ਏ-ਫ਼ਰਸੂਦਾ-ਉ-ਪਾਖੰਡੋਂ ਸੇ,
ਝੂਠੇ ਪਰਦੇ ਹਟਾ ਗਏ ਨਾਨਕ।
ਬੰਦਗੀ ਏਕ ਰੱਬ ਕੀ ਕਰਕੇ ਯਹਾਂ,
ਰਾਹ-ਏ-ਹੱਕ ਪੇ ਚਲਾ ਗਏ ਨਾਨਕ।
ਅਪਨੇਂ ਹਾਥੋਂ ਸੇ ਖ਼ੁਦ ਕਾਸ਼ਤ ਕਰ,
ਮਿਹਨਤ ਕਰਨਾ ਸਿਖਾ ਗਏ ਨਾਨਕ।
ਜਜ਼ਬਾ-ਏ-ਉਲਫ਼ਤ ਬੇਦਾਰ ਕਰ ਹਮ ਮੇਂ,
ਨਫ਼ਰਤ-ਏ-ਸਬ ਮਿਟਾ ਗਏ ਨਾਨਕ।
ਸੰਗ ਮਰਦਾਨਾ ਕੇ ਹਮ ਸਫ਼ਰ ਬਣ ਕੇ,
ਮਿਲ ਕਰ ਰਹਿਨਾ ਸਿਖਾ ਗਏ ਨਾਨਕ।
ਹੱਕ-ਓ-ਬਾਤਿਲ ਮੇਂ ਤਮੀਜ਼ ਕਰਨਾ,
ਜ਼ਾਹਿਲੋਂ ਕੋ ਸਿਖਾ ਗਏ ਨਾਨਕ।
ਹਮ ਕੋ 'ਜਿਤੁ ਜੰਮਹਿ' ਸ਼ਬਦ ਪੜ੍ਹਾ,
ਇੱਜ਼ਤ-ਏ-ਨਿਸਵਾਂ ਸਿਖਾ ਗਏ ਨਾਨਕ।
ਬੁੱਤ ਪ੍ਰਸਤੋਂ ਕੇ ਬੀਚ 'ਅੱਬਾਸ',
ਨਗ਼ਮਾ-ਏ-ਵਾਹਦਤ ਸੁਣਾ ਗਏ ਨਾਨਕ।

## ਗੁਰੂ ਨਾਨਕ ਸ਼ਾਹ

**ਨਜ਼ੀਰ ਅਕਬਰਾਬਾਦੀ (1735-1830)**

ਹੈਂ ਕਹਤੇ ਨਾਨਕ ਸ਼ਾਹ ਜਿਨਹੇਂ ਵਹ ਪੂਰੇ ਹੈਂ ਆਗਾਹ ਗੁਰੂ।
ਵਹ ਕਾਮਿਲ ਰਹਬਰ ਜਗ ਮੇਂ ਹੈਂ ਯੂੰ ਰੌਸ਼ਨ ਜੈਸੇ ਮਾਹ ਗੁਰੂ।
ਮਕਸੂਦ ਮੁਰਾਦ ਉਮੀਦ ਸਭੀ ਬਰ ਲਾਤੇ ਹੈਂ ਦਿਲਖਵਾਹ ਗੁਰੂ।
ਨਿਤ ਲੁਤਫ਼-ਓ-ਕਰਮ ਸੇ ਕਰਤੇ ਹੈਂ ਹਮ ਲੋਗੋਂ ਕਾ ਨਿਰਬਾਹ ਗੁਰੂ।
ਇਸ ਬਖ਼ਸ਼ਿਸ਼ ਕੇ ਇਸ ਅਜ਼ਮਤ ਕੇ ਹੈਂ ਬਾਬਾ ਨਾਨਕ ਸ਼ਾਹ ਗੁਰੂ।
ਸਬ ਸੀਸ ਨਵਾ ਅਰਦਾਸ ਕਰੋ ਔਰ ਹਰਦਮ ਬੋਲੋ ਵਾਹ ਗੁਰੂ॥੧॥
ਹਰ ਆਨ ਦਿਲੋਂ ਵਿਚ ਯਾਂ ਅਪਨੇ ਜੋ ਧਯਾਨ ਗੁਰੂ ਕਾ ਲਾਤੇ ਹੈਂ।
ਔਰ ਸੇਵਕ ਹੋਕਰ ਉਨਕੇ ਹੀ ਹਰ ਸੂਰਤ ਬੀਚ ਕਹਾਤੇ ਹੈਂ।
ਗੁਰੂ ਅਪਨੀ ਲੁਤਫ਼-ਓ-ਇਨਾਯਤ ਸੇ ਸੁਖਚੈਨ ਉਨਹੇਂ ਦਿਖਲਾਤੇ ਹੈਂ।
ਖ਼ੁਸ਼ ਰਖਤੇ ਹੈਂ ਹਰ ਹਾਲ ਉਨਹੇਂ ਸਬ ਤਨ ਕਾ ਕਾਜ ਬਨਾਤੇ ਹੈਂ।
ਇਸ ਬਖ਼ਸ਼ਿਸ਼ ਕੇ ਇਸ ਅਜ਼ਮਤ ਕੇ ਹੈਂ ਬਾਬਾ ਨਾਨਕ ਸ਼ਾਹ ਗੁਰੂ।
ਸਬ ਸੀਸ ਨਵਾ ਅਰਦਾਸ ਕਰੋ ਔਰ ਹਰਦਮ ਬੋਲੋ ਵਾਹ ਗੁਰੂ॥੨॥
ਜੋ ਆਪ ਗੁਰੂ ਨੇ ਬਖ਼ਸ਼ਿਸ਼ ਸੇ ਇਸ ਖ਼ੂਬੀ ਕਾ ਇਰਸ਼ਾਦ ਕੀਯਾ।
ਹਰ ਬਾਤ ਹੈ ਵਹ ਇਸ ਖ਼ੂਬੀ ਕੀ ਤਾਸੀਰ ਨੇ ਜਿਸ ਪਰ ਸਾਦ ਕੀਯਾ।
ਯਾਂ ਜਿਸ ਜਿਸ ਨੇ ਉਨ ਬਾਤੋਂ ਕੋ ਹੈ ਧਯਾਨ ਲਗਾਕਰ ਯਾਦ ਕੀਯਾ।
ਹਰ ਆਨ ਗੁਰੂ ਨੇ ਦਿਲ ਉਨਕਾ ਖ਼ੁਸ਼ ਵਕਤ ਕੀਯਾ ਔਰ ਸ਼ਾਦ ਕੀਯਾ।
ਇਸ ਬਖ਼ਸ਼ਿਸ਼ ਕੇ ਇਸ ਅਜ਼ਮਤ ਕੇ ਹੈਂ ਬਾਬਾ ਨਾਨਕ ਸ਼ਾਹ ਗੁਰੂ।
ਸਬ ਸੀਸ ਨਵਾ ਅਰਦਾਸ ਕਰੋ ਔਰ ਹਰਦਮ ਬੋਲੋ ਵਾਹ ਗੁਰੂ॥੩॥

## ਜੱਗ ਹੀ ਉਹਦੀ ਜਾਗੀਰ ਬਣਿਆਂ

ਕਰਮਜੀਤ ਸਿੰਘ ਗਠਵਾਲਾ

ਬਾਬਾ ਨਾਨਕ ਜੰਮਿਆਂ ਜਿਸ ਵੇਲੇ
ਆਪਣੇ ਮਾਂ ਤੇ ਪਿਉ ਦੀ ਧੀਰ ਬਣਿਆਂ।
ਭੈਣ ਨਾਨਕੀ ਲਈ ਪਰ ਉਹੋ ਨਾਨਕ
ਸੁਹਣਾ ਨਿੱਕੜਾ ਜਿਹਾ ਸੀ ਵੀਰ ਬਣਿਆਂ।
ਉਹਨੇ ਮੁੱਖੋਂ ਉਚਾਰਿਆ ਸ਼ਬਦ ਜਿਹੜਾ
ਜ਼ੁਲਮ ਮੇਟਣੇ ਲਈ ਸ਼ਮਸ਼ੀਰ ਬਣਿਆਂ।
ਬਣਿਆਂ ਹਿੰਦੂਆਂ ਦਾ ਉਹ ਗੁਰੂ ਸੱਚਾ
ਸਿਦਕੀ ਮੋਮਨਾਂ ਦਾ ਕਾਮਲ ਪੀਰ ਬਣਿਆਂ।
'ਨਜ਼ੀਰ' ਵਾਸਤੇ ਬਣਿਆਂ ਉਹ 'ਸ਼ਾਹ ਨਾਨਕ'
ਲੋਕਾਂ ਲਈ ਪਰ ਬੇਨਜ਼ੀਰ ਬਣਿਆਂ।
'ਇਕਬਾਲ' ਸਮਝਿਆ ਹੋਕਾ ਤੌਹੀਦ ਉਹਦਾ
ਭਟਕੇ ਲੋਕਾਂ ਲਈ ਆਪ ਰਾਹਗੀਰ ਬਣਿਆਂ।
ਘਰ ਛੱਡ ਟੁਰਿਆ ਦੁਨੀਆਂ ਸੋਧਣੇ ਨੂੰ
ਲੋਕਾਂ ਸੋਚਿਆ ਨਾਨਕ ਫ਼ਕੀਰ ਬਣਿਆਂ।
ਚੱਕਰ ਲਾ ਮੁੜਿਆ ਲੋਕਾਂ ਵੇਖਿਆ ਇਹ
ਸਾਰਾ ਜੱਗ ਹੀ ਉਹਦੀ ਜਾਗੀਰ ਬਣਿਆਂ।

## ਨਾਨਕ

ਡਾ. ਅਲਾਮਾ ਮੁਹੰਮਦ ਇਕਬਾਲ

ਕੌਮ ਨੇ ਪੈਗ਼ਾਮੇ ਗੌਤਮ ਕੀ ਜ਼ਰਾ ਪਰਵਾਹ ਨ ਕੀ,
ਕਦਰ ਪਹਚਾਨੀ ਨ ਅਪਨੇ ਗੌਹਰੇ ਯਕ ਦਾਨਾ ਕੀ।
ਆਹ, ਬਦਕਿਸਮਤ ਰਹੇ ਆਵਾਜ਼ੇ ਹਕ ਸੇ ਬੇਖ਼ਬਰ
ਗ਼ਾਫ਼ਿਲ ਅਪਨੇ ਫਲ ਕੀ ਸ਼ੀਰੀਨੀ ਸੇ ਹੋਤਾ ਹੈ ਸ਼ਜਰ।
ਆਸ਼ਕਾਰ ਉਸਨੇ ਕੀਯਾ ਜੋ ਜ਼ਿੰਦਗੀ ਕਾ ਰਾਜ਼ ਥਾ
ਹਿੰਦ ਕੋ ਲੇਕਿਨ ਖ਼ਯਾਲੀ ਫ਼ਲਸਫ਼ੇ ਪਰ ਨਾਜ਼ ਥਾ
ਸ਼ਮਏਂ-ਹਕ ਸੇ ਜੋ ਮੁਨੱਵਰ ਹੋ ਯੇ ਵੋ ਮਹਿਫ਼ਲ ਨ ਥੀ।
ਬਾਰਿਸ਼ੇ ਰਹਮਤ ਹੁਈ ਲੇਕਿਨ ਜ਼ਮੀਂ ਕਾਬਿਲ ਨ ਥੀ
ਆਹ, ਸ਼ੂਦਰ ਕੇ ਲੀਏ ਹਿੰਦੁਸਤਾਨ ਗ਼ਮ ਖ਼ਾਨਾ ਹੈ।
ਦਰਦੇ ਇਨਸਾਨੀ ਸੇ ਇਸ ਬਸਤੀ ਕਾ ਦਿਲ ਬੇਗਾਨਾ ਹੈ।
ਬ੍ਰਹਮਨ ਸ਼ਰਸ਼ਾਰ ਹੈ ਅਬ ਤਕ ਮਯੇ ਪਿੰਦਾਰ ਮੇਂ
ਸ਼ਮਏਂ ਗੌਤਮ ਜਲ ਰਹੀ ਹੈ ਮਹਫ਼ਿਲੇ ਅਗ਼ਯਾਰ ਮੇਂ।
ਬੁਤਕਦਾ ਫਿਰ ਬਾਦ ਮੁੱਦਤ ਕੇ ਰੌਸ਼ਨ ਹੂਆ
ਨੂਰੇ ਇਬਰਾਹੀਮ ਸੇ ਆਜ਼ਰ ਕਾ ਘਰ ਰੌਸ਼ਨ ਹੂਆ।
ਫਿਰ ਉਠੀ ਆਖ਼ਿਰ ਸਦਾ ਤੌਹੀਦ ਕੀ ਪੰਜਾਬ ਸੇ
ਹਿੰਦ ਕੋ ਇਕ ਮਰਦੇ ਕਾਮਿਲ ਨੇ ਜਗਾਯਾ ਖ਼ਾਬ ਸੇ

# ਬਾਬਾ ਜੀ ਦੀ ਪ੍ਰਾਹੁਣਚਾਰੀ

(ਖ਼ਾਲਸਾ ਸਮਾਚਾਰ ਕੱਤਕ ਦੀ 25 ਸੰਮਤ ਨਾ: ਸ਼ਾ: 448, ਨਵੰਬਰ 9, ਸੰਨ 1916 ਈ:)

ਪ੍ਰੋ. ਪੂਰਨ ਸਿੰਘ

1. ਉਠ ਨੀ ਸਖੀ,
ਚਲ ਵੇਖਣ ਚਲੀਏ,
ਅਜਬ ਮੂਰਤਾਂ ਆਈਆਂ ਨੀ।
ਥਾਂ-ਥਾਂ ਛੱਤਰ ਲੱਗੇ ਹਨ ਭਾਰੇ,
ਇਕ ਤੋਂ ਇਕ ਸਵਾਈਆਂ ਨੀ।
ਅਜਬ ਮਹਿਕ ਹੈ ਫੈਲੀ ਸਾਰੇ,
ਵੱਜਣ ਸਹਿਜ ਵਧਾਈਆਂ ਨੀ।
ਕੰਵਲਾਂ ਨੂੰ ਹਨ ਭੌਰੇ ਭੁੱਲੇ,
ਦਿੰਦੇ ਫਿਰਦੇ ਧਾਈਆਂ ਨੀ।
ਪ੍ਰੀਤ ਮਦਹੋਸ਼ੀ ਛਾਈ ਸਾਰੇ,
ਲੱਗੀਆਂ ਉੱਚੀਆਂ ਸਾਈਆਂ ਨੀ।
ਆਕਾਸ਼ ਪਵਿੱਤਰ ਧਰਤ ਪਵਿੱਤਰ,
ਚੀਜ਼ਾਂ ਤੀਰਥ ਨਹਾਈਆਂ ਨੀ।
ਪਿਆਰ ਗਗਨ ਹੈ ਛਾਇਆ ਉਪਰ,
ਸਾਰੀਆਂ ਬਾਬਲ ਜਾਈਆਂ ਨੀ।

2. ਪਾ ਕਪੜੇ ਚੱਲ ਵੇਖਣ ਚਲੀਏ,
ਕੌਣ-ਕੌਣ ਰਿਖ ਆਏ ਨੀ।
ਸ਼ਿਵਜੀ ਨਾਲ ਗੌਰਜਾਂ ਲੈ ਕੇ,
ਚੜ੍ਹ ਕੰਧੀ ਉਹ ਧਾਏ ਨੀ।
ਨੀਝ ਲਾਇ ਕੇ ਦੇਖੋ ਸਖੀਓ,
ਵਿਸ਼ਨੂੰ ਆਣ ਸਹਾਏ ਨੀ।
ਕੰਵਲ ਨੈਣ ਉਹ ਲੱਛਮੀ ਆਈ
ਸੁਹੱਪਣ-ਗਗਨ ਰੰਗਾਏ ਨੀ।
ਵੀਣਾ ਹੱਥ ਵਿੱਚ ਨਾਰਦ ਆਏ,
ਰਾਗ ਰੰਗੀਨ ਵਜਾਏ ਨੀ।
ਧਰੂ ਪ੍ਰਹਿਲਾਦ ਆਣ ਬਾਬੇ ਘਰ,
ਸਿਫ਼ਤ ਸਲਾਹਾਂ ਗਾਏ ਨੀ।
ਜਲੇ ਹਰੀ-ਏ ਥਲੇ ਹਰੀ ਏ,
ਸੁਹਣੇ ਸ਼ਬਦ ਸੁਣਾਏ ਨੀ।
ਉੱਠ ਨੀ ਸਖੀ ਚੱਲ ਵੇਖਣ ਚਲੀਏ,
ਹੋਰ ਰੰਗੀਲਾ ਆਇਆ ਈ।

ਛਾਈਂ ਮਾਈਂ 'ਰਾਮ' ਨਾਮ ਹੈ,
'ਨਾਨਕ' ਨਾਦ ਵਜਾਇਆ ਈ।
ਲੂੰਅ-ਲੂੰਅ ਹੱਸੇ ਰਗ-ਰਗ ਟੱਪੇ,
ਹੋਰ ਵੱਡਾ ਇਕ ਆਇਆ ਈ।
ਨੈਣਾਂ ਝਮਕਣ ਤਾਰੇ ਝਮਕਣ,
ਏ ਨੈਣਾਂ ਦੀ ਆਇਆ ਈ।
ਬੰਸੀ ਬੀਨ ਵਜਾਏ ਮਿੱਠੀ,
'ਨਾਨਕ' 'ਨਾਨਕ' ਗਾਇਆ ਈ।
ਆਖੇ ਸਭ ਤੋਂ ਵੱਡਾ ਬਾਬਾ
ਦੁਨੀਆਂ ਤਾਰਨ ਆਇਆ ਈ।
ਬੁੱਧ ਆਏ ਤੇ ਜੀਨਾ ਆਏ,
ਧੰਨ ਗੁਰੂ ਨਾਨਕ ਗਾਇਆ ਈ।
ਈਸਾ ਨਾਲ ਮੁਹੰਮਦ ਆਏ,
'ਨਾਨਕ ਧੰਨ' ਅਲਾਇਆ ਈ।

3.
ਵਿਹੜਾ ਬਾਬੇ ਜੀ ਦਾ ਭਾਰੀ,
ਮਿਟਦੀ ਸਭ ਅਸਨਾਈ ਹੈ।
ਭੂਤ ਭਵਿੱਖ ਤੇ ਵਰਤਮਾਨ ਦੀ,
ਆਈ ਸਭ ਲੋਕਾਈ ਹੈ।
ਰੂਪ ਨਾ ਰੇਖ ਨਾ ਰੰਗ ਨਾ ਸੂਰਤ,
ਇਕੋ ਪਿਆਰ ਇਲਾਹੀ ਹੈ।
ਇਕ ਸੁਰ ਹੋ ਜਦ ਮਿਲਦੇ ਸਾਰੇ,
ਨੈਣਾਂ ਛਹਿਬਰ ਲਾਈ ਹੈ।
ਰਸਿਕ ਚੁੱਪ ਦੀ ਮਿੱਠ ਵਿੱਚ ਬੋਲੇ,
ਧਰਮਸਾਲ ਸਭ ਭਾਈ ਹੈ।
ਸਭ ਬਾਬੇ ਦੇ ਬਾਬਾ ਸਭ ਦਾ,
ਇਹੋ ਜੋਤ ਜਗਾਈ ਹੈ।
ਸਭ ਨੇ ਰਲ ਕੇ ਗੀਤ ਗਾਵਿਆ,
ਅਨਹਤ ਧੁਨੀ ਉਠਾਈ ਹੈ।
'ਸਭ ਤੋਂ ਵੱਡਾ ਸਤਿਗੁਰ ਨਾਨਕ,'
ਨਾਨਕ ਧੰਨ ਕਮਾਈ ਹੈ।

## ਭਾਈ ਵੀਰ ਸਿੰਘ

ਡਾ. ਅਲਾਮਾ ਮੁਹੰਮਦ ਇਕਬਾਲ

ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ
ਅਸਾਂ ਧਾ ਗਲਵਕੜੀ ਪਾਈ
ਨਿਰਾ ਨੂਰ ਤੁਸੀਂ ਹੱਥ ਨ ਆਏ
ਸਾਡੀ ਕੰਬਦੀ ਰਹੀ ਕਲਾਈ।
ਧਾ ਚਰਨਾਂ ਤੇ ਸ਼ੀਸ਼ ਨਿਵਾਇਆ
ਸਾਡੇ ਮੱਥੇ ਛੋਹ ਨ ਪਾਈ,
ਤੁਸੀਂ ਉੱਚੇ ਅਸੀਂ ਨੀਵੇਂ ਸਾਂ
ਸਾਡੀ ਪੇਸ਼ ਨ ਗਈਆ ਕਾਈ।
ਫਿਰ ਲੜ ਫੜਨੇ ਨੂੰ ਉੱਠ ਦਉੜੇ
ਪਰ ਲੜ ਉਹ 'ਬਿਜਲੀ ਲਹਿਰਾ'
ਉਡਦਾ ਜਾਂਦਾ, ਪਰ ਉਹ ਅਪਣੀ
ਛੁਹ ਸਾਨੂੰ ਗਯਾ ਲਾਈ।
ਮਿੱਟੀ ਚਮਕ ਪਈ ਇਹ ਮੋਈ
ਤੇ ਤੁਸੀਂ ਲੂੰਆਂ ਵਿਚ ਲਿਸ਼ਕੇ,
ਬਿਜਲੀ ਕੂੰਦ ਗਈ ਥਰਰਾਂਦੀ
ਹੁਣ ਚਕਾਚੂੰਧ ਹੈ ਛਾਈ।

## ਬਾਬਾ ਨਾਨਕ

ਲਾਲਾ ਧਨੀ ਰਾਮ ਚਾਤ੍ਰਿਕ

ਜਿਸ ਦੇ ਚਾਨਣ ਰਿਸ਼ਮਾਂ ਪਾਈਆਂ ਲਹਿਣੇ ਦੇ ਆਈਨੇ ਤੇ,
ਉਸ ਜੋਤ ਨੇ ਛਾਪ ਲਗਾਈ ਕੰਧਾਰੀ ਦੇ ਸੀਨੇ ਤੇ।
ਬਾਲਕ ਵਾਗੀ ਬੁਢਾ ਕੀਤਾ, ਬੇਰ ਬਣਾਇਆ ਰੋਠੇ ਦਾ,
ਰਾਇ ਬੁਲਾਰ ਮੁਰੀਦ ਕਰ ਲਿਆ, ਪਾ ਕੇ ਨੂਰ ਨਗੀਨੇ ਤੇ।
ਕਿਰਤੀ ਦਾ ਭੰਡਾਰ ਵਿਖਾਇਆ, ਅੰਨ੍ਹੇ ਮਾਇਆ ਧਾਰੀ ਨੂੰ,
ਸੱਜਣ ਠੱਗ ਨੂੰ ਝਾਤ ਪੁਆਈ, ਘਰ ਵਿਚ ਪਏ ਦਫ਼ੀਨੇ ਤੇ।
ਬ੍ਰਾਹਮਣ ਕਾਜ਼ੀ ਦੋਵੇਂ ਰਗੜੇ, ਨਿਯਤ ਦੀ ਘਸਵੱਟੀ ਤੇ,
ਉਹ ਅਛੂਤ ਬਰਾਬਰ ਤੋਲੇ, ਕਰਤਬ ਦੇ ਤਖ਼ਮੀਨੇ ਤੇ।
ਪ੍ਰੇਮ ਨਸ਼ੇ ਥੀਂ ਖੀਵਾ ਕੀਤਾ, ਅਮਲਾਂ ਦੇ ਦੀਵਾਨੇ ਨੂੰ।
ਮੱਕੇ ਵਾਲੇ ਨੂੰ ਭਰਮਾਇਆ, ਦਿਲ ਦੇ ਪਾਕ ਮਦੀਨੇ ਤੇ।
ਵਹਦਤ ਦਾ ਵਿਉਪਾਰੀ ਆਇਆ, ਹਾਦੀ ਹਿੰਦੂ ਮੁਸਲਿਮ ਦਾ,
ਮੰਦਰ ਮਸਜਿਦ ਸਾਂਝੇ ਕੀਤੇ, ਮਿੱਟੀ ਪਾਈ ਕੀਨੇ ਤੇ।
ਆ ਜਾ ਮਨ ਅਜ ਸ਼ੁਕਰਾਨੇ ਕਰੀਏ ਬਾਬੇ ਏਕੰਕਾਰੀ ਦੇ,
ਜਿਸ ਨੇ ਜੋਤ ਜਗਾਈ ਆਣ ਗੁਆਚੇ ਮਾਲ ਖਜੀਨੇ ਤੇ।
ਦੁਨੀਆਂ ਵਾਲਿਓ, ਕੁਝ ਨਾ ਪੁਛੋ ਮੇਰੇ ਐਬ ਸਵਾਬਾਂ ਦੀ,
ਚਾਤ੍ਰਿਕ ਦਾ ਹੈ ਤਕਵਾ ਆਪਣੇ ਰਹਬਰ ਦਾਨੇ ਬੀਨੇ ਤੇ।

## ਇਲਾਹੀ-ਪ੍ਰਕਾਸ਼

ਬਾਬੂ ਫ਼ੀਰੋਜ਼ਦੀਨ ਸ਼ਰਫ਼

ਮੌਸਮ ਖ਼ੁਸ਼ੀ ਦਾ ਆ ਗਿਆ ਜੱਗ ਅੰਦਰ,
ਸਣੇ ਪੱਤਰਾਂ ਰੁੱਖ ਨਿਹਾਲ ਹੋ ਗਏ।
ਜੀਭਾਂ ਕੱਢ ਕੇ ਫੁੱਲ ਪਏ ਸਹਿਕਦੇ ਸਨ,
ਭਰ ਭਰ ਝੋਲੀਆਂ ਨੂੰ ਮਾਲੋ ਮਾਲ ਹੋ ਗਏ।
ਕੁਤ-ਕੁਤਾਰੀਆਂ ਕੱਢੀਆਂ ਪੌਣ ਜਹੀਆਂ,
ਮੂੰਹ ਕਲੀਆਂ ਦੇ ਹਸ ਹਸ ਲਾਲ ਹੋ ਗਏ।
ਕੀਤੀ ਸੋਟ ਐਸੀ ਸੁੱਚੇ ਮੋਤੀਆਂ ਦੀ,
ਖਾਲੀ ਅੰਬਰਾਂ ਦੇ ਸੱਤੇ ਥਾਲ ਹੋ ਗਏ।
ਗਾਵਣ ਗੀਤ ਇਹ ਬੁਲਬੁਲਾਂ ਮਸਤ ਹੋਈਆਂ,
ਸੁਣ ਕੇ ਫੁੱਲਾਂ ਨੂੰ ਬੜਾ ਅਨੰਦ ਆਯਾ।
ਇੱਕ ਓਅੰਕਾਰ ਦੀਆਂ ਰਿਸ਼ਮਾਂ ਪੌਣ ਵਾਲਾ,
ਕਾਲੂ ਚੰਦ ਦੇ ਘਰ ਅੱਜ ਚੰਦ ਆਯਾ।
ਬੁੱਲੇ ਵਹਦਤੀ ਛੱਡ ਕੇ ਹਿੰਦ ਅੰਦਰ,
ਬੱਦਲ ਸ਼ਿਰਕ ਵਾਲੇ ਸਾਰੇ ਦੂਰ ਕੀਤੇ।
ਜਲਵੇ 'ਇੱਕ ਓਂਕਾਰ' ਦੇ ਦੱਸ ਕੇ ਤੇ,
ਸੀਨੇ ਪੱਥਰਾਂ ਦੇ ਨੂਰੋ ਨੂਰ ਕੀਤੇ।
ਜੇੜ੍ਹੇ ਨਾਮ ਵੱਲੋਂ ਹਿਰਦੇ ਸੱਖਣੇ ਸਨ,
ਹਰੀ ਨਾਮ ਦੇ ਨਾਲ ਭਰਪੂਰ ਕੀਤੇ।
ਐਸਾ ਕਰਨੀਆਂ ਦਾ ਚੰਦ ਚਾੜ੍ਹ ਦਿੱਤਾ,
ਕੌਡੇ ਜਿਹਾਂ ਦੇ ਨਾਮ ਮਸ਼ਹੂਰ ਕੀਤੇ।
ਬਾਲੇ ਪਨ ਅੰਦਰ ਕੀਤੇ ਖਰੇ ਸੌਦੇ,
ਤਾਂਘ ਤੋੜ ਕੇ ਕੂੜੀਆਂ ਖੱਟੀਆਂ ਦੀ।
ਫੱਟੇ ਹੋਏ ਸਨ ਕਾਲਜੇ ਪੱਥਰਾਂ ਨੇ,
ਪੱਟੀ ਬੰਨ੍ਹ ਦਿੱਤੀ ਥੱਬੇ-ਪੱਟੀਆਂ ਦੀ।
ਤੇਰੀ ਪਰਉਪਕਾਰੀ ਦੀ ਸਿਫ਼ਤ ਕਰਨੀ,
ਹੈ ਏ ਤੋੜਨਾ ਅੰਬਰੋਂ ਤਾਰਿਆਂ ਨੂੰ।
ਸੱਤਾਂ ਪੀੜ੍ਹੀਆਂ ਦੀ ਸ਼ਾਹੀ ਬਖ਼ਸ਼ ਦੇਣੀ,
ਬਬਰ ਜਹੇ ਨਸੀਬਾਂ ਦੇ ਹਾਰਿਆਂ ਨੂੰ।
ਤੇਰੇ ਮਿੱਠੜੇ ਬੋਲ ਪਰੇਮ ਵਾਲੇ,
ਮਿੱਠਾ ਕਰ ਦੇਵਣ ਖੂਹਾਂ ਖਾਰਿਆਂ ਨੂੰ।
ਮੋਦੀਖਾਨਿਆਂ ਨੂੰ ਵਾਧੇ ਪਾ ਦੇਣੇ,
ਲੰਗਰ ਵੰਡ ਕੇ ਭੁੱਖਿਆਂ ਸਾਰਿਆਂ ਨੂੰ।
ਮੈਂ ਕੁਰਬਾਨ ਜਾਂ ਨੈਣਾਂ ਰਸੀਲਿਆਂ ਤੋਂ,
ਐਸੀ ਮਦ ਦੇ ਨਾਲ ਸਨ ਭਰੇ ਹੋਏ।
ਜਿੱਧਰ ਵੱਗ ਗਈ ਸੁੰਦਰ ਨਿਗਾਹ ਤੇਰੀ,
ਲੱਖਾਂ ਉੱਜੜੇ ਖੇਤ ਸਨ, ਹਰੇ ਹੋਏ।
ਸੂਰਜ-ਬੰਸੀਏ ! ਜੱਗ ਤੇ ਹੋਈ ਜ਼ਾਹਰ,
ਰਿੱਧੀ ਸਿੱਧੀ ਦੀ ਨਵੀਂ ਤਾਸੀਰ ਤੇਰੀ।
ਕਿੱਸਾ ਵਲੀ ਕੰਧਾਰੀ ਦਾ ਯਾਦ ਆਵੇ,
ਸ਼ਾਨ ਦੱਸਦੇ ਨੇ ਪਰਬਤ-ਨੀਰ ਤੇਰੀ।

ਹਿੰਦੂ, ਮੁਸਲਿਮ ਦੇ ਸਾਂਝਿਆ ਰਾਂਝਿਆ ਵੇ,
ਸੰਗਤ ਬਾਵਰੀ ਹੋਈ ਏ ਹੀਰ ਤੇਰੀ।
ਰੱਖੇ ਰੁਤਬਾ 'ਹੁਮਾ' ਦਾ ਛਾਂ ਓਹਦੀ,
ਜੇੜ੍ਹੀ ਕੰਧ ਤੇ ਹੋਵੇ ਤਸਵੀਰ ਤੇਰੀ।
ਦਰਜੇ 'ਦਾਰ' ਸਿਕੰਦਰ ਦੇ ਪਾ ਲੀਤੇ,
ਤੇਰੇ ਨੌਕਰਾਂ ਦੇ ਅਦਨਾ ਨੌਕਰਾਂ ਨੇ।
ਪਰੀਆਂ ਮੋਰਛਲ ਜਿਨ੍ਹਾਂ ਨੂੰ ਕਰਨ ਆਕੇ,
ਤੇਰੇ ਬੂਹੇ ਤੇ ਫੇਰਦੇ, ਬਹੁਕਰਾਂ ਨੇ।
ਕਰਕੇ ਮਾਨ ਜਮਸ਼ੇਦ ਨੇ 'ਠੀਕਰੀ' ਦਾ,
ਗੱਲਾਂ ਕੀਤੀਆਂ ਬਹੁਤ ਬੇ-ਓਟੀਆਂ ਸਨ।
ਅੰਤਰਯਾਮੀਆਂ, ਤੂੰ ਸ਼ੀਸ਼ੇ-ਦਿਲ ਵਿੱਚੋਂ,
ਕਾਰਾਂ ਵੇਖ ਲਈਆਂ ਖਰੀਆਂ ਖੋਟੀਆਂ ਸਨ।
ਭਰੀ ਹੱਕ ਦੀ ਵੇਖ ਕੇ ਨਿਗ੍ਹਾ ਤੇਰੀ,
ਲਹੂ ਦੁੱਧ ਵਗਾਉਂਦੀਆਂ ਰੋਟੀਆਂ ਸਨ।
ਪੰਜੇ ਨਾਲ ਪਹਾੜ ਨੂੰ ਡੱਕ ਲੈਣਾ,
ਇਹ ਗੱਲਾਂ ਤੇ ਛੋਟੀਆਂ ਛੋਟੀਆਂ ਸਨ।
ਦੀਨਾਂ ਬੰਧੂ ਜੀ ਖ਼ਿਜ਼ਰ ਖ਼ਾਜ਼ ਬਣ ਕੇ,
ਤੁਸੀਂ ਭੁਲਿਆਂ ਨੂੰ ਰਾਹੇ ਪਾਉਣ ਆਏ।
ਚੱਪੇ ਮਾਰਕੇ 'ਇੱਕ-ਓਂਕਾਰ' ਵਾਲੇ,
ਰੁੜ੍ਹਦੇ ਬੇੜਿਆਂ ਨੂੰ ਬੰਨੇ ਲਾਉਣ ਆਏ।
ਸਤਿਨਾਮ ਦਾ ਸੂਰਜ ਚੜ੍ਹਾ ਕੇ ਤੂੰ,
ਬਾਂਕੀ ਮਾਲਾ ਦੀਆਂ ਕਿਰਨਾਂ ਪੌਣ ਵਾਲੇ।
ਦਾਣਾ ਤਿਲ ਦਾ ਸੰਗਤਾਂ ਸਾਰੀਆਂ ਨੂੰ,
ਰਿੱਧੀ ਸਿੱਧੀ ਦੇ ਨਾਲ ਵਰਤਾਉਣ ਵਾਲੇ।
ਬਰਛੇ ਮਾਰ ਕੇ ਸ਼ੋਰ-ਜ਼ਮੀਨ ਉੱਤੇ,
ਮਿੱਠੇ ਜਲਾਂ ਦੇ ਸੋਮੇ ਵਗੌਣ ਵਾਲੇ।
ਸੱਚ ਖੰਡ ਦੇ ਵਾਸੀਆ, ਸੱਚ ਆਖਾਂ,
ਤੇਰੇ ਜੱਸ ਨਹੀਂ ਗਿਣਤੀ 'ਚ ਔਣ ਵਾਲੇ।
ਪੈ ਗਏ ਡੱਬ ਸਿਆਹੀ ਦੇ ਮੁੱਖੜੇ ਤੇ,
ਦਾਗ਼ਦਾਰ ਹੈ ਚੰਨ ਦਾ ਨੂਰ ਹੋਯਾ।
ਤੇਰੇ ਚਰਨਾਂ ਦੀ ਧੂੜ ਨਾ ਮਿਲੀ ਏਨੂੰ,
ਫੋਲਾ ਅੱਖ ਦਾ ਤਦੇ ਨਾ ਦੂਰ ਹੋਯਾ।
ਓਹ ਕੀ ਸੁਰਗਾਂ ਨੂੰ ਜਾਣਦੇ ਭਲਾ ਜਿਨ੍ਹਾਂ,
ਸੱਚ-ਖੰਡ ਦੀਆਂ ਵਾਟਾਂ ਤੱਕੀਆਂ ਸਨ ?
ਕੌੜੇ ਰੀਠਿਆਂ ਨੂੰ ਮਿੱਠਾ ਕਰ ਦੇਣਾ,
ਏਹ ਕਰਾਮਾਤਾਂ ਤੇਰੀਆਂ ਪੱਕੀਆਂ ਸਨ।

ਪੜਦੇ ਜ਼ੁਲਮ ਦੇ ਪਾ ਕੇ ਮੁੱਖੜੇ ਤੇ,
ਅੱਖਾਂ ਲੋਦੀ ਸਿਕੰਦਰ ਨੇ ਢੱਕੀਆਂ ਸਨ।
ਤੇਰੇ ਸ਼ਬਦ ਅਨੋਖੇ ਤੋਂ ਜਾਂ ਸਦਕੇ,
ਫਿਰ ਫਿਰ ਸਾਹ ਨਾ ਲੈਂਦੀਆਂ ਚੱਕੀਆਂ ਸਨ।
ਸ਼ਿਵ ਜੀ ਆਪ ਲਪੇਟ ਕੇ ਲਿਟਾਂ ਅੰਦਰ,
ਹੱਥੀਂ ਆਪਣੀ ਨਾਗ ਦੀ ਥਾਂ ਕੀਤੀ।
ਤੈਨੂੰ ਸੁੱਤਿਆਂ ਆਈ ਜੇ ਧੁੱਪ ਕਿਧਰੇ,
ਸਿਰ ਤੇ ਆਣ ਕੇ ਸੱਪਾਂ ਨੇ ਛਾਂ ਕੀਤੀ।
ਤੇਰੇ ਜਨਮ-ਸੁਭਾਗੇ ਦੀ ਖ਼ੁਸ਼ੀ ਅੰਦਰ,
ਚੜ੍ਹੀਆਂ ਕੁਲ ਤ੍ਰੈਲੋਕੀ ਨੂੰ ਲਾਲੀਆਂ ਨੇ।
ਚਾਈਂ ਚਾਈਂ ਅਪੱਛਰਾਂ ਮੰਜ ਅੰਦਰ,
ਸੂਰਜ ਚੰਦ ਦੀਆਂ ਪਰਸੀਆਂ ਥਾਲੀਆਂ ਨੇ।
ਇੰਦ੍ਰ ਪੁਰੀ ਤੇ ਫੁੱਲ ਵਰਸਾ ਦਿੱਤੇ,
ਸੱਚ-ਖੰਡ ਦੇ ਗੰਧ੍ਰਬਾਂ, ਮਾਲੀਆਂ ਨੇ।
ਏਸ ਜੱਗ ਤੇ ਭੀ ਤੇਰਿਆਂ ਸੇਵਕਾਂ ਨੇ,
ਘਰੋ-ਘਰੀਂ ਦੀਵਾਲੀਆਂ ਬਾਲੀਆਂ ਨੇ।
'ਸ਼ਰਫ਼' ਤੋੜ ਕੇ ਫੁੱਲ ਕਵੀਸ਼ਰੀ ਦੇ,
ਸੇਹਰਾ ਮੇਹਨਤਾਂ ਨਾਲ ਬਣਾਯਾ ਮੈਂ।
ਬਾਬਾ, ਮੇਰੀ ਭੀ ਨਜ਼ਰ ਮਨਜ਼ੂਰ ਕਰਨੀ,
ਬੜੀ ਸ਼ਰਧਾ ਦੇ ਨਾਲ ਹਾਂ ਆਯਾ ਮੈਂ।
ਮੇਰੇ ਇਕ ਓਂਕਾਰ ਦੇ ਬਾਨੀਆਂ ਵੇ !
ਬਹੁੜੀਂ ਲੱਗੀ ਬੁਝਾ ਇਹ ਤੱਸ ਜਾਵੀਂ।
ਸੋਮੇ ਨੂਰ ਦੇ ਨੈਨ ਵਿਸ਼ਾਲ ਸੁੰਦਰ,
ਪੱਥਰ ਹਿਰਦਿਆਂ ਦੇ ਅੰਦਰ ਧੱਸ ਜਾਵੀਂ।
ਖੁੰਡੀ ਕੱਢ ਕੇ ਮੱਝੀਆਂ ਹੋਣ ਅੱਗੇ,
ਕੱਲੋਂ ਲੰਘਦਾ ਦਿਲਾਂ ਨੂੰ ਖੱਸ ਜਾਵੀਂ।
ਖੇਤ ਨੇਕੀ ਦੇ ਔੜ ਉਜਾੜ ਸੁੱਟੇ,
ਬਣ ਕੇ ਮੀਂਹ ਉਪਕਾਰ ਦਾ ਵੱਸ ਜਾਵੀਂ।
ਪਿਆ ਪਾਸਕੂ ਧਰਮ ਦੀ ਤੱਕੜੀ ਨੂੰ,
ਲਾਵਾਂ ਏਦੀਆਂ ਫੇਰ ਹੁਣ ਕੱਸ ਜਾਵੀਂ।
ਕੇੜ੍ਹੀ ਹਟੀਓਂ ਮਿਲੇਗਾ ਖਰਾ ਸੌਦਾ ?
ਨਾਲੇ ਓਸ ਦਾ ਪਤਾ ਵੀ ਦੱਸ ਜਾਵੀਂ।
ਦੱਸਾਂ ਹਾਲ ਕੀ ਤੈਨੂੰ ਮੈਂ ਹਿੰਦੀਆਂ ਦਾ ?
ਏਨ੍ਹਾਂ ਪੁੱਤਰਾਂ ਤੋਂ ਜਾਨ ਸੜੀ ਹੋਈ ਏ।
ਕਿਸੇ ਜੰਝੂ ਵਿਰੋਧ ਦਾ ਗਲੇ ਪਾਯਾ,
ਕਿਸ ਤਸਬੀ ਤਅੱਸਬ ਦੀ ਫੜੀ ਹੋਈ ਏ।

ਰਾਮ ਅੱਲਾ ਦੇ ਇੱਕੋ ਹੀ 'ਅਲਫ਼' ਉੱਤੇ,
ਡਾਂਗਾਂ ਸੋਟਿਆਂ ਦੀ ਲੱਗੀ ਝੜੀ ਹੋਈ ਏ।
ਹੈਸੀ ਸੂਲ੍ਹਾ ਦਾ ਜਿੱਥੇ ਸੰਧੂਰ ਸੋਹਦਾ,
ਹੁਣ ਉਹ ਰੱਤ ਅੰਦਰ ਡੁੱਬੀ ਪੜੀ ਹੋਈ ਏ।
ਨੂਰੀ-ਮੁੱਖੜੇ ਰੱਬੀ-ਕਿਤਾਬ ਉੱਤੇ,
ਨਿੱਕੀ ਨਿੱਕੀ ਵਿਖਾ ਉਹ ਮੱਸ ਜਾਵੀਂ।
ਪੰਡਤ ਮੁੱਲਾਂ ਦਾ ਭਰਮ ਮਿਟਾਉਣ ਬਦਲੇ,
ਇਹ 'ਤਫ਼ਸੀਰ' ਗ੍ਰੰਥ ਦੀ ਦੱਸ ਜਾਵੀਂ।
'ਆਦਰ, ਮਾਨ, ਗਰਜ਼ਾਨ ਪਰੇਮ, ਭਗਤੀ,
ਏਦਾਂ ਰੁਲੇ ਨੇ ਦੁਨੀਆਂ ਦੇ ਮੋਹ ਅੰਦਰ।
ਜਿਵੇਂ ਚੰਬੇ ਚੰਬੇਲੀ ਦੇ ਫੁੱਲ ਫੜ ਕੇ,
ਰੋਲ ਸੁੱਟੀਏ ਫੱਕ ਤੇ ਤੋਹ ਅੰਦਰ।
'ਦਇਆ' 'ਦਾਨ' 'ਨਿਆਂ' ਤੇ 'ਲਾਜ' 'ਸੇਵਾ',
ਏਦਾਂ ਡੁੱਬੇ ਹੰਕਾਰ ਤੇ ਰੋਹ ਅੰਦਰ।
ਡੁੱਬ ਜਾਂਦੇ ਨੇ ਜਿਸ ਤਰਾਂ ਚੰਦ ਤਾਰੇ,
ਚੈਂਚਲਹਾਰੀ ਊਸ਼ਿਰ ਦੀ ਪੋਹ ਅੰਦਰ।
ਸਤਿਨਾਮ ਕਰਤਾਰ ਦਾ ਜਾਪ ਕਰਦਾ,
ਨੂਰੀ ਮਾਲਾ ਦੀ ਪਾ ਇੱਕ ਲੱਸ ਜਾਵੀਂ।
ਔਝੜ ਜੂਹ ਵਿੱਚ ਟੱਕਰਾਂ ਮਾਰਦੇ ਨੀ,
ਇਨ੍ਹਾਂ ਭੁੱਲਿਆਂ ਨੂੰ ਰਾਹ ਦੱਸ ਜਾਵੀਂ।
ਸੁਣਿਆ ਹੋਲਾਂ, ਖਜੂਰਾਂ ਤੋਂ ਰਾਜ-ਗੱਦੀ,
ਬਖ਼ਸ਼ ਦਿੱਤੀ ਸੀ ਤੇ ਪ੍ਰਿਤਪਾਲ ਹੋ ਕੇ।
ਹੈ ਸ਼ਾਹ ਸੱਤ ਪੀੜ੍ਹੀਆਂ ਕਰ ਦਿੱਤਾ,
ਤੁੱਠੋਂ ਭੰਗ ਤੋਂ 'ਬਾਬਰ' ਨਿਹਾਲ ਹੋ ਕੇ।
ਮੈਂ ਕੀ ਦਿਆਂ ਹੁਣ, ਮੈਨੂੰ ਕੁਝ ਲੱਭਦਾ ਨਹੀਂ,
ਬੈਠੀ ਹੋਈ ਹਾਂ ਡਾਢੀ ਕੰਗਾਲ ਹੋ ਕੇ।
ਏਹ ਲੈ ਪੈਂਤੀ ਕਰੋੜ ਹੈ 'ਆਹ' ਮੇਰੀ,
ਕਰ ਲੈ ਅੱਜ ਮਨਜ਼ੂਰ ਦਿਆਲ ਹੋ ਕੇ।
ਮੇਰੇ ਗੋਦੜੀ ਪੋਸ਼ ਸੁਲਤਾਨ ਸ਼ਾਹਾ,
ਸਿਰੋਂ ਨੰਗੀ ਨੂੰ ਵੇਖ ਨਾ ਹੱਸ ਜਾਵੀਂ।
ਕਦੋਂ ਮਿਲੇਗਾ ਰਾਜ-ਸੁਹਾਗ ਮੇਰਾ ?
ਇਹ ਅੱਜ ਮੈਨੂੰ ਭੀ ਤੱਤੀ ਨੂੰ ਦੱਸ ਜਾਵੀਂ।
ਸਜਿਆ, ਜਿਨ੍ਹਾਂ ਨੇ ਅੱਖੀਆਂ ਨਾਲ ਲਾਈ,
ਤੇਰੇ ਪੈਰਾਂ ਦੀ ਧੂੜ ਅਕਸੀਰ ਚੁਮ ਚੁਮ।
ਜਲਵੇ ਇਕ ਓਂਕਾਰ ਦੇ ਵੇਖਦੇ ਨੇ,
ਲੋਕੀ ਉਨ੍ਹਾਂ ਦੀ ਅੱਜ ਤਸਵੀਰ ਚੁਮ ਚੁਮ।
ਜਿਨ੍ਹਾਂ ਜਿਨ੍ਹਾਂ ਨੇ ਸੀਨੇ ਦੇ ਨਾਲ ਲਾਈ,
ਤੇਰੀ ਗੋਦੜੀ ਦੀ ਪਾਟੀ ਲੀਰ ਚੁਮ ਚੁਮ।
ਤਾਜ ਕਲਗੀਆਂ ਸਿਰਾਂ ਤੇ ਰੱਖ ਦਿੱਤੇ,
ਮੱਥੇ ਉਨ੍ਹਾਂ ਦੇ ਸ਼ੁਭ ਤਕਦੀਰ ਚੁਮ ਚੁਮ।

ਤੇਰੀ ਮਾਤਾ ਪਿਆਰੀ ਦਾ ਵਾਸਤਾ ਪਾ,
ਕਰਾਂ ਬੇਨਤੀ, ਖੱਟ ਇਹ ਜੱਸ ਜਾਵੀਂ।
ਜਿਵੇਂ ਡੁੱਬੀ ਨੂੰ ਅੱਗੇ ਤੋਂ ਤਾਰਿਆ ਸੀ,
ਤਿਵੇਂ ਹੁਣ ਭੀ ਤਾਰ ਕੇ ਦੱਸ ਜਾਵੀਂ।
ਜਿੱਤੀਂ ਨਾਲ ਗਿਆਨ ਦੇ ਫੇਰ ਬਾਜ਼ੀ,
ਰਾਜੇ ਸ਼ਿਵ ਦੀਆਂ ਨਾਰਾਂ ਹਰਨੀਆਂ ਦੀ।
ਮੰਤਰ ਇੱਕ ਓਂਕਾਰ ਦਾ ਦੱਸ ਕੇ ਤੇ,
ਮੁਕਤੀ ਕਰੀਂ ਨਾਲੇ ਜਾਦੂਗਰਨੀਆਂ ਦੀ।
ਵੱਟੀ ਪਾਰਸ ਦੀ ਕੌਡੇ ਨੂੰ ਕਰੀਂ ਨਾਲੇ,
ਨਜ਼ਰ ਕੀਮੀਆ ਸੁੱਟ ਕੇ ਕਰਨੀਆਂ ਦੀ।
ਵੈਰੀ ਠੱਗ ਦਾ ਬਣੀਂ ਤੂੰ ਆਪ ਸੱਜਣ,
ਗੱਲ ਛੱਡ ਕੇ ਕਰਨੀਆਂ ਭਰਨੀਆਂ ਦੀ।
ਗੇੜੀ ਚੱਕੀਆਂ, ਰੀਠੇ ਭੀ ਕਰੀਂ ਮਿੱਠੇ,
ਦੁਨੀਆਂ ਦਾਰੀ ਦੇ ਵਿਚ ਵੀ ਫੱਸ ਜਾਵੀਂ,
ਲਹੂ ਦੁੱਧ ਵਗਾ, ਪਰ ਰੋਟੀਆਂ 'ਚੋਂ,
ਖਾਣੀ ਹੱਕ ਹਲਾਲ ਦੀ ਦੱਸ ਜਾਵੀਂ।
ਤੇਰੇ ਜਿਹਾ ਹੈ ਜਿਨ੍ਹਾਂ ਨੂੰ ਪੁੱਤ ਮਿਲਿਆ,
ਧੰਨ ਧੰਨ ਉਹ ਪਿਤਾ ਤੇ ਮਾਂ ਤੇਰੀ।
ਸੱਚ ਖੰਡ ਦਾ ਬਣੀ ਉਹ ਜਾ ਅੰਬਰ,
ਜੇੜ੍ਹੀ ਜ਼ਿਮੀਂ ਤੇ ਪੈ ਗਈ ਏ ਛਾਂ ਤੇਰੀ।
ਅੱਜ ਮੈਂ ਡਿੱਠੇ ਹਵਾਈ ਜਹਾਜ਼ ਉੱਡੇ,
ਯਾਦ ਆਈ ਏ ਗੱਲ ਇਹ ਤਾਂ ਤੇਰੀ।
ਜੁੱਤੀ ਸਾਇੰਸ ਦੇ ਮੂੰਹ ਤੇ ਮਾਰਨੇ ਨੂੰ,
ਉੱਡੀ 'ਸਿੱਧਾਂ' ਦੇ ਨਾਲ 'ਖੜਾਂ' ਤੇਰੀ।
ਮੁੜ ਕੇ ਆਤਮਾ ਸ਼ਕਤੀ ਦੀ ਪੱਥਰੀ ਤੇ,
ਵਾਂਙ ਸੋਨੇ ਦੇ ਆਣ ਕੇ ਘੱਸ ਜਾਵੀਂ।
ਪਾ ਕੇ ਇਕ ਓਂਕਾਰ ਦੀ ਲੀਕ ਸਿੱਧੀ,
ਡੰਡੀ ਸਵਰਗ ਦੀ ਲੋਕਾਂ ਨੂੰ ਦੱਸ ਜਾਵੀਂ।
ਕਾਲੂ ਚੰਦ ਦਿਆ ਸੂਰਜ ਬੰਸੀਆ ਵੇ।
ਜੇੜ੍ਹੀ ਸੌਂਪ ਕੇ ਗਿਆ ਸੈਂ ਗੱਠ ਮੈਨੂੰ।
ਡਿਗ ਪਈ ਛਾਪ ਮਿਲਾਪ ਦੀ ਓਸ ਵਿਚੋਂ,
ਪਿਆ ਝੋਕਨਾ ਗੈਰਾਂ ਦਾ ਭੱਠ ਮੈਨੂੰ।
ਵੇਖ ਵੇਖ ਜ਼ਮਾਨੇ ਦੇ ਤੌਰ ਭੈੜੇ,
ਸੱਭ ਵਿੱਸਰੇ ਨੇ ਉੱਦਮ-ਹੱਠ ਮੈਨੂੰ।
ਦੇ ਕੇ ਦੀਦ ਹੁਣ ਤੱਤੀ ਨੂੰ ਤਾਰ ਛੇਤੀ,
ਤੇਰੀ ਡਬ ਰਹੀ ਏ ਇੱਲ ਮੱਠ ਮੈਨੂੰ।
ਚਾਦਰ ਹੱਥ ਦੇ ਹਿੰਦੂਆਂ ਮੋਮਨਾਂ ਦੇ,
ਭਾਵੇਂ ਫੇਰ ਤੂੰ ਸੁਰਗਾਂ ਨੂੰ ਨੱਸ ਜਾਵੀਂ।
ਐਪਰ ਹੋਰ ਇਕ ਵਾਰ ਪਰੇਮ-ਭਗਤੀ
'ਸ਼ਰਫ਼' ਜਿਹਾਂ ਨੂੰ ਆਣ ਕੇ ਦੱਸ ਜਾਵੀਂ।



**ਹਰਦੇਵ ਗਰੇਵਾਲ**

ਨਾਵਲ

ਕਿਸ਼ਤ-2

# ਇਹ ਖ਼ੁਦਕੁਸ਼ੀ ਨਹੀਂ ਜਨਾਬ ! ਕਤਲ ਹੈ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਤੇਜਵੀਰ ਠਿਠਕ ਕੇ ਪਿੱਛੇ ਨੂੰ ਮੁੜਿਆ ਤਾਂ ਭੋਗਲ ਸਾਹਬ ਨੇ ਕਦਰਨ ਸੰਤੁਲਿਤ ਆਵਾਜ਼ ਵਿੱਚ ਕਿਹਾ, ਆਈ ਵਿਸ਼ ਯੂ ਵੈਰੀ ਗੁਡ ਲੱਕ ਫਾਰ ਦ ਬਿਗਨਿੰਗ ਆੱਵ ਯੁਅਰਜ਼ ਪ੍ਰੋਫ਼ੈਸ਼ਨਲ ਲਾਈਫ਼ ਮਾਈ ਬੁਆਏ! ਵੈਲਕਮ ਟੂ ਦ ਫ਼ੈਮਿਲੀ! ਥੈਂਕ ਯੂ ਵੈਰੀ ਮੱਚ ਸਰ! ਆਈ ਰੀਅਲੀ ਫ਼ੀਲ ਔਨਰਡ ਵਰਕਿੰਗ ਅੰਡਰ ਸੱਚ ਅ ਗ੍ਰੇਟ ਗਾਈਡੈਂਸ ਆਫ਼ ਯੁਅਰਜ਼ ਸਰ!

ਆਖ ਕੇ ਤੇਜਵੀਰ ਵੀ ਗਗਨ ਦੇ ਪਿੱਛੇ-ਪਿੱਛੇ ਹੀ ਭੋਗਲ ਸਾਹਬ ਦੇ ਕੈਬਿਨ ਚੋਂ ਬਾਹਰ ਆ ਗਿਆ।

ਬਾਹਰ ਨਿੱਕਲਦੇ ਸਾਰ ਹੀ ਤੇਜਵੀਰ ਨੇ ਇੱਕ ਚੈਨ ਭਰਿਆ ਲੰਬਾ ਸਾਹ ਛੱਡਿਆ।

ਅੱਜ ਤਾਂ ਰੱਬੋਂ ਹੀ ਬਚਾਅ ਹੋ ਗਿਆ। ਜੇ ਕਿਤੇ ਉਹ ਟੈਲੀਫ਼ੋਨ ਨਾ ਆਉਂਦਾ ਤਾਂ । ਚਲੋ ਜਾਨ ਬਚੀ ਸੋ ਲਾਖੋਂ ਪਾਏ।

ਪਰ ਅਗਲੇ ਹੀ ਪਲ ਉਸਨੂੰ ਆਪਣੀ ਇਸ ਸੋਚ ਤੇ ਬੜੀ ਸ਼ਰਮ ਜਿਹੀ ਮਹਿਸੂਸ ਹੋਈ। ਇੱਕ ਨੌਜਵਾਨ ਮੌਤ ਦੀ ਖ਼ਬਰ ਦੇ ਜ਼ਰੀਏ ਤੋਂ ਇਉਂ ਚੈਨ ਜਿਹਾ ਮਹਿਸੂਸ ਕਰਨਾ, ਉਸਨੂੰ ਚੰਗਾ ਜਿਹਾ ਨਾ ਲੱਗਾ।

ਫਿਰ ਗਗਨ ਦੀ ਆਵਾਜ਼ ਨਾਲ ਉਸਦੀ ਇਸ ਸੋਚ ਨੂੰ ਬ੍ਰੇਕਾਂ ਲੱਗੀਆਂ।

ਹਾਂ ਬਈ, ਤੇਜਵੀਰ ਸਿੰਘ ਸ਼ੇਰਗਿਲ ਸਾਹਬ! ਬੰਦੇ ਨੂੰ ਗਗਨਜੀਤ ਸਿੰਘ ਤੂਰ, ਇਨ ਸ਼ਾੱਰਟ, ਗਗਨ ਕਹਿੰਦੇ ਨੇ ਤੇ ਮਾ-ਬਦੌਲਤ ਰੋਜ਼ਾਨਾ ਖ਼ਬਰਨਾਮਾ 'ਚ ਸੀਨੀਅਰ ਕ੍ਰਾਈਮ ਰਿਪੋਰਟਰ ਦੇ ਅਹੁਦੇ 'ਤੇ ਵਿਰਾਜਮਾਨ ਹਨ। ਮੁਗ਼ਲੇ-ਆਜ਼ਮ ਦੇ ਅਕਬਰ, ਪ੍ਰਿਥਵੀ ਰਾਜ ਕਪੂਰ ਦੇ ਖ਼ਾਸ ਸ਼ਾਹਾਨਾ ਅੰਦਾਜ਼ ਦੀ ਨਕਲ ਕਰਦਿਆਂ ਗਗਨ ਨੇ ਆਪਣਾ ਸੱਜਾ ਹੱਥ ਹਵਾ 'ਚ ਲਹਿਰਾਇਆ ਤੇ ਫਿਰ ਅੱਗੇ ਵਧਾ ਦਿੱਤਾ।

ਤੇਜਵੀਰ ਨੇ ਬੜੀ ਮੁਸ਼ਕਿਲ ਨਾਲ ਆਪਣੇ ਹਾਸੇ ਨੂੰ ਕਾਬੂ ਕਰਦਿਆਂ, ਬੜੀ ਗਰਮਜੋਸ਼ੀ ਨਾਲ ਹੱਥ ਮਿਲਾਇਆ। ਨਾ ਗੱਲ ਸੁਣ ਯਾਰ! ਬਾਹਰ ਨਿਕਲਦਿਆਂ ਹੀ ਤੂੰ ਤਾਂ ਐਂ ਕਿਲੋਮੀਟਰ ਲੰਬਾ ਸਾਹ ਛੱਡਿਆ, ਜਿਵੇਂ ਕਿਤੇ ਵੀਹ ਸਾਲਾਂ ਦੀ ਜੇਲ੍ਹ 'ਚੋਂ ਬਾਹਰ ਨਿਕਲਿਆ ਹੁੰਨੈਂ। ਕੀ ਗੱਲ? ਕਿਤੇ ਹਿਟਲਰ ਸਾਹਬ ਨੇ ਪਹਿਲੇ ਦਿਨ ਹੀ ਗਿਆਰਾਂ ਤੋਪਾਂ ਦੀ ਸਲਾਮੀ ਤਾਂ ਨੀ ਦੇਤੀ ਤੈਨੂੰ?

ਨਹੀਂ ਸਰ ਐਕਚੁਅਲੀ ।

ਬਈ ਗੱਲ ਸੁਣ ਭਰਾਵਾ! ਆਹ ਸਰ-ਸੁਰ ਜਿਹਾ ਗਿਆ ਤੇਲ ਲੈਣ। ਤੇਜਵੀਰ ਦੀ ਗੱਲ ਵਿੱਚੋਂ ਹੀ ਟੋਕਦਿਆਂ ਗਗਨ ਬੋਲਿਆ, ਇਹ ਸਰ ਤੇ ਮਿਸਟਰ ਦੀ ਟੋਪੀ ਤਾਂ ਆਪਾਂ ਹਿਟਲਰ ਦੇ ਕੈਬਿਨ 'ਚ ਵੜਨ ਲੱਗਿਆਂ ਹੀ ਪਾਈਦੀ ਐ, ਬੱਸ ਤੇ ਬਾਹਰ ਨਿਕਲਦਿਆਂ ਓਥੇ ਈ ਲਾਹ ਆਈਦੀ ਆ ਵੀਰ ਮੇਰੇ! ਸਭ ਯਾਰ-ਬੇਲੀ ਖ਼ਾਸਕਰ ਨੂੰ ਗਗਨ ਕਹਿ ਕੇ ਈ ਬੁਲਾਉਂਦੇ ਨੇ ਤੇ ਅੱਜ ਤੋਂ ਤੂੰ ਵੀ ਆਪਣਾ ਯਾਰ-ਬੇਲੀ ਤੇ ਫ਼ਿਰ ਏਸੇ ਖ਼ੁਸ਼ੀ 'ਚ, ਸਿੱਟ ਹੱਥ ਤੇ ਹੱਥ!

ਕਹਿੰਦਿਆਂ ਗਗਨ ਨੇ ਆਪਣਾ ਹੱਥ ਉਤਾਂਹ ਚੁੱਕਿਆ ਅਤੇ ਤੇਜਵੀਰ ਨੇ ਵੀ ਉਸਦੀਆਂ ਬੇ-ਤਕੱਲੁਫ਼ੀ ਭਰੀਆਂ ਗੱਲਾਂ ਤੋਂ ਪ੍ਰਭਾਵਿਤ ਹੋ, ਠਾਹ ਹੱਥ ਤੇ ਹੱਥ ਦੇ ਮਾਰਿਆ।

ਲੈ ਆਹ ਹੋਈ ਨਾ ਬੰਦਿਆਂ ਆਲ਼ੀ ਗੱਲ! ਤਾਂ ਚੱਲ ਫਿਰ ਆਪਣੇ ਹਿਟਲਰ ਸਾਹਬ ਦਾ ਹੁਕਮ ਇਉਂ ਠੋਕ ਕੇ ਵਜਾਈਏ, ਜਿਵੇਂ ਲੋਹੜੀ ਆਲ਼ੇ ਘਰ ਖੁਸਰਿਆਂ ਦੀ ਢੋਲਕੀ ਵੱਜਦੀ ਹੁੰਦੀ ਆ! ਮਸਤੀ 'ਚ ਬੋਲਦਾ-ਬੋਲਦਾ ਗਗਨ ਦਫ਼ਤਰ ਦੇ ਮੇਨ ਗੇਟ ਵੱਲ ਹੋ ਤੁਰਿਆ ਅਤੇ ਤੇਜਵੀਰ ਵੀ ਉਸਦੀਆਂ ਖੱਟ-ਮਿੱਠੀਆਂ ਗੱਲਾਂ ਦਾ ਲੁਤਫ਼ ਲੈਂਦਾ ਹੋਇਆ, ਉਸਦੇ ਪਿੱਛੇ-ਪਿੱਛੇ ਹੋ ਤੁਰਿਆ। ਰਿਸੈਪਸ਼ਨ ਕੋਲ਼ ਆ ਕੇ ਗਗਨ ਇੱਕਦਮ ਠਿਠਕਿਆ ਤੇ ਫਿਰ ਸਾਰਿਕਾ ਨੂੰ ਸ਼ਰਾਰਤ ਨਾਲ ਅੱਖ ਮਾਰਦਿਆਂ, ਉਸਨੇ ਉਸਦੀ ਪੀਲ਼ੇ ਰੰਗ ਦੀ ਪੁਸ਼ਾਕ ਤੇ ਤਵਾ ਲਾਉਣਾ ਸ਼ੁਰੂ ਕਰ ਦਿੱਤਾ।

ਬੱਲੇ ਬਈ ਬੱਲੇ! ਅੱਜ ਤਾਂ ਆਪਣੀ ਕਰੀਨਾ ਕਪੂਰ ਨਿਰੀ ਭਰਿੰਡ ਬਣੀ ਫਿਰਦੀ ਐ! ਦੇਖੀਂ ਕਿਤੇ, ਲੜ ਨਾ ਜਾਈਂ ਕਿਸੇ ਦੇ ਗੁੜ ਖਾ ਕੇ!

ਸਾਰਿਕਾ ਨੇ ਬਦੋ-ਬਦੀ ਆਪਣਾ ਹਾਸਾ ਰੋਕਦਿਆਂ, ਤੇ ਉੱਤੋਂ-ਉੱਤੋਂ ਦੀ ਅੱਖਾਂ ਤਰੇਰਦਿਆਂ ਕਿਹਾ, ਕੀਪ ਯੁਅਰ ਨਾਸਟੀ ਮਾਊਥ ਸ਼ੱਟ ਗਗਨ, ਫ਼ੱਾਰ ਹੈਵਨ ਸੇਕ!

ਨਾ ਸੇਕ ਤੈਨੂੰ ਕਾਹਦਾ? ਸੇਕ ਤਾਂ ਮਿੱਤਰਾਂ ਨੂੰ ਲੱਗਣ ਲੱਗ ਜਾਂਦਾ ਤੈਨੂੰ ਦੇਖ ਕੇ! ਮੈਨੂੰ ਤਾਂ ਤੂੰ ਨਿਰੀ-ਪੁਰੀ ਐਨ ਮਘਦੇ ਹੀਟਰ ਦਾ ਸਪਰਿੰਗ ਲੱਗਦੀ ਐਂ ਧਰਮ ਨਾਲ਼।

ਓਹ ਯੂ !

ਗੁੱਸੇ ਨਾਲ਼ ਦੰਦ ਕਰੀਚਦਿਆਂ ਸਾਰਿਕਾ ਨੇ ਜ਼ੋਰ ਨਾਲ਼ ਆਪਣਾ ਹੱਥ ਰਿਸੈਪਸ਼ਨ ਕਾਊਂਟਰ ਤੇ ਮਾਰਿਆ ਤਾਂ ਗਗਨ ਝੱਟ ਗੇਟ ਖੋਲ੍ਹ, ਦਫ਼ਤਰ ਦੀ ਦਹਿਲੀਜ਼ੋਂ ਪਾਰ ਹੋ ਗਿਆ।

ਓਸ ਵੱਲੋਂ ਧਿਆਨ ਹਟਦਿਆਂ ਹੀ, ਸਾਰਿਕਾ ਦਾ ਧਿਆਨ ਤੇਜਵੀਰ ਵੱਲ ਚਲਾ ਗਿਆ। ਤੇਜਵੀਰ ਵੱਲ ਵੇਖਦਿਆਂ, ਉਸਨੇ ਆਪਣੇ ਸੱਜੇ ਹੱਥ ਦੀ ਪਹਿਲੀ ਉਂਗਲੀ ਆਪਣੀ ਪੁੜਪੁੜੀ ਤੇ ਰੱਖ ਕੇ, ਚਾਬੀ ਵਾਂਗੂੰ ਹੱਥ ਨੂੰ ਘੁਮਾਉਂਦਿਆਂ, ਬਿਨਾਂ ਮੂੰਹੋਂ ਕੋਈ ਆਵਾਜ਼ ਕੱਢੇ, ਸਿਰਫ਼ ਆਪਣੇ ਬੁੱਲ੍ਹਾਂ ਦੀ ਹਰਕਤ ਨਾਲ ਹੀ ਕਿਹਾ, ਹੀ ਇਜ਼ ਮੈਡ। ਤੇਜਵੀਰ ਉਸ ਵੱਲ ਦੇਖ ਕੇ ਮੁਸਕੁਰਾਇਆ ਤਾਂ ਉਸਨੇ ਉਸੇ ਹੱਥ ਦੀਆਂ ਉਂਗਲਾਂ ਨੂੰ ਦੋ ਵਾਰ ਹਥੇਲੀ ਨਾਲ਼ ਛੁਹਾ ਕੇ, ਫ਼ੇਰ ਤੋਂ ਉਸੇ ਮੂਕ ਭਾਸ਼ਾ 'ਚ ਬਾਏ ਆਖਿਆ। ਤੇਜਵੀਰ ਨੇ ਵੀ ਉਸਦੀ ਬਾਏ ਦਾ ਜਵਾਬ ਉਸੇ ਤਰ੍ਹਾਂ ਦਿੱਤਾ ਤੇ ਮੁਸਕੁਰਾਉਂਦਾ ਹੋਇਆ ਗੇਟੋਂ ਬਾਹਰ ਹੋ ਗਿਆ।

ਦੇਖਿਆ ਬਾਬਿਓ! ਮਾਰ ਗਈ ਨਾ ਡੰਗ? ਪੌੜੀਆਂ ਉੱਤਰਦਿਆਂ ਵੀ ਗਗਨ ਨੇ ਬਾਦਸਤੂਰ ਆਪਣੀਆਂ ਗੱਲਾਂ ਜਾਰੀ ਰੱਖੀਆਂ, ਊਂ ਤਾਂ ਏਹਦਾ ਨਾਂ ਸਾਰਿਕਾ ਸ਼ਰਮਾ ਏ, ਪਰ ਮੈਂ ਏਹਨੂੰ ਕਰੀਨਾ ਕਪੂਰ ਈ ਕਹਿਨਾ ਹੁੰਨਾਂ। ਹੈ ਕਿ ਨਹੀਂ ਕਰੀਨਾ ਕਪੂਰ ਦੀ ਪੂਰੀ ਕਾਰਬਨ ਕਾਪੀ? ਊਂ ਤਾਂ ਬਾਹਮਣੀ ਕੱਚ ਦੇ ਗਲਾਸ ਅਰਗੀ ਐ, ਬੱਸ ਬੋਲਚਾਲ ਨੂੰ ਈ ਕੌੜੀ ਐ!

ਨਹੀਂ ਯਾਰ ਗਗਨ! ਤੇਜਵੀਰ ਨੇ ਵੀ ਹੁਣ ਉਸ ਨਾਲ ਪੂਰੀ ਤਰ੍ਹਾਂ ਨਾਲ਼ ਖੁੱਲ੍ਹਦਿਆਂ ਆਖਿਆ, ਕੁੜੀ ਤਾਂ ਚੰਗੀ ਲੱਗਦੀ ਐ ਵਿਚਾਰੀ!

ਨਾ ਮੈਂ ਸੱਚੀਂ-ਮੁੱਚੀ ਦੀ ਮਾੜੀ ਥੋੜ੍ਹਾ ਆਖਦਾਂ ਯਾਰ! ਉਹ ਤਾਂ ਆਪਾਂ ਦੋ ਘੜੀ ਮਜ਼ਾਕ-ਮਜ਼ੂਕ ਕਰ ਲਈਦਾ ਵਿਚਾਰੀ ਨਾਲ਼, ਤੇ ਉਹ ਵੀ ਉੱਤੋਂ-ਉੱਤੋਂ ਈ ਸ਼ੱਟਅੱਪ-ਸ਼ੂਟਅੱਪ ਕਹਿੰਦੀ ਰਹਿੰਦੀ ਆ! ਦਿਲੋਂ ਗੁੱਸਾ ਨੀ ਕਰਦੀ ਵਿਚਾਰੀ! ਅੰਦਰੋਂ ਉਹਨੂੰ ਵੀ ਪਤਾ ਬਈ ਮੇਰੀ ਨੀਤ ਮਾੜੀ ਨੀ ਹੈ। ਨਾਲ਼ੇ ਦੋ ਘੜੀਆਂ ਜਿਹੜੀਆਂ ਹੱਸ ਕੇ ਜਿਉਂ ਲਈਆਂ ਬਾਈ ਜੀ, ਉਹੀ ਪੱਲੇ ਰਹਿ ਜਾਣੀਆਂ। ਏਹੀ ਕਮਾਈ ਆ ਜਿਹੜੀ ਨਾਲ਼ ਰਹਿਣੀ ਆ ਸਾਰੀ ਉਮਰ! ਚੰਗੀਆਂ ਤੇ ਮਿੱਠੀਆਂ ਯਾਦਾਂ ਹੀ ਜ਼ਿੰਦਗੀ ਦਾ ਅਸਲ ਸਰਮਾਇਆ ਨੇ ਵੀਰ ਮੇਰੇ! ਕਰ ਲਓ ਜਿੰਨੀਆਂ ਕੱਠੀਆਂ ਕਰ ਹੁੰਦੀਆਂ, ਨਹੀਂ ਤਾਂ ਬੁੱਢੇ-ਵਾਰੇ ਹੋਰ ਕੁਛ ਨਹੀਂ ਕੰਮ ਆਉਣਾ! ਕਿਉਂ ਬਾਬਿਓ? ਠੀਕ ਕਿਹਾ ਨਾ ਮੈਂ? ਲੈ ਆਹ ਤਾਂ ਵੱਡੀ ਗੱਡੀ ਆਲ਼ੇ ਸੰਤਾਂ ਆਂਗੂੰ ਕਥਾ ਜਿਹੀ ਹੋ ਗਈ ਯਾਰ! ਮੰਨ ਲਾ ਮਿੱਤਰਾ, ਜੇ ਕਿਤੇ ਕਿਸੇ ਦਿਨ ਆਪਣੇ ਹਿਟਲਰ ਸਾਹਬ ਨੇ ਪੱਤਾ ਈ ਸਾਫ਼ ਕਰਤਾ ਆਪਣਾ, ਤਾਂ ਫਿਰ ਸੰਤਗਿਰੀ ਤਾਂ ਕਿਤੇ ਨੀ ਗਈ ਤੇਰੇ ਵੀਰ ਦੀ! ਮਖਾਂ ਐਨ ਵੱਟ ਤੇ ਪਈ ਐ!

ਉਸਦੀਆਂ ਸੁਆਦਲੀਆਂ ਗੱਲਾਂ 'ਚ ਤਿੰਨ ਮੰਜ਼ਲਾਂ ਕਿਵੇਂ ਮੁੱਕ ਗਈਆਂ, ਪਤਾ ਹੀ ਨਹੀਂ ਚੱਲਿਆ। ਪਾਰਕਿੰਗ 'ਚ ਪਹੁੰਚ ਕੇ ਗਗਨ ਨੇ ਕਿਹਾ।

ਹਾਂ ਬਈ ਤੇਜਵੀਰ! ਤੇਰੇ ਆਲ਼ੇ ਕਨਵੇਅੰਸ ਤੇ ਚੱਲੀਏ ਜਾਂ ਫਿਰ ਕੱਢੀਏ ਮਿਰਜ਼ੇ ਦੀ ਬੱਕੀ!

ਇਹ ਕਹਿੰਦਿਆਂ ਜਦ ਉਸਨੇ ਆਪਣੇ ਨੱਬੇ ਮਾਡਲ ਬਜਾਜ ਚੇਤਕ ਸਕੂਟਰ ਵੱਲ ਇਸ਼ਾਰਾ ਕੀਤਾ, ਤਾਂ ਤੇਜਵੀਰ ਦੇ ਕੰਨਾਂ ਨੂੰ ਹੱਥ ਲੱਗ ਗਏ।

ਸਕੂਟਰ ਕਾਹਦਾ ਸੀ, ਬੱਸ ਟੀਨ ਦਾ ਡੱਬਾ ਸੀ। ਗਗਨ ਦੀ ਕੁਇੰਟਲ ਭਰ ਦੀ ਦੇਹ ਚੁੱਕ ਕੇ, ਐਥੇ ਤੱਕ ਪਹੁੰਚ ਕਿਵੇਂ ਗਿਆ? ਏਸੇ ਗੱਲ ਦੀ ਹੈਰਾਨੀ ਹੋ ਰਹੀ ਸੀ ਤੇਜਵੀਰ ਨੂੰ। ਦਸ-ਪੰਦਰਾਂ ਜਗ੍ਹਾ ਤੋਂ ਤਾਂ ਠੁਕਿਆ ਹੋਇਆ ਲੱਗਦਾ ਸੀ, ਥਾਂ-ਥਾਂ ਤੇ ਪੱਚ ਲਾ-ਲਾ ਵੈਲਡ ਕੀਤਾ ਹੋਇਆ ਸੀ, ਤੇ ਰੰਗ ਤਾਂ ਲੱਗਦਾ ਵਿਚਾਰੇ ਨੂੰ ਆਪ ਯਾਦ ਨੀ ਹੋਣਾ, ਬਈ ਜਦੋਂ ਖ਼ਰੀਦਿਆ ਸੀ ਤਾਂ ਕਿਹੋ ਜਿਹਾ ਸੀ?



ਸਕੂਟਰ ਦੀ ਤਰਸਭਰੀ ਹਾਲਤ ਦੇਖਦਿਆਂ, ਤੇਜਵੀਰ ਨੇ ਝੱਟ ਆਖਿਆ।

ਕੋਈ ਗੱਲ ਨੀ ਗਗਨ, ਮੇਰੇ ਵਾਲ਼ੇ ਮੋਟਰ ਸਾਈਕਲ ਤੇ ਚੱਲਦੇ ਆਂ।

ਨਾ ਤੂੰ ਡਰਦਾ ਕਿਉਂ ਐਂ ਯਾਰ? ਤੇਜਵੀਰ ਦੇ ਮਨ ਦੀ ਹਾਲਤ ਨੂੰ ਭਾਂਪਦਿਆਂ ਗਗਨ ਨੇ ਆਪਣਾ ਸਕੂਟਰ-ਪੁਰਾਣ ਛੇੜ ਲਿਆ, ਵੀਹ ਸਾਲ ਹੋ ਗਏ ਨੇ ਮਿਰਜ਼ੇ ਜੱਟ ਦੀ ਬੱਕੀ ਨੂੰ! ਬਹੱਤਰ ਵਾਰ ਠੁਕੀ ਐ ਵਿਚਾਰੀ! ਟੀਨ-ਟੱਪਰ ਭਾਵੇਂ ਵਿਚਾਰੀ ਦਾ ਤੀਲਾ-ਤੀਲਾ ਹੋ ਗਿਆ ਹੋਵੇ, ਪਰ ਮਜਾਲ ਐ ਜੇ ਕਿਤੇ ਸੜਕ ਤੇ ਵਿਚਾਲਿਉਂ ਰੁਕ ਜਾਵੇ? ਅੱਜ ਤੱਕ ਦਾ ਰਿਕਾਰਡ ਐ ਗਗਨ ਦੀ ਬੱਕੀ ਦਾ, ਬਈ ਰਾਹ ਵਿਚ ਸਹੁਰੀ ਦੇ ਪਲੱਗ 'ਚ ਵੀ ਕਚਰਾ ਆਇਆ ਹੋਵੇ ਕਿਤੇ! ਦੇਖਣ ਨੂੰ ਪੂਰੀ ਨਜ਼ਰਬੱਟੂ, ਪਰ ਚੱਲਣ ਨੂੰ ਐਨ ਟਿਪ-ਟੌਪ। ਤੇਰੀ ਭਾਬੀ ਨੂੰ ਵੀ ਦਾਨਾਬਾਦ ਤੋਂ ਇਹ ਗਗਨਜੀਤ ਸਿੰਘ ਮਿਰਜ਼ਾ ਜੱਟ, ਏਸੇ ਬੱਕੀ ਤੇ ਭਜਾ ਕੇ ਲਿਆਇਆ ਸੀ! ਆਵਾਗੌਣ ਨਾ ਸਮਝੀਂ ਏਹਨੂੰ ਵੀਰ ਮੇਰੇ!

ਐਸੀ ਗੱਲ ਨੀ ਵੀਰ ਜੀ! ਆਹ ਨੇੜੇ ਈ ਤਾਂ ਹੈ ਕਾਲਜ, ਘੁਮਾਰ ਮੰਡੀ ਵੱਲ। ਨਾਲ਼ੇ ਮੇਰੀ ਮੋਟਰ ਸਾਈਕਲ ਵੀ ਸੜਕ ਵੱਲ ਈ ਖੜ੍ਹੀ ਐ, ਕੱਢਣੀ ਸੌਖੀ ਰਹੂ। ਬੱਕੀ ਦੀ ਸਵਾਰੀ ਉਧਾਰ ਰਹੀ, ਅਗਲੀ ਵਾਰੀ ਸਹੀ। ਹੁਣ ਤਾਂ ਇਕੱਠੇ ਈ ਰਹਿਣਾ ਆਪਾਂ ਕਈ ਦਿਨਾਂ ਤੱਕ। ਕਹਿੰਦਿਆਂ ਤੇਜਵੀਰ ਮੱਲੋ-ਜ਼ੋਰੀ ਗਗਨ ਨੂੰ ਬਾਹੋਂ ਫੜਕੇ ਆਪਣੇ ਮੋਟਰ ਸਾਈਕਲ ਵੱਲ ਲੈ ਗਿਆ ਅਤੇ ਉਹ ਦੋਵੇਂ ਐੱਸ.ਬੀ.ਐੱਸ. ਕਾਲਜ ਵੱਲ ਰਵਾਨਾ ਹੋ ਗਏ।

ਲਾਨ 'ਚ ਹੁਣ ਜਮਘਟ ਜਿਹਾ ਲੱਗ ਗਿਆ ਸੀ। ਵਿਦਿਆਰਥਣਾਂ, ਜੋ ਪਹਿਲਾਂ ਵੱਖ-ਵੱਖ ਟੋਲਿਆਂ 'ਚ ਖੜ੍ਹੀਆਂ ਸਨ, ਹੁਣ ਇੱਕ ਸਮੂਹਿਕ ਇਕੱਠ ਦੇ ਰੂਪ ਵਿੱਚ, ਸਿਰ ਉਤਾਂਹ ਚੁੱਕ-ਚੁੱਕ ਕੇ ਵਾਰਦਾਤ ਵਾਲੇ ਕਮਰੇ ਵੱਲ ਵੇਖ ਰਹੀਆਂ ਸਨ।

ਅੱਠ-ਦਸ ਪੱਤਰਕਾਰ ਬਿਰਾਦਰੀ-ਵੀਰ ਵੀ ਪਹੁੰਚ ਚੁੱਕੇ ਸਨ, ਜਿਨ੍ਹਾਂ 'ਚੋਂ ਕੁਝ ਤਾਂ ਵਾਰਡਨ ਅਤੇ ਪ੍ਰਿੰਸੀਪਲ ਨੂੰ ਘੇਰੀ ਖੜ੍ਹੇ ਸਨ ਅਤੇ ਕੁਝ ਠਰਕੀ ਕਿਸਮ ਦੇ ਪੱਤਰਕਾਰ ਵਿਦਿਆਰਥਣ ਕੁੜੀਆਂ ਦੇ ਨੁਕਤਾ-ਨਿਗਾਹ ਜਾਨਣ ਦੇ ਬਹਾਨੇ, ਉਨ੍ਹਾਂ ਨਾਲ ਗੱਲਾਂ ਮਾਰਨ 'ਚ ਰੁੱਝੇ ਹੋਏ ਸਨ ਜਾਂ ਇਉਂ ਕਹਿ ਲਓ ਕਿ ਲਾਲ਼ਾਂ ਸੁੱਟ ਰਹੇ ਸਨ, ਠਰਕ ਭੋਰ ਰਹੇ ਸਨ।

ਏ.ਐੱਸ.ਆਈ. ਸਰਦੂਲ ਸਿੰਘ ਬਾਹਰ ਕੁਰਸੀ 'ਤੇ ਬੈਠਾ, ਆਪਣੀ ਇਤਿਹਾਸਕ ਡਾਇਰੀ 'ਚ ਕੁਝ ਦਰਜ ਕਰਨ 'ਚ ਰੁੱਝਾ ਹੋਇਆ ਸੀ। ਉਧਰੋਂ ਵਾਰਡਨ ਪੱਤਰਕਾਰਾਂ ਵੱਲੋਂ ਵਿਹਲੀ ਹੋ ਚੁੱਕੀ ਸੀ।

ਤੇਜਵੀਰ ਮੌਕਾ ਦੇਖ ਕੇ ਮੈਡਮ ਕੋਲ ਪੁੱਜਾ ਅਤੇ ਪੁੱਛਣ ਲੱਗਾ, ਮੈਡਮ! ਲੜਕੀ ਦਾ ਪਤਾ ਠਿਕਾਣਾ ਤਾਂ ਮਾਲੂਮ ਹੋ ਹੀ ਗਿਆ ਹੋਵੇਗਾ?

ਆਪਣੇ ਹੱਥ 'ਚ ਫੜੇ ਪਰਚੇ ਤੋਂ ਪੜ੍ਹ ਕੇ ਵਾਰਡਨ ਸਾਹਿਬਾ ਨੇ ਜਾਣਕਾਰੀ ਪ੍ਰਦਾਨ ਕੀਤੀ। ਨਾਲ ਖੜ੍ਹੇ ਗਗਨ ਨੇ ਸੁਣਦਿਆਂ ਹੀ ਆਪਣੀ ਜੇਬ 'ਚੋਂ ਮੋਬਾਈਲ ਕੱਢਿਆ ਅਤੇ ਭੋਗਲ ਸਾਹਬ ਦਾ ਨੰਬਰ ਮਿਲਾਇਆ।

ਹੈਲੋ ਸਰ! ਹਾਂ ਜੀ ਸਰ ਉਥੋਂ ਹੀ ਬੋਲ ਰਿਹਾਂ, ਸਰ ਹਾਂ, ਜੀ ਸਰ, ਤੁਹਾਡਾ ਸ਼ੱਕ ਬਿਲਕੁਲ ਸਹੀ ਨਿਕਲਿਆ ਸਰ! ਹਾਂ ਜੀ, ਪੁਲਿਸ ਮੁਤਾਬਿਕ ਤਾਂ ਮਾਮਲਾ ਖ਼ੁਦਕੁਸ਼ੀ ਦਾ ਹੀ ਲੱਗ ਰਿਹਾ । ਹਾਂ ਜੀ ਸਰ! ਐਕਸਪਰਟਸ ਦੀ ਟੀਮ ਆਪਣੀ ਕਾਰਵਾਈ ਕਰ ਰਹੀ ਐ, ਸਰ, ਨਹੀਂ ਸਰ, ਆਫ਼ੀਸ਼ੀਅਲ ਸਟੇਟਮੈਂਟ ਤਾਂ ਹਾਲੇ ਕੋਈ ਨੀ ਦਿੱਤੀ ਪੁਲਿਸ ਨੇ , ਹੈਂਅ ਜੀ ਸਰ?

ਨਹੀਂ ਸਰ! ਸੁਸਾਈਡ ਨੋਟ ਤਾਂ ਕੋਈ ਨੀਂ ਬਰਾਮਦ ਹੋਇਆ ਲੱਗਦਾ ਹਾਲੇ , ਹਾਂ ਜੀ ਸਰ! ਸੁਸਾਈਡ ਹੋਈ ਹੈ ਤਾਂ ਸੁਸਾਈਡ ਨੋਟ ਦਾ ਮਿਲਣਾ ਤਾਂ ਆੱਬਵੀਅਸ ਈ ਐ, ਸਰ, ਹਾਂ ਜੀ, ਸਰ! ਜੇ ਮਿਲ ਗਿਆ ਤਾਂ ਕਾਪੀ ਲੈਣ ਦੀ ਪੂਰੀ ਕੋਸ਼ਿਸ਼ ਕਰਾਂਗਾ, ਸਰ ਠੀਕ ਏ, ਸਰ ਗੁੱਡ ਡੇ ਸਰ!

ਆਖ ਕੇ ਗਗਨ ਨੇ ਕਾਲ ਕੱਟ ਕਰਕੇ ਚੈਨ ਭਰਿਆ ਸਾਹ ਲਿਆ ਤੇ ਤੇਜਵੀਰ ਵੱਲ ਨਜ਼ਰ ਫਿਰਾਈ ਜੋ ਉਸ ਨੂੰ ਦੇਖ ਕੇ ਮੱਠਾ-ਮੱਠਾ ਜਿਹਾ ਮੁਸਕੁਰਾ ਰਿਹਾ ਸੀ।

ਭਰਾਵਾ, ਹਿਟਲਰ ਸਾਹਬ ਨਾਲ਼ ਗੱਲ ਕਰ ਲਈ ਜਾਂ ਸ਼ੇਰ ਦੇ ਮੂੰਹ 'ਚ ਹੱਥ ਪਾ ਕੇ ਦੰਦ ਗਿਣ ਲਏ, ਇੱਕੋ ਬਰਾਬਰ ਐ। ਧਰਮ ਨਾਲ਼, ਗਗਨ ਨੇ ਕੱਚਾ ਜਿਹੇ ਹੁੰਦਿਆਂ, ਤੇਜਵੀਰ ਦੀ ਸ਼ਰਾਰਤੀ ਮੁਸਕਰਾਹਟ ਦੇ ਪ੍ਰਤੀਕਰਮ ਵਜੋਂ ਤਰਕ ਦਿੱਤਾ।

ਮੰਨ ਲਿਆ ਮਹਾਰਾਜ, ਮੰਨ ਲਿਆ! ਆਖ ਕੇ ਤੇਜਵੀਰ ਨੇ ਆਪਣਾ ਧਿਆਨ ਏ.ਐੱਸ.ਆਈ. ਵੱਲ ਕੇਂਦਰਿਤ ਕਰ ਲਿਆ ਜੋ ਹੁਣ ਆਪਣੀ ਇਤਿਹਾਸਕ ਡਾਇਰੀ ਤੋਂ ਵਿਹਲਾ ਹੋ ਚੁੱਕਾ ਸੀ ਅਤੇ ਆਪਣੇ ਇੱਕ ਸਿਪਾਹੀ ਨਾਲ ਗੱਲਾਂ ਕਰਨ 'ਚ ਮਸ਼ਗੂਲ ਸੀ। ਇਤਿਹਾਸਕ ਡਾਇਰੀ ਬਾਦਸਤੂਰ ਉਸਦੇ ਖੱਬੇ ਹੱਥ 'ਚ ਪਹੁੰਚ ਚੁੱਕੀ ਸੀ ਤੇ ਇਜ਼ਾਫ਼ਾ ਇਹ ਸੀ, ਕਿ ਉਸਨੇ ਉਸ ਨੂੰ ਆਪਣੀ ਐਕਸਟਰਾ ਲਾਰਜ ਸਾਈਜ਼ ਗੋਗੜ ਨਾਲ ਇਉਂ ਚੰਬੇੜ ਕੇ ਰੱਖਿਆ ਹੋਇਆ ਸੀ, ਜਿਵੇਂ ਬਾਂਦਰੀ ਆਪਣੇ ਮਰੇ ਹੋਏ ਬੱਚੇ ਨੂੰ ਚੰਬੇੜ ਕੇ ਰੱਖਦੀ ਹੈ।

ਯਾਰ, ਏ.ਐੱਸ.ਆਈ. ਨਾਲ਼ ਮਾੜੀ ਜਿਹੀ ਗੱਲ ਕਰ ਲਈਏ? ਤੇਜਵੀਰ ਨੇ ਗਗਨ ਨੂੰ ਆਖਿਆ।

ਨਾ ਤੂੰ ਕਿਹੜੀ ਰਿਸ਼ਤੇਦਾਰੀ ਕੱਢਣੀ ਐ ਸਾਲ਼ੇ ਭੂਤ ਜਹੇ ਨਾਲ਼?

ਚੱਲ ਯਾਰ! ਤੇਰਾ ਤਾਂ ਚੰਗਾ ਵਾਕਫ਼ਕਾਰ ਲੱਗਦੈ।

ਵਾਕਫ਼ੀ-ਵੂਕਫ਼ੀ ਆਲ਼ੀ ਗੱਲ ਨਾ ਤੂੰ ਕਰ ਮਿੱਤਰਾ! ਵਾਕਫ਼ੀ ਨੂੰ ਤਾਂ ਇਹ ਪੁਲ਼ਸ ਆਲ਼ੇ ਸਕੇ ਪਿਉ ਦੇ ਨੀ ਹੁੰਦੇ, ਪਰ ਜੇ ਬਹੁਤਾ ਕਹਿੰਨਾਂ ਤਾਂ ਚੱਲ ਫਿਰ। ਕਰ ਲਾ ਤੂੰ ਵੀ ਆਪਣਾ ਰਾਂਝਾ ਰਾਜ਼ੀ।

ਦੋਨੋਂ ਸਰਦੂਲ ਸਿੰਘ ਵੱਲ ਨੂੰ ਵਧੇ ਹੀ ਸੀ ਕਿ ਬਿਰਾਦਰੀ-ਭਰਾਵਾਂ ਨੇ ਉਸਨੂੰ ਘੇਰਾ ਪਾ ਲਿਆ। ਉਹ ਵੀ ਵਿੱਚੇ ਜਾ ਖੜ੍ਹੇ ਹੋਏ, ਆਖ਼ਿਰ ਉਹ ਵੀ ਬਿਰਾਦਰੀ ਵਾਲੇ ਜੋ ਹੋਏ। ਪਰ ਸਰਦੂਲ ਸਿੰਘ ਦਾ ਪੂਰਾ ਧਿਆਨ ਤਾਂ ਤਾਜ਼ਾ-ਤਾਜ਼ਾ ਪਹੁੰਚੇ ਨਿਊਜ਼ ਚੈਨਲ ਵਾਲਿਆਂ ਵੱਲ ਹੀ ਕੇਂਦਰਿਤ ਸੀ। ਆਖ਼ਿਰ ਟੀ.ਵੀ. ਤੇ ਆਪਣਾ ਚਿਹਰਾ ਦੇਖਣਾ ਕਿਸਨੂੰ ਚੰਗਾ ਨਹੀਂ ਲੱਗਦਾ? ਚਿਹਰਾ ਭਾਵੇਂ ਕਿਹੋ-ਜਿਹਾ ਵੀ ਹੋਵੇ। ਕਯਾ ਸਟੇਟਮੈਂਟ ਹੈ ਸਰ? ਇੱਕ ਪੰਜਾਬੀ ਨਿਊਜ਼ ਚੈਨਲ ਵਾਲ਼ੇ ਨੇ ਹਿੰਦੀ 'ਚ ਸਵਾਲ ਕੀਤਾ।

ਸਰਦੂਲ ਸਿੰਘ ਨੇ ਆਪਣਾ ਪੂਰਾ ਜ਼ੋਰ ਲਾ ਕੇ, ਜਿੰਨੀ ਕੁ ਹਿੰਦੀ ਉਸ ਨੂੰ ਆਉਂਦੀ ਸੀ ਇਕੱਠੀ ਕਰ ਕੇ, ਐਨ ਠੇਠ ਪੰਜਾਬੀ ਲਹਿਜੇ 'ਚ ਆਪਣੀ ਡਿੱਕ-ਡੋਲੇ ਖਾਂਦੀ ਹਿੰਦੀ 'ਚ, ਆਪਣਾ ਬਿਆਨ ਦੇਣਾ ਆਰੰਭ ਕੀਤਾ।

ਉਹ ਕਿਆ ਹੈ ਕਿ ਸਵੇਰੇ ਨੌਂ ਵਜੇ ਕੇ ਕਰੀਬ ਸਾਨੂੰ ਕਾਲਜ ਕੇ ਪ੍ਰਿੰਸੀਪਲ ਦਾ ਟੈਲੀਫ਼ੋਨ ਆਇਆ ਕਿ ਕਾਲਜ ਕੇ ਗਰਲਜ਼ ਹੋਸਟਲ ਮੇਂ ਏਕ ਲੜਕੀ ਨੇ ਫਾਹਾ ਲੈ ਲਿਆ ਹੈ। ਜੇ ਲੁਧਿਆਣਾ ਪੁਲ਼ਸ ਕੀ ਮੁਸਤੈਦੀ ਹੈ ਕਿ ਅਸੀਂ ਫ਼ੌਰਨ ਹੀ ਜਹਾਂ ਪਰ ਆ ਪੌਂਚੇ। ਜਹਾਂ ਆਤੇ ਹੀ ਮੈਨੇ, ਜਾਨੀ ਕਿ ਸਰਦੂਲ ਸਿੰਘ ਏ.ਐੱਸ.ਆਈ. ਨੇ ਪੂਰੀ ਸਥਿਤੀ ਕੋ ਆਪਣੇ ਕੰਟਰੋਲ ਮੇਂ ਕਰ ਲਿਆ।

ਸਰ, ਮੁੱਦੇ ਕੀ ਬਾਤ ਕੀਜੀਯੇ, ਇਧਰ-ਉਧਰ ਮਤ ਜਾਈਯੇ, ਜੋ ਕਹਨਾ ਹੈ ਸੰਕਸ਼ੇਪ ਮੇਂ ਕਹੇਂ, ਹਮੇਂ ਔਰ ਭੀ ਕਾਮ ਹੈਂ।

ਨਿਊਜ਼ ਚੈਨਲ ਵਾਲੇ ਨੇ ਸਰਦੂਲ ਸਿੰਘ ਦੀ ਰਾਮ ਕਹਾਣੀ ਨੂੰ ਵਿੱਚੋਂ ਹੀ ਟੋਕਦਿਆਂ, ਝੁੰਝਲਾਉਂਦੇ ਹੋਏ ਕਿਹਾ।

ਜਹੀ ਤੋ ਮੈਂ ਕਹਿ ਰਿਹਾ ਹੂੰ, ਬਈ ਏਕ ਲੜਕੀ ਨੇ ਪੱਖੇ ਕੇ ਸਾਥ ਲਟਕ ਕੇ ਖ਼ੁਦਕੁਸ਼ੀ ਕਰ ਲੀ ਹੈ। ਮਾਮਲਾ ਖ਼ੁਦਕੁਸ਼ੀ ਕਾ ਹੈ, ਬਾਕੀ ਪੁਲ਼ਸ ਤਫ਼ਤੀਸ਼ ਕਰ ਰਹੀ ਹੈ, ਜੋ ਵੀ ਜ਼ਿੰਮੇਵਾਰ ਵਿਅਕਤੀ ਹੋਂਗੇ, ਉਨਕੋ ਬਖ਼ਸ਼ਾ ਨਹੀਂ ਜਾਏਗਾ ਤੇ ਕੜੀ ਤੋਂ ਕੜੀ ਸਜ਼ਾ ਦੁਆਈ ਜਾਏਗੀ।

ਸਰ! ਕੋਈ ਸੁਸਾਈਡ ਨੋਟ ਮਿਲਾ ਹੈ?

ਕਯਾ ਲਿਖਾ ਹੈ ਸੁਸਾਈਡ ਨੋਟ ਮੇਂ?

ਕਯਾ ਐਗਜ਼ਾਮਜ਼ ਕੀ ਟੈਂਸ਼ਨ ਥੀ?

ਕਯਾ ਘਰ ਵਾਲੋਂ ਸੇ ਝਗੜਾ ਹੂਆ ਥਾ?

ਕਯਾ ਪ੍ਰੇਮ ਕੀ ਅਸਫਲਤਾ ਅਸਲੀ ਵਜਹ ਹੈ ਖ਼ੁਦਕੁਸ਼ੀ ਕੀ?

ਕਯਾ ਲੜਕੀ ਮਾਂ ਬਨਨੇ ਵਾਲੀ ਥੀ?

ਲੜਕੀ ਕੇ ਪੇਟ ਮੇਂ ਜੋ ਬੱਚਾ ਥਾ ਵੋਹ ਕਿਸਕਾ ਥਾ?

ਤੱਥ ਅਤੇ ਸ਼ਬਦਾਵਲੀ, ਦੋਨੋਂ ਮੁਕਾ ਚੁੱਕਾ ਸਰਦੂਲ ਸਿੰਘ, ਆਪਣੇ ਉੱਪਰ ਪਈ ਸਵਾਲਾਂ ਦੀ ਇਸ ਵਾਛੜ ਨਾਲ਼ ਉੱਕਾ ਹੀ ਬੌਂਦਲ਼ ਗਿਆ। ਮੈਂ ਕਿਹਾ ਬਈ ਤਫ਼ਤੀਸ਼ ਹਾਲੇ ਚੱਲ ਰਹੀ ਹੈ। ਦੋਸ਼ੀਆਂ ਕੋ ਬਿਲਕੁਲ ਵੀ ਬਖਸ਼ਾ ਨਹੀਂ ਜਾਊਗਾ ਤੇ ਕੜੀ ਸੇ ਕੜੀ ਸਜ਼ਾ ਦੁਆਈ ਜਾਊਗੀ।

ਸਰ, ਵੱਨ ਮੋਰ ਕੁਇਸ਼ਚਨ ਪਲੀਜ਼! ਆਜ-ਕਲ ਲੁਧਿਆਨਾ ਪੁਲਿਸ ਕੀ ਗਿਰਤੀ ਹੂਈ ਸਾਖ ਕੇ ਬਾਰੇ ਮੇਂ ਆਪਕਾ ਕਯਾ ਕਹਨਾ ਹੈ? ਕਯਾ ਲੁਧਿਆਨਾ ਪੁਲਿਸ ਅਪਨੀ ਗਿਰਤੀ ਹੂਈ ਸਾਖ ਕੋ ਬਚਾ ਪਾਏਗੀ? ਇੱਕ ਰਾਸ਼ਟਰੀ ਨਿਊਜ਼ ਚੈਨਲ ਦੇ ਰਿਪੋਰਟਰ ਨੇ ਸਰਦੂਲ ਸਿੰਘ ਤੇ ਇੱਕ ਹੋਰ ਸਵਾਲ ਦਾਗ ਦਿੱਤਾ।

ਸਰਦੂਲ ਸਿੰਘ ਦੀ ਹਿੰਦੀ ਅਤੇ ਜਵਾਬ, ਹੁਣ ਤੱਕ ਦੋਵਾਂ ਦਾ ਕੋਟਾ ਮੁੱਕ ਚੁੱਕਾ ਸੀ। ਐਨੀ ਸਾਰੀ ਹਿੰਦੀ ਬੋਲ ਕੇ ਸਰਦੂਲ ਸਿੰਘ ਨੂੰ ਹੌਂਕਣੀ ਚੜ੍ਹ ਗਈ ਸੀ। ਲੱਗ ਰਿਹਾ ਸੀ ਕਿ ਉਸ ਦੀ ਬੋਲਣ ਸਮਰੱਥਾ ਵੀ ਰਿਸੈਸ਼ਨ ਦੇ ਅਸਰ ਹੇਠ ਆ ਗਈ ਸੀ। ਆਪਣੀ ਢਿਲਕਦੀ ਜਾ ਰਹੀ ਪੈਂਟ ਨੂੰ ਬੋਚਦਿਆਂ ਸਰਦੂਲ ਸਿੰਘ ਨੇ ਬਿਨਾਂ ਸਵਾਲ ਉੱਤੇ ਗ਼ੌਰ ਫ਼ਰਮਾਏ, ਆਪਣਾ ਰਟਿਆ-ਰਟਾਇਆ ਜਵਾਬ ਠੋਕ ਦਿੱਤਾ। (ਚਲਦਾ)

# ਭਾਰਤੀ ਟੀਮ ਖਿਲਾ.ਫ ਨੀਦਰਲੈਂਡ ਵੱਲੋਂ ਖੇਡ ਰਿਹਾ ਕ੍ਰਿਕਟਰ ਵਿਕਰਮਜੀਤ ਸਿੰਘ

## ਪੰਜਾਬ ਤੋਂ ਕ੍ਰਿਕਟ ਦੀ ਲਈ ਸੀ ਸਿਖਲਾਈ



ਨਵੀਂ ਦਿੱਲੀ/ਏ.ਟੀ.ਨਿਊਜ਼ :- ਭਾਰਤ ਨੇ ਵਿਸ਼ਵ ਕੱਪ ਦੇ ਆਪਣੇ ਦੂਜੇ ਮੈਚ ਵਿੱਚ ਨੀਦਰਲੈਂਡ ਨੂੰ 56 ਦੌੜਾਂ ਨਾਲ ਹਰਾਇਆ। ਵਿਸ਼ਵ ਕੱਪ ਵਿੱਚ ਪਾਕਿਸਤਾਨ ਨੂੰ ਹਰਾਉਣ ਵਾਲੀ ਭਾਰਤੀ ਟੀਮ ਦੀ ਇਹ ਲਗਾਤਾਰ ਦੂਜੀ ਜਿੱਤ ਹੈ। ਭਾਰਤੀ ਟੀਮ ਨੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਨੀਦਰਲੈਂਡ ਦੇ ਸਾਹਮਣੇ 180 ਦੌੜਾਂ ਦਾ ਟੀਚਾ ਰੱਖਿਆ ਸੀ। ਜਵਾਬ ਵਿਚ ਨੀਦਰਲੈਂਡ ਦੀ ਟੀਮ 20 ਓਵਰਾਂ ’ਚ 9 ਵਿਕਟਾਂ ’ਤੇ 123 ਦੌੜਾਂ ਹੀ ਬਣਾ ਸਕੀ। ਇਸ ਜਿੱਤ ਨਾਲ ਭਾਰਤੀ ਟੀਮ ਗਰੁੱਪ 2 ਦੀ ਅੰਕ ਸੂਚੀ ਵਿੱਚ ਪਹਿਲੇ ਨੰਬਰ ’ਤੇ ਆ ਗਈ ਹੈ। ਨੀਦਰਲੈਂਡ ਟੀਮ ਵਿਚ ਉਭਰਿਆ ਨਵਾਂ ਭਾਰਤੀ ਮੂਲ ਦਾ ਖਿਡਾਰੀ ਵਿਕਰਮਜੀਤ ਸਿੰਘ ਹੈ। ਪੰਜਾਬ ਦੇ ਜਲੰਧਰ ਨਾਲ ਸਬੰਧਤ 19 ਸਾਲਾ ਵਿਕਰਮਜੀਤ ਸਿੰਘ ਖੱਬੇ ਹੱਥ ਦੇ ਬੱਲੇਬਾਜ਼ ਹਨ ਅਤੇ ਉਸ ਨੇ ਹੁਣ ਤੱਕ 12 ਵਨਡੇਅ ਮੈਚ ਖੇਡੇ ਹਨ। ਕ੍ਰਿਕਇਨਫੋ. ਦੀ ਵੈੱਬਸਾਈਟ ਉੱਪਰ ਦਿੱਤੀ ਜਾਣਕਾਰੀ ਮੁਤਾਬਕ, ਇਨ੍ਹਾਂ ਮੈਚਾਂ ਵਿੱਚ ਹੁਣ ਤੱਕ ਉਨ੍ਹਾਂ ਨੇ ਕੁੱਲ 367 ਰਨ ਬਣਾਏ ਹਨ। ਉਸ ਨੇ ਕਰੀਅਰ ਦੀ ਸ਼ੁਰੂਆਤ ਨਿਊਜ਼ੀਲੈਂਡ ਖਿਲਾ.ਫ ਵਨਡੇਅ ਮੈਚ ਖੇਡ ਕੇ ਕੀਤੀ ਸੀ। ਇਹ ਪਹਿਲਾ ਮੌਕਾ ਹੈ ਜਦੋਂ ਵਿਕਰਮਜੀਤ ਸਿੰਘ ਨੀਦਰਲੈਂਡ ਦੀ ਟੀਮ ਵਿਚ ਰਹਿੰਦੇ ਹੋਏ ਭਾਰਤ ਦੇ ਖ਼ਿਲਾ.ਫ ਖੇਡ ਰਹੇ ਹਨ।

ਦਿਲਚਸਪ ਹੈ ਕਿ ਵਿਕਰਮਜੀਤ ਸਿੰਘ ਉਸੇ ਮੁਲਕ ਖਿਲਾ.ਫ ਮੈਦਾਨ ਵਿੱਚ ਉਤਰੇ ਜਿੱਥੇ ਉਸ ਦਾ ਜਨਮ ਹੋਇਆ ਸੀ ਅਤੇ ਜਿੱਥੇ ਉਨ੍ਹਾਂ ਕ੍ਰਿਕਟ ਦੀ ਸਿਖਲਾਈ ਵੀ ਲਈ ਹੈ। ਭਾਰਤ ਤੇ ਨੀਦਰਲੈਂਡ ਵਿਚਕਾਰ ਟੀ-20 ਵਿਸ਼ਵ ਕੱਪ ਦਾ ਮੁਕਾਬਲਾ ਖ਼ਾਸ ਹੈ। ਇਸ ਮੈਚ ਵਿੱਚ ਨੀਦਰਲੈਂਡ ਵੱਲੋਂ ਭਾਰਤੀ ਪੰਜਾਬ ਦੇ ਖਿਡਾਰੀ ਵਿਕਰਮਜੀਤ ਸਿੰਘ ਵੀ ਖੇਡ ਰਹੇ ਹਨ। 19 ਸਾਲਾ ਵਿਕਰਮਜੀਤ ਖੱਬੇ ਹੱਥ ਦੇ ਬੱਲੇਬਾਜ਼ ਹਨ ਅਤੇ ਹੁਣ ਤੱਕ ਉਨ੍ਹਾਂ ਨੇ 12 ਇੱਕ ਦਿਨਾ ਤੇ 7 ਟੀ-20 ਮੈਚ ਖੇਡੇ ਹਨ।

ਵਿਕਰਮਜੀਤ ਸਿੰਘ ਦਾ ਜਨਮ ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਚੀਮਾ ਖੁਰਦ ਪਿੰਡ ਵਿੱਚ ਹੋਇਆ ਹੈ ਅਤੇ ਉਨ੍ਹਾਂ ਨੇ ਭਾਰਤ ਵਿਚ ਕ੍ਰਿਕਟ ਦੇ ਗੁਰ ਵੀ ਸਿੱਖੇ ਹਨ। ਸਾਲ 1980ਵਿਆਂ ਵਿੱਚ ਪੰਜਾਬ ਤੋਂ ਵਿਕਰਮਜੀਤ ਦੇ ਦਾਦਾ ਖੁਸ਼ੀ ਚੀਮਾ ਨੀਦਰਲੈਂਡ ਚਲੇ ਗਏ ਸਨ। ਵਿਕਰਮਜੀਤ ਸਿੰਘ ਦਾ ਘਰ, ਸਾਰਾ ਪਰਿਵਾਰ ਨੀਦਰਲੈਂਡ ਵਿੱਚ ਰਹਿੰਦਾ ਹੈ।

ਵਿਦੇਸ਼ ਜਾਣ ਤੋਂ ਬਾਅਦ ਵੀ ਵਿਕਰਮਜੀਤ ਦੇ ਪਰਿਵਾਰ ਦਾ ਪੰਜਾਬ ਨਾਲ ਨਾਤਾ ਜੁੜਿਆ ਰਿਹਾ। ਵਿਕਰਮਜੀਤ ਨੇ ਮੁੱਢਲੀ ਸਿੱਖਿਆ ਜਲੰਧਰ ਦੇ ਇਕ ਪ੍ਰਾਈਵੇਟ ਸਕੂਲ ਤੋਂ ਪ੍ਰਾਪਤ ਕੀਤੀ।

2008 ਵਿੱਚ ਵਿਕਰਮਜੀਤ ਸਿੰਘ ਪੰਜ ਸਾਲ ਦੀ ਉਮਰ ਵਿੱਚ ਨੀਦਰਲੈਂਡ ਚਲਾ ਗਿਆ। ਵਿਕਰਮਜੀਤ ਦੇ ਪਿਤਾ ਵੀ ਕ੍ਰਿਕਟ ਪ੍ਰੇਮੀ ਹਨ ਅਤੇ ਉਨ੍ਹਾਂ ਨੇ ਪੁੱਤਰ ਨੂੰ ਖੇਡ ਪ੍ਰਤੀ ਉਤਸ਼ਾਹਿਤ ਕੀਤਾ।





## ਕ੍ਰਿਕਟ ਕਰੀਅਰ ਦੀ ਸ਼ੁਰੂਆਤ

ਵਿਕਰਮਜੀਤ ਸਿੰਘ ਨੇ 11 ਸਾਲ ਦੀ ਉਮਰ ਵਿੱਚ ਅੰਡਰ-12 ਕ੍ਰਿਕਟ ਟੂਰਨਾਮੈਂਟ ਖੇਡਣਾ ਸ਼ੁਰੂ ਕੀਤਾ ਸੀ। ਵਿਕਰਮਜੀਤ ਦੇ ਦਾਦਾ ਖੁਸ਼ੀ ਚੀਮਾ ਦੱਸਦੇ ਹਨ, ‘2016 ਤੋਂ 2018 ਤੱਕ ਵਿਕਰਮਜੀਤ ਨੇ ਚੰਡੀਗੜ੍ਹ ਦੀ ਗੁਰੂ ਸਾਗਰ ਕ੍ਰਿਕਟ ਅਕੈਡਮੀ ਵਿਖੇ ਸਿਖਲਾਈ ਲਈ ਅਤੇ ਬਾਅਦ ਵਿੱਚ ਜਲੰਧਰ ਦੇ ਨੇੜੇ ਬਾਜਰੇ ਪਿੰਡ ਵਿਖੇ ਇੱਕ ਕ੍ਰਿਕਟ ਅਕੈਡਮੀ ਵਿੱਚ ਟ੍ਰੇਨਿੰਗ ਲਈ। ਖੁਸ਼ੀ ਚੀਮਾ ਆਖਦੇ ਹਨ ਕਿ ਮੈਂ ਤਾਂ ਚਾਹਾਂਗਾ ਕਿ ਭਾਰਤ ਜਿੱਤੇ ਪਰ ਵਿਕਰਮਜੀਤ ਦੀ ਤਾਂਘ ਤਾਂ ਨੀਦਰਲੈਂਡ ਨੂੰ ਜਿਤਾਉਣ ਦੀ ਹੈ। ਵਿਕਰਮਜੀਤ ਸਿੰਘ ਦੇ ਦਾਦੇ ਦੇ ਵੱਡੇ ਭਰਾ ਲਾਲ ਸਿੰਘ ਕਹਿੰਦੇ ਹਨ ਕਿ ਉਸਨੂੰ ਕ੍ਰਿਕਟ ਦਾ ਸ਼ੁਰੂ ਤੋਂ ਹੀ ਸ਼ੌਕ ਸੀ ਅਤੇ ਜਦੋਂ ਵੀ ਉਹ ਭਾਰਤ ਆਉਂਦਾ ਤਾਂ ਉਹ ਪ੍ਰੈਕਟਿਸ ਵਿੱਚ ਕਾਫ਼ੀ ਸਮਾਂ ਬਿਤਾਉਣਾ ਹੁੰਦਾ ਸੀ।ਲਾਲ ਸਿੰਘ ਕਹਿੰਦੇ ਹਨ, ‘ਪਿਛਲੇ ਸਾਲ ਹੀ ਨੀਦਰਲੈਂਡ ਵਿੱਚ ਵਿਕਰਮਜੀਤ ਸਿੰਘ ਦੀ ਐਂਟਰੀ ਹੋਈ ਹੈ। ਮੈਨੂੰ ਖੁਸ਼ੀ ਹੈ ਕਿ ਇੱਕ ਸਿੱਖ ਨੌਜਵਾਨ ਭਾਰਤ ਤੋਂ ਜਾ ਕੇ ਨੀਦਰਲੈਂਡ ਵੱਲੋਂ ਖੇਡ ਰਿਹਾ ਹੈ। ਇਸ ਨਾਲ ਦੋਵਾਂ ਮੁਲਕਾਂ ਦਾ ਨਾਂ ਉੱਚਾ ਹੁੰਦਾ ਹੈ।’ ਵਿਕਰਮਜੀਤ ਸਿੰਘ ਦੇ ਚਚੇਰੇ ਭਰਾ ਇੰਦਰਵੀਰ ਸਿੰਘ ਕਹਿੰਦੇ ਹਨ, ‘ਜਦੋਂ ਕੌਮੀ ਟੀਮ ਵਿੱਚ ਚੋਣ ਹੋਈ ਤਾਂ ਵਿਕਰਮਜੀਤ ਇਹ ਖ਼ਬਰ ਸੁਣਾਉਂਦੇ ਹੋਏ ਭਾਵੁਕ ਹੋ ਗਿਆ ਸੀ। ਵਿਕਰਮਜੀਤ ਭਾਰਤ ਨਾਲ ਮੈਚ ਨੂੰ ਲੈ ਕੇ ਵੀ ਥੋੜਾ ਨਰਵਸ ਸੀ।’ ‘ਵਿਕਰਮਜੀਤ ਦਾ ਇੱਕ ਛੋਟਾ ਭਰਾ ਵੀ ਹੈ ਜਿਸ ਦਾ ਜਨਮ ਨੀਦਰਲੈਂਡ ਵਿੱਚ ਹੀ ਹੋਇਆ ਸੀ। ਪਰਿਵਾਰ ਦਾ ਟਰਾਂਸਪੋਰਟ ਨਾਲ ਸਬੰਧਤ ਕਾਰੋਬਾਰ ਹੈ।






# ਜ਼ਰੂਰੀ ਹੈ ਮਾਪਿਆਂ ਦਾ ਬੱਚਿਆਂ ਨਾਲ ਵਕਤ ਬਿਤਾਉਣਾ



ਹਰਕੀਰਤ ਕੌਰ
ਮੋ. 9779118066

ਮਨੁੱਖ ਨੂੰ ਵੱਧਣ ਫੁੱਲਣ, ਖੁਸ਼ਹਾਲ ਰਹਿਣ ਲਈ ਜਿੰਨੇ ਸਾਹ, ਖਾਣੇ ਪਾਣੀ, ਦੀ ਜ਼ਰੂਰਤ ਹੈ ਉਨੀਂ ਹੀ ਮਾਨਸਿਕ ਸਿਹਤ ਲਈ ਅਪਣੱਤ, ਪਿਆਰ, ਮੋਹ ਦੀਆਂ ਤੰਦਾਂ ਦੀ ਵੀ ਲੋੜ ਰਹਿੰਦੀ ਹੈ। ਭਾਵਨਾਵਾਂ ਦੇ ਵਹਾਅ ਨੂੰ ਚੱਲਦਾ ਰੱਖਣ ਲਈ ਆਪਣਿਆਂ ਲਈ ਥੋੜਾ ਜਿਹਾ ਪਿਆਰ, ਸਤਿਕਾਰ, ਪ੍ਰਵਾਹ, ਫਿਕਰ ਵੀ ਜਰੂਰੀ ਹੈ। ਇਹ ਸਾਰੀਆਂ ਭਾਵਨਾਵਾਂ ਹੱਸੇ ਠੱਠੇ, ਰੁੱਸਣਾ ਮਨਾਉਣਾ ਮਨੱਖੀ ਜੀਵਨ ਵਿੱਚ ਤਾਜ਼ਗੀ ਬਣਾਈ ਰੱਖਣ ਲਈ ਬਹੁਤ ਜਰੂਰੀ ਹਨ। ਪਿਆਰ, ਸਨੇਹ ਦੀ ਗੱਲਾਂ ਜਿੱਥੇ ਸਹਿਮੇ ਹੋਏ ਦਿਲਾਂ ਨੂੰ ਧਰਵਾਸ ਦੇ ਫਿਰ ਤੋਂ ਧੜਕਣਾਂ ਲਾ ਦਿੰਦੀਆਂ ਉੱਥੇ ਜਿੰਦਗੀ ਤੋਂ ਮੂੰਹ ਫੇਰੀ ਬੈਠਿਆ ਨੂੰ ਦੁਬਾਰਾ ਜੀਣ ਲਈ ਉਕਸਾਉਂਦੀਆਂ ਹਨ।

ਅਸੀਂ ਤਰੱਕੀ ਦੇ ਰਾਹ ਤੇ ਤੁਰ ਰਹੇ ਹਾਂ, ਇਸਦੇ ਚੱਲਦਿਆਂ ਸਾਡਾ ਜੀਵਨ ਜਿਉਣ ਦੇ ਢੰਗ ਬਦਲ ਰਹੇ ਹਨ, ਸਾਡੀਆਂ ਕਦਰਾਂ ਕੀਮਤਾਂ ਬਦਲ ਰਹੀਆਂ ਹਨ ਅਤੇ ਸਾਡੀਆਂ ਤਰਜੀਹਾਂ ਬਦਲ ਰਹੀਆਂ ਹਨ। ਤਿਉਹਾਰਾਂ ਨੂੰ ਮਨਾਉਣ ਦੇ ਤਰੀਕੇ ਬਦਲ ਰਹੇ ਹਨ, ਬੱਚਿਆਂ ਦੀਆਂ ਖੇਡਾਂ ਬਦਲ ਰਹੀਆਂ ਹਨ, ਸਭ ਤੋਂ ਵੱਡੀ ਗੱਲ ਇਨਸਾਨੀ ਸੁਭਾਅ ਬਦਲ ਰਹੇ ਹਨ। ਅੱਜ ਮਨੁੱਖ ਆਪਣੀ ਤਰੱਕੀ, ਪੈਸੇ ਨੂੰ ਤਰਜੀਹ ਦੇ ਰਿਹਾ ਹੈ, ਇਸ ਦੌੜ ਵਿੱਚ ਉਹ ਪਿੱਛੇ ਕੀ ਕੁਝ ਛੱਡੀ ਜਾ ਰਿਹਾ ਹੈ, ਉਸਦਾ ਅਹਿਸਾਸ ਉਸਨੂੰ ਸਮਾਂ ਲੰਘੇ ਤੋਂ ਹੋ ਰਿਹਾ ਹੈ ਤੇ ਕੁਝ ਨੂੰ ਹੋਵੇਗਾ।

ਯੂਨੀਸੈੱਫ (UNICEF) ਦੇ ਇੱਕ ਸਰਵੇਖਣ ਦੇ ਅਨੁਸਾਰ ਆਉਣ ਵਾਲਾ ਸਮਾਂ ਬੱਚਿਆਂ ਦੀ ਮਾਨਸਿਕ ਸਿਹਤ ਲਈ ਬਹੁਤ ਚਨੌਤੀਆਂ ਭਰਭੂਰ ਹੋਵੇਗਾ,ਇਸ ਸਰਵੇਖਣ ਦੀ ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਨਬਾਲਗ ਅਤੇ ਬਾਲਗ ਬੱਚੇ ਇਕੱਲਤਾ ਦੇ ਸ਼ਿਕਾਰ ਹੋ ਮਾਨਸਿਕ ਬਿਮਾਰੀਆਂ ਨਾਲ ਜੂਝਣਗੇ ਜਿਸ ਦਾ ਸਭ ਦਾ ਸਭ ਤੋਂ ਵੱਡਾ ਕਾਰਣ ਪਰਿਵਾਰ ਵਿੱਚ ਸੰਚਾਰ ਪਾੜਾ (communication gap) ਹੋਵੇਗਾ। ਜੋ ਇਸ ਸਰਵੇਖਣ ਵਿੱਚ ਸੰਕੇਤ ਦਿੱਤੇ ਗਏ ਹਨ, ਉਸਦੇ ਚਿੰਨ ਸਾਨੂੰ ਨਜ਼ਰ ਆ ਰਹੇ ਹਨ। ਅੱਜ ਬਹੁਤ ਸਾਰੇ ਮਾਪੇ ਆਪਣੇ ਬੱਚਿਆਂ ਦੀ ਬੇਰੁਖੀ, ਅਨੁਸ਼ਾਸਣਹੀਣਤਾ, ਖਾਣਾ ਨਾ ਖਾਣ, ਮੋਬਾਇਲ ਜਿਆਦਾ ਵਰਤਣ, ਆਦਿ ਆਦਤਾਂ ਤੋਂ ਪਰੇਸ਼ਾਨ ਨਜ਼ਰ ਆਉਂਦੇ ਹਨ। ਬਹੁਤ ਸਾਰੇ ਬੱਚੇ ਮਾਨਸਿਕ ਬਿਮਾਰੀਆਂ ਨਾਲ ਜੂਝ ਰਹੇ ਹਨ, ਕਈ ਵਾਰ ਇਹ ਬਿਮਾਰੀਆਂ ਆਪਣੀ ਆਖਰੀ ਹੱਦ ਤੱਕ ਪਹੁੰਚ ਜਾਂਦੀਆਂ ਹਨ ਅਤੇ ਆਤਮਹੱਤਿਆ ਦੇ ਰੂਪ ਵਿੱਚ ਜਵਾਨ ਬੱਚੇ ਬੱਚੀਆਂ ਦੇ ਜੀਵਨ ਨੂੰ ਖਾ ਜਾਂਦੀਆਂ ਹਨ।

ਇਨ੍ਹਾਂ ਸਭ ਹਲਾਤਾਂ ਦਾ ਮੁੱਖ ਕਾਰਨ ਬੱਚਿਆਂ ਨੂੰ ਅਪਣੱਤ ਦੀ ਪਈ ਘਾਟ ਹੈ। ਭਾਵੇਂ ਮਾਪੇ ਆਪਣੇ ਅਤੇ ਆਪਣੇ ਬੱਚੇ ਦੇ ਸੁਖਦ ਤੇ ਐਸ਼ੋ ਆਰਾਮ ਲਈ ਦਿਨ ਰਾਤ ਮਿਹਨਤ ਕਰਦੇ ਹੋਣ, ਪਰ ਇਸ ਸਭ ਦੇ ਚੱਲਦਿਆਂ ਬੱਚਿਆਂ ਦੀਆਂ ਭਾਵਨਾਤਮਕ ਲੋੜਾਂ ਨੂੰ ਅੱਖੋਂ ਪਰੋਖਿਆਂ ਕਰ ਦਿੰਦੇ ਹਨ। ਮਾਪੇ ਸਵੇਰ ਤੋਂ ਦਫਤਰਾਂ ਵਿੱਚ ਬੱਚੇ ਸਕੂਲ ਵਿੱਚ, ਸ਼ਾਮ ਨੂੰ ਖਾਣਾ ਖਾ ਸਾਰੇ ਆਪੋ ਆਪਣਿਆਂ ਕਮਰਿਆਂ ਵਿੱਚ। ਅੱਜ ਬਹੁਤਾਤ ਜਿੰਦਗੀਆਂ ਇਸੇ ਰੂਟੀਨ ਦੇ ਅਨੁਸਾਰ ਚੱਲ ਰਹੀਆਂ ਹਨ।ਪਰਿਵਾਰਾਂ ਦਾ ਆਪਸ ਵਿੱਚ ਬੈਠ ਗੱਲਾਂ ਕਰਨੀਆਂ, ਹਾਸੇ ਠੱਠੇ, ਰਿਸ਼ਤੇਦਾਰਾਂ ਦਾ ਇਕੱਠੇ ਹੋਣਾ, ਇੱਕ ਦੂਸਰਿਆਂ ਦੀਆਂ ਮੁਸ਼ਕਿਲਾਂ ਨੂੰ ਸੁਣਨਾ, ਸਮਝਣਾ, ਆਦਿ ਸਭ ਪਿੱਛੇ ਛੁੱਟਦਾ ਜਾ ਰਿਹਾ ਹੈ। ਇਸ ਸਭ ਵਿੱਚ ਬੱਚੇ ਸਭ ਤੋਂ ਵੱਡੀ ਮੁਸ਼ਕਲ ਦਾ ਸਾਹਮਣਾ ਕਰ ਰਹੇ ਹਨ। ਬੱਚਿਆਂ ਨੂੰ ਮਾਪਿਆਂ ਦੇ ਸਮੇਂ ਅਤੇ ਸਾਥ ਦੀ ਬਹੁਤ ਜਰੂਰਤ ਹੁੰਦੀ ਹੈ। ਜੇਕਰ ਮਾਪੇ ਆਪਣੇ ਬੱਚੇ ਨੂੰ ਸਮਾਂ ਨਹੀਂ ਦੇ ਰਹੇ ਤਾਂ ਮਾਪਿਆਂ ਕੋਲ ਬੱਚੇ ਤੋਂ ਕਿਸੇ ਵੀ ਤਰ੍ਹਾਂ ਦੀ ਆਸ ਰੱਖਣ ਅਤੇ ਉਸਦੇ ਗਲਤ ਵਿਵਹਾਰ ਦੀ ਚਿੰਤਾਂ ਜਾਹਿਰ ਕਰਨ ਦਾ ਕੋਈ ਹੱਕ ਨਹੀਂ ਰਹਿ ਜਾਂਦਾ। ਬੱਚੇ ਨੂੰ ਪੂਰਾ ਸਮਾਂ ਦੇਣਾ, ਉਸਦੀਆਂ ਆਰਥਿਕ ਅਤੇ ਭਾਵਨਾਤਮਿਕ ਜਰੂਰਤਾਂ ਦਾ ਧਿਆਨ ਰੱਖਣਾ, ਉਸਦੀਆਂ ਮੁਸ਼ਕਿਲਾਂ ਨੂੰ ਸੁਣਨਾ ਤੇ ਹੱਲ ਕਰਨਾ, ਮਾਪਿਆਂ ਦੀ ਪਹਿਲੀ ਜਿੰਮੇਵਾਰੀ ਹੈ। ਜਿਸ ਤੇਜ਼ ਰਫ਼ਤਾਰ ਨਾਲ ਮਾਨਸਿਕ ਬਿਮਾਰੀਆਂ ਵੱਧ ਰਹੀਆਂ ਹਨ, ਅਜਿਹੇ ਵਿੱਚ ਮੈਨੂੰ ਲੱਗਦਾ ਹੈ ਕਿ ਚਾਰ ਪੈਸੇ ਘੱਟ ਨਾਲ ਤਾਂ ਗੁਜ਼ਾਰਾ ਹੋ ਸਕਦਾ ਪਰੰਤੂ ਜਿਸ ਪੀੜਾ ਵਿੱਚ ਬੱਚੇ ਨਿਕਲਦੇ ਹਨ, ਉਹ ਬਹੁਤ ਭਿਆਨਕ ਹੈ। ਬੱਚਿਆਂ ਦਾ ਜਿੰਦਗੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਜੀਵਨ ਤੋਂ ਮਨ ਚੁੱਕਿਆ ਜਾਂਦਾ ਹੈ, ਉਦਾਸ, ਚਿੰਤਾਤੁਰ, ਮੁਰਝਾਏ ਚਿਹਰਿਆਂ ਤੋਂ ਰੌਣਕਾਂ ਉੱਡੀਆਂ ਰਹਿੰਦੀਆਂ ਹਨ। ਇਸਦਾ ਇੱਕ ਹੋਰ ਕਾਰਣ ਵੀ ਹੈ, ਜਿਸ ਵਿੱਚ ਮਾਪੇ ਬੱਚਿਆਂ ਤੋਂ ਬਹੁਤ ਜਿਆਦਾ ਇਛਾਵਾਂ ਰੱਖ ਲੈਂਦੇ ਹਨ, ਪਰ ਉਨ੍ਹਾਂ ਨੂੰ ਪੂਰਿਆਂ ਕਰਨ ਲਈ ਉਨ੍ਹਾਂ ਦਾ ਸਾਥ ਨਹੀਂ ਦਿੱਤਾ ਜਾਂਦਾ ਬਸ ਨਤੀਜੇ ਮੰਗੇ ਜਾਂਦੇ ਹਨ।

(ਬਾਕੀ ਸਫ਼ਾ 34 'ਤੇ)



# ਬੱਚਿਆਂ 'ਚ ਮਾਨਸਿਕ ਵਿਕਾਸ ਸੰਬੰਧੀ ਰੌਚਕ ਤੱਥ



ਸਰਬਜੀਤ ਕੌਰ ਸਰਬ

ਤੁਸੀਂ ਆਪਣੇ ਬੱਚੇ ਨੂੰ 20ਵੀਂ ਵਾਰ ਖਾਣਾ ਖਾਣ ਲਈ ਕਹਿੰਦੇ ਹੋ, ਪਰ ਫਿਰ ਵੀ ਉਹ ਉੱਥੇ ਬੈਠਦਾ ਹੈ, ਪੂਰੀ ਤਰ੍ਹਾਂ ਅਣਚਾਹੇ। ਆਖਰਕਾਰ, ਇੱਥੇ ਕੋਈ ਸਮਾਂ ਨਹੀਂ ਬਚਿਆ ਹੈ, ਸਕੂਲ ਦੀ ਘੰਟੀ ਤਿੰਨ ਮਿੰਟਾਂ ਵਿੱਚ ਵੱਜੇਗੀ ਅਤੇ ਤੁਹਾਨੂੰ ਘਰ ਤੋਂ ਜਲਦੀ ਬਾਹਰ ਨਿਕਲਣਾ ਪਵੇਗਾ। ਹੋ ਸਕਦਾ ਹੈ ਕਿ ਤੁਹਾਡੇ ਬੱਚੇ ਨੇ ਇੱਕ ਜਾਂ ਦੋ ਮੂੰਹ ਭਰ ਕੇ ਖਾਧਾ ਹੋਵੇ, ਹੋ ਸਕਦਾ ਹੈ ਕਿ ਉਸ ਕੋਲ ਕੁਝ ਵੀ ਨਾ ਹੋਵੇ। ਤੁਸੀਂ ਅਤੇ ਤੁਹਾਡਾ ਬੱਚਾ ਦੋਵੇਂ ਬੇਚੈਨ ਅਤੇ ਤਣਾਅਗ੍ਰਸਤ ਹੋ।

**ਕਿੰਨੇ ਬੱਚੇ ਨਾਸ਼ਤਾ ਛੱਡਦੇ ਹਨ ?**

ਖੋਜ ਸਾਨੂੰ ਦੱਸਦੀ ਹੈ ਕਿ ਬਹੁਤ ਸਾਰੇ ਬੱਚੇ ਨਾਸ਼ਤਾ ਨਹੀਂ ਕਰਦੇ।ਸਾਡੇ ਕੋਲ ਸਭ ਤੋਂ ਤਾਜ਼ਾ ਡਾਟਾ ਲਗਭਗ ਦਸ ਸਾਲ ਪੁਰਾਣਾ ਹੈ। ਪਰ 2011-12 ਤੱਕ, ਦੋ ਤੋਂ 17 ਸਾਲ ਦੀ ਉਮਰ ਦੇ ਲਗਭਗ 12% ਲੜਕੇ ਅਤੇ 15% ਕੁੜੀਆਂ ਨਾਸ਼ਤਾ ਛੱਡ ਦਿੰਦੀਆਂ ਹਨ। ਇਹ ਸਭ ਉਮਰ ਦੇ ਨਾਲ ਵਧਦਾ ਹੈ।ਜਦੋਂ ਤੱਕ ਬੱਚੇ 14 ਤੋਂ 17 ਸਾਲ ਦੇ ਹੁੰਦੇ ਹਨ, ਲਗਭਗ 25% ਲੜਕੇ ਅਤੇ 36% ਕੁੜੀਆਂ ਖਾਣਾ ਨਹੀਂ ਖਾਂਦੇ। ਇਹ ਨਤੀਜੇ ਕੁਝ ਹੱਦ ਤੱਕ ਦੁਨੀਆ ਭਰ ਵਿੱਚ ਨਾਸ਼ਤਾ ਛੱਡਣ ਦੀਆਂ ਰਿਪੋਰਟ ਕੀਤੀਆਂ ਦਰਾਂ ਦੇ ਸਮਾਨ ਹਨ।

**ਦਿਨ ਦਾ ਪਹਿਲਾ ਭੋਜਨ ਕਿੰਨਾ ਮਹੱਤਵਪੂਰਨ ਹੈ ?**

ਤੁਸੀਂ ਇਹ ਪਹਿਲਾਂ ਸੁਣਿਆ ਹੋਵੇਗਾ ਅਤੇ ਇਹ ਇਸ ਲਈ ਹੈ ਕਿਉਂਕਿ ਨਾਸ਼ਤਾ ਅਸਲ ਵਿੱਚ ਮਹੱਤਵਪੂਰਨ ਹੈ। ਜਿਵੇਂ ਕਿ ਖੋਜ ਦਰਸਾਉਂਦੀ ਹੈ, ਨਾਸ਼ਤਾ ਛੱਡਣਾ ਘੱਟ ਖੁਰਾਕ ਦੀ ਗੁਣਵੱਤਾ ਨਾਲ ਜੁੜਿਆ ਹੋਇਆ ਹੈ।ਉਦਾਹਰਨ ਲਈ, ਅਧਿਐਨ ਦੇ ਦਿਨ ਨਾਸ਼ਤਾ ਛੱਡਣ ਵਾਲੇ ਦੋ ਤੋਂ 12 ਸਾਲ ਦੀ ਉਮਰ ਦੇ ਬੱਚਿਆਂ 'ਤੇ 2018 ਦੀ ਯੂਐਸ ਖੋਜ ਨੇ ਪਾਇਆ ਕਿ ਉਨ੍ਹਾਂ ਦੀ ਰੋਜ਼ਾਨਾ ਊਰਜਾ ਦੀ ਮਾਤਰਾ ਦਾ 36% ਸਨੈਕਸ ਤੋਂ ਆਇਆ, ਜਦੋਂ ਕਿ ਨਾਸ਼ਤਾ ਕਰਨ ਵਾਲਿਆਂ ਵਿੱਚ ਇਹ 29% ਸੀ। ਨਾਸ਼ਤਾ ਕਰਨ ਵਾਲਿਆਂ ਵਿੱਚ ਫਾਈਬਰ, ਫੋਲੇਟ, ਵਿਟਾਮਿਨ ਏ, ਆਇਰਨ ਅਤੇ ਕੈਲਸ਼ੀਅਮ-ਬੱਚਿਆਂ ਵਿੱਚ ਸਰੀਰਕ ਅਤੇ ਮਾਨਸਿਕ ਵਿਕਾਸ ਅਤੇ ਵਿਕਾਸ ਲਈ ਸਾਰੇ ਮਹੱਤਵਪੂਰਨ ਪੌਸ਼ਟਿਕ ਤੱਤ-ਨਾਸ਼ਤਾ ਕਰਨ ਵਾਲੇ ਬੱਚਿਆਂ ਨਾਲੋਂ ਘੱਟ ਮਾਤਰਾ ਵਿੱਚ ਸਨ। ਉਹਨਾਂ ਦਾ ਪ੍ਰੋਸੈਸਡ ਅਤੇ ਅਲਟਰਾ ਪ੍ਰੋਸੈਸਡ ਭੋਜਨਾਂ ਦਾ ਸੇਵਨ ਵੀ ਜ਼ਿਆਦਾ ਸੀ।ਬੱਚਿਆਂ ਅਤੇ ਕਿਸ਼ੋਰਾਂ ਵਿੱਚ 16 ਅਧਿਐਨਾਂ ਦੀ ਸਮੀਖਿਆ ਇਹ ਵੀ ਦਰਸਾਉਂਦੀ ਹੈ ਕਿ ਇਸ ਉਮਰ ਸਮੂਹ ਵਿੱਚ ਨਾਸ਼ਤਾ ਛੱਡਣਾ ਮੋਟਾਪੇ ਅਤੇ ਵੱਧ ਭਾਰ ਹੋਣ ਦੇ ਵਧੇਰੇ ਜੋਖਮ ਨਾਲ ਜੁੜਿਆ ਹੋਇਆ ਹੈ। ਅਤੇ ਇਸ ਨਾਲ ਬੱਚਿਆਂ ਵਿੱਚ ਟਾਈਪ 2 ਡਾਇਬਟੀਜ਼ ਦਾ ਖ਼ਤਰਾ ਵੱਧ ਸਕਦਾ ਹੈ। ਇੱਕ ਅਧਿਐਨ ਜਿਸ ਵਿੱਚ ਬੱਚਿਆਂ ਵਿੱਚ ਨਾਸ਼ਤੇ ਦੀ ਖਪਤ ਨੂੰ ਦੇਖਿਆ ਗਿਆ ਅਤੇ ਫਿਰ ਬਾਲਗ ਹੋਣ ਤੱਕ ਉਹਨਾਂ ਦਾ ਪਾਲਣ ਕੀਤਾ ਗਿਆ ਤਾਂ ਪਾਇਆ ਗਿਆ ਕਿ ਜੇਕਰ ਉਹ ਨਾਸ਼ਤਾ ਛੱਡਣਾ ਜਾਰੀ ਰੱਖਦੇ ਹਨ ਤਾਂ ਉਹਨਾਂ ਦੇ ਦਿਲ ਦੀ ਸਿਹਤ ਅਤੇ ਮੈਟਾਬੋਲਿਕ ਸਿੰਡਰੋਮ ਅਤੇ ਡਾਇਬੀਟੀਜ਼ ਵਰਗੀਆਂ ਬਿਮਾਰੀਆਂ 'ਤੇ ਨੁਕਸਾਨਦੇਹ ਪ੍ਰਭਾਵਾਂ ਦਾ ਵਧੇਰੇ ਜੋਖਮ ਹੁੰਦਾ ਹੈ।ਇਹ ਸਿੱਖਣ ਲਈ ਵੀ ਜ਼ਰੂਰੀ ਹੈ ਨਾਸ਼ਤਾ ਛੱਡਣ ਦਾ ਮਤਲਬ ਹੈ ਕਿ ਸਰੀਰ ਵਿੱਚ ਕਾਫ਼ੀ ਗਲੂਕੋਜ਼ ਨਹੀਂ ਹੈ (ਕਾਰਬੋਹਾਈਡਰੇਟ ਨੂੰ ਤੋੜਨ ਤੋਂ), ਜਿਸ ਨੂੰ ਦਿਮਾਗ ਆਪਣੇ ਊਰਜਾ ਸਰੋਤ ਵਜੋਂ ਤਰਜੀਹ ਦਿੰਦਾ ਹੈ। ਗਲੂਕੋਜ਼ ਦਿਮਾਗ ਦੇ ਸੈੱਲਾਂ ਵਿਚਕਾਰ ਸੰਦੇਸ਼ ਭੇਜਣ ਲਈ ਊਰਜਾ ਪ੍ਰਦਾਨ ਕਰਦਾ ਹੈ ਅਤੇ ਨਿਊਰੋਟ੍ਰਾਂਸਮੀਟਰ (ਸਰੀਰ ਵਿੱਚ ਰਸਾਇਣਕ ਸੰਦੇਸ਼) ਬਣਾਉਣ ਵਿੱਚ ਮਦਦ ਕਰਦਾ ਹੈ।ਅਧਿਐਨ ਇਹ ਵੀ ਦਰਸਾਉਂਦੇ ਹਨ ਕਿ ਜਿਹੜੇ ਬੱਚੇ ਨਾਸ਼ਤਾ ਕਰਦੇ ਹਨ, ਉਹ ਨਾਸ਼ਤਾ ਛੱਡਣ ਵਾਲਿਆਂ ਨਾਲੋਂ ਅਕਾਦਮਿਕ ਤੌਰ 'ਤੇ ਬਿਹਤਰ ਪ੍ਰਦਰਸ਼ਨ ਕਰਦੇ ਹਨ। ਖਾਸ ਤੌਰ 'ਤੇ, ਨਾਸ਼ਤਾ ਛੱਡਣ ਨਾਲ ਉਨ੍ਹਾਂ ਦੀ ਯਾਦਦਾਸ਼ਤ 'ਤੇ ਅਸਰ ਪੈਂਦਾ ਹੈ ਅਤੇ ਧਿਆਨ ਦੇਣ ਵਾਲੇ ਕੰਮਾਂ 'ਤੇ ਗਲਤੀਆਂ ਦੀ ਗਿਣਤੀ ਹੁੰਦੀ ਹੈ।



ਪ੍ਰਾਪਤੀ 'ਤੇ ਇਹ ਪ੍ਰਭਾਵ ਉਨ੍ਹਾਂ ਬੱਚਿਆਂ ਲਈ ਵਧੇਰੇ ਸਪੱਸ਼ਟ ਹੁੰਦਾ ਹੈ ਜੋ ਸਮੁੱਚੇ ਤੌਰ 'ਤੇ ਲੋੜੀਂਦਾ ਪੌਸ਼ਟਿਕ ਭੋਜਨ ਨਹੀਂ ਖਾਂਦੇ ਹਨ। ਦਿਲਚਸਪ ਗੱਲ ਇਹ ਹੈ ਕਿ ਸਕੂਲ ਦੇ ਨਾਸ਼ਤੇ ਦੇ ਪ੍ਰੋਗਰਾਮਾਂ ਨਾਲ ਅਕਾਦਮਿਕ ਯੋਗਤਾ ਵਿੱਚ ਸੁਧਾਰ ਹੁੰਦਾ ਹੈ, ਪਰ ਇਹ ਸੋਚਿਆ ਜਾਂਦਾ ਹੈ ਕਿ ਅਜਿਹਾ ਇਸ ਲਈ ਹੋ ਸਕਦਾ ਹੈ ਕਿਉਂਕਿ ਬੱਚੇ ਜ਼ਿਆਦਾ ਸਕੂਲ ਜਾਂਦੇ ਹਨ।

**ਬੱਚੇ ਨਾਸ਼ਤਾ ਕਿਉਂ ਨਹੀਂ ਕਰਨਾ ਚਾਹੁੰਦੇ ?**

ਆਸਟ੍ਰੇਲੀਆ ਅਤੇ ਇੰਗਲੈਂਡ ਵਿੱਚ 2014 ਵਿੱਚ ਕੀਤੇ ਗਏ ਇੱਕ ਅਧਿਐਨ ਨੇ ਇਹ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਕਿ ਕਿਸ਼ੋਰ ਨਾਸ਼ਤਾ ਕਿਉਂ ਛੱਡਦੇ ਹਨ। ਇਹ ਪਾਇਆ ਗਿਆ ਕਿ ਕਿਸ਼ੋਰਾਂ ਨੇ ਕਿਹਾ ਕਿ ਉਨ੍ਹਾਂ ਕੋਲ ਸਮਾਂ ਨਹੀਂ ਸੀ, ਭੁੱਖੇ ਨਹੀਂ ਸਨ ਜਾਂ ਨਾਸ਼ਤੇ ਦਾ ਆਨੰਦ ਨਹੀਂ ਲੈਂਦੇ ਸਨ। ਸਿਰਫ ਥੋੜ੍ਹੇ ਜਿਹੇ ਪ੍ਰਤੀਸ਼ਤ ਨੇ ਭਾਰ ਨੂੰ ਕੰਟਰੋਲ ਕਰਨ ਲਈ ਨਾਸ਼ਤਾ ਛੱਡਣ ਦੀ ਰਿਪੋਰਟ ਕੀਤੀ। 6 ਤੋਂ 11 ਸਾਲ ਦੀ ਉਮਰ ਦੇ ਬੱਚਿਆਂ ਦੇ ਸੰਯੁਕਤ ਰਾਜ ਵਿੱਚ 2019 ਦੇ ਇੱਕ ਅਧਿਐਨ ਨੇ ਮਾਪਿਆਂ ਅਤੇ ਬੱਚਿਆਂ ਦੋਵਾਂ ਨੂੰ ਪੁੱਛਿਆ ਕਿ ਉਹ ਕਿਉਂ ਸੋਚਦੇ ਹਨ ਕਿ ਬੱਚੇ ਨਾਸ਼ਤਾ ਛੱਡ ਦਿੰਦੇ ਹਨ। .

(ਬਾਕੀ ਸਫ਼ਾ 35 'ਤੇ)

# ਬਾਕੀਆਂ

## ਬ੍ਰਹਿਮੰਡੀ ਅਕਾਲ ਰੂਪ : ਗੁਰੂ ਨਾਨਕ ਪਾਤਿਸ਼ਾਹ ਜੀ

ਭਲਾ ਕਰਨ ਲਈ ਚੱਲ ਪਏ। ਚੜ੍ਹਿਆ ਸੋਧਣਿ ਧਰਤਿ ਲੁਕਾਈ । ਗੁਰੂ ਪਾਤਸ਼ਾਹ ਨੇ ਧਰਤ ਲੋਕਾਈ ਸੋਧਣ ਹਿਤ ਪੂਰਬ, ਦੱਖਣ, ਉੱਤਰ, ਪੱਛਮ ਚਾਰੇ ਦਿਸ਼ਾਵਾਂ ਵੱਲ ਉਦਾਸੀਆਂ ਕੀਤੀਆਂ। ਉਦਾਸੀਆਂ ਦੇ ਵੇਰਵੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦੁਆਰਾ ਪ੍ਰਕਾਸ਼ਿਤ ਸਿੱਖ ਇਤਿਹਾਸ, ਭਾਗ 1, ਪੁਸਤਕ ਨੂੰ ਮੁੱਖ ਸ੍ਰੋਤ ਵਜੋਂ ਲਿਆ ਗਿਆ ਹੈ।

ਗੁਰੂ ਜੀ ਦੀ ਪਹਿਲੀ ਉਦਾਸੀ ਪ੍ਰਸਿੱਧ ਹਿੰਦੂ ਤੀਰਥਾਂ ਵੱਲ ਸੀ। ਗੁਰੂ ਜੀ ਸੁਲਤਾਨਪੁਰ ਤੋਂ ਚੱਲ ਕੇ ਕੁਕਸ਼ੇਤਰ, ਪਾਣੀਪਤ, ਹਰਿਦੁਆਰ, ਗੋਰਖ ਮਤਾ, ਬਨਾਰਸ, ਮਥੁਰਾ, ਕਾਸ਼ੀ, ਗਯਾ, ਪਟਨਾ, ਕਾਮਰੂਪ (ਆਸਾਮ), ਢਾਕਾ, ਚੌਬੀਹ ਪਰਗਨਾ ਤੋਂ ਜਗਨ ਨਾਥ ਪੁਰੀ ਪਹੁੰਚੇ, ਜਿੱਥੇ ਆਪ ਜੀ ਨੇ ਲੋਕਾਂ ਨੂੰ ਝੂਠੇ ਵਹਿਮਾਂ-ਭਰਮਾਂ ਵਿੱਚੋਂ ਕੱਢ ਕੇ ਹੱਕ ਸੱਚ ਦਾ ਰਾਹ ਵਿਖਾਇਆ ਅਤੇ ਵਾਪਿਸ ਸੁਲਤਾਨਪੁਰ ਆ ਗਏ।

ਪਹਿਲੀ ਉਦਾਸੀ ਤੋਂ ਵਾਪਸ ਆ ਕੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਰਾਵੀ ਦੇ ਕੰਢੇ 'ਤੇ ਇਕ ਪਿੰਡ ਕਰਤਾਰਪੁਰ ਵਸਾਇਆ। ਕੁਝ ਸਮਾਂ ਗੁਰੂ ਜੀ ਨਗਰ ਵਸਾਉਣ ਦੇ ਆਹਰ ਵਿੱਚ ਰੁੱਝੇ ਰਹੇ ਪਰੰਤੂ ਛੇਤੀ ਹੀ ਦੂਜੀ ਉਦਾਸੀ ਲਈ ਚੱਲ ਪਏ।ਗੁਰੂ ਸਾਹਿਬ ਜੀ ਦੂਸਰੀ ਉਦਾਸੀ ਸਮੇਂ ਕਰਤਾਰਪੁਰ ਤੋਂ ਚੱਲ ਕੇ ਧਰਮਕੋਟ, ਭਟਨੇਰ, ਸਰਸਾ, ਅਜਮੇਰ, ਰਾਜਪੂਤਾਨਾ, ਇੰਦੌਰ, ਹੈਦਰਾਬਾਦ, ਗੋਲਕੰਡਾ, ਮਦਰਾਸ, ਪਾਂਡੀਚਰੀ, ਤੰਜੌਰ ਤੋਂ ਸੰਗਲਾਦੀਪ (ਲੰਕਾ) ਪਹੁੰਚੇ ਜੋ ਮੁਸਲਮਾਨਾਂ, ਫਕੀਰਾਂ, ਜੋਗੀਆਂ, ਬੋਧੀਆਂ ਤੇ ਜੈਨੀਆਂ ਦੇ ਪ੍ਰਮੁਖ ਅਸਥਾਨ ਸਨ, ਉਨ੍ਹਾਂ ਨਾਲ ਵਿਚਾਰ ਚਰਚਾ ਕੀਤੀ, ਉਨ੍ਹਾਂ ਨੂੰ ਪ੍ਰਮਾਤਮਾ ਦੀ ਭਗਤੀ ਦਾ ਸਹੀ ਰਾਹ ਵਿਖਾਇਆ ਅਤੇ ਵਾਪਸ ਕਰਤਾਰਪੁਰ ਆ ਗਏ।

ਜਿਵੇਂ ਪਹਿਲੀ 'ਉਦਾਸੀ' ਸਮੇਂ ਸਤਿਗੁਰੂ ਦੀ ਪੁਰਬਾਂ ਸਮੇਂ ਤੀਰਥਾਂ ਉੱਤੇ ਇਕੱਠੇ ਹੋਏ ਯਾਤਰੂਆਂ ਨੂੰ ਅਧਿਆਤਮਿਕ ਜੀਵਨ ਦਾ ਸਹੀ ਰਸਤਾ ਵਿਖਾਉਣ ਦਾ ਯਤਨ ਕਰਦੇ ਰਹੇ ਸਨ, ਤਿਵੇਂ ਹੀ ਉਨ੍ਹਾਂ ਨੇ ਵੱਖ ਵੱਖ ਅਸਥਾਨਾਂ ਦੇ ਦਰਸ਼ਨ ਨੂੰ ਜਾ ਰਹੇ ਯਾਤਰੂਆਂ ਨੂੰ ਇਕ ਪਰਮਾਤਮਾ ਦੀ ਭਗਤੀ ਵੱਲ ਪਰੇਰਿਆ। ਇਸ ਉਦਾਸੀ ਸਮੇਂ ਗੁਰੂ ਜੀ ਕਰਤਾਰਪੁਰ ਤੋਂ ਜੰਮੂ, ਕਸ਼ਮੀਰ, ਮਟਨ, ਸ਼ਿਵਾਲਿਕ, ਸਿਰਮੌਰ, ਗੜ੍ਹਵਾਲ, ਨੇਪਾਲ, ਤਿੱਬਤ ਹੁੰਦੇ ਹੋਏ ਭਾਈ ਮਰਦਾਨੇ ਸਮੇਤ ਜਦੋਂ ਸੁਮੇਰ ਪਰਬਤ ਪਹੁੰਚੇ, ਉੱਥੇ ਸਿੱਧਾਂ ਦੀ ਇਕ ਮੰਡਲੀ ਨਾਲ ਉਨ੍ਹਾਂ ਦੀ ਮੁਲਾਕਾਤ ਹੋਈ। ਗੁਰੂ ਜੀ ਨੇ ਸਿਧਾਂ ਨਾਲ ਗੋਸ਼ਟੀ ਕੀਤੀ, ਉਨ੍ਹਾਂ ਨੂੰ ਸਮਝਾਇਆ ਕਿ ਸਮਾਜ ਵਿੱਚ ਰਹਿ ਕੇ ਹੀ ਸਮਾਜ ਸੁਧਾਰਿਆ ਜਾ ਸਕਦਾ ਹੈ। ਸਮਾਜਿਕ ਜੀਵਨ ਛੱਡਣਾ ਸਹੀ ਰਸਤਾ ਨਹੀਂ ਹੈ। ਕਸ਼ਮੀਰ ਵਿਚ ਮਨੁੱਖ ਬੁੱਤ-ਪੂਜਾ, ਮੂਰਤੀ-ਪੂਜਾ ਬਹੁਤ ਸੀ। ਕਸ਼ਮੀਰ ਵਿਦਵਾਨ ਪੰਡਿਤਾਂ ਦੀ ਰਿਹਾਇਸ਼ ਦਾ ਕੇਂਦਰੀ ਅਸਥਾਨ ਸੀ। ਉਨ੍ਹਾਂ ਦੇ ਪ੍ਰਭਾਵ ਹੇਠ ਕਰਮ-ਕਾਂਡ ਤੇ ਵਰਣ-ਵੰਡ ਦੇ ਕਾਰਨ ਸ਼ੂਦਰ-ਅਖਵਾਉਂਦੇ ਲੋਕ ਬਹੁਤ ਔਖੇ ਸਨ। ਗੁਰੂ ਨਾਨਕ ਦੇਵ ਜੀ ਨੇ ਕਰਮ-ਕਾਂਡ ਅਤੇ ਸ਼ੂਦਰਾਂ ਨਾਲ ਹੋ ਰਹੇ ਮਤ-ਭੇਦ ਦਾ ਖੰਡਨ ਕੀਤਾ। ਕਸ਼ਮੀਰ ਤੋਂ ਵਾਪਸ ਕਰਤਾਰਪੁਰ ਆ ਗਏ।

ਚੌਥੀ ਉਦਾਸੀ ਵਿੱਚ ਆਪ ਜੀ ਦਾ ਰੁਖ ਮੁਸਲਮਾਨੀ ਅਸਥਾਨਾਂ ਵੱਲ ਸੀ। ਕਰਤਾਰਪੁਰ ਤੋਂ ਚੱਲ ਕੇ ਤਲਵੰਡੀ, ਸ਼ਕਰਪੁਰ, ਰੁਹਤਾਸ, ਗਾਜ਼ੀ ਖਾਂ, ਸਿੰਧ ਸਮੇਤ ਵੱਖ ਵੱਖ ਥਾਵਾਂ ਨੂੰ ਭਾਗ ਲਾਉਂਦੇ ਮੱਕੇ ਪਹੁੰਚੇ। ਗੁਰੂ ਨਾਨਕ ਦੇਵ ਜੀ ਆਖ਼ਰੀ ਰਾਤ ਨੂੰ ਕਾਅਬੇ ਵੱਲ ਪੈਰ ਕਰਕੇ ਲੇਟ ਗਏ। ਹਿੰਦੁਸਤਾਨੀ ਕਾਫ਼ਲੇ ਦੇ ਇਕ ਹਾਜੀ ਜੀਊਣ ਨੇ ਗੁਰੂ ਨਾਨਕ ਦੇਵ ਜੀ ਨੂੰ ਪਏ ਵੇਖ ਆਖਿਆ ਕਿ ਇਹ ਕੌਣ ਕਾਫ਼ਰ ਹੈ ਖ਼ੁਦਾ ਦੇ ਘਰ ਵਲ ਪੈਰ ਕਰਕੇ ਪਿਆ ਹੈ ? ਸਤਿਗੁਰੂ ਜੀ ਨੇ ਧੀਰਜ ਨਾਲ ਉਸ ਨੂੰ ਆਖਿਆ ਕਿ ਮੇਰੇ ਪੈਰ ਉਸ ਪਾਸੇ ਕਰ ਦੇ, ਜਿਧਰ ਖ਼ੁਦਾ ਦਾ ਘਰ ਨਹੀਂ ਹੈ। ਜੀਊਣ ਸਮੇਤ ਸਾਰੇ ਹਾਜੀ ਵੀ ਹੈਰਾਨ ਹੋ ਗਏ। ਇਸ ਤੋਂ ਅੱਗੇ ਗੁਰੂ ਜੀ ਮਦੀਨਾ, ਮਿਸਰ, ਸੁਡਾਰ ਤੋਂ ਤੁਰਕ ਹੁੰਦੇ ਹੋਏ ਹਸਨ ਅਬਦਾਲ (ਪੰਜਾ ਸਾਹਿਬ) ਪਹੁੰਚੇ, ਇਥੇ ਰਹਿਣ ਵਾਲਾ ਪੀਰ ਵਲੀ ਕੰਧਾਰੀ ਹੰਕਾਰ ਵਿੱਚ ਲੋਕਾਂ ਨੂੰ ਤੰਗ ਕਰ ਰਿਹਾ ਸੀ, ਜੋ ਉਸ ਦੀ ਈਨ ਨਹੀਂ ਮੰਨਦੇ ਸਨ। ਗੁਰੂ ਜੀ ਦੀ ਮਿਹਰ ਨਾਲ ਉਹ ਮੋਮ-ਦਿਲ ਹੋ ਗਿਆ ਤੇ ਵਲੀ ਕੰਧਾਰੀ ਗੁਰੂ ਸਾਹਿਬ ਦਾ ਸ਼ਰਧਾਲੂ ਹੋ ਗਿਆ। ਉਥੇ ਸਤਿਗੁਰੂ ਜੀ ਦੇ ਆਗਮਨ ਦੀ ਯਾਦ ਵਿਚ ਆਲੀਸ਼ਾਨ ਗੁਰਦੁਆਰਾ 'ਪੰਜਾ ਸਾਹਿਬ' ਹੈ। ਹਸਨ ਅਬਦਾਲ ਤੋਂ ਚਾਲੇ ਪਾ ਗੁਰੂ ਸਾਹਿਬ ਈਰਾਨ, ਕੰਧਾਰ, ਅਫਗਾਨਿਸਤਾਨ ਹੁੰਦੇ ਹੋਏ ਸੈਦਪੁਰ (ਐਮਨਾਬਾਦ) ਆ ਗਏ। ਮੁਸਲਮਾਨ ਸ਼ਾਸ਼ਕ ਬਾਬਰ ਨੇ ਸੈਦਪੁਰ ਤੇ ਹਮਲਾ ਕਰ ਦਿੱਤਾ। ਬਾਬਰ ਦੀ ਜਿੱਤ ਹੋਈ। ਆਮ ਲੋਕਾਂ ਨਾਲ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨੇ ਨੂੰ ਵੀ ਕੈਦ ਕਰ ਲਿਆ। ਗੁਰੂ ਜੀ ਤੇ ਭਾਈ ਮਰਦਾਨਾ ਅਕਾਲ ਪੁਰਖ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਚੱਕੀਆਂ ਪੀਂਹਦੇ ਰਹੇ। ਬਾਬਰ ਤੱਕ ਇਹ ਗੱਲ ਪਹੁੰਚ ਗਈ। ਬਾਬਰ ਆ ਕੇ ਗੁਰੂ ਜੀ ਨੂੰ ਮਿਲਿਆ। ਗੁਰੂ ਜੀ ਨੇ ਉਸ ਨੂੰ ਬਿਨਾ ਕਿਸੇ ਭੈਅ ਤੋਂ ਮਨੁੱਖਤਾ ਦਾ ਰਾਹ ਦੱਸਿਆ। ਬਾਬਰ ਨੇ ਸਾਰੇ ਕੈਦੀਆਂ ਨੂੰ ਛੱਡ ਦਿੱਤਾ ਪਰ ਉਹ ਲੋਕ ਸੈਦਪੁਰ ਵੱਲ ਵਾਪਸ ਜਾਣੋ ਡਰਦੇ ਸਨ। ਗੁਰੂ ਜੀ ਉਨ੍ਹਾਂ ਦੇ ਨਾਲ ਆਏ। ਉੱਜੜੇ, ਸਹਿਮੇ, ਡੌਰੇ-ਭੌਰੇ ਹੋਏ ਲੋਕਾਂ ਨੂੰ ਹੌਂਸਲਾ ਦੇਣ ਲਈ ਗੁਰੂ ਨਾਨਕ ਦੇਵ ਜੀ ਕੁਝ ਦਿਨ ਸੈਦਪੁਰ ਰਹੇ। ਫਿਰ ਗੁਰੂ ਜੀ ਕਰਤਾਰਪੁਰ ਆ ਪਹੁੰਚੇ।

ਗੁਰੂ ਜੀ ਨੂੰ ਕਰਤਾਰਪੁਰ ਵਿੱਚ 9 ਸਾਲ ਹੋ ਗਏ ਸਨ। ਇਸ ਸਮੇਂ ਗੁਰੂ ਨਾਨਕ ਦੇਵ ਜੀ ਦੀ ਉਮਰ 61 ਸਾਲ ਸੀ। ਅੱਚਲ ਜੋਗੀਆਂ ਦਾ ਮੰਦਰ ਸੀ। ਗੁਰੂ ਨਾਨਕ ਦੇਵ ਜੀ ਸ਼ਿਵ-ਰਾਤ੍ਰੀ ਸਮੇਂ ਭਾਈ ਮਰਦਾਨਾ ਜੀ ਨਾਲ ਅੱਚਲ ਆਏ। ਲੋਕ ਜੋਗੀਆਂ ਨੂੰ ਛੱਡ ਕੇ ਗੁਰੂ ਜੀ ਕੋਲ ਆ ਗਏ। ਜੋਗੀ ਵੀ ਗੁਰੂ ਜੀ ਕੋਲ ਆ ਕੇ ਲੱਗੇ ਕਰਾਮਾਤਾਂ ਵਿਖਾਉਣ। ਗੁਰੂ ਜੀ ਨੇ ਜੋਗੀਆਂ ਨੂੰ ਸਮਝਾਇਆ ਕਿ ਸਾਧ-ਸੰਗਤ ਕਰਨੀ ਅਤੇ ਨਾਮ ਸਿਮਰਨ ਹੀ ਅਸਲ ਕਰਾਮਾਤ ਹੈ। ਫਿਰ ਜੋਗੀਆਂ ਨਾਲ ਬੜੀ ਚਰਚਾ ਕੀਤੀ। ਗੁਰੂ ਜੀ ਭਾਈ ਮਰਦਾਨੇ ਸਮੇਤ ਅੱਚਲ ਤੋਂ ਮੁਲਤਾਨ ਪਹੁੰਚ ਗਏ। ਜਿਥੇ ਮੁਸਲਮਾਨ ਦੋ ਤਰ੍ਹਾਂ ਦੀਆਂ ਧਾਰਮਿਕ ਉਕਾਈਆਂ ਕਰ ਰਹੇ ਸਨ : 1. ਕਬਰ-ਪ੍ਰਸਤੀ 2. ਆਪਣੇ ਆਪ ਨੂੰ ਖ਼ੁਦਾ ਆਖਣਾ। ਸਤਿਗੁਰੂ ਜੀ ਨੇ ਉਨ੍ਹਾਂ ਲੋਕਾਂ ਨੂੰ ਇਨ੍ਹਾਂ ਦੋਹਾਂ ਉਕਾਈਆਂ ਵਲੋਂ ਸੁਚੇਤ ਕੀਤਾ। ਮੁਲਤਾਨ ਤੋਂ ਫਿਰ ਗੁਰੂ ਜੀ ਕਰਤਾਰਪੁਰ ਵਾਪਸ ਆ ਗਏ ਅਤੇ ਇਥੇ ਉਹ ਖੇਤੀਬਾੜੀ ਦੇ ਨਾਲ- ਨਾਲ ਇਕ ਰੱਬ, ਇਕ ਲੋਕਾਈ ਅਤੇ ਇਕ ਸਮਾਜ ਦਾ ਉਪਦੇਸ਼ ਦਿੰਦੇ ਰਹੇ।

ਗੁਰੂ ਨਾਨਕ ਦੇਵ ਜੀ ਨੇ 19 ਰਾਗਾਂ ਵਿੱਚ ਬਾਣੀ ਰਚੀ ਜਿਸ ਵਿੱਚ ਮੂਲ ਮੰਤਰ, ਚਉਪਦੇ, ਅਸ਼ਟਪਦੀਆਂ, ਪਉੜੀਆਂ, ਸਲੋਕ, ਪਹਰੇ, ਅਲਾਹਣੀਆਂ, ਸੋਲਹੇ ਆਦਿ ਸਿਰੀ, ਮਾਝ, ਗਾਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ , ਬਸੰਤ, ਸਾਰਗ, ਮਲਾਰ ਅਤੇ ਪਰਭਾਤੀ ਰਾਗ ਵਿੱਚ ਅੰਕਿਤ ਹਨ। ਇਸ ਤੋਂ ਇਲਾਵਾ ਲੰਮੀਆਂ ਬਾਣੀਆਂ ਵਿੱਚ ਜਪੁ, ਪਹਰੇ, ਵਾਰ ਮਾਝ, ਪਟੀ, ਵਾਰ ਆਸਾ, ਅਲਾਹਣੀਆਂ, ਕੁਚਜੀ-ਸੁਚਜੀ, ਥਿਤੀ, ਉਅੰਕਾਰ, ਸਿਧ ਗੋਸਟਿ, ਬਾਰਹਮਾਹਾ ਅਤੇ ਵਾਰ ਮਲਾਰ ਹਨ।

ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਦੀਆਂ ਬੜੀਆਂ ਕਰੜੀਆਂ ਪ੍ਰੀਖਿਆਵਾਂ ਲਈਆਂ। ਗੁਰੂ ਜੀ ਦੀ ਉਮਰ ਇਸ ਸਮੇਂ ਲਗਭਗ 70 ਸਾਲ ਸੀ। ਗੁਰਿਆਈ ਦੀ ਚੋਣ ਸਮੇਂ ਯੋਗਤਾ ਨੂੰ ਮੁੱਖ ਰੱਖਦਿਆਂ ਆਪਣੇ ਸਾਹਿਬਜ਼ਾਦਿਆਂ, ਭਾਈ ਲਹਿਣਾ ਤੇ ਸਿੱਖਾਂ ਵਿਚੋਂ ਭਾਈ ਲਹਿਣਾ ਜੀ ਨੂੰ ਹਰ ਤਰ੍ਹਾਂ ਨਾਲ ਯੋਗ ਵੇਖ ਗੁਰਗੱਦੀ ਦੇਣ ਦਾ ਫੈਸਲਾ ਕੀਤਾ, ਸੋ ਉਨ੍ਹਾਂ ਜੂਨ ਸੰਨ 1539 ਈ. ਨੂੰ ਆਪਣੇ ਪ੍ਰੇਮੀ ਬਾਬੇ ਬੁੱਢੇ ਨੂੰ ਬੁਲਾਇਆ। ਆਪ ਜੀ ਨੇ ਪੰਜ ਪੈਸੇ ਤੇ ਨਾਰੀਅਲ ਭਾਈ ਲਹਿਣੇ ਅੱਗੇ ਰੱਖ ਕੇ ਮੱਥਾ ਟੇਕਿਆ ਤੇ ਬਾਬੇ ਬੁੱਢੇ ਨੇ ਲਹਿਣਾ ਜੀ ਦੇ ਮੱਥੇ 'ਤੇ ਤਿਲਕ ਲਗਾਇਆ, ਤੇ ਇਸ ਤਰ੍ਹਾਂ ਲਹਿਣਾ ਜੀ ਗੁਰੂ ਅੰਗਦ ਦੇਵ ਜੀ ਬਣ ਗਏ। ਗੁਰਤਾ ਦੇਣ ਵੇਲੇ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਉਹ ਸਾਰੀ ਪੋਥੀ ਵੀ ਦੇ ਦਿੱਤੀ, ਜਿਸ ਉੱਤੇ ਆਪਣੀ ਸਾਰੀ ਬਾਣੀ ਲਿਖਦੇ ਰਹੇ ਸਨ। ਸੰਨ 1532 ਤੋਂ ਸੰਨ 1539 ਤੱਕ ਸੱਤ ਸਾਲ ਬਾਬਾ ਲਹਿਣਾ ਜੀ ਨੂੰ ਗੁਰੂ ਨਾਨਕ ਦੇਵ ਜੀ ਦੀ ਸੰਗਤ ਹਾਸਲ ਰਹੀ। ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦੇ ਕੇ ਆਪ 1539 ਈਸਵੀ ਨੂੰ ਜੋਤੀ ਜੋਤਿ ਸਮਾ ਗਏ।

**ਵਿਅਕਤੀਤਵ** :ਗੁਰੂ ਜੀ ਦਾ ਵਿਅਕਤੀਤਵ ਬੜਾ ਅਦਭੁਤ ਸੀ। ਜਿਸ ਵਾਰੇ ਪ੍ਰਸਿੱਧ ਸਿੱਖ ਵਿਦਵਾਨ ਡਾ. ਰਤਨ ਸਿੰਘ ਜੱਗੀ ਜੀ ਲਿਖਦੇ ਹਨ ਉਹ ਨੱਬੀ ਵੀ ਸਨ ਅਤੇ ਲੋਕ-ਨਾਇਕ ਵੀ, ਉਹ ਸਾਧਕ ਵੀ ਸਨ ਅਤੇ ਉਪਦੇਸ਼ਕ ਵੀ। ਉਹ ਸ਼ਾਇਰ ਵੀ ਸਨ ਅਤੇ ਈਸ਼ਵਰੀ ਦਰਬਾਰ ਦੇ ਢਾਡੀ ਵੀ । ਉਹ ਗ੍ਰਿਹਸਥੀ ਵੀ ਸਨ ਅਤੇ ਵੈਰਾਗੀ ਵੀ। ਉਨ੍ਹਾਂ ਦੀ ਸਾਧਨਾ ਵਿਚ ਅਪਾਰ ਸ਼ਕਤੀ ਸੀ । ਉਨ੍ਹਾਂ ਨੇ ਬਾਂਹ ਉਠਾ ਕੇ ਅਨਾਚਾਰ ਅਤੇ ਅਧਰਮ ਦੇ ਭਿਆਨਕ ਝਖੜ ਨੂੰ ਰੋਕ ਦਿੱਤਾ ਅਤੇ ਦੁਖਿਆਰੀ ਮਨੁੱਖਤਾ ਨੂੰ ਸ਼ਾਂਤੀ ਪ੍ਰਦਾਨ ਕੀਤੀ। ਉਹ ਉਦਾਰ ਮਨ ਵਾਲੇ ਸੁਤੰਤਰ ਚਿੰਤਕ ਸਨ। ਉਦਾਰ ਇਸ ਲਈ ਕਿ ਉਨ੍ਹਾਂ ਨੇ ਪੂਰਬ-ਵਰਤੀ ਸਾਰੇ ਦਰਸ਼ਨਾਂ, ਧਰਮਾਂ ਅਤੇ ਸੰਪ੍ਰਦਾਵਾਂ ਤੋਂ ਆਪਣੀ ਵਿਵੇਕ ਬੁੱਧੀ ਅਤੇ ਸਵੈ-ਅਨੁਭਵ ਦੀ ਕਸੌਟੀ ਉਤੇ ਪਰਖ ਕੇ, ਬਿਨਾ ਕਿਸੇ ਭੇਦ-ਭਾਵ ਦੇ, ਉਹ ਸਭ ਕੁਝ ਗ੍ਰਹਿਣ ਕਰ ਲਿਆ, ਜੋ ਸਦੀਵੀ ਸੀ, ਜਿਸ ਦੁਆਰਾ ਮਾਨਵਤਾ ਦਾ ਵਿਕਾਸ ਸੰਭਵ ਸੀ ਅਤੇ ਜੋ ਹਰ ਇਕ ਯੁਗ ਲਈ ਹਮੇਸ਼ਾਂ ਨਵਾਂ ਸੀ। ਸੁਤੰਤਰ ਚਿੰਤਕ ਉਹ ਇਸ ਲਈ ਸਨ ਕਿ ਉਨ੍ਹਾਂ ਨੇ ਕੇਵਲ ਉਹੀ ਕੁਝ ਅਪਣਾਇਆ ਜੋ ਯੁਗ ਅਨੁਕੂਲ ਸ੍ਰੇਸ਼ਠ ਸੀ, ਬਾਕੀ ਸਭ ਕੁਝ ਉਨ੍ਹਾਂ ਦਾ ਆਪਣਾ ਸੀ। ਅਸਲ ਵਿਚ, ਉਨ੍ਹਾਂ ਦਾ ਵਿਅਕਤਿਤਵ ਇਕ ਖੁਲ੍ਹੀ ਹੋਈ ਧਰਮ-ਪੁਸਤਕ ਹੈ ਜਿਸ ਨੂੰ ਕੋਈ ਵੀ ਪੜ੍ਹ ਕੇ ਆਪਣਾ ਜੀਵਨ ਸੁਧਾਰ ਸਕਦਾ ਹੈ।

**ਸਿੱਖਿਆਵਾਂ** : ਗੁਰੂ ਨਾਨਕ ਪਾਤਸ਼ਾਹ ਜੀ ਦਸਦੇ ਹਨ ਕਿ ਪਰਮਾਤਮਾ ਇਕ ਹੈ ਤੇ ਉਸ ਇਕ ਹੀ ਪਰਮਾਤਮਾ ਦੀ ਭਗਤੀ ਕਰਨੀ ਚਾਹੀਦੀ ਹੈ। ਪਰਮਾਤਮਾ ਹਰ ਜਗ੍ਹਾ ਅਤੇ ਹਰ ਪ੍ਰਾਣੀ ਚ ਮੌਜੂਦ ਹੈ। ਸਿੱਖ ਚਿੰਤਕ ਪ੍ਰੋਫੈਸਰ ਕਰਮਜੀਤ ਸਿੰਘ ਜੀ ਅਨੁਸਾਰ, ਗੁਰੂ ਸਾਹਿਬ ਜੀ ਕਿਰਤ ਦੀ ਮਹੱਤਤਾ ਬਾਰੇ ਦੱਸਦੇ ਹਨ ਕਿ ਕਿਰਤ ਨੂੰ ਸਿਰਫ ਆਰਥਿਕ ਖੁਸ਼ਹਾਲੀ ਦਾ ਆਧਾਰ ਨਹੀਂ ਮੰਨਣਾ ਚਾਹੀਦਾ, ਸਗੋਂ ਸੱਚੀ ਕਿਰਤ ਜਿੱਥੇ ਸਮਾਜ ਦੇ ਵਿਕਾਸ ਦਾ ਮੁੱਖ ਆਧਾਰ ਹੁੰਦੀ ਹੈ, ਉੱਥੇ ਹੀ ਸੱਚ ਦਾ ਮਾਰਗ ਵੀ ਕਿਰਤ ਦੁਆਰਾ ਪਛਾਣਿਆ ਜਾ ਸਕਦਾ ਹੈ। ਗੁਰੂ ਜੀ ਨੇ ਖੁਦ ਮੱਝਾਂ ਚਾਰ ਕੇ, ਮੋਦੀ ਖਾਨੇ ਨੌਕਰੀ ਕਰਕੇ ਤੇ ਖੇਤੀਬਾੜੀ ਦਾ ਕਿੱਤਾ ਕਰਕੇ 'ਕਿਰਤ' ਦੀ ਮਹੱਤਤਾ ਨੂੰ ਦਰਸਾਇਆ। ਈਮਾਨਦਾਰੀ ਦੀ ਕਮਾਈ ਕਰਕੇ ਆਦਮਨ ਦਾ ਕੁਝ ਹਿੱਸਾ ਲੋੜਵੰਦਾਂ ਨੂੰ ਦਾਨ ਕਰਨਾ ਚਾਹੀਦਾ ਹੈ। ਗੁਰੂ ਜੀ ਨੇ ਕਾਮ, ਕ੍ਰੋਧ, ਲੋਭ, ਮੋਹ, ਮਾਇਆ ਨੂੰ ਮਨੁੱਖ ਦੇ ਸਭ ਤੋਂ ਵੱਡੇ ਦੁਸ਼ਮਣ ਕਿਹਾ ਹੈ। ਜਿਨ੍ਹਾਂ ਦਾ ਸੰਗ ਮਨੁੱਖ ਨੂੰ ਉਸ ਦੇ ਜੀਵਨ ਦੇ ਮੂਲ ਉਦੇਸ਼ ਤੋਂ ਦੂਰ ਕਰ ਦਿੰਦਾ ਹੈ। ਗੁਰੂ ਜੀ ਸੱਚ ਨੂੰ ਸਭ ਤੋਂ ਵੱਡਾ ਮੰਨਦੇ ਹਨ ਅਤੇ ਸੱਚੇ-ਸੁੱਚੇ ਜੀਵਨ ਨੂੰ ਉਸ ਤੋਂ ਵੀ ਉੱਚਾ ਕਿਹਾ ਹੈ। ਗੁਰੂ ਜੀ ਨੇ ਮਨੁੱਖ ਨੂੰ ਭਾਣਾ ਮੰਨਣ ਭਾਵ ਪਰਮਾਤਮਾ ਦੀ ਰਜ਼ਾ ਵਿੱਚ ਰਾਜ਼ੀ ਰਹਿਣ ਦਾ ਉਪਦੇਸ਼ ਦਿੱਤਾ ਹੈ। ਮਨੁੱਖ ਨੂੰ ਹਰ ਸਥਿਤੀ ਵਿੱਚ ਚੜ੍ਹਦੀਕਲਾ ਵਿੱਚ ਰਹਿੰਦੇ ਹੋਏ ਸਰਬੱਤ ਦਾ ਭਲਾ ਮੰਗਣ ਦਾ ਉਪਦੇਸ਼ ਦਿੱਤਾ ਹੈ। ਗੁਰੂ ਜੀ ਦਾ ਸਮਾਜ ਨੂੰ ਉਪਦੇਸ਼ ਹੈ ਕਿ ਵਿਦਿਆ ਪ੍ਰਾਪਤੀ ਦਾ ਇਕੋ ਇਕ ਉਪਦੇਸ਼ ਪਰਉਪਕਾਰ ਹੋਣਾ ਚਾਹੀਦਾ ਹੈ। ਗੁਰਬਾਣੀ ਸਿਧਾਂਤ ਹੈ : ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ ਉਨ੍ਹਾਂ ਨੇ ਮਿੱਠਤ ਤੇ ਨਿਮਰਤਾ ਨੂੰ ਮਨੁੱਖਤਾ ਦਾ ਉੱਤਮ ਗੁਣ ਮੰਨਿਆ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਦਿੱਤਾ। 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਦਾ ਉਪਦੇਸ਼ ਦਿੰਦੇ ਹੋਏ ਔਰਤ ਨੂੰ ਸਮਾਜ ਵਿੱਚ ਬਰਾਬਰਤਾ ਦਾ ਦਰਜਾ ਦਿੱਤਾ।

***

## ਤਾਂਤਰਿਕਾਂ ਤੇ ਪਖੰਡਵਾਦ ਵਿਰੁਧ

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ।
ਤਿਨ ਕਿਉ ਨਿਰਮਲੁ ਚੀਤੁ॥
(ਮਾਝ ਮਹਲਾ ੧, ਅੰਗ : ੧੪੦)

ਭਾਵੇਂ ਇਸ ਧਰਤੀ 'ਤੇ ਕਿਰਤ ਕਰਨ ਵਾਲੇ, ਨਾਮ ਜਪਣ ਵਾਲੇ ਤੇ ਵੰਡ ਛਕਣ ਵਾਲੇ ਭਲੇ ਪੁਰਖਾਂ ਦੀ ਵੀ ਬਹੁਤਾਤ ਹੈ, ਜਿਨ੍ਹਾਂ ਦੇ ਜੀਵਨ ਵਿਚੋਂ ਗੁਰੂ ਨਾਨਕ ਸਿੱਖਿਆ ਪ੍ਰਤੱਖ ਝਲਕਦੀ ਹੈ, ਪਰ ਸਿੱਕੇ ਦੇ ਦੂਜੇ ਪਾਸੇ ਵਾਂਗ ਧਾਗੇ ਤਵੀਤ ਕਰਨ ਤੋਂ ਲੈ ਕੇ ਲਿਖ-ਲਿਖ ਕੇ ਮੰਤਰ ਤੇ ਨਾਮ ਵੇਚਣ ਵਾਲੇ ਵੀ ਸਾਧਾਰਨ ਮਾਨਵਤਾ ਨੂੰ ਭਰਮ ਪਾ ਕੇ ਲੁੱਟਣ ਲਈ ਵੱਡੀ ਗਿਣਤੀ 'ਚ ਕਾਰਜਸ਼ੀਲ ਹਨ। ਗੁਰੂ ਜੀ ਦੇ ਇਹ ਬਚਨ ਜਾਗ੍ਰਤ ਕਰਦੇ ਹਨ :

ਧ੍ਰਿਗ ਤਿਨਾ ਕਾ ਜੀਵਿਆ।
ਜਿ ਲਿਖ ਲਿਖ ਵੇਚਹਿ ਨਾਉ॥
(ਸਾਰੰਗ ਕੀ ਵਾਰ, ਮਹਲਾ ੧, ਅੰਗ : ੧੨੪੫)

ਤੱਤਸਾਰ ਵਜੋਂ ਸਾਹਿਬ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੀ ਬਾਣੀ ਸਮੂਹ ਸਮਾਜ ਨੂੰ ਭਰਮ ਮੁਕਤ ਕਰਦੀ ਹੈ ਅਤੇ ਹਰ ਯੁੱਗ ਵਿਚ ਵਿਸ਼ਵ ਨੂੰ ਮਹਾਨ ਸੰਦੇਸ਼ ਹੈ। ਗੁਰੂ ਜੀ ਨੇ ਰਾਗ ਸੂਹੀ ਵਿਚ ਸ਼ਬਦ ਉਚਾਰਿਆ ਹੈ, ਜਿਸ ਦੇ ਭਾਵ ਅਰਥ ਹਨ ਕਿ ਜਿਵੇਂ ਦੀਵੇ ਦੇ ਜਗਣ ਨਾਲ ਹਨੇਰਾ ਦੂਰ ਹੋ ਜਾਂਦਾ ਹੈ, ਤਿਵੇਂ ਹੀ ਦੀਰਘ ਵਿਚਾਰ ਨਾਲ ਕੀਤੇ ਧਰਮ ਪੁਸਤਕਾਂ ਦੇ ਪਾਠ ਪਾਪਾਂ ਦੀ ਮੱਤ ਦਾ ਕਲਿਆਣ ਕਰ ਦਿੰਦੇ ਹਨ। ਜਿਵੇਂ ਸੂਰਜ ਦੇ ਪ੍ਰਕਾਸ਼ ਹੋਣ ਨਾਲ ਰਾਤ ਦਾ ਹਨੇਰਾ ਦਿਖਾਈ ਨਹੀਂ ਦਿੰਦਾ, ਇਸੇ ਤਰ੍ਹਾਂ ਗਿਆਨ ਦਾ ਪ੍ਰਕਾਸ਼ ਹੋਣ ਨਾਲ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ। ਫ਼ੁਰਮਾਣ ਹੈ :

ਦੀਵਾ ਬਲੈ ਅੰਧੇਰਾ ਜਾਇ॥
ਬੇਦ ਪਾਠ ਮਤਿ ਪਾਪਾ ਖਾਇ॥
ਉਗਵੈ ਸੂਰੁ ਨ ਜਾਪੈ ਚੰਦੁ॥
ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ॥
(ਅੰਗ : ੭੯੧)

***

## ਮੁਸਲਿਮ ਇਤਿਹਾਸਕਾਰਾਂ ਦੇ ਸਾਹਿਤ ...

ਗਿਆਨ ਪ੍ਰਾਪਤੀ ਅਤੇ ਜੋਤੀ ਜੋਤਿ ਸਮਾਉਣ ਦੀਆਂ ਮਿਤੀਆਂ ਇਸ ਵਿਚ ਆਮ ਪ੍ਰਚੱਲਿਤ ਮਿਤੀਆਂ ਤੋਂ ਵੱਖਰੀਆਂ ਦਿੱਤੀਆਂ ਗਈਆਂ ਹਨ। ਗੁਰੂ ਨਾਨਕ ਦੇਵ ਜੀ ਦਾ ਜਨਮ, ਮੁੱਢਲਾ ਜੀਵਨ, ਵਿਆਹ, ਗਿਆਨ ਪ੍ਰਾਪਤੀ, ਪੁੱਤਰਾਂ ਦਾ ਜਨਮ, ਯਾਤਰਾਵਾਂ, ਅਤੇ ਸਿੱਖਿਆਵਾਂ ਬਾਰੇ ਵਰਨਣ ਕੀਤਾ ਹੈ। ਲੇਖਕ ਅਨੁਸਾਰ ਗੁਰੂ ਨਾਨਕ ਦੇਵ ਨੂੰ ਯਾਤਰਾਵਾਂ ਦੌਰਾਨ ਰਸਤੇ ਵਿਚ ਜਦੋਂ ਵੀ ਕਿਸੇ ਦਰਵੇਸ਼ ਜਾਂ ਸੂਫ਼ੀ-ਸੰਤ, ਬਾਰੇ ਜਾਣਕਾਰੀ ਮਿਲਦੀ ਹੈ ਤਾਂ ਉਸ ਨੂੰ ਮਿਲਣ ਲਈ ਆਪ ਜਾਂਦੇ ਸਨ। ਸ਼ੇਖ਼ ਫ਼ਰੀਦ ਦੇ ਗੱਦੀ ਨਸ਼ੀਨ, ਸ਼ਾਹ ਅਬਦੁਰ ਰਹਿਮਾਨ, ਵਲੀ ਕੰਧਾਰੀ ਆਦਿ ਸੂਫ਼ੀਆਂ ਨਾਲ ਗੁਰੂ ਨਾਨਕ ਦੇਵ ਦੀ ਵਾਰਤਾ ਬਾਰੇ ਜ਼ਿਕਰ ਮਿਲਦਾ ਹੈ।

ਮੁਫਤੀ ਅਲੀਉਦਦੀਨ ਦੀ ਇਬਰਤਨਾਮਾ ਕਿਤਾਬ ਅਨੁਸਾਰ ਬੇਦੀ ਵੰਸ਼ ਦੇ ਕਾਲੂ ਖ਼ੱਤਰੀ ਦੇ ਘਰ ਦੋ ਬੱਚਿਆਂ ਦੀ ਰੱਬ ਵਲੋਂ ਬਖਸ਼ਿਸ਼ ਹੋਈ। ਉਸ ਸਮੇਂ ਭਾਰਤ ਉਪਰ ਲੋਧੀ ਵੰਸ਼ ਦੇ ਸੁਲਤਾਨਾਂ ਦਾ ਰਾਜ ਸੀ। ਕਾਲੂ ਦਾ ਸਬੰਧ ਤਲਵੰਡੀ ਰਾਏ ਭੋਇ ਭੱਟੀ ਨਾਲ ਸੀ, ਜੋ ਸੂਬਾ ਲਾਹੌਰ ਵਿਚ ਬਾਰ ਦੁਆਬ ਰਚਨਾ ਨਬੀਪੁਰ ਕੁਰਸੈਨ ਦੀ ਉਲਟ ਦਿਸ਼ਾ ਵਿਚ ਸੀ। ਲੜਕੇ ਦਾ ਨਾਮ ਨਾਨਕ ਅਤੇ ਲੜਕੀ ਦਾ ਨਾਨਕੀ ਸੀ। ਨਾਨਕ ਦਾ ਵਿਆਹ ਬਟਾਲਾ ਵਾਸੀ ਮੂਲਾ ਖ਼ੱਤਰੀ ਦੀ ਪੁੱਤਰੀ ਨਾਲ ਹੋਇਆ ਸੀ।

ਬਟਾਲਾ ਸੂਬਾ ਲਾਹੌਰ ਦਾ ਭਾਗ ਸੀ। ਨਾਨਕੀ ਦਾ ਵਿਆਹ ਸੁਲਤਾਨਪੁਰ ਲੋਧੀ ਦੇ ਜੈ ਰਾਮ ਖ਼ੱਤਰੀ ਨਾਲ ਹੋਇਆ। ਸੁਲਤਾਨਪੁਰ ਲੋਧੀ ਲਾਹੌਰ ਸੂਬੇ ਵਿਚ ਹੀ ਜਲੰਧਰ ਬਿਸਤ ਦੁਆਬ ਵਿਖੇ ਸਥਿਤ ਹੈ।

ਜਦੋਂ ਬਾਦਸ਼ਾਹ ਜ਼ਹੀਰਉਦਦੀਨ ਮੁਹੰਮਦ ਬਾਬਰ ਦੁਆਰਾ ਭਾਰਤ 'ਤੇ ਹਮਲਾ ਕੀਤਾ ਗਿਆ, ਉਸ ਸਮੇਂ ਗੁਰੂ ਨਾਨਕ ਨੂੰ ਵੀ ਉਸ ਦੇ ਸੈਨਿਕਾਂ ਦੇ ਨਿਰਦਈਪੁਣੇ ਦਾ ਸਾਹਮਣਾ ਕਰਨਾ ਪਿਆ। ਗੁਰੂ ਨਾਨਕ ਦੀ ਅਧਿਆਤਮਿਕਤਾ ਅਤੇ ਧਾਰਮਿਕਤਾ ਦੀ ਚਰਚਾ ਦਿਨੋ-ਦਿਨ ਵਧਦੀ ਗਈ ਤੇ ਬਾਬਰ ਤੱਕ ਵੀ ਪਹੁੰਚ ਗਈ। ਜੰਗਾਂ ਵਿਚ ਉਲਝੇ ਹੋਣ ਦੇ ਬਾਵਜੂਦ ਵੀ ਬਾਦਸ਼ਾਹਾਂ ਦਾ ਧਿਆਨ ਸੂਫ਼ੀ-ਸੰਤਾਂ ਅਤੇ ਮਹਾਂਪੁਰਖਾਂ ਵੱਲ ਜਾਂਦਾ ਸੀ। ਲੇਖਕ ਵਲੋਂ ਗੁਰੂ ਨਾਨਕ ਦੇਵ ਦੇ ਕਰਤਾਰਪੁਰ ਵਿਖੇ ਡੇਰਾ ਲਾਉਣ ਬਾਰੇ ਇਕ ਚਮਤਕਾਰੀ ਘਟਨਾ ਦਾ ਵਿਸਥਾਰਪੂਰਵਕ ਵਰਨਣ ਕੀਤਾ ਗਿਆ ਹੈ। ਉਸ ਅਨੁਸਾਰ ਸਥਾਨਕ ਲੋਕਾਂ ਦੀ ਮੰਗ 'ਤੇ ਗੁਰੂ ਨਾਨਕ ਦੁਆਰਾ ਕਰਤਾਰਪੁਰ ਵਿਖੇ ਰਹਿਣ ਦੀ ਰਜ਼ਾਮੰਦੀ ਦਿੱਤੀ ਗਈ। ਗੁਰੂ ਨਾਨਕ ਦੇ ਰਹਿਣ ਲਈ ਧਰਮਸ਼ਾਲਾ ਦੀ ਉਸਾਰੀ ਕਰਵਾਈ ਗਈ, ਜਿੱਥੇ ਬਾਬਾ ਆਪਣੇ ਅੰਤਿਮ ਸਮੇਂ ਤੱਕ ਰਹੇ। ਭਾਵੇਂ ਕੁਝ ਵੀ ਹੋਵੇ, ਉਹ ਡੇਰਾ ਅੱਜ ਵੀ ਕਾਇਮ ਹੈ, ਗੁਰੂ ਨਾਨਕ ਦੇ ਮਾਤਾ-ਪਿਤਾ ਅਤੇ ਰਿਸ਼ਤੇਦਾਰਾਂ ਨੂੰ ਵੀ ਉੱਥੇ ਬੁਲਾ ਲਿਆ ਗਿਆ। ਉਨ੍ਹਾਂ ਵਲੋਂ ਵੀ ਗੁਰੂ ਨਾਨਕ ਦੇ ਇਕੋ ਰੱਬ ਵਾਲੇ ਧਰਮ ਨੂੰ ਅਪਣਾ ਲਿਆ ਗਿਆ।ਸੱਯਦ ਮੁਹੰਮਦ ਲਤੀਫ ਵਲੋਂ ਤਾਰੀਖ਼-ਏ-ਪੰਜਾਬ 1888 ਈ. ਵਿਚ ਉਰਦੂ ਅਤੇ 1891 ਈਸਵੀ ਵਿਚ ਅੰਗਰੇਜ਼ੀ ਭਾਸ਼ਾਵਾਂ ਵਿਚ ਕਲਕੱਤਾ ਤੋਂ ਛਪਵਾਈ ਗਈ। ਸੱਯਦ ਮੁਹੰਮਦ ਲਤੀਫ ਅਨੁਸਾਰ ਤਲਵੰਡੀ ਲਾਹੌਰ ਦੇ ਉਪਰਲੇ ਪਾਸੇ ਵਸਿਆ ਪਿੰਡ ਸ਼ਕਰਪੁਰ ਵਿਚ ਸਥਿਤ ਹੈ, ਵਿਖੇ ਗੁਰੂ ਨਾਨਕ ਦਾ ਜਨਮ 1469 ਈਸਵੀ ਨੂੰ ਹੋਇਆ। ਉਸ ਸਮੇਂ ਭਾਰਤ 'ਤੇ ਬਾਦਸ਼ਾਹ ਬਹਿਲੋਲ ਲੋਧੀ ਦਾ ਰਾਜ ਸੀ। ਨਾਨਕ ਦੇ ਪਿਤਾ ਪਿੰਡ ਦੇ ਪਟਵਾਰੀ ਸਨ। ਭਾਵੇਂ ਉਹ ਆਰਥਿਕ ਤੌਰ 'ਤੇ ਅਮੀਰ ਆਦਮੀ ਨਹੀਂ ਸਨ, ਪ੍ਰੰਤੂ ਉਨ੍ਹਾਂ ਦਾ ਨਾਮ ਪਿੰਡ ਵਿਚ ਇਕ ਇੱਜ਼ਤਦਾਰ ਆਦਮੀ ਦੇ ਨਾਂ 'ਤੇ ਸਥਾਪਤ ਸੀ। ਆਮ ਤੌਰ 'ਤੇ ਪਿੰਡ ਦੇ ਲੋਕ ਉਸ ਨੂੰ ਆਪਣਾ ਮੁਖੀ ਸਮਝਦੇ ਸਨ।

ਗੁਰੂ ਨਾਨਕ ਦੁਆਰਾ ਸਿੱਖਾਂ ਦੀ ਧਾਰਮਿਕ ਪ੍ਰਣਾਲੀ ਦੀ ਸਥਾਪਨਾ ਕੀਤੀ ਗਈ। ਉਹ ਦਾਰਸ਼ਨਿਕ ਮਨ ਵਾਲਾ, ਜਿਸ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਿਆ, ਰੱਬੀ ਗਿਆਨ ਦੀ ਪ੍ਰਾਪਤੀ ਉਪਰੰਤ ਉਸ ਨੇ ਆਪਣੇ ਸਹਿਣਸ਼ੀਲ ਸੁਭਾਅ ਅਨੁਸਾਰ ਨੈਤਿਕ ਸੁਧਾਰਾਂ ਲਈ ਆਵਾਜ਼ ਉਠਾਈ। ਮੁੱਢਲੇ ਜੀਵਨ ਦੌਰਾਨ ਨਾਨਕ ਘੱਟ ਬੋਲਦਾ, ਪ੍ਰੰਤੂ ਜਦੋਂ ਸਮੇਂ ਦੀ ਜ਼ਰੂਰਤ ਹੁੰਦੀ ਤਾਂ ਗਿਆਨਪੂਰਨ ਗੱਲਾਂ ਕਰਦਾ ਸੀ। ਲਤੀਫ਼ ਦੁਆਰਾ ਸੀਅਰਉਲ ਮੁੰਤਾਖ਼ੀਰੀਨ ਕਿਤਾਬ ਦੇ ਹਵਾਲੇ ਨਾਲ ਲਿਖਿਆ ਕਿ ਨਾਨਕ ਦੁਆਰਾ ਇਕ ਮੁਸਲਮਾਨ ਮੌਲਵੀ ਮੁਹੰਮਦ ਹਸਨ ਜੋ ਕਿ ਉਸ ਦੇ ਪਿਤਾ ਦੇ ਘਰ ਕੋਲ ਤਲਵੰਡੀ ਵਿਖੇ ਹੀ ਰਹਿੰਦਾ ਸੀ, ਤੋਂ ਇਸਲਾਮੀ ਕਾਨੂੰਨ ਦੀਆਂ ਕਿਤਾਬਾਂ ਪੜ੍ਹੀਆਂ ਸਨ।

****

## ਸਰਬੱਤ ਦੇ ਭਲੇ ਦੇ ਇਨਕਲਾਬ...

ਲਾਲੋ ਦਾ ਸਾਦਾ ਭੋਜ ਬ੍ਰਹਮ-ਭੋਜ ਤੋਂ ਕਿਤੇ ਵੱਧ ਆਨੰਦਮਈ ਹੈ।

ਦਰਅਸਲ, ਗੁਰੂ ਨਾਨਕ ਦੇਵ ਜੀ ਨੇ ਬਾਣੀ ਵਿਚ 'ਵਡਿਆ ਸਿਉ ਕਿਆ ਰੀਸ' ਦੀ ਗੱਲ ਕੀਤੀ ਸੀ ਅਤੇ ਮੁੱਢ ਬੰਨ੍ਹਿਆ ਸੀ ਇਸ ਸੰਕਲਪ ਦਾ ਕਿ ਜਾਤ-ਭੇਦ ਵਰਤਣ ਵਾਲੇ, ਵਿਤਕਰੇ ਤੇ ਸ਼ੋਸ਼ਣ ਦਾ ਨਿਜ਼ਾਮ ਨੂੰ ਚਲਾਉਣ ਵਾਲੇ, ਸੂਤਰਧਾਰ-'ਵੱਡਿਆਂ' ਨਾਲ ਕਾਹਦਾ ਮੇਲ-ਮਿਲਾਪ। ਸਾਰ-ਤੱਤ ਇਹੋ ਸੀ ਕਿ 'ਵੱਡਿਆਂ' ਨੂੰ ਆਪਣਾ ਤੌਰ-ਤਰੀਕਾ ਬਦਲਣਾ ਪਵੇਗਾ, ਵਿਤਕਰੇ, ਵੰਡ ਤੇ ਸ਼ੋਸ਼ਣ 'ਤੇ ਆਧਾਰਿਤ ਨਿਜ਼ਾਮ ਦੀ ਪੁਸ਼ਤ-ਪਨਾਹੀ ਛੱਡਣੀ ਪਵੇਗੀ, ਜੇ ਉਹ ਗੁਰੂ ਨਾਨਕ ਦੀ ਪ੍ਰੰਪਰਾ ਨਾਲ ਕਿਸੇ ਵੀ ਕਿਸਮ ਦਾ ਰਿਸ਼ਤਾ ਰੱਖਣਾ ਚਾਹੁੰਦੇ ਹਨ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬ ਜਿਸ ਸਮਾਜਕ ਵਿਵਸਥਾ ਦਾ ਮੁੱਢ ਬੰਨ੍ਹ ਰਹੇ ਸਨ, ਉਸ ਦੇ ਵਿਧਾਨ ਦੇ ਤਿੰਨ ਮੂਲ ਸਿਧਾਂਤ ਹਨ – ਕਿਰਤ ਕਰਨਾ, ਨਾਮ ਜੱਪਣਾ ਅਤੇ ਵੰਡ ਛਕਣਾ। ਉਨ੍ਹਾਂ ਨੇ ਕਿਰਤ ਕਰਨ ਅਤੇ ਕਿਰਤ ਤੋਂ ਹੋਈ ਆਮਦਨੀ ਵਿਚੋਂ ਲੋੜਵੰਦਾਂ ਦੀ ਮਦਦ ਕਰਨ ਦੀ ਨਵੀਂ ਜੀਵਨ-ਜਾਚ ਦੱਸੀ ਸੀ। ਗੁਰੂ ਸਾਹਿਬ ਦਾ ਇਹ ਫ਼ਰਮਾਨ ਉਚੇਚਾ ਧਿਆਨ ਯੋਗ ਹੈ :

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥ (ਅੰਗ : ੧੨੪੫)

ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਦਾ ਇਕ ਹੋਰ ਨੁਕਤਾ ਬੜੀ ਵੱਡੀ ਅਹਿਮੀਅਤ ਵਾਲਾ ਹੈ। ਇਸਤਰੀ ਜਾਤੀ ਨਾਲ ਹੋ ਰਹੇ ਵਿਤਕਰੇ ਵਿਰੁੱਧ ਗੁਰੂ ਸਾਹਿਬ ਨੇ ਆਪਣਾ ਪੁਰਜ਼ੋਰ ਵਿਰੋਧ ਦਰਜ ਕੀਤਾ ਸੀ। 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਵਾਲੀ ਰਚਨਾ ਬਹੁਤ ਕੁਝ ਕਹਿ ਦਿੰਦੀ ਹੈ ਅਤੇ ਵਿਤਕਰੇ ਦੇ ਸੂਤਰਧਾਰਾਂ ਲਈ ਖੁੱਲ੍ਹੀ ਵੰਗਾਰ ਹੈ – ਇਹ ਰਚਨਾ :

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
(ਅੰਗ : ੪੭੩)

ਆਖ਼ਰ ਵਿਚ, ਕਹਿਣਾ ਚਾਹੁੰਦਾ ਹਾਂ ਕਿ ਇਤਿਹਾਸਕ ਤੱਥ ਇਸ ਹਕੀਕਤ ਦੀ ਗਵਾਹੀ ਭਰਦੇ ਹਨ ਕਿ ਭਾਰਤੀ ਸਮਾਜ ਨੂੰ ਗੁਰੂ ਨਾਨਕ ਦੇਵ ਜੀ ਨੇ ਇਕ ਨਵੀਂ ਰੌਸ਼ਨੀ, ਇਕ ਨਵੀਂ ਦਿਸ਼ਾ ਦਿੱਤੀ ਸੀ। ਇਕ ਐਸੇ ਸਮਾਜ ਦੀ ਸਿਰਜਨਾ ਦਾ ਸੰਕਲਪ ਦਿੱਤਾ ਸੀ ਜਿਹੜਾ ਵਸੀਅ ਪੱਧਰ 'ਤੇ ਬਰਾਬਰੀ ਅਤੇ ਭਾਈਚਾਰਕ ਸਾਂਝ ਉਪਰ ਆਧਾਰਿਤ ਹੈ। ਜਿਸ ਵਿਚ ਮਨੁੱਖੀ ਅਧਿਕਾਰਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ ਅਤੇ ਜਿਹੜਾ ਪੂਰੀ ਤਰ੍ਹਾਂ ਲੋਕ-ਹਿਤਕਾਰੀ ਹੈ। ਮੁੱਕਦੀ ਗੱਲ, ਗੁਰੂ ਸਾਹਿਬ ਨੇ ਬੜੀ ਸਖ਼ਤੀ ਨਾਲ ਵਿਤਕਰੇ ਅਤੇ ਤ੍ਰਿਸਕਾਰ ਵਾਲੀ ਰੀਤ ਨੂੰ ਪੂਰੀ ਤਰ੍ਹਾਂ ਨਕਾਰ ਕੇ ਇਕ ਨਵੇਂ ਤੇ ਇਕਸਾਰ ਸਮਾਜ ਦੀ ਸਿਰਜਣ ਦਾ ਪਿੜ ਬੰਨ੍ਹਿਆ ਸੀ।

## ਸਤਿਗੁਰੂ ਨਾਨਕ ਜੀ ਦੀ ਬਾਣੀ ਵਿਚ...

ਗੁਰੂ ਨਾਨਕ ਦੇਵ ਜੀ ਕੁਦਰਤ ਦੇ ਕਵੀ ਸਨ। ਉਨ੍ਹਾਂ ਨੇ ਆਰਤੀ ਨੂੰ ਬ੍ਰਹਿਮੰਡੀ ਰੂਪ ਦੇ ਦਿੱਤਾ ਸੀ, ਤੇ ਸਾਰੀ ਸ੍ਰਿਸ਼ਟੀ ਦੀ ਹੀ ਆਰਤੀ ਉਤਾਰ ਦਿੱਤੀ :

ਗਗਨ ਮੈ ਥਾਲੁ ਰਵਿ ਚੰਦੁ ਦੀਪਕ।
ਬਨੇ ਤਾਰਿਕਾ ਮੰਡਲ ਜਨਕ ਮੋਤੀ ॥

ਭਾਰਤ ਵਿਚ ਔਰਤ ਨੂੰ ਮਾੜਾ ਸਮਝਿਆਂ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਸ਼ਾਇਦ ਸਭ ਤੋਂ ਪਹਿਲੇ ਸਨ ਜਿਨ੍ਹਾਂ ਨੇ ਔਰਤ ਨੂੰ ਮਰਦ ਦੇ ਬਰਾਬਰ ਸਮਝਿਆ ਸੀ। ਉਨ੍ਹਾਂ ਨੇ ਆਪਣੀ ਤਾਰਕਿਕ ਸੋਚਣੀ ਅਨੁਸਾਰ ਕਿਹਾ ਸੀ :

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
(ਅੰਗ: ੪੭੩)

ਵਾਸਤਵ ਵਿਚ ਸਾਰੀ ਗੁਰਬਾਣੀ ਵਿਚ ਹੀ ਵਿਗਿਆਨਿਕ ਸੋਚ ਸੰਮਿਲਿਤ ਹੈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਅਧਿਐਨ ਸਚਮੁਚ ਵਿਗਿਆਨਿਕ ਸੋਚ ਦੇ ਧਾਰਣੀਆਂ ਲਈ ਪ੍ਰੇਰਨਾ ਦਾ ਸ੍ਰੋਤ ਬਣ ਸਕਦਾ ਹੈ।

***

## ਅਕਾਲ ਜੋਤ ਸ਼੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ..

ਅੰਗਦ ਦਾ ਨਾਉਂ ਦੇ ਕੇ ਸੰਨ 1539 ਵਿਚ ਦੂਸਰੇ ਗੁਰੂ ਥਾਪ ਦਿੱਤਾ।ਗੁਰੂ ਨਾਨਕ ਸਾਹਿਬ ਜੀ ਦੀ ਬਾਣੀ 974 ਪਦੇ, 19 ਰਾਗਾਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ।ਬਾਣੀ ਦੇ ਰੂਪ ਵਿਚ ਜਪੁਜੀ ਸਾਹਿਬ, ਆਸਾ ਦੀ ਵਾਰ, ਬਾਰਾਂ ਮਾਹ, ਸਿੱਧ ਗੋਸ਼ਟ ਅਤੇ ਦੱਖਣੀ ਓਕਾਰ ਹੈ।ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਬਾਅਦ ਸਿੱਖ ਗੁਰੂਆਂ ਨੇ ਆਪਣੀ ਪਵਿੱਤਰ ਬਾਣੀ ਦਰਜ ਕਰਵਾਉਂਦੇ ਹੋਏ ਆਪਣੇ ਆਪ ਦੀ ਪਛਾਣ ਗੁਰੂ ਨਾਨਕ ਵਜੋਂ ਜਾਰੀ ਰੱਖੀ।ਇਸ ਤਰ੍ਹਾਂ ਸਾਰੇ ਗੁਰੂ ਸਾਹਿਬਾਨ ਕੋਲ ਬ੍ਰਹਮ ਪ੍ਰਕਾਸ਼ ਸੀ ਜਿਸ ਨੂੰ ਹੋਰ ਪਰਪੱਕ ਕੀਤਾ ਗਿਆ, ਜਿਵੇਂ ਗੁਰੂ ਨਾਨਕ ਦੇਵ ਸਾਹਿਬ ਜੀ ਵਲੋਂ ਪ੍ਰਚਾਰਿਆ ਗਿਆ।

ਵੱਖ ਵੱਖ ਧਰਮਾਂ ਅਤੇ ਪ੍ਰੰਪਰਾਵਾਂ ਦੇ ਲੋਕਾਂ ਵਿਚ ਗੁਰੂ ਨਾਨਕ ਦੇਵ ਸਾਹਿਬ ਜੀ ਨੂੰ ਸਤਿਗੁਰੂ ਨਾਨਕ, ਬਾਬਾ ਨਾਨਕ, ਨਾਨਕ ਸ਼ਾਹ ਫਕੀਰ, ਨਾਨਕ ਕਲੰਦਰ ਦੇ ਰੂਪ ਵਿਚ ਸਤਿਕਾਰ ਨਾਲ ਗੁਣ ਗਾਏ।ਉਨ੍ਹਾਂ ਦੀ ਸ਼ਖਸੀਅਤ ਦੇ ਗੁਣ ਗਾਏ ਨਹੀਂ ਜਾ ਸਕਦੇ, ਬੇਅੰਤ ਹਨ। ਅਨੰਤ ਕਲਾ ਸੰਪੂਰਨ ਫਲਿਆ॥

***

## ਗੁਰੂ ਨਾਨਕ ਬਾਣੀ ਵਿਚ...

ਕੀਤੀ ਸੀ, ਇਹ ਸਾਰਾ ਕੁਝ ਸਿਰਫ਼ ਸਾਡੇ ਲਈ ਨਹੀਂ ਸਗੋਂ ਅਸੀਂ ਇਕ ਦੂਜੇ ਲਈ ਹਾਂ। ਪੌਦੇ ਬਨਸਪਤੀ ਸਾਨੂੰ ਆਕਸੀਜਨ ਦੇਣ ਲਈ ਸੁਯੋਗੀ ਹੈ ਅਤੇ ਇਸੇ ਨਾਲ ਸਾਡੀ ਮੂਲ ਹੋਂਦ ਸੰਭਵ ਹੁੰਦੀ ਹੈ। ਗੁਰੂ ਨਾਨਕ ਸਾਹਿਬ ਇਸਨੂੰ ਲਾਲ, ਹੀਰੇ ਜਵਾਹਰ, ਮਾਣਕਾਂ ਦੇ ਪ੍ਰਤੀਕਾਂ ਦੀ ਤੁਲਨਾ ਵਿਚ ਦਰਸਾ ਕੀਮਤੀ ਦਰਸਾਉਂਦੇ ਹਨ। ਗੁਰੂ ਸਾਹਿਬ ਦੀ ਪ੍ਰੀਤ ਪੰਛੀਆਂ ਨਾਲ ਵੀ ਓਨੀ ਹੀ ਹੈ ਜਿੰਨੀ ਹੋਰਨਾਂ ਜੀਵਾਂ ਅਤੇ ਬਨਸਪਤੀ ਨਾਲ ਹੈ। ਗੁਰੂ ਸਾਹਿਬ ਦੀ ਬਾਣੀ ਵਿਚੋਂ ਇਸਦੇ ਅਨੇਕਾਂ ਹਵਾਲੇ ਮਿਲਦੇ ਹਨ:-

ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ॥
(ਗੁਰੂ ਗ੍ਰੰਥ ਸਾਹਿਬ, ਅੰਗ : ੧੪)

ਗੁਰੂ ਨਾਨਕ ਸਾਹਿਬ ਪੰਛੀਆਂ ਦੀਆਂ ਉਦਾਹਰਨਾਂ ਦੇ ਕੇ ਰੱਬ ਨਾਲ ਪ੍ਰੀਤ ਪਾਉਣ ਨੂੰ ਆਖਦੇ ਹਨ। ਰੱਬੀ ਹੁਕਮ ਵਿਚ ਰਹਿਣ ਵਾਲੇ ਮਨੁੱਖ ਦਾ ਮਨ ਰੱਬ ਦੀਆਂ ਕਿਰਤਾਂ ਦੇ ਬਿੰਬਾਂ ਨੂੰ ਵਰਤ ਹੀ ਆਪਣਾ ਰਾਹ ਚੁਣਦਾ ਹੈ। ਗੁਰੂ ਸਾਹਿਬ ਨੇ ਵੀ ਆਪਣੀ ਬਾਣੀ ਵਿਚ ਰੱਬੀ ਕਿਰਤਾਂ ਦੀ ਗੱਲ ਕੀਤੀ ਹੈ। ਉਨ੍ਹਾਂ ਨੇ ਰੱਬ ਨਾਲ ਪ੍ਰੀਤ ਪਾਉਣ ਦੀ ਉਦਾਹਰਨ ਦੇਣ ਸਮੇਂ ਚਾਤ੍ਰਿਕ/ਬੰਬੀਹੇ ਵਰਗੀ ਪ੍ਰੀਤ ਪਾਉਣ ਦਾ ਸੁਨੇਹਾ ਦਿੱਤਾ ਹੈ। ਚਾਤ੍ਰਿਕ ਪੰਛੀ ਬਾਰੇ ਅਜਿਹੀ ਮਾਨਤਾ ਹੈ ਕਿ ਉਹ ਇਕ ਸਵਾਂਤੀ ਬੂੰਦ ਲਈ ਆਪਣਾ ਆਪ ਨਿਛਾਵਰ ਕਰ ਦਿੰਦਾ ਹੈ :-

ਰੇ ਮਨ ਐਸੀ ਹਰਿ ਸਿਉ ਪ੍ਰੀਤਿ।
ਕਰਿ ਜੈਸੀ ਚਾਤ੍ਰਿਕ ਮੇਹ॥
(ਗੁਰੂ ਗ੍ਰੰਥ ਸਾਹਿਬ, ਅੰਗ : ੬੦)

ਚਾਤ੍ਰਿਕ ਅਤੇ ਮੱਛੀ ਦੋਵੇਂ ਪਾਣੀ ਨਾਲ ਹੀ ਆਪਣੀ ਰੂਹ ਤ੍ਰਿਪਤੀ ਕਰਦੇ ਹਨ ਅਤੇ ਹਿਰਨ ਘੰਡੇ ਹੇੜੇ ਦੇ ਸ਼ਬਦ ਨਾਲ ਆਪਣੀ ਤ੍ਰਿਪਤੀ ਤੱਕਦਾ ਹੈ। ਇਨ੍ਹਾਂ ਦੀ ਤ੍ਰਿਪਤੀ ਦਾ ਸਾਧਨ ਦਰਸਾ ਗੁਰੂ ਸਾਹਿਬ ਮਨੁੱਖ ਦਾ ਧਿਆਨ ਰੱਬੀ ਗੀਤ ਗਾਉਣ ਵੱਲ ਸੇਧਿਤ ਕਰਦੇ ਹਨ। ਉਨ੍ਹਾਂ ਦੀ ਬਾਣੀ ਵਿਚੋਂ ਅਜਿਹੀਆਂ ਅਨੇਕਾਂ ਹੀ ਉਦਾਹਰਨਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ ਜਿੱਥੇ ਉਹ ਅਜਿਹੇ ਹੀ ਕਿੰਨੇ ਪਸ਼ੂ ਪੰਛੀਆਂ ਦੇ ਬਿੰਬ ਵਰਤ ਸਾਡਾ ਮਾਰਗ ਦਰਸ਼ਨ ਕਰਦੇ ਹਨ।

ਜੇਕਰ ਮਨੁੱਖ ਕਿਸੇ ਵੀ ਜੀਵ ਨੂੰ ਤੁੱਛ ਸਮਝਦਾ ਹੈ ਤਾਂ ਉਸ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਸ ਦਾ ਗੁਰੂ ਨਾਨਕ ਰਾਹ ਨਾਲ ਕੋਈ ਸਰੋਕਾਰ ਨਹੀਂ, ਕਿਉਂਕਿ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਸਾਡੇ ਲਈ ਸਭ ਤੋਂ ਤੁੱਛ ਸਮਝੇ ਜਾਂਦੇ ਕੀੜੇ-ਮਕੌੜਿਆਂ, ਮੱਖੀ, ਚਿੱਚੜ ਆਦਿ ਦੀ ਵੀ ਉਦਾਹਰਨ ਦੇ ਕੇ ਸਾਨੂੰ ਰਾਹੇ ਪਾਉਣਾ ਕੀਤਾ ਹੈ :-

ਹੋਛੀ ਮਤਿ ਭਇਆ ਮਨੁ ਹੋਛਾ ਗੁੜੁ ਸਾ ਮਖੀ ਖਾਇਆ॥
(ਗੁਰੂ ਗ੍ਰੰਥ ਸਾਹਿਬ, ਅੰਗ : ੫੮੧)

ਫੁੱਲ ਜਿੱਥੇ ਵੀ ਦਿਖਾਈ ਦੇ ਜਾਂਦਾ ਹੈ ਅਸੀਂ ਅਸ਼-ਅਸ਼ ਕਰ ਉੱਠਦੇ ਹਾਂ, ਉਸ ਦੀ ਮਹਿਕ ਲਈ ਬਿਹਬਲ ਹੋ ਜਾਂਦੇ ਹਾਂ। ਪਰ ਸਾਡਾ ਨਜ਼ਰੀਆ ਹਰ ਸ਼ੈਅ ਨੂੰ ਮਾਨਣ ਤੱਕ ਮਹਿਦੂਦ ਹੋ ਗਿਆ ਹੈ, ਉਸ ਦੀ ਸਾਂਭ-ਸੰਭਾਲ ਅਤੇ ਰੱਖ-ਰੱਖਾਅ ਦਾ ਹਈਆ ਕਰਨਾ ਹੁਣ ਸਚਮੁੱਚ ਭਲੇ ਵਿਰਲੇ ਮਨੁੱਖਾਂ ਦੇ ਹਿੱਸੇ ਰਹਿ ਗਿਆ ਹੈ। ਸਾਨੂੰ ਫੁੱਲਾਂ ਦੇ ਰੰਗ ਮੋਹਿਤ ਤਾਂ ਕਰਦੇ ਹਨ ਪਰ ਅਸੀਂ ਉਸ ਮਹਿਕ ਨੂੰ ਕਾਇਮ ਰੱਖਣ ਲਈ ਅਗਰਸਰ ਨਹੀਂ ਹੁੰਦੇ। ਇਕ ਪਾਸੇ ਸਾਡੀ ਹਕੀਕਤ ਹੈ ਅਤੇ ਦੂਜੇ ਪਾਸੇ ਗੁਰੂ ਨਾਨਕ ਸਾਹਿਬ ਦੀ ਫੁੱਲਾਂ ਨਾਲ ਪ੍ਰੀਤ ਦੇ ਸ਼ਬਦ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਕੰਵਲ ਦੇ ਫੁੱਲ ਦਾ ਪ੍ਰਤੀਕ ਵਰਤ ਸਾਨੂੰ ਉਪਦੇਸ਼ ਦੇਣਾ ਕੀਤਾ ਹੈ। ਉਨ੍ਹਾਂ ਦੀ ਬਾਣੀ ਵਿਚੋਂ ਜੇਕਰ ਕਿਸੇ ਫੁੱਲ ਦਾ ਸਭ ਤੋਂ ਜ਼ਿਆਦਾ ਜ਼ਿਕਰ ਅਤੇ ਬਿੰਬ ਵਰਤੋਂ ਹੋਈ ਹੈ ਤਾਂ ਉਹ ਕੰਵਲ ਦਾ ਫੁੱਲ ਹੈ। ਇਸ ਤੋਂ ਅਸੀਂ ਗੁਰੂ ਸਾਹਿਬ ਦੀ ਬਨਸਪਤੀ ਨਾਲ ਪ੍ਰੀਤ ਨੂੰ ਬਾਖ਼ੂਬੀ ਵੇਖ ਸਕਦੇ ਹਾਂ।

ਗੁਰੂ ਨਾਨਕ ਸਾਹਿਬ ਆਪਣੀ ਬਾਣੀ ਵਿਚ ਪ੍ਰਕਿਰਤੀ ਵਿਚੋਂ ਲਏ ਇਕ ਨਹੀਂ ਅਨੇਕ ਹੀ ਕਿਸਮ ਦੇ ਬਿੰਬਾਂ ਪ੍ਰਤੀਕਾਂ ਰਾਹੀਂ ਸਾਨੂੰ ਸਿੱਖਿਆ ਦਿੰਦੇ ਹਨ। ਉਨ੍ਹਾਂ ਦੀ ਇਸ ਜੁਗਤ ਨੂੰ ਉਨ੍ਹਾਂ ਦੀ ਜੀਵ-ਬਨਸਪਤੀ ਨਾਲ ਪ੍ਰੀਤ ਵਜੋਂ ਵੇਖ ਕੇ ਹੀ ਸਮਝਿਆ ਜਾ ਸਕਦਾ ਹੈ। ਉਨ੍ਹਾਂ ਨੇ ਪਸ਼ੂਆਂ, ਪੰਛੀਆਂ, ਰੁੱਖਾਂ, ਵੇਲਾਂ, ਪੌਦਿਆਂ, ਫੁੱਲਾਂ, ਵਿਚੋਂ ਪਾਨ, ਸਿੰਬਲ, ਭੌਰੇ, ਵੱਛੇ, ਕੋਇਲ, ਪਪੀਹਾ/ਬੰਬੀਹਾ/ਚਾਤ੍ਰਿਕ, ਹਿਰਨ, ਮੱਖੀ, ਕੀੜੀ, ਕੱਛੂ, ਜੰਗਲ, ਡੱਡੂ, ਕੰਵਲ ਫੁੱਲ, ਅੰਬ, ਬਾਂਦਰ, ਕੇਸਰ, ਕਸੁੰਭੇ, ਹੰਸ, ਅੱਕ, ਚਿੱਚੜ, ਕੀਟ, ਚੁਪਤੀ ਆਦਿ ਦੇ ਬਿੰਬਾਂ ਪ੍ਰਤੀਕਾਂ ਨੂੰ ਵਰਤ ਆਪਣੀ ਪ੍ਰਤੀ ਜ਼ਾਹਰ ਕੀਤੀ ਹੈ। ਉਨ੍ਹਾਂ ਦੇ ਆਮ ਜੀਵਨ ਦਾ ਇਹ ਸਭ ਕੁਝ ਹਿੱਸਾ ਸਨ ਅਤੇ ਇਸੇ ਨੂੰ ਹੀ ਇਲਾਹੀ ਸੁਨੇਹਾ ਦੇਣ ਦਾ ਸਾਧਨ ਚੁਣ ਉਨ੍ਹਾਂ ਆਪਣੀ ਬਾਣੀ ਵਿਚ ਉਤਾਰਿਆ। ਸਾਨੂੰ ਸੁਨੇਹਾ ਇਹੀ ਹੈ ਕਿ ਇਹ ਬਾਣੀ ਵਿਚ ਜੀਵਨ ਵਿਚਰ ਰਹੇ ਹਨ ਤਾਂ ਅਸੀਂ ਇਨ੍ਹਾਂ ਨੂੰ ਸੰਸਾਰ ਵਿਚ ਵਿਚਰਨ ਦੀ ਥਾਂ ਦੇਈਏ ਅਤੇ ਬਾਣੀ ਦੀ ਅਮਰਤਾ ਨੂੰ ਵੇਖ ਇਨ੍ਹਾਂ ਜੀਵਾਂ ਨੂੰ ਵੀ ਜੀਵਨ ਜਿਉਣ ਦਈਏ। ਗੁਰੂ ਸਾਹਿਬ ਸਾਨੂੰ ਮਿਲ ਕੇ ਇਸ ਹੰਭਲੇ ਦਾ ਹਿੱਸੇਦਾਰ ਬਣਾਉਣਾ ਚਾਹੁੰਦੇ ਸਨ ਤਾਂ ਜੋ ਇਸ ਧਰਤੀ ਦੀ ਗੋਦ ਵਿਚ ਰੱਬ ਦੀ ਹੋਂਦ ਹੋਰ ਜਾਨਦਾਰ ਅਤੇ ਸ਼ਾਹਕਾਰ ਨਜ਼ਰ ਆਵੇ।

***

## ਭਾਜਪਾ' ਤੇ 'ਆਪ' ਸੌਦਾ...

2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਿਰਸਾ ਡੇਰੇ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਸਮਰਥਨ ਦਿੱਤਾ ਸੀ ਪਰ ਪਾਰਟੀ ਮਾਲਵੇ ਵਿੱਚ ਵੀ ਹਾਰ ਗਈ ਸੀਅਤੇ ਇਸਦੀ ਕੁੱਲ ਗਿਣਤੀ ਸਿਰਫ਼ 15 ਸੀਟਾਂ ਸੀ। 2022 ਦੀਆਂ ਚੋਣਾਂ ਵਿੱਚ, ਡੇਰੇ ਨੇ ਕਥਿਤ ਤੌਰ 'ਤੇ ਸਾਬਕਾ ਗਠਜੋੜ ਭਾਈਵਾਲ ਅਕਾਲੀ ਦਲ ਅਤੇ ਭਾਜਪਾ ਦਾ ਸਮਰਥਨ ਕੀਤਾ ਸੀ, ਜੋ ਵੱਖਰੇ ਤੌਰ 'ਤੇ ਚੋਣ ਲੜੇ ਸਨ। ਹਾਲਾਂਕਿ, ਦੋਵੇਂ ਪਾਰਟੀਆਂ ਮਾਲਵੇ ਦੇ ਉਨ੍ਹਾਂ ਹਿੱਸਿਆਂ ਵਿੱਚ ਬੁਰੀ ਤਰ੍ਹਾਂ ਹਰਾ ਦਿੱਤੀਆਂ ਗਈਆਂ ਸਨ ਜਿੱਥੇ ਡੇਰੇ ਦੀ ਕਾਫ਼ੀ ਪਕੜ ਮੰਨੀ ਜਾਂਦੀ ਸੀ। ਹੁਣ ਪੰਜਾਬ ਡੇਰਾ ਸੌਦੇ ਦੀਆਂ ਜੜਾਂ ਸਥਾਪਤ ਕਰਨ ਲਈ ਭਾਜਪਾ ਤੇ ਆਪ ਪੂਰੀ ਸਰਗਰਮ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦਬੀ ਜੁਬਾਨ ਵਿਚ ਸੌਦਾ ਸਾਧ ਦਾ ਵਿਰੋਧ ਕਰ ਰਹੇ ਹਨ।ਸੌਦਾ ਸਾਧ ਗੁਰਮੀਤ ਰਾਮ ਰਹੀਮ ਵਲੋਂ ਪੰਜਾਬ ਵਿਚ ਡੇਰਾ ਖੋਲ੍ਹਣ ਦੇ ਦਿੱਤੇ ਬਿਆਨ ਸਬੰਧੀ ਉਨ੍ਹਾਂ ਦਾ ਕਹਿਣਾ ਹੈ ਕਿ ਡੇਰਾ ਖੋਲ੍ਹਣ ਜਾਂ ਨਾ ਖੋਲ੍ਹਣ ਬਾਰੇ ਮੈਂ ਕੁਝ ਨਹੀਂ ਕਹਿ ਸਕਦਾ ਪਰ ਮੈਂ ਗੁਰਮੀਤ ਰਾਮ ਰਹੀਮ ਨੂੰ ਬਾਬਾ ਹੀ ਨਹੀਂ ਮੰਨਦਾ। ਇਸ ਬਿਆਨ ਤੋਂ ਸਪੱਸ਼ਟ ਹੈ ਕਿ ਕੇਜਰੀਵਾਲ ਪੂਰੀ ਤਰਾਂ ਡੇਰਾ ਸਿਰਸਾ ਦਾ ਸਮਰਥਨ ਕਰ ਰਿਹਾ ਹੈ ਨਹੀਂ ਤਾਂ ਸੰਧਵਾ ਨੇ ਆਖ ਦੇਣਾ ਸੀ ਕਿ ਉਹ ਸਰਕਾਰ ਵਲੋਂ ਡੇਰਾ ਨਹੀਂ ਬਣਨ ਦੇਣਗੇ। ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸੀਨੀਅਰ ਹੁਣੇ ਜਿਹੇ ਐਡਵੋਕੇਟ ਐਚ.ਸੀ. ਅਰੋੜਾ ਨੇ ਹਰਿਆਣਾ ਸਰਕਾਰ ਨੂੰ ਕਾਨੂੰਨੀ ਨੋਟਿਸ ਜਾਰੀ ਕਰਕੇ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਦੀ ਪੈਰੋਲ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ, ਕਿਉਂਕਿ ਇਹ ਡੇਰਾ ਫਿਰ ਗਤੀਵਿਧੀਆਂ ਫੈਲਾਕੇ ਪੰਜਾਬ ਦਾ ਮਾਹੌਲ ਖਰਾਬ ਕਰ ਰਿਹਾ ਹੈ। ਕਤਲ ਅਤੇ ਸਾਧਵੀਆਂ ਨਾਲ ਜਿਣਸੀ ਸ਼ੋਸ਼ਣ ਦੇ ਮਾਮਲੇ ਵਿਚ ਸਜ਼ਾ ਕੱਟ ਰਹੇ ਡੇਰਾ ਮੁਖੀ ਨੂੰ ਕੁਝ ਸਮਾਂ ਪਹਿਲਾਂ ਪੈਰੋਲ ਦਿੱਤੀ ਗਈ ਸੀ। ਹਰਿਆਣਾ ਦੇ ਮੁੱਖ ਸਕੱਤਰ ਨੂੰ ਭੇਜੇ ਗਏ ਲੀਗਲ ਨੋਟਿਸ ਵਿਚ ਡੇਰਾ ਮੁਖੀ ਦੀ ਪੈਰੋਲ ਰੱਦ ਕਰਨ ਦੇ ਨਾਲ-ਨਾਲ ਦੀਵਾਲੀ 'ਤੇ ਲਾਂਚ ਕੀਤੇ ਗਏ ਗੀਤ 'ਸਾਡੀ ਨਿੱਤ ਦੀਵਾਲੀ' 'ਤੇ ਵੀ ਰੋਕ ਲਗਾਉਣ ਦੀ ਮੰਗ ਕੀਤੀ ਗਈ ਹੈ। ਐਡਵੋਕੇਟ ਨੇ ਕਿਹਾ ਕਿ ਪੈਰੋਲ ਉੱਤੇ ਬਾਹਰ ਆਏ ਡੇਰਾ ਮੁਖੀ ਨੂੰ ਪ੍ਰਸਿੱਧੀ ਪ੍ਰਾਪਤ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਹੈ ਕਿ ਰਾਮ ਰਹੀਮ ਸਾਧਵੀਆਂ ਨਾਲ ਜਿਨਸੀ ਸ਼ੋਸ਼ਣ ਅਤੇ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਹੈ। ਹਰਿਆਣਾ ਸਰਕਾਰ ਨੇ 40 ਦਿਨ ਦੀ ਪੈਰੋਲ ਦਿੱਤੀ ਅਤੇ ਇਸ ਦੌਰਾਨ ਉਹ ਯੂ.ਪੀ. ਦੇ ਬਾਗਪਤ ਵਿਚ ਰਹਿ ਕੇ ਸਤਸੰਗ ਕਰ ਰਿਹਾ ਹੈ। ਪਟੀਸ਼ਨ ਮੁਤਾਬਕ ਗੁਰਮੀਤ ਸਿੰਘ ਨੂੰ ਦਿੱਤੀ ਗਈ ਪੈਰੋਲ ਕਾਰਨ ਹਰਿਆਣਾ ਅਤੇ ਪੰਜਾਬ ਵਿਚ ਸ਼ਾਂਤੀ ਭੰਗ ਹੋਣ ਦਾ ਖਤਰਾ ਹੈ। ਇਹ ਕਾਨੂੰਨ ਵਿਵਸਥਾ ਦੀ ਸਥਿਤੀ ਲਈ ਵੱਡੀ ਚੁਣੌਤੀ ਹੈ। ਜਦੋਂ ਤੋਂ ਗੁਰਮੀਤ ਰਾਮ ਰਹੀਮ ਸਿੰਘ ਨੂੰ ਪੈਰੋਲ ਮਿਲੀ ਹੈ, ਉਦੋਂ ਤੋਂ ਕਈ ਥਾਵਾਂ 'ਤੇ ਡੇਰਾ ਸਮਰਥਕਾਂ ਵਿਚਾਲੇ ਝੜਪਾਂ ਹੋ ਚੁੱਕੀਆਂ ਹਨ। ਇਸ ਕਾਰਨ ਖੱਟਰ ਸਰਕਾਰ ਵਿਰੋਧੀ ਧਿਰ ਦੇ ਨਿਸ਼ਾਨੇ 'ਤੇ ਆ ਗਈ ਹੈ। ਸਪੱਸ਼ਟ ਗੱਲ ਇਹ ਹੈ ਕਿ ਰਾਜਨੀਤਕ ਪਾਰਟੀਆਂ ਡੇਰਿਆਂ ਦਾ ਵੋਟ ਬੈਂਕ ਬਣਾਉਣ ਖਾਤਰ ਆਪ ਪੰਜਾਬ ਦਾ ਅਮਨ ਤਬਾਹ ਕਰ ਰਹੀਆਂ ਹਨ।

## ਕੇਂਦਰ ਸਰਕਾਰ ਐਨ.ਆਈ.ਏ. ਰਾਹੀਂ...

ਵੀਡੀਓ ਕਾਨਫਰੰਸ ਰਾਹੀਂ ਕਰਵਾਏ ਦੋ ਰੋਜ਼ਾ 'ਚਿੰਤਨ ਸ਼ਿਵਿਰ' ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਹਰੇਕ ਰਾਜ ਨੂੰ ਇੱਕ ਦੂਜੇ ਤੋਂ ਸਿੱਖਣਾ ਚਾਹੀਦਾ ਹੈ, ਪ੍ਰੇਰਣਾ ਲੈਣੀ ਚਾਹੀਦੀ ਹੈ ਅਤੇ ਅੰਦਰੂਨੀ ਸੁਰੱਖਿਆ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਇਸ ਗੱਲੋਂ ਨਿਖੇਧੀ ਕੀਤੀ ਕਿ ਉਹਨਾਂ ਨੇ ਅਸਿੱਧੇ ਤੌਰ 'ਤੇ ਪੰਜਾਬ ਵਿਚ ਕੇਂਦਰੀ ਰਾਜ ਲਾਗੂ ਕਰ ਦਿੱਤਾ ਹੈ ਕਿਉਂਕਿ ਉਨ੍ਹਾਂ ਨੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਵੱਲੋਂ ਕੌਮੀ ਜਾਂਚ ਏਜੰਸੀ (ਐਨ ਆਈ ਏ) ਦੇ ਦਫਤਰ ਸਾਰੇ ਸੂਬਿਆਂ ਵਿਚ ਖੋਲ੍ਹਣ ਦੇ ਬਿਆਨ ਦੀ ਪ੍ਰੋੜਤਾ ਕੀਤੀ ਹੈ।ਅਕਾਲੀ ਦਲ ਦੇ ਸੀਨੀਅਰ ਆਗੂਆਂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸਰਦਾਰ ਮਹੇਸ਼ਇੰਦਰ ਸਿੰਘ ਗਰੇਵਾਲ ਤੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਹ ਹੈਰਾਨੀ ਵਾਲੀ ਗੱਲ ਹੈ ਕਿ ਸ੍ਰੀ ਭਗਵੰਤ ਮਾਨ ਜੋ ਵਿਰੋਧੀ ਧਿਰ ਵੱਲੋਂ ਚਿੰਤਨ ਸ਼ਿਵਰ ਫਰੀਦਾਬਾਦ ਵਿਚ ਸ਼ਾਮਲ ਹੋਣ ਵਾਲੇ ਇਕੱਲੇ ਮੁੱਖ ਮੰਤਰੀ ਸਨ, ਨੇ ਇਸ ਤਜਵੀਜ਼ ਲਈ ਸਹਿਮਤੀ ਦਿੱਤੀ ਜਿਸ ਸਦਕਾ ਐਨ ਆਈ ਏ ਨੂੰ ਪੰਜਾਬ ਵਿਚ ਸੂਬਾ ਪੁਲਿਸ ਨਾਲੋਂ ਵੱਧ ਤਾਕਤਾਂ ਮਿਲ ਜਾਣਗੀਆਂ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਭਗਵੰਤ ਮਾਨ ਦੇਸ਼ ਵਿਚ ਸੰਘੀ ਢਾਂਚਾ ਬਰਬਾਦ ਕਰਨ ਵਾਸਤੇ ਭਾਜਪਾ ਨਾਲ ਰਲ ਗਏ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਕਿਵੇਂ ਮੁੱਖ ਮੰਤਰੀ ਨੇ ਪਹਿਲਾਂ ਬੀ ਐਸ ਐਫ ਦੇ ਪੰਜਾਬ ਵਿਚ ਅਧਿਕਾਰ ਖੇਤਰ ਵਧਾਉਣ ਅਤੇ ਬੀ ਬੀ ਐਮ ਬੀ ਵਿਚ ਪੰਜਾਬ ਦੇ ਹੱਕ ਘਟਾਉਣ ਦਾ ਵਿਰੋਧ ਕਰਨ ਤੋਂ ਇਨਕਾਰ ਕੀਤਾ ਸੀ। ਚੰਦੂਮਾਜਰਾ ਨੇ ਕਿਹਾ ਕਿ ਅਕਾਲੀ ਦਲ ਕਦੇ ਵੀ ਸ੍ਰੀ ਭਗਵੰਤ ਮਾਨ ਨੂੰ ਪੰਜਾਬ ਦੇ ਹੱਕਾਂ ਦੀ ਸੌਦੇਬਾਜ਼ੀ ਨਹੀਂ ਕਰਨ ਦੇਵੇਗਾ।

***

## ਮਾਮਲਾ ਯੂ.ਪੀ. 'ਚ ਨਵੰਬਰ ਚੌਰਾਸੀ

ਜਾਨ ਚਲੀ ਗਈ ਸੀ।

ਐੱਸਆਈਟੀ ਦੀ ਜਾਂਚ ਬਾਰੇ ਸੁਰਿੰਦਰ ਕੌਰ ਕਹਿੰਦੇ ਹਨ, 'ਕਾਰਵਾਈ ਕਰ ਰਹੇ ਹਨ, ਚੰਗੀ ਗੱਲ ਹੈ ਪਰ ਦੇਰ ਨਾਲ ਮਿਲਿਆ ਇਨਸਾਫ਼, ਇਨਸਾਫ਼ ਨਾ-ਮਿਲਣ ਦੇ ਬਰਾਬਰ ਹੈ।'

ਗ੍ਰਿਫ਼ਤਾਰੀਆਂ ਬਾਰੇ ਸੁਰਿੰਦਰ ਕੌਰ ਪੁੱਛਦੇ ਹਨ, 'ਜਿਨ੍ਹਾਂ ਲੋਕਾਂ ਨੂੰ ਤੁਸੀਂ ਫੜ ਰਹੇ ਹੋ, ਚੰਗੀ ਗੱਲ ਹੈ। ਪਰ ਜੋ ਲੋਕ 35-35 ਸਾਲ ਅਜ਼ਾਦ ਘੁੰਮਦੇ ਰਹੇ, ਹੁਣ ਉਨ੍ਹਾਂ ਦੀ ਉਮਰ ਵੈਸੇ ਵੀ ਲੰਘ ਚੁੱਕੀ ਹੈ। ਹੁਣ ਉਨ੍ਹਾਂ ਨੂੰ ਫੜ ਕੇ ਜੇਲ੍ਹ ਵਿੱਚ ਸੁੱਟੋਗੇ ਜਾਂ ਕੁਝ ਕਰੋਗੇ ਤਾਂ ਕੀ ਇਹ ਇਨਸਾਫ਼ ਹੋ ਗਿਆ ?'

ਸੁਰਿੰਦਰ ਕੌਰ ਨੇ ਕਿਹਾ, 'ਜਦੋਂ ਇਨ੍ਹਾਂ ਨੂੰ ਫੜਨਾ ਸੀ, ਜਦੋਂ ਕੁਝ ਕਰਨਾ ਸੀ , ਉਦੋਂ ਤਾਂ ਕੁਝ ਕੀਤਾ ਨਹੀਂ।'

ਗੁਰਦਿਆਲ ਸਿੰਘ ਅਤੇ ਕਮਲਜੀਤ ਕੌਰ ਦੇ ਵਿਆਹ ਨੂੰ ਇੱਕ ਸਾਲ ਵੀ ਨਹੀਂ ਹੋਇਆ ਸੀ ਜਦੋਂ ਉਸ ਹਿੰਸਾ ਵਿੱਚ ਕਮਲਜੀਤ ਨੇ ਆਪਣੇ ਪਤੀ ਨੂੰ ਗੁਆ ਲਿਆ ਸੀ।

ਕਮਲਜੀਤ ਕੌਰ ਦੱਸਦੀ ਹੈ, 'ਗੁਰਦਿਆਲ ਗੁਰਦੁਆਰੇ ਪਾਠ ਕਰਨ ਗਏ ਸੀ। ਖ਼ਬਰ ਆਈ ਕਿ ਹਮਲਾ ਹੋਇਆ ਹੈ। ਅਸੀਂ ਉੱਥੇ ਕਿਸੇ ਨੂੰ ਜਾਣਦੇ-ਪਛਾਣਦੇ ਨਹੀਂ ਸੀ। ਕਮਲਜੀਤ ਕੌਰ ਨੂੰ ਪਤੀ ਦੇ ਕਤਲ ਬਾਰੇ ਕਰਫਿਊ ਖੁੱਲ੍ਹਣ ਤੋਂ ਅੱਠ ਦਿਨ ਬਾਅਦ ਪਤਾ ਲੱਗਿਆ ਅਤੇ ਉਨ੍ਹਾਂ ਨੂੰ ਪਤੀ ਦੀ ਲਾਸ਼ ਵੀ ਨਹੀਂ ਮਿਲੀ।

ਐੱਸਆਈਟੀ ਦੀ ਕਾਰਵਾਈ ਬਾਰੇ ਉਹ ਕਹਿੰਦੇ ਹਨ, 'ਸਾਰੇ ਲੋਕ ਚਾਹੁੰਦੇ ਹਨ ਕਿ ਗੁਨਾਹਗਾਰਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ ਪਰ ਮੈਂ ਕਿਸੇ ਨੂੰ ਦੇਖਿਆ ਨਹੀਂ ਹੈ ਤਾਂ ਮੈਂ ਕਿਸ ਨੂੰ ਗੁਨਾਹਗਾਰ ਕਹਿ ਦੇਵਾਂ।'

ਇਨਸਾਫ਼ ਦੇ ਸਵਾਲ 'ਤੇ ਕਮਲਜੀਤ ਕੌਰ ਨੇ ਕਿਹਾ, 'ਇੰਨੇ ਸਾਲ ਬਾਅਦ ਕੌਣ ਕਿਸੇ ਨੂੰ ਪਛਾਣ ਸਕਦਾ ਹੈ, ਕਿੱਥੇ ਕੌਣ ਰਹਿੰਦਾ ਹੈ, ਕੋਈ ਨਹੀਂ ਜਾਣਦਾ। ਤਾਂ ਕਿਵੇਂ ਉਮੀਦ ਲਗਾਈਏ ਕਿ ਹੁਣ ਸਾਨੂੰ ਇਨਸਾਫ਼ ਮਿਲੇਗਾ।' ਉਨ੍ਹਾਂ ਦੱਸਿਆ ਕਿ ਹੁਣ ਤੱਕ ਅੱਠ ਲੱਖ ਰੁਪਏ ਮੁਆਵਜ਼ਾ ਮਿਲਿਆ ਹੈ।

ਮਨਵੀਨ ਸਿੰਘ ਕਾਨਪੁਰ ਦੀ ਆਰਡੀਨੈਂਸ ਫ਼ੈਕਟਰੀ ਵਿੱਚ ਕੰਮ ਕਰਦਾ ਹੈ। ਉਨ੍ਹਾਂ ਦੇ ਪਿਤਾ ਕੁਲਵੰਤ ਸਿੰਘ ਵੀ ਇਸੇ ਫ਼ੈਕਟਰੀ ਵਿੱਚ ਕੰਮ ਕਰਦੇ ਸਨ। ਠੀਕ ਇਸੇ ਫ਼ੈਕਟਰੀ ਦੇ ਬਾਹਰ ਕੁਲਵੰਤ ਸਿੰਘ ਨੂੰ ਫਿਰਕੂ ਗੁੰਡਿਆਂ ਨੇ ਅੱਗ ਲਗਾਕੇ ਸਾੜ ਦਿਤਾ। ਉਸ ਸਮੇਂ ਮਨਵੀਨ ਸਿਰਫ਼ 14 ਸਾਲ ਦਾ ਸੀ। 37 ਸਾਲ ਪੁਰਾਣੀ ਇਸ ਦਰਦਨਾਕ ਘਟਨਾ ਨੂੰ ਯਾਦ ਕਰਦਿਆਂ ਮਨਵੀਨ ਕਹਿੰਦੇ ਹਨ, 'ਸਾਨੂੰ ਉਨ੍ਹਾਂ ਦੀ ਲਾਸ਼ ਵੀ ਨਹੀਂ ਮਿਲੀ।'ਗੱਲ ਕਰਦਿਆਂ ਮਨਵੀਨ ਦੀਆਂ ਅੱਖਾਂ ਭਰ ਆਉਂਦੀਆਂ ਹਨ। ਉਹ ਕਹਿੰਦੇ ਹਨ, 'ਲਗਦਾ ਹੈ ਰੋਜ਼ ਪਿਤਾ ਦੀ ਲਾਸ਼ ਤੋਂ ਹੋ ਕੇ ਲੰਘਦਾ ਹਾਂ। ਅੱਖਾਂ ਉਨ੍ਹਾਂ ਨੂੰ ਲੱਭਦੀਆਂ ਸੀ, ਘੱਟੋ-ਘੱਟ ਲਾਸ਼ ਹੀ ਦੇ ਦਿੰਦੇ ਤਾਂ ਵੀ ਚੈਨ ਮਿਲ ਜਾਂਦਾ।' ਮਨਵੀਨ ਮੁਤਾਬਕ ਉਨ੍ਹਾਂ ਦੇ ਪਿਤਾ ਕੁਲਵੰਤ ਸਿੰਘ ਦੇ ਕਤਲ ਮਾਮਲੇ ਵਿੱਚ ਉਸ ਵੇਲੇ ਫ਼ੈਕਟਰੀ ਨਾਲ ਸਬੰਧਤ ਇੱਕ ਸ਼ਖਸ ਵੱਲੋਂ ਐੱਫ਼ਆਈਆਰ ਲਿਖਵਾਈ ਗਈ ਸੀ ਜਿਸ ਦੀ ਕਾਪੀ ਉਸ ਨੂੰ ਕਾਫ਼ੀ ਸਮਾਂ ਬਾਅਦ ਮਿਲੀ। ਉਹ ਕਹਿੰਦੇ ਹਨ, 'ਇਸ ਮਾਮਲੇ ਵਿੱਚ ਗ੍ਰਿਫ਼ਤਾਰੀਆਂ ਹੋ ਰਹੀਆਂ ਹਨ, ਇਸ ਲਈ ਯੋਗੀ ਜੀ ਦਾ ਬਹੁਤ ਧੰਨਵਾਦ ਕਰਦੇ ਹਾਂ।'

***

## ਹਿੰਸਾ ਤੇ ਕਤਲੋਗਾਰਦ ਨੇ ਸ਼ਿਕਾਰ ਅਮਰਜੀਤ ਸਿੰਘ

ਇਸ ਸਮੇਂ ਅਮਰਜੀਤ ਸਿੰਘ ਦਾ ਕਰੋਲ ਬਾਜ਼ਾਰ ਵਿੱਚ ਕੱਪੜਿਆਂ ਦਾ ਵੱਡਾ ਸ਼ੋ-ਰੂਮ ਹੈ ਅਤੇ ਇਸੇ ਇਲਾਕੇ ਵਿੱਚ ਵੱਡੇ ਹੋਟਲ ਹਨ।

ਅਮਰਜੀਤ ਸਿੰਘ ਦੱਸਦੇ ਹਨ ਕਿ ਜਿਨ੍ਹਾਂ ਲੋਕਾਂ ਨੇ ਸਾਡੀਆਂ ਦੁਕਾਨਾਂ ਲੁੱਟੀਆਂ ਸਨ ਉਹ ਉਸੇ ਇਲਾਕੇ ਵਿੱਚ ਗ਼ਰੀਬੀ ਵਿੱਚ ਦਿਨ ਕੱਟ ਰਹੇ ਹਨ ਅਤੇ ਵਾਹਿਗੁਰੂ ਨੇ ਸਾਡੀ ਲੁੱਟੀ ਪੂੰਜੀ ਤੋਂ ਕਈ ਗੁਣਾ ਜ਼ਿਆਦਾ ਬਦਲੇ ਵਿੱਚ ਦਿੱਤਾ।

'ਨਹੀਂ ਲਿਆ ਸਰਕਾਰੀ ਮੁਆਵਜ਼ਾ'

ਅਮਰਜੀਤ ਸਿੰਘ ਦੱਸਦੇ ਹਨ ਕਿ ਸਰਕਾਰ ਨੇ 1984 ਵਿੱਚ ਹੋਈ ਹਿੰਸਾ ਦਾ ਮੁਆਵਜ਼ਾ ਦਿੱਤਾ ਪਰ ਮੈਂ ਨਹੀਂ ਲਿਆ, ਕਿਉਂਕਿ ਮੈਨੂੰ ਆਪਣੀ ਕਿਸਮਤ ਅਤੇ ਮਿਹਨਤ ਉੱਤੇ ਭਰੋਸਾ ਸੀ ਜਿਸ ਦਾ ਨਤੀਜਾ ਅੱਜ ਸਭ ਦੇ ਸਾਹਮਣੇ ਹੈ। ਅੱਜ ਜਦੋਂ ਪੁਰਾਣੇ ਦਿਨਾਂ ਨੂੰ ਯਾਦ ਕਰਦੇ ਹਾਂ ਇੱਕ ਵਾਰ ਕੰਬਣੀ ਛਿੜ ਜਾਂਦੀ ਹੈ।

***

## ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰਿਆਂ ਲਈ ਸਰਕਾਰਾਂ

ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਰੇਲਵੇ ਸਟੇਸ਼ਨ ਹਸਨ ਅਬਦਾਲ ਵਿਖੇ ਵਿਸ਼ੇਸ਼ ਯਾਦਗਾਰ ਤੇ ਪਿਕਟੋਰੀਅਲ ਦੀਵਾਰ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ, ਜਿਸ 'ਤੇ ਸ਼ਹੀਦਾਂ ਅਤੇ ਜ਼ਖ਼ਮੀਆਂ ਦੇ ਨਾਂ ਅੰਕਿਤ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਔਕਾਫ਼ ਬੋਰਡ ਵਲੋਂ ਬਾਬਾ ਗੁਰੂ ਨਾਨਕ ਅਜਾਇਬ ਘਰ ਅਤੇ ਬਾਬਾ ਗੁਰੂ ਨਾਨਕ ਲਾਇਬ੍ਰੇਰੀ ਤੋਂ ਇਲਾਵਾ ਸ੍ਰੀ ਨਨਕਾਣਾ ਸਾਹਿਬ ਵਿਖੇ ਸੌ ਕਮਰਿਆਂ ਦੀ ਇਕ ਹੋਰ ਨਵੀਂ ਸਰਾਂ ਜਲਦੀ ਤਿਆਰ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਭਾਈ ਜੋਗਾ ਜੀ ਸਮੇਤ ਹੋਰ ਬੰਦ ਪਏ ਕਈ ਗੁਰਦੁਆਰਾ ਸਾਹਿਬਾਨ ਵੀ ਜਲਦ ਖੋਲ੍ਹੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕਰਤਾਰਪੁਰ ਸਾਹਿਬ ਕੋਰੀਡੋਰ ਨੂੰ ਸਿਆਸਤ ਦੀ ਭੇਟ ਨਾ ਚੜ੍ਹਾਇਆ ਜਾਵੇ।

## ਪੰਜਾ ਸਾਹਿਬ ਦਾ ਸਾਕੇ ਸੰਬੰਧੀ ਇਤਿਹਾਸ

ਉੱਧਰ ਵਲੀ ਕੰਧਾਰੀ ਦੇ ਚਸ਼ਮੇ ਦਾ ਪਾਣੀ ਖਤਮ ਹੋਣ ਲੱਗਾ ਤੇ ਕੰਧਾਰੀ ਨੇ ਕ੍ਰੋਧ ਵਿੱਚ ਆ ਕੇ ਆਪਣੀ ਸ਼ਕਤੀ ਨਾਲ ਇੱਕ ਪੱਥਰ ਗੁਰੂ ਜੀ ਵੱਲ ਧੱਕ ਦਿੱਤਾ। ਅੱਗੇ ਗੁਰੂ ਜੀ ਨੇ ਆਪਣੇ ਪੰਜੇ ਨਾਲ ਪੱਥਰ ਨੂੰ ਰੋਕ ਲਿਆ। ਇਸੇ ਕਾਰਨ ਬਾਅਦ ਵਿੱਚ ਇਸ ਇਤਿਹਾਸਕ ਸਥਾਨ ਦਾ ਨਾਮ ਪੰਜਾ ਸਾਹਿਬ ਪੈ ਗਿਆ। ਪੰਜਾ ਸਾਹਿਬ ਸਥਾਨ 'ਤੇ ਗੁਰਦੁਆਰੇ ਦੀ ਸੇਵਾ ਸਭ ਤੋਂ ਪਹਿਲਾਂ ਜਰਨੈਲ ਹਰੀ ਸਿੰਘ ਨਲਵਾ ਦੁਆਰਾ ਕਰਵਾਈ ਗਈ ਸੀ। ਹਰਬੰਸ ਸਿੰਘ ਦੇ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ ਅਨੁਸਾਰ, ਮਹਾਰਾਜਾ ਰਣਜੀਤ ਸਿੰਘ ਦੁਆਰਾ ਗੁਰਦੁਆਰਾ ਪੰਜਾ ਸਾਹਿਬ ਨੂੰ ਕੁਝ ਜ਼ਮੀਨ ਦਿੱਤੀ ਗਈ ਸੀ ਅਤੇ ਆਪਣੇ ਜੀਵਨ ਦੌਰਾਨ ਉਹ ਇੱਕ ਵਾਰ ਇੱਥੇ ਆਏ ਵੀ ਸਨ। ਕੁਝ ਹੋਰ ਸਰੋਤਾਂ ਅਨੁਸਾਰ ਪੰਜ ਸੌ ਰੁਪਏ ਸਲਾਨਾ ਜਾਗੀਰ ਅਤੇ ਕੁਝ ਸਥਾਨਕ ਪਣਚੱਕੀਆਂ ਤੋਂ ਹੋਣ ਵਾਲੀ ਆਮਦਨ ਵੀ ਪੰਜਾ ਸਾਹਿਬ ਗੁਰੂਦੁਆਰੇ ਦੇ ਨਾਮ ਲਗਾਈ ਸੀ। 1920 ਈਸਵੀ ਤੱਕ ਬਰਤਾਨਵੀ ਰਾਜ ਦੌਰਾਨ ਹੋਰ ਗੁਰਦੁਆਰਿਆਂ ਵਾਂਗ ਪੰਜਾ ਸਾਹਿਬ ਉੱਤੇ ਵੀ ਮਹੰਤਾਂ ਦਾ ਕਬਜ਼ਾ ਸੀ। 17-18 ਨਵੰਬਰ, 1920 ਈਸਵੀ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਜਥੇਦਾਰ ਕਰਤਾਰ ਸਿੰਘ ਝੱਬਰ ਦੀ ਅਗਵਾਈ ਅਧੀਨ 25 ਸਿੰਘਾਂ ਦੇ ਜੱਥੇ ਦੁਆਰਾ ਗੁਰਦੁਆਰਾ ਪੰਜਾ ਸਾਹਿਬ ਨੂੰ ਵੀ ਮਹੰਤਾਂ ਦੇ ਕਬਜ਼ੇ ਤੋਂ ਆਜਾਦ ਕਰਵਾ ਕੇ ਸ਼੍ਰੋਮਣੀ ਕਮੇਟੀ ਦੇ ਅਧੀਨ ਲਿਆਂਦਾ ਗਿਆ ਸੀ।

ਧਾਰਮਿਕ ਮਹੱਤਵ

1947 ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਅਪ੍ਰੈਲ ਖਾਲਸਾ ਸਾਜਨਾ 'ਤੇ ਅਤੇ ਹੋਰ ਮਹੱਤਵਪੂਰਨ ਦਿਹਾੜਿਆਂ 'ਤੇ ਪਾਕਿਸਤਾਨ ਵਿਖੇ ਜਥੇ ਭੇਜੇ ਜਾਂਦੇ ਹਨ।

**

## ਜ਼ਰੂਰੀ ਹੈ ਮਾਪਿਆਂ...

ਇਸ ਨਾਲ ਬੱਚਿਆਂ ਤੇ ਮਾਨਸਿਕ ਬੋਝ ਵੱਧਦਾ ਹੈ, ਅਤੇ ਬੱਚੇ ਉਦਾਸ, ਚਿੜਚਿੜੇ ਅਤੇ ਨਾਖੁਸ਼ ਰਹਿਣ ਲੱਗਦੇ ਹਨ।

ਮਾਪਿਆਂ ਨੂੰ ਇਹ ਜਰੂਰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਬੱਚੇ ਸਿਰਫ਼ ਉਹਨਾਂ ਦੇ ਪਰਿਵਾਰ ਦਾ ਹੀ ਹਿੱਸਾ ਨਹੀਂ ਬਲਕਿ ਸਮਾਜ ਦਾ ਵੀ ਹਿੱਸਾ ਹਨ। ਅਜਿਹੇ ਬੱਚੇ ਜੋ ਮਾਨਸਿਕ ਤੌਰ ਤੇ ਪਰੇਸ਼ਾਨ ਹੋਣਗੇ ਉਹ ਭਵਿੱਖ ਵਿੱਚ ਇੱਕ ਚੰਗੇ ਸਮਾਜ ਦਾ ਨਿਰਮਾਣ ਕਿਵੇਂ ਕਰਨਗੇ ? ਇੱਕ ਚੰਗੇ ਸਮਾਜ ਦੀ ਸਿਰਜਣਾ ਲਈ ਚੰਗੇ ਬੱਚਿਆਂ ਦਾ ਹੋਣਾ ਬਹੁਤ ਜਰੂਰੀ ਹੈ, ਤਾਂ ਜੋ ਭਵਿੱਖ ਵਿੱਚ ਉਹ ਸਮਾਜ ਦੀ ਬਿਹਤਰੀ ਲਈ ਸੋਚ ਸਕਣ। ਬੱਚਿਆਂ ਨੂੰ ਪੈਦਾ ਕਰਨ ਤੋਂ ਬਾਅਦ ਉਨ੍ਹਾਂ ਦੀ ਹਰ ਆਰਥਿਕ ਅਤੇ ਭਾਵਨਾਤਮਕ ਲੋੜ ਦਾ ਧਿਆਨ ਰੱਖਿਆ ਜਾਵੇ, ਉਨ੍ਹਾਂ ਦੇ ਦਿਲ ਨੂੰ ਫਰੋਲਿਆ ਜਾਵੇ, ਇਨ੍ਹਾਂ ਮੁਰਝਾਏ ਚਿਹਰਿਆਂ ਦੀ ਰੰਗਤ ਵਾਪਿਸ ਲਿਆਉਣ ਦਾ ਆਸਾਨ ਤਰੀਕਾ ਇਹੀ ਹੈ ਕਿ ਸਮਾਂ ਰਹਿੰਦਿਆਂ ਬੱਚਿਆਂ ਨੂੰ ਅਪਣੱਤਾ ਨਾਲ ਪਾਲਿਆ ਜਾਵੇ, ਉਨ੍ਹਾਂ ਦੀ ਹੌਸਲਾ ਅਫਜਾਈ ਕੀਤੀ ਜਾਵੇ, ਚੰਗੇ ਮਾੜੇ ਦੀ ਪਰਖ ਕਰਨੀ ਸਿਖਾਈ ਜਾਵੇ ਤੇ ਹਰ ਕਦਮ ਤੇ ਉਨ੍ਹਾਂ ਦਾ ਸੁਰੱਖਿਆ ਕਵਚ ਬਣ ਨਾਲ ਖੜ੍ਹਿਆ ਜਾਵੇ। ਇਸ ਲਈ ਮਾਪਿਆਂ ਦਾ ਬੱਚਿਆਂ ਨਾਲ ਸਮਾਂ ਬਿਤਾਉਣਾ ਬਹੁਤ ਜਰੂਰੀ ਹੈ ਤਾਂ ਜੋ ਬੱਚਿਆਂ ਦਾ ਸਰਵਪੱਖੀ ਵਿਕਾਸ ਸੰਭਵ ਹੋ ਸਕੇ।

## ਇਨਸਾਫ਼ ਦੀ ਉਡੀਕ..

ਫ਼ੈਸਲੇ ਦਾ ਵੱਡਾ ਕਾਰਨ ਉਸਦੀ ਲੁਕਵੀਂ ਸ਼ਮੂਲੀਅਤ ਸੀ।

ਜਾਂਚ ਦਲ ਵੱਲੋਂ ਪੜਤਾਲੇ ਗਏ 293 ਕੇਸਾਂ ਵਿੱਚੋਂ, ਇਸਦੇ ਆਪਣੇ ਬਿਆਨ ਮੁਤਬਕ ਸਿਰਫ਼ 59 ਕੇਸ ਦੁਬਾਰਾ ਖੁੱਲ੍ਹੇ ਹਨ। ਇਨ੍ਹਾਂ 59 ਕੇਸਾਂ ਵਿੱਚੋਂ ਜਾਂਚ ਦਲ ਨੇ ਫ਼ੇਰ 38 ਮਾਮਲੇ ਬੰਦ ਕਰ ਦਿੱਤੇ ਅਤੇ ਸਿਰਫ਼ 4 ਵਿੱਚ ਹੀ ਬਿਆਨ ਦਰਜ ਕੀਤੇ।

ਦਿੱਲੀ ਹਿੰਸਾ ਦੇ ਵਿਸ਼ਾਲ ਪ੍ਰਸੰਗ ਵਿੱਚ ਦਰਜਨ ਭਰ ਕਮੇਟੀਆਂ ਅਤੇ ਕਮਿਸ਼ਨਾਂ ਦੀਆਂ ਪੜਤਾਲਾਂ ਦੇ ਬਾਵਜੂਦ ਪੁਸ਼ਤਪਨਾਹੀ ਬੇਰੋਕ ਜਾਰੀ ਰਹੀ। ਇਨ੍ਹਾਂ ਵਿੱਚੋਂ ਹਾਲੀਆ ਕਮਿਸ਼ਨ ਮਹਿਜ਼ ਦੋ ਮਹੀਨੇ ਪਹਿਲਾਂ ਬਿਠਾਇਆ ਗਿਆ ਸੀ। ਇਸਦੇ ਸਨਮੁੱਖ, ਸੁਪਰੀਮ ਕੋਰਟ ਦਾ ਦਖ਼ਲ, 1984 ਦੇ ਪ੍ਰਸੰਗ ਵਿੱਚ ਇੱਕ ਚੰਗਾ ਸ਼ਗਨ ਹੋਵੇਗਾ। ਆਖ਼ਰਕਾਰ ਇਹ ਸੁਪਰੀਮ ਕੋਰਟ ਦਾ ਉਹੀ ਦਖ਼ਲ ਸੀ ਜਿਸ ਨਾਲ 2022 ਦੇ ਪ੍ਰਸੰਗ ਵਿੱਚ ਦੋਸ਼ੀਆਂ ਦੀ ਪੁਸ਼ਤਪਨਾਹੀ ਵਿੱਚ ਫ਼ਰਕ ਆਇਆ ਸੀ। ਪਰ ਫੇਰ ਇਹ ਬਹੁਤ ਦੇਰੀ ਨਾਲ ਦਿੱਤੇ ਬਹੁਤ ਥੋੜ੍ਹੇ ਇਨਸਾਫ਼ ਵਾਲੀ ਗੱਲ ਹੋ ਜਾਵੇਗੀ।

ਦੋ ਸੇਵਾ ਮੁਕਤ ਜੱਜਾਂ ਦੇ 16 ਅਗਸਤ ਨੂੰ ਬਣਾਏ ਇਸ ਨਿਗਰਾਨ ਪੈਨਲ ਨੇ ਤਿੰਨ ਮਹੀਨਿਆਂ ਵਿੱਚ ਰਿਪੋਰਟ ਦੇਣੀ ਹੈ। ਇਸ ਉੱਚ ਪੱਧਰੀ ਸਿਆਸੀ ਸਾਜ਼ਿਸ਼ ਨੂੰ ਤੋੜਨ ਵਾਲੀ ਉਮੀਦ ਦੀ ਇੱਕ ਛੋਟੀ ਜਿਹੀ ਵਜ੍ਹਾ ਦਿੱਲੀ ਹਾਈਕੋਰਟ ਦੀ ਗੰਭੀਰਤਾ ਹੈ।

ਉਹੀ ਗੰਭੀਰਤਾ ਜਿਸ ਨਾਲ ਉਹ 1984 ਦੇ ਕਤਲੇਆਮ ਦੇ ਇੱਕ ਕੇਸ ਵਿੱਚੋਂ ਕਾਂਗਰਸ ਦੇ ਸਾਬਕਾ ਲੋਕਸਭਾ ਮੈਂਬਰ ਸੱਜਣ ਕੁਮਾਰ ਨੂੰ ਬਰੀ ਕਰਨ ਖਿਲਾਫ਼ ਇੱਕ ਅਪੀਲ ਦੀ ਸੁਣਵਾਈ ਕਰ ਰਹੀ ਹੈ।

ਦਿੱਲੀ ਕੈਂਟ ਵਿੱਚ ਭੀੜ ਵੱਲੋਂ ਕੀਤੀ ਹਿੰਸਾ ਦੇ ਇਸ ਕੇਸ ਵਿੱਚ ਸੱਜਣ ਕੁਮਾਰ ਦੀਆਂ ਨਿੱਜੀ ਮੌਜੂਦਗੀਆਂ ਨੂੰ ਦਰਸਾਉਂਦੀਆਂ, ਚਸ਼ਮਦੀਦਾਂ ਦੀ ਗਵਾਹੀਆਂ ਦੀ ਸ਼ਕਤੀ ਨੂੰ ਵੇਖਦਿਆਂ ਅਪੀਲ ਦੀਆਂ ਸੁਣਵਾਈਆਂ ਨੇ ਪੀੜ੍ਹਤਾਂ ਵਿੱਚ ਇੱਕ ਉਮੀਦ ਜਗਾਈ ਹੈ। ਇਸ ਕੇਸ ਵਿੱਚ ਸ਼ਾਮਲ ਹੋਣ ਲਈ ਸੀਨੀਅਰ ਵਕੀਲ ਐੱਚ ਐੱਸ ਫੂਲਕਾ ਨੇ ਪੰਜਾਬ ਵਿਧਾਨ ਸਭਾ ਵਿਚਲੇ ਆਪਣੇ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਨੂੰ ਤਿਆਗ ਦਿੱਤਾ ਸੀ। ਹਾਲਾਂਕਿ ਸੱਜਣ ਕੁਮਾਰ ਦਿੱਲੀ ਕੈਂਟ ਦੇ ਇਸ ਕੇਸ ਅਤੇ ਪੱਛਮੀ ਦਿੱਲੀ ਦੇ ਇੱਕ ਹੋਰ ਕੇਸ ਵਿੱਚੋਂ ਬਰੀ ਕਰ ਦਿੱਤਾ ਗਿਆ ਸੀ, ਉਸਦੇ ਖਿਲਾਫ਼ ਸਬੂਤ ਫਿਰਕੂ ਹਿੰਸਾ ਵਿੱਚ ਸ਼ਾਮਲ ਹੋਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹੋਰ ਸਿਆਸੀ ਆਗੂਆਂ ਦੇ ਮੁਕਾਬਲੇ ਜ਼ਿਆਦਾ ਹਨ।

ਅਜਿਹੀ ਹਿੱਸੇਦਾਰੀ ਦੇ ਬਹੁਤ ਘੱਟ ਸਬੂਤ ਸਨ। ਉਦਾਹਰਣ ਵਜੋਂ ਮਰਹੂਮ ਐੱਚ ਕੇ ਐੱਲ ਭਗਤ ਦੇ ਮਾਮਲੇ ਵਿੱਚ, ਭਾਵੇਂ ਕਿ ਪੂਰਬੀ ਦਿੱਲੀ ਵਿੱਚਲੇ ਉਸਦੇ ਹਲਕੇ ਵਿੱਚ ਇਸ ਤੋਂ ਕਿਤੇ ਵੱਡੇ ਪੱਧਰ ਦੀ ਹਿੰਸਾ ਹੋਈ ਸੀ।ਭਗਤ ਵੀ ਸਾਲ 2000 ਵਿੱਚ ਬਰੀ ਹੋ ਗਿਆ ਸੀ ਅਤੇ ਅਜਿਹੇ ਫ਼ੈਸਲੇ ਦਾ ਵੱਡਾ ਕਾਰਨ ਉਸਦੀ ਲੁਕਵੀਂ ਸ਼ਮੂਲੀਅਤ ਸੀ।ਹੋਰ ਕਾਂਗਰਸੀ ਆਗੂਆਂ ਵਾਂਗ ਭਗਤ ਨੂੰ ਵੀ ਰਾਜੀਵ ਗਾਂਧੀ ਸਰਕਾਰ ਵੱਲੋਂ 1984 ਦੇ ਕਤਲੇਆਮ ਦੀ ਜਾਂਚ ਲਈ ਬਿਠਾਏ ਗਏ ਰੰਗਾਨਾਥ ਮਿਸ਼ਰਾ ਕਮਿਸ਼ਨ ਨੇ ਦੋਸ਼ ਮੁਕਤ ਕਰ ਦਿੱਤਾ ਸੀ।ਰੰਗਾਨਾਥ ਕਮਿਸ਼ਨ ਵੱਲੋਂ ਭਗਤ ਨੂੰ ਬਰੀ ਕੀਤੇ ਜਾਣ ਦਾ ਮੁੱਖ ਆਧਾਰ ਸਿੱਖ ਆਗੂ ਬਲਵਿੰਦਰ ਸਿੰਘ ਦੀ ਉਸਦੇ ਹੱਕ ਵਿੱਚ ਗਵਾਹੀ ਸੀ।ਬਲਵਿੰਦਰ ਸਿੰਘ ਦਾ ਪੁੱਤਰ ਅਰਵਿੰਦਰ ਸਿੰਘ ਲਵਲੀ ਸ਼ੀਲਾ ਦੀਕਸ਼ਿਤ ਦੀ ਸਰਕਾਰ ਵਿੱਚ ਅੱਗੇ ਜਾ ਕੇ ਮੰਤਰੀ ਬਣਿਆ। ਲਵਲੀ, ਇਸੇ ਸਾਲ ਦੇ ਸ਼ੁਰੂ ਵਿੱਚ ਬੀਜੇਪੀ ਵਿੱਚ ਸ਼ਾਮਲ ਹੋ ਗਿਆ ਸੀ।

***

## ਕਤਲੇਆਮ ਪੀੜਤ ਸਿੱਖਾਂ..

ਗੁਰਦੁਆਰੇ ਵਿਚ ਹੀ ਸੇਵਾ ਕਰ ਰਹੇ ਵਜ਼ੀਰ ਸਿੰਘ ਖ਼ਾਲਸਾ, ਜਿਸ ਦੀ 1984 ਦੇ ਸਮੇਂ ਉਮਰ ਸਿਰਫ਼ ੧੫ ਸਾਲ ਸੀ, ਉਸ ਦੇ ਦੁੱਖ ਦੀ ਨੁਹਾਰ ਵੱਖਰੀ ਹੀ ਸੀ। ਰਾਜਸਥਾਨ ਨਾਲ ਤਾਅੱਲੁਕ ਰੱਖਣ ਵਾਲੇ ਖ਼ਾਲਸਾ ਦੇ ਪਰਿਵਾਰ ਨੂੰ ਭਵਿੱਖ ਦੀ ਰਾਹ ਚੁਣਨ ਲਈ ਦੋ ਵਾਰ ਚੋਣ ਕਰਨੀ ਪਈ। ਰਾਜਸਥਾਨ 'ਚ ਮਾਮੂਲੀ ਖੇਤੀ ਕਾਰਨ ਤੰਗਹਾਲੀ ਭੋਗ ਰਹੇ ਪਰਿਵਾਰ ਨੇ 1984 ਤੋਂ ਐਨ ਪਹਿਲਾਂ ਹੀ ਦਿੱਲੀ ਆਉਣ ਦਾ ਫ਼ੈਸਲਾ ਕੀਤਾ। ਆਸ-ਪਾਸ ਰਹਿਣ ਵਾਲੇ ਮੁਸਲਮਾਨ ਭਾਈਚਾਰੇ ਕਾਰਨ ਪਰਿਵਾਰ ਦਾ ਕਤਲੇਆਮ ਤੋਂ ਕੁਝ ਬਚਾਅ ਰਿਹਾ ਪਰ ਵਜ਼ੀਰ ਸਿੰਘ ਨੇ ਆਪਣੇ ਸਾਹਮਣੇ ਗੁਰਦੁਆਰੇ ਜਾ ਰਹੇ ਇਕ ਸਿੱਖ ਦਾ ਕਤਲ ਹੁੰਦਿਆਂ ਵੇਖਿਆ ਤਾਂ ਉਸ ਨੇ ਉਸ ਕੋਲ ਜਾਣ ਦੀ ਜ਼ਿੱਦ ਕੀਤੀ ਪਰ ਉਸ ਦੇ ਨਾਲ ਖੜ੍ਹੇ ਉਸ ਦੇ ਪਿਤਾ, ਜਿਸ ਨੇ ਇਕ ਹੱਥ ਉਸ ਦੇ ਮੂੰਹ 'ਤੇ ਰੱਖਿਆ ਸੀ ਤਾਂ ਜੋ ਉਸ ਦੇ ਮੂੰਹ ਵਿਚੋਂ ਚੀਕ ਨਾ ਨਿਕਲੇ, ਉਸ ਨੂੰ ਤਰਲੇ-ਮਿੰਨਤਾਂ ਕਰਦਿਆਂ ਲੁਕ-ਲੁਕਾ ਕੇ ਵਾਪਸ ਘਰ ਲੈ ਕੇ ਆਇਆ। ਉਹ 3 ਦਿਨ ਵਜ਼ੀਰ ਸਿੰਘ ਦੇ ਪਰਿਵਾਰ ਨੇ ਗੁਆਂਢੀਆਂ ਦੇ ਸਮਝਾਉਣ 'ਤੇ ਘਰ ਦੇ ਅੰਦਰ ਹੀ ਕੱਟੇ। ਹੱਟੇ-ਕੱਟੇ ਸਰੀਰ ਵਾਲੇ 55 ਸਾਲ ਦੇ ਵਜ਼ੀਰ ਸਿੰਘ ਨੇ ਜਿਵੇਂ ਉਸ ਵੇਲੇ ਦੇ ਰੋਕੇ ਹੰਝੂ ਜੋ ਪਤਾ ਨਹੀਂ ਪਹਿਲਾਂ ਵੀ ਕਿੰਨੀ ਵਾਰ ਬਾਹਰ ਆਏ ਹੋਣਗੇ, ਕੇਰਦਿਆਂ ਕਿਹਾ ਉਸ ਦੌਰ ਤੋਂ ਬਾਅਦ ਪਰਿਵਾਰ ਮੁੜ ਰਾਜਸਥਾਨ ਚਲਾ ਗਿਆ ਸੀ ਪਰ ਉੱਥੋਂ ਦੀ ਤੰਗਹਾਲੀ ਜਦੋਂ ਬਰਦਾਸ਼ਤ ਨਾ ਹੋਈ ਤਾਂ ਰੁਜ਼ਗਾਰ ਤਲਾਸ਼ਦੇ ਮੁੜ ਦਿੱਲੀ ਦਾ ਰਾਹ ਕੀਤਾ। ਸ਼ਾਇਦ ਵਜ਼ੀਰ ਸਿੰਘ ਦੇ ਪਰਿਵਾਰ ਨੂੰ ਸਭ ਨੂੰ ਆਪਣੇ ਅੰਦਰ ਸਮਝਾਉਣ ਵਾਲੀ ਦਿੱਲੀ ਦੀ ਕੁਵੱਤ ਦਾ ਪਤਾ ਸੀ।

### ਧੀ ਦਾ ਮੂੰਹ ਵੀ ਨਹੀਂ ਵੇਖ ਸਕੇ ਉਹ

ਉਹ ਪੀਲੀ ਪੱਗ ਵਾਲੇ ਮੇਰੇ ਪਤੀ ਦੀ ਤਸਵੀਰ ਹੈ। ਕੁਲਦੀਪ ਕੌਰ ਨੇ ਕਾਫ਼ੀ ਦੇਰ ਬਾਅਦ ਬੋਲਣਾ ਸ਼ੁਰੂ ਕੀਤਾ, ਨਾਲ ਹੀ ਆਪਣੀ ਚੁੰਨੀ ਨਾਲ ਹੰਝੂ ਪੂੰਝਦਿਆਂ ਦੱਸਿਆ ਕਿ ਉਸ ਵੇਲੇ (ਨਵੰਬਰ 1984) ਵਿਚ ਉਹ ਚੜ੍ਹੇ ਦਿਨਾਂ 'ਤੇ ਸੀ। 26 ਸਾਲਾਂ ਦੀ ਕੁਲਦੀਪ ਕੌਰ ਉਸ ਵੇਲੇ ਸੱਤਵੇਂ ਮਹੀਨੇ ਦੀ ਗਰਭਵਤੀ ਸੀ। ਕੁਲਦੀਪ ਦੇ ਉਸ ਵੇਲੇ ਇਕ ਬੇਟਾ ਵੀ ਸੀ। ਜਨੂੰਨੀ ਭੀੜ ਦੇ ਹੱਥੋਂ ਉਸ ਦੇ ਪਤੀ ਦੇ ਕਤਲ ਤੋਂ ਬਾਅਦ ਗੁਆਂਢੀਆਂ ਨੇ ਬੇਟੇ ਦੀ ਜਾਨ ਬਚਾਉਣ ਲਈ ਉਸ ਦੇ ਕੇਸ ਕੱਟ ਦਿੱਤੇ, ਜਿਸ ਤੋਂ ਬਾਅਦ ਉਸ ਦੇ ਪਰਿਵਾਰ ਦੀਆਂ ਔਰਤਾਂ ਅਤੇ ਬੱਚੇ ਪਹਿਲਾਂ ਕਿਸੇ ਗੁਆਂਢੀ ਅਤੇ ਕੁਝ ਦਿਨਾਂ ਬਾਅਦ ਆਪਣੇ ਰਿਸ਼ਤੇਦਾਰਾਂ ਕੋਲ ਪਹੁੰਚ ਗਏ। 26 ਸਾਲਾਂ ਦੀ ਉਮਰ ਵਿਚ ਆਪਣਾ ਪਤੀ ਗੁਆਉਣ ਵਾਲੀ ਕੁਲਦੀਪ ਕੌਰ ਦੇ ਦੁੱਖਾਂ ਦੀ ਪੰਡ ਉਸ ਵੇਲੇ ਹੋਰ ਭਾਰੀ ਹੋ ਗਈ, ਜਦੋਂ ਕੁਝ ਸਾਲ ਪਹਿਲਾਂ ਹਾਰਟ ਅਟੈਕ ਨਾਲ ਉਸ ਦੇ ਪੁੱਤ ਦੀ ਮੌਤ ਹੋ ਗਈ। ਹੁਣ ਨੂੰਹ ਤੇ ਪੋਤੇ, ਪੋਤੀ ਦੀ ਜ਼ਿੰਮੇਵਾਰੀ ਵੀ ਉਸ ਦੇ ਸਿਰ ਹੈ।

ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਹਰ ਸਾਲ ਸਜਾਏ ਜਾਂਦੇ ਨਗਰ ਕੀਰਤਨ ਵਿਚ ਇਹ ਪੰਜ ਪਿਆਰਿਆਂ 'ਚੋਂ ਇਕ ਬਣਦਾ ਸੀ। 'ਛੋਟਾ ਸੀ ਮੇਰੇ ਤੋਂ।' ਇਹ ਆਵਾਜ਼ ਅਤਰ ਕੌਰ ਦੀ ਸੀ। ਅਜਾਇਬਘਰ ਵਿਚ ਉਸ ਦੇ ਪਰਿਵਰ ਦੇ 11 ਜੀਆਂ ਦੀਆਂ ਤਸਵੀਰਾਂ ਸਨ। ਵੱਡੇ ਕਾਲਜੇ ਵਾਲੀ ਅਤਰ ਕੌਰ ਦਾ ਪਰਿਵਾਰ ਵੀ ਵੱਡਾ ਸੀ। 7 ਬੱਚਿਆਂ ਦੀ ਮਾਂ ਅਤਰ ਕੌਰ ਦੇ ਨਾਲ ਉਸ ਦੀ ਧੀ ਗੰਗਾ ਕੌਰ ਵੀ ਸੀ। ਉਸ ਵੇਲੇ ਦੀ 8 ਸਾਲ ਦੀ ਬੱਚੀ ਗੰਗਾ ਨੂੰ ਵੀ ਕੁਝ ਯਾਦ ਸੀ। ਅਤਰ ਕੌਰ ਲਈ ਜਿਵੇਂ ਸਭ ਕੁਝ ਕੱਲ੍ਹ ਦੀ ਗੱਲ ਹੋਵੇ। ਖ਼ੂਨ-ਖਰਾਬਾ, ਕੈਂਪਾਂ ਵਿਚ ਕੱਟਿਆ ਇਕ ਸਾਲ ਤੋਂ ਵੱਧ ਦਾ ਸਮਾਂ ਅਤੇ ਹੋਰ ਵੀ ਬਹੁਤ ਕੁਝ। ਸਿੱਖਾਂ ਦੇ ਛੋਟੇ ਬੱਚਿਆਂ ਨੂੰ ਵੀ ਨਹੀਂ ਬਖਸ਼ਿਆ। ਕਹਿੰਦੇ ਇਨ੍ਹਾਂ ਸਪੋਲੀਆਂ ਨੂੰ ਗਲਤੀ ਨਾਲ ਵੀ ਜ਼ਿੰਦਾ ਨਾ ਛੱਡ ਦੇਣਾ। ਅਤਰ ਕੌਰ ਨੇ ਅੱਗੇ ਬੋਲਦਿਆਂ ਕਿਹਾ ਕਿ ਉਸ ਦੀ ਨਨਾਣ ਦੇ ਬੇਟੇ ਨੂੰ ਜਦੋਂ ਭੀੜ ਕਤਲ ਕਰਨ ਲੱਗੀ ਤਾਂ 40-45 ਸਾਲ ਦੀ ਮਮਤਾ ਦੀ ਮਾਰੀ ਉਸ ਦੀ ਨਣਾਨ ਬੇਟੇ ਨੂੰ ਬਚਾਉਣ ਲਈ ਉਸ ਦੇ ਉੱਤੇ ਆ ਕੇ ਡਿੱਗ ਪਈ। ਉਹ ਲੋਕ ਉਸ ਦੀ ਨਣਾਨ ਨੂੰ ਅਲਫ਼ ਨੰਗਾ ਕਰਕੇ ਨਾਲ ਲੈ ਗਏ, ਨਾਲ ਹੀ ਉਸ ਦੇ ਪੁੱਤ ਨੂੰ ਇਹ ਕਹਿੰਦਿਆਂ ਮਾਰ ਗਏ ਇਹ ਹੀ ਵੱਡੇ ਹੋ ਕੇ ਸੱਪ ਬਣ ਜਾਣਗੇ।

***

## ਬ੍ਰਿਟੇਨ ਨੇ ਪਹਿਲੀ ਵਿਸ਼ਵ ਜੰਗ 'ਚ ਹਿੱਸਾ ਲੈਣ ਵਾਲ

ਹੋਰ ਸੰਘਰਸ਼ਾਂ ਦੌਰਾਨ ਬ੍ਰਿਟੇਨ ਲਈ ਲੜਨ ਵਾਲੇ ਭਾਰਤ ਦੇ ਸਾਰੇ ਧਰਮਾਂ ਦੇ ਲੋਕਾਂ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ ਸੀ।

'ਲਾਇਨਜ਼ ਆਫ ਦਾ ਗ੍ਰੇਟ ਵਾਰ' ਬੁੱਤ ਨੂੰ ਸਮੈਥਕ ਦੇ ਗੁਰਦੁਆਰਾ ਗੁਰੂ ਨਾਨਕ ਵਲੋਂ ਬਣਵਾਇਆ ਗਿਆ ਸੀ। ਇਸੇ ਤਰ੍ਹਾਂ ਸਟੈਫੋਰਡਸ਼ਾਇਰ ਦੇ ਨੈਸ਼ਨਲ ਮੈਮੋਰੀਅਲ ਆਰਬੋਰੇਟਮ ਵਿੱਚ ਵੀ ਪਹਿਲੀ ਵਿਸ਼ਵ ਜੰਗ ਦੌਰਾਨ ਲੜਨ ਵਾਲੇ ਸਿੱਖ ਸੈਨਿਕਾਂ ਦੇ ਸਨਮਾਨ ਵਿੱਚ ਇੱਕ ਯਾਦਗਾਰ ਬਣਾਈ ਗਈ ਸੀ।

ਕੌਮੀ ਡਬਲਯੂਡਬਲਯੂ 1 ਸਿੱਖ ਮੈਮੋਰੀਅਲ ਬੁੱਤ 130,000 ਸਿੱਖ ਫ਼ੌਜੀਆਂ ਦੀ ਯਾਦ ਵਿੱਚ ਹੈ ਜਿਨ੍ਹਾਂ ਨੇ ਯੁੱਧ ਵਿੱਚ ਹਿੱਸਾ ਲਿਆ ਸੀ।

ਇਸ ਬੁੱਤ ਨੂੰ ਬਣਵਾਉਣ ਤੇ ਕਰੀਬ 22,000 ਪੌਂਡ ਦਾ ਖ਼ਰਚਾ ਆਇਆ ਸੀ ਜਿਸ ਦਾ ਭੁਗਤਾਨ ਸਿੱਖ ਪੰਥ ਨੂੰ ਸਮਰਪਿਤ 1500 ਲੋਕਾਂ ਵਲੋਂ ਕੀਤਾ ਗਿਆ ਸੀ।

**

## ਬੱਚਿਆਂ 'ਚ ਮਾਨਸਿਕ ਵਿਕਾਸ ਸੰਬੰਧੀ ਰੌਚਕ ਤੱਥ

ਉੱਤਰਦਾਤਾਵਾਂ ਨੇ ਕਿਹਾ ਕਿ ਸਮੇਂ ਦੀ ਘਾਟ ਅਤੇ ਜਲਦਬਾਜ਼ੀ ਇਸ ਦਾ ਮੁੱਖ ਕਾਰਨ ਹੈ। ਇਸ ਅਧਿਐਨ ਵਿੱਚ, ਉਨ੍ਹਾਂ ਨੂੰ ਇਹ ਪਛਾਣ ਕਰਨ ਲਈ ਵੀ ਕਿਹਾ ਗਿਆ ਸੀ ਕਿ ਕਿਹੜੀਆਂ ਚੀਜ਼ਾਂ ਮਦਦ ਕਰ ਸਕਦੀਆਂ ਹਨ। ਬੱਚਿਆਂ ਨੇ ਸਵੇਰ ਦੀ ਰੁਟੀਨ ਤੈਅ ਕਰਨ ਅਤੇ ਸਮੇਂ ਤੋਂ ਪਹਿਲਾਂ ਨਾਸ਼ਤੇ ਦੀ ਚੋਣ ਕਰਨ ਦਾ ਸੁਝਾਅ ਦਿੱਤਾ।ਬੱਚਿਆਂ ਨੇ ਇਹ ਵੀ ਕਿਹਾ ਕਿ ਮਾਪਿਆਂ ਨੂੰ ਉਨ੍ਹਾਂ ਨੂੰ ਨਾਸ਼ਤਾ ਕਰਨ ਲਈ ਉਤਸ਼ਾਹਿਤ ਕਰਦੇ ਰਹਿਣ ਦੀ ਲੋੜ ਹੈ। ਮਾਪੇ ਬੱਚਿਆਂ ਦੇ ਇਨ੍ਹਾਂ ਸੁਝਾਵਾਂ ਨਾਲ ਸਹਿਮਤ ਸਨ ਪਰ ਇਹ ਵੀ ਕਿਹਾ ਕਿ 'ਗ੍ਰੈਬ-ਐਂਡ-ਗੋ' ਉਤਪਾਦਾਂ ਦੀ ਵਰਤੋਂ ਕਰਨ ਨਾਲ ਵੀ ਮਦਦ ਮਿਲੇਗੀ।ਮਾਪਿਆਂ ਨੇ ਇਹ ਵੀ ਕਿਹਾ ਕਿ ਧਿਆਨ ਭਟਕਣ ਤੋਂ ਬਚਣਾ-ਜਿਵੇਂ ਕਿ ਕਿਤਾਬਾਂ ਅਤੇ ਫ਼ੋਨ ਮਹੱਤਵਪੂਰਨ ਸੀ।

***

## ਪੰਜਾਬੀ ਫ਼ਿਲਮ ਇੰਡਸਟਰੀ 'ਤੇ ਰਾਜ...

ਐਮੀ ਪਹਿਲਾਂ ਵੀ 'ਓਏ ਮੱਖਣਾ' ਫ਼ਿਲਮ ਵਰਗੀਆਂ ਕਈ ਫ਼ਿਲਮਾਂ ਕਰ ਚੁੱਕੇ ਹਨ, ਹਾਲਾਂਕਿ ਇਹ ਤਾਨੀਆ ਦੀ ਇਸ ਸ਼ੈਲੀ ਦੀ ਪਹਿਲੀ ਫ਼ਿਲਮ ਹੋਵੇਗੀ, ਜੋ ਮਨੋਰੰਜਕ, ਕਾਮੇਡੀ ਤੇ ਡਰਾਮਾ ਹੈ। ਇਸ ਲਈ ਉਨ੍ਹਾਂ ਨੂੰ 'ਓਏ ਮੱਖਣਾ' ਲਈ ਸਕ੍ਰੀਨ 'ਤੇ ਇਕੱਠੇ ਦੇਖਣਾ ਦਿਲਚਸਪ ਹੋਵੇਗਾ। ਫ਼ਿਲਮ ਰਾਕੇਸ਼ ਧਵਨ ਵਲੋਂ ਲਿਖੀ ਗਈ ਹੈ, ਸਿਮਰਜੀਤ ਸਿੰਘ ਵਲੋਂ ਨਿਰਦੇਸ਼ਿਤ ਹੈ ਤੇ ਯੂਡਲੀ ਫ਼ਿਲਮਜ਼ ਵਲੋਂ ਨਿਰਮਿਤ ਹੈ। ਨਵੰਬਰ ਦੇ ਪਹਿਲੇ ਹਫਤੇ ਨੂੰ ਰਿਲੀਜ਼ ਹੋਣ ਜਾ ਰਹੀ ਹੈ।

***



ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖ਼ਬਰ




ON

jus PUNJABI HD  sling

CREDIBILITY  RELIABILITY

Minute to Minute Coverage of Punjab Elections

Punjabi Super Pack
20 channels for only $25/month on
sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290
Visit: sling.com/juspunjabi

for advertisement & more information call: +1-718-752-9293
www.jusbroadcasting.com